ਸਮਾਜਿਕ ਵਿਗਿਆਨ-IX

ਭਾਗ-I

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2018 1,00,000 ਕਾਪੀਆਂ

ਸਾਰੇ ਅਧਿਕਾਰ, ਅਨੁਵਾਦ, ਪੁਨਰ ਛਪਾਈ ਆਦਿ
ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ

ਕੋ-ਆਰਡੀਨੇਟਰ ਅਤੇ ਸੰਪਾਦਕ

ਭੂਗੋਲ : ਸ. ਰਾਮਿੰਦਰਜੀਤ ਸਿੰਘ ਵਾਸੂ, ਡਿਪਟੀ ਡਾਇਰੈਕਟਰ (ਓਪਨ ਸਕੂਲ), ਪੰਜਾਬ ਸਕੂਲ ਸਿੱਖਿਆ ਬੋਰਡ।

ਅਰਥ ਸ਼ਾਸਤਰ : ਸ੍ਰੀਮਤੀ ਅਮਰਜੀਤ ਕੌਰ ਦਾਲਮ, ਡਿਪਟੀ ਡਾਇਰੈਕਟਰ (ਅਕਾਦਮਿਕ), ਪੰਜਾਬ ਸਕੂਲ ਸਿੱਖਿਆ ਬੋਰਡ।

ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲ਼ੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ : **ਪੀ. ਆਰ. ਪੀ. ਪ੍ਰਿੰਟਰਜ਼**, ਜਲੰਧਰ ਵੱਲੋਂ ਛਾਪੀ ਗਈ।

ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਪੱਧਰ 'ਤੇ ਸਮੂਹ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸ ਸਿਲਸਿਲੇ ਅਧੀਨ ਹੱਥਲੀ ਪਾਠ-ਪੁਸਤਕ ਇਸੇ ਲੜੀ ਵਿੱਚੋਂ ਇੱਕ ਹੈ ਅਤੇ ਇਹ ਨੌਵੀਂ ਸ਼੍ਰੇਣੀ ਦੇ ਸਮਾਜਿਕ ਵਿਗਿਆਨ ਦੇ ਵਿਦਿਆਰਥੀਆਂ ਲਈ 'ਵਿਦਿਆਰਥੀ ਕੇਂਦਰਿਤ' ਸਿੱਖਿਆ-ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਇਹ ਪਾਠ-ਪੁਸਤਕ ਰਾਸ਼ਟਰੀ ਪਾਠ-ਕ੍ਰਮ ਦੀ ਰੂਪ-ਰੇਖਾ 2005 'ਤੇ ਅਧਾਰਿਤ ਪੰਜਾਬ ਪਾਠ-ਕ੍ਰਮ ਰੂਪ-ਰੇਖਾ 2013 ਦੀਆਂ ਸਿਫਾਰਸ਼ਾਂ ਅਨੁਸਾਰ ਵਿਦਿਆਰਥੀ ਦੀ ਸਕੂਲ ਦੀ ਜ਼ਿੰਦਗੀ ਨੂੰ ਸਕੂਲ ਤੋਂ ਬਾਹਰੀ ਦੁਨੀਆਂ ਨਾਲ਼ ਜੋੜਨ ਦੇ ਲਈ 'ਪੁਸਤਕ ਅਧਾਰਿਤ ਸਿੱਖਿਆ' ਦੀ ਪਰੰਪਰਾ ਤੋਂ 'ਗਤੀਵਿਧੀ ਅਧਾਰਿਤ ਸਿੱਖਿਆ' ਵੱਲ ਵਧਣ ਦਾ ਇੱਕ ਉਪਰਾਲਾ ਹੈ।

ਹੱਥਲੀ ਪੁਸਤਕ ਲਈ ਕੀਤੇ ਯਤਨਾਂ ਦੀ ਸਫਲਤਾ ਸਕੂਲ ਮੁਖੀਆਂ ਅਤੇ ਅਧਿਆਪਕਾਂ ਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ, ਜਿਹੜੇ ਵਿਦਿਆਰਥੀਆਂ ਦੀਆਂ ਸਵੈ-ਅਧਿਐਨ ਅਤੇ ਰਚਨਾਤਮਿਕ ਰੁਚੀਆਂ ਨੂੰ ਉਜਾਗਰ ਕਰਨ ਲਈ ਪ੍ਰੇਰਿਤ ਕਰਨਗੇ ਤਾਂ ਜੋ ਉਹਨਾਂ ਅੰਦਰ ਰਚਨਾਤਮਿਕਤਾ ਦਾ ਗੁਣ ਪੈਦਾ ਹੋ ਸਕੇ। ਇਹ ਪਹਿਲ ਕਦਮੀ ਤਾਂ ਹੀ ਲੋੜੀਂਦੇ ਮੰਤਵ ਤੱਕ ਪੁੱਜ ਸਕੇਗੀ, ਜੇਕਰ ਅਸੀਂ ਵਿਦਿਆਰਥੀਆਂ ਨੂੰ ਕੇਵਲ ਨਿਸਚਿਤ ਗਿਆਨ ਪ੍ਰਾਪਤ ਕਰਨ ਦੀ ਥਾਂ ਅਧਿਆਪਨ-ਸਿੱਖਣ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਭਾਗੀਦਾਰ ਬਣਾ ਸਕੀਏ। ਪੁਸਤਕ ਦੀ ਸਾਰਥਿਕਤਾ, ਅਧਿਆਪਨ ਤੋਂ ਇਲਾਵਾ, ਇਸ ਦੀ ਮੁਲੰਕਣ ਵਿਧੀ ਤੇ ਵੀ ਨਿਰਭਰ ਕਰੇਗੀ, ਜੋ ਸਕੂਲ ਪੱਧਰ ਅਤੇ ਵਿਦਿਆਰਥੀਆਂ ਦੀ ਸਿੱਖਣ ਸ਼ੈਲੀ ਨੂੰ ਬੋਝਲ ਅਤੇ ਉਦਾਸੀਨ ਬਣਾਉਣ ਦੀ ਥਾਂ ਤੇ ਖੁਸ਼ਗਵਾਰ ਅਤੇ ਵਿਵਹਾਰਕ ਬਣਾਏਗੀ। ਪਾਠ ਪੁਸਤਕ ਨੂੰ ਮਨੋਰੰਜਕ ਬਣਾਉਣ ਲਈ ਚਾਰਟ, ਚਿੱਤਰਾਂ, ਨਕਸ਼ਿਆਂ ਅਤੇ ਗਤੀਵਿਧੀਆਂ ਆਦਿ ਨੂੰ ਇਸ ਪੁਸਤਕ ਦੀ ਵਿਸ਼ੇਸ਼ਤਾ ਬਣਾਇਆ ਗਿਆ ਹੈ।

ਪੁਸਤਕ ਦਾ ਭੂਗੋਲ ਭਾਗ, ਸਥਾਨਕ ਤੋਂ ਲੈ ਕੇ ਕੌਮਾਂਤਰੀ ਪੱਧਰ ਤੱਕ ਦੇ ਵਾਤਾਵਰਨ, ਸਾਧਨਾਂ ਤੇ ਵਿਕਾਸ ਨਾਲ ਸਬੰਧਤ ਮਸਲਿਆਂ ਨੂੰ ਸਮਝ ਕੇ ਸਾਵੀਂ ਸੂਝ ਪੈਦਾ ਕਰਨ ਵਿੱਚ ਸਹਾਈ ਸਿੱਧ ਹੋਵੇਗਾ। ਭੂਗੋਲ ਦੀ ਸਿੱਖਿਆ ਹੀ ਇਸ ਤਰ੍ਹਾਂ ਦਿੱਤੀ ਜਾਣੀ ਹੁੰਦੀ ਹੈ ਕਿ ਬੱਚੇ ਦੇ ਮਨ ਵਿੱਚ ਵਾਤਾਵਰਨ ਤੇ ਉਸਦੇ ਬਚਾਅ ਸਬੰਧੀ ਸਾਰਥਕ ਸੋਚ ਉਤਪੰਨ ਹੋ ਸਕੇ ਜੋ ਵਿਕਾਸਮੁਖੀ ਮੁੱਦਿਆਂ ਦਾ ਆਧਾਰ ਬਣੇ, ਖਾਸਕਰ ਉਸ ਖੇਤਰ ਬਾਰੇ ਜਿਸ ਵਿੱਚ ਉਹ ਨਿਵਾਸ ਕਰਦਾ ਹੈ।

ਅਰਥ ਸ਼ਾਸਤਰ ਭਾਗ ਵਿਦਿਆਰਥੀਆਂ ਨੂੰ ਪਰਿਵਾਰ, ਬਾਜ਼ਾਰ ਤੇ ਰਾਜ ਵਰਗੀਆਂ ਸੰਸਥਾਵਾਂ ਤੇ ਗੁੱਟਾਂ ਨੂੰ ਆਰਥਕ ਪੱਖੋਂ ਵਾਚਣ ਦੇ ਯੋਗ ਬਣਾਵੇਗਾ। ਅਰਥ ਸ਼ਾਸਤਰ, ਇਸ ਪੱਧਰ 'ਤੇ ਵਿਸ਼ੇ ਵਜੋਂ ਪਹਿਲੀ ਵਾਰ ਵਿਦਿਆਰਥੀ ਦੀ ਸਿੱਖਿਆ ਦਾ ਹਿੱਸਾ ਬਣ ਰਿਹਾ ਹੈ ਇਸ ਲਈ ਜ਼ਰੂਰੀ ਹੈ ਕਿ ਇਸ ਵਿਸ਼ੇ ਦੇ ਮਹੱਤਵਪੂਰਨ ਪੱਖ ਨੂੰ ਲੋਕ ਪਹਿਲੂ ਤੋਂ ਨਿਰਖਿਆ-ਪਰਖਿਆ ਜਾਵੇ।

ਬੋਰਡ ਪੁਸਤਕ ਦੇ ਭਵਿੱਖਤ ਸੁਧਾਰ ਲਈ ਮਸ਼ਵਰਿਆਂ ਦਾ ਹਮੇਸ਼ਾਂ ਸਵਾਗਤ ਕਰਦਾ ਹੈ।

ਚੇਅਰਮੈਨ

ਪੰਜਾਬ ਸਕੂਲ ਸਿੱਖਿਆ ਬੋਰਡ

ਪਾਠ ਪੁਸਤਕ ਰਚਨਾ ਕਮੇਟੀ

ਭੂਗੋਲ

ਲੇਖਕ

1. ਸ. ਹਰਦਿਆਲ ਸਿੰਘ, ਪੀ. ਈ. ਐਸ. (ਰਿਟਾ.)
2. ਤਜਿੰਦਰ ਸਿੰਘ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੀਤਾ ਕਲਾਂ (ਅੰਮ੍ਰਿਤਸਰ)
3. ਸ਼ਰਨਜੀਤ ਸਿੰਘ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੁਰਖਾਲੀ (ਰੂਪਨਗਰ)

ਨਕਸ਼ੇ ਅਤੇ ਗ੍ਰਾਫ਼ਿਕਸ

1. ਤਜਿੰਦਰ ਸਿੰਘ, ਲੈਕਚਰਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਝੀਤਾ ਕਲਾਂ (ਅੰਮ੍ਰਿਤਸਰ)

ਅਨੁਵਾਦਕ

1. ਸ. ਸਤਿੰਦਰ ਪਾਲ ਸਿੰਘ, ਏ. ਪੀ. ਆਰ. ਓ, ਪੰਜਾਬ ਸਰਕਾਰ
2. ਸ਼੍ਰੀਮਤੀ ਅਰੁਨਾ ਡੋਗਰਾ ਸ਼ਰਮਾ, ਸਮਾਜਿਕ ਸਿੱਖਿਆ ਮਿਸਟਰੈਸ (ਰਿਟਾ.) ਐੱਸ. ਏ. ਐੱਸ ਨਗਰ

ਅਰਥਸ਼ਾਸਤਰ

ਮੈਂਬਰ

1. ਡਾ. ਰਣਜੋਧ ਸਿੰਘ, ਲੈਕਚਰਾਰ, ਸ. ਸੀ. ਸੈ. ਸਕੂਲ, ਤੁੰਗਵਾਲੀ, (ਬਠਿੰਡਾ)
2. ਸ੍ਰੀਮਤੀ ਗੁਰਸ਼ਰਨ ਕੌਰ, ਲੈਕਚਰਾਰ, ਸ. ਸੀ. ਸੈ. ਸਕੂਲ, ਦਿਆਲਪੁਰ ਸੋਢੀਆਂ (ਐਸ. ਏ. ਐਸ. ਨਗਰ)
3. ਸ. ਬਲਦੇਵ ਸਿੰਘ, ਲੈਕਚਰਾਰ, ਸ. ਸੀ. ਸੈ. ਸਕੂਲ, ਹੁਸ਼ਿਆਰਪੁਰ (ਐਸ. ਏ. ਐਸ. ਨਗਰ)
4. ਸ੍ਰੀਮਤੀ ਦਵਿੰਦਰ ਕੌਰ, ਲੈਕਚਰਾਰ, ਸ. ਸੀ. ਸੈ. ਸਕੂਲ, ਘੜੂੰਆਂ (ਐਸ. ਏ. ਐਸ. ਨਗਰ)
5. ਸ੍ਰੀਮਤੀ ਮਨਜੀਤ ਕੌਰ, ਲੈਕਚਰਾਰ, ਸ. ਸੀ. ਸੈ. ਸਕੂਲ, ਦੌਲਤਸਿੰਘ ਵਾਲਾ (ਐਸ. ਏ. ਐਸ. ਨਗਰ)
6. ਸ੍ਰੀਮਤੀ ਜਸਵੀਰ ਕੌਰ, ਡਿਪਟੀ ਡਾਇਰੈਕਟਰ (ਰਿਟਾ.), ਪੰਜਾਬ ਸਕੂਲ ਸਿੱਖਿਆ ਬੋਰਡ।
7. ਸ੍ਰੀਮਤੀ ਰਵੀ ਰਾਜ ਕੌਰ, ਪ੍ਰਿੰਸੀਪਲ (ਰਿਟਾ.), #33, ਸੈਕਟਰ 15-ਏ, ਚੰਡੀਗੜ੍ਹ।

ਅਨੁਵਾਦਕ

1. ਸ੍ਰੀ ਵਿਨੋਦ ਕੁਮਾਰ, ਪ੍ਰਿੰਸੀਪਲ (ਰਿਟਾ.) ਸ. ਸੀ. ਸੈ. ਸਕੂਲ, ਕੋਟਭਾਈ (ਮੁਕਤਸਰ)

ਚਿੱਤਰਕਾਰ

1. ਸ. ਮਨਜੀਤ ਸਿੰਘ ਢਿਲੋਂ, ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ. ਏ. ਐਸ. ਨਗਰ।

ਵਿਸ਼ਾ-ਸੂਚੀ

ਲੜੀ ਨੰ.	ਪਾਠ ਦਾ ਨਾਮ	ਪੰਨਾ ਨੰ.
	ਭੂਗੋਲ	
1(a).	ਭਾਰਤ : ਅਕਾਰ ਅਤੇ ਸਥਿਤੀ	3
1(b).	ਪੰਜਾਬ : ਅਕਾਰ ਅਤੇ ਸਥਿਤੀ	15
2(a).	ਭਾਰਤ : ਧਰਾਤਲ / ਭੂ-ਆਕ੍ਰਿਤੀਆਂ	26
2(b).	ਪੰਜਾਬ : ਧਰਾਤਲ / ਭੂ-ਆਕ੍ਰਿਤੀਆਂ	45
3(a).	ਭਾਰਤ : ਜਲਪ੍ਰਵਾਹ	52
3(b).	ਪੰਜਾਬ : ਜਲ ਤੰਤਰ	64
4.	ਜਲਵਾਯੂ	73
5.	ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਨ	93
6.	ਜਨਸੰਖਿਆ ਜਾਂ ਵਸੋਂ	115
	ਅਰਥ ਸ਼ਾਸਤਰ	
1.	ਇੱਕ ਪਿੰਡ ਦੀ ਕਹਾਣੀ	149
2.	ਮਨੁੱਖੀ ਸੰਸਾਧਨ	168
3.	ਗ਼ਰੀਬੀ : ਭਾਰਤ ਦੇ ਸਾਹਮਣੇ ਇੱਕ ਚਣੌਤੀ	185
4.	ਭਾਰਤ ਵਿੱਚ ਅੰਨ ਸੁਰੱਖਿਆ	199



ਭੂਗੋਲ

(Geography)



ਅਰਥਸ਼ਾਸਤਰ

(Economics)

1(a)

ਭਾਰਤ : ਅਕਾਰ ਅਤੇ ਸਥਿਤੀ

(India : Size & Location)

ਜਾਣ ਪਛਾਣ

'ਭਾਰਤ ਗਣਰਾਜ' (The Republic of India) ਵਿਸ਼ਾਲ ਭੂਗੋਲਿਕ ਵਿਸਥਾਰ ਵਾਲਾ ਵੱਡਾ ਦੇਸ਼ ਹੈ। ਅਕਾਰ ਪੱਖੋਂ ਇਹ ਦੁਨੀਆਂ ਦਾ ਸੱਤਵਾਂ ਵੱਡਾ ਦੇਸ਼ ਹੈ, ਜਦੋਂਕਿ ਜਨਸੰਖਿਆ ਦੇ ਲਿਹਾਜ਼ ਨਾਲ ਚੀਨ ਤੋਂ ਬਾਅਦ ਦੂਸਰਾ ਵੱਡਾ ਦੇਸ਼ ਹੈ। ਯਾਨਿ, ਸੰਸਾਰ ਦੇ ਕੁੱਲ ਖੇਤਰਫਲ ਦੇ 2.4% ਖਿੱਤੇ ਵਿੱਚ 17.5% (2011 ਦੀ ਜਨਗਣਨਾ) ਜਨਸੰਖਿਆ ਨਿਵਾਸ ਕਰਦੀ ਹੈ।

ਉੱਤਰ ਦਿਸ਼ਾ ਵਿੱਚ ਹਿਮਾਲਿਆ ਦੇ ਉੱਚੇ ਪਹਾੜਾਂ ਦੀ ਲੜੀ ਇਸਨੂੰ ਏਸ਼ੀਆ ਤੋਂ ਵੱਖਰਾ ਭੂ-ਭਾਗ ਬਣਾ ਦਿੰਦੀ ਹੈ। ਗੰਗਾ ਬ੍ਰਹਮਪੁੱਤਰ ਦੇ ਵਿਸ਼ਾਲ ਉਪਜਾਊ ਮੈਦਾਨ ਇਸਨੂੰ ਅਨਾਜ ਦੀ ਸੁਰੱਖਿਆ ਪ੍ਰਦਾਨ ਕਰਦੇ ਹਨ। ਪ੍ਰਾਇਦੀਪੀ ਪਠਾਰ ਕੁਦਰਤੀ ਖਣਿਜਾਂ ਦਾ ਭੰਡਾਰ ਹੈ। ਸੰਸਾਰ ਦੀਆਂ ਵੱਡੀਆਂ ਨਦੀਆਂ, ਝੀਲਾਂ ਅਤੇ ਤਿੰਨ ਪਾਸੇ ਸਮੁੰਦਰ ਭਾਰਤ ਨੂੰ 'ਉਪ-ਮਹਾਂਦੀਪ' ਦਾ ਦਰਜਾ ਪ੍ਰਦਾਨ ਕਰਦੇ ਹਨ।


ਸੰਸਾਰ ਦੇ ਦਸ ਸਭ ਤੋਂ ਵੱਡੇ ਦੇਸ਼

ਲੜੀ ਨੰ	ਦੇਸ਼ ਦਾ ਨਾਮ	ਖੇਤਰਫਲ ਵਰਗ ਕਿਲੋਮੀਟਰਾਂ ਵਿੱਚ
1	ਰੂਸ	1,70,75,000
2	ਕੈਨੇਡਾ	99,76,140
3	ਚੀਨ	95,56,960
4	ਸੰਯੁਕਤ ਰਾਜ ਅਮਰੀਕਾ	93,63,169
5	ਬਰਾਜ਼ੀਲ	85,11,965
6	ਆਸਟ੍ਰੇਲੀਆ	76,82,300
7	ਭਾਰਤ	32,87,263
8	ਅਰਜਨਟੀਨਾ	27,66,890
9	ਕਜ਼ਾਕਸਤਾਨ	27,17,300
10	ਅਲਜੀਰੀਆ	23,81,740

ਸਰੋਤ : U.N. ਸੰਯੁਕਤ ਰਾਸ਼ਟਰ ਆਰਥਿਕ ਤੇ ਸਮਾਜਿਕ ਵਿਭਾਗ 2013-14



ਜਨਸੰਖਿਆ ਪੱਖੋਂ ਦਸ ਵੱਡੇ ਦੇਸ਼



ਭਾਰਤ ਦੀ ਸਥਿਤੀ (Location of India)

ਭਾਰਤ, ਭੂ-ਮੱਧ ਰੇਖਾ (Equator) ਤੋਂ 8°4′ (ਅੱਠ ਡਿਗਰੀ ਚਾਰ ਮਿੰਟ) ਉੱਤਰ ਤੋਂ ਲੈ ਕੇ 37°6′ ਉੱਤਰੀ ਅਕਸ਼ਾਂਸ਼ਾਂ ਵਿਚਾਲੇ ਸਥਿਤ ਹੈ ਜਦੋਂਕਿ ਇਸਦਾ ਦੇਸ਼ਾਂਤਰੀ (Longitudnal) ਵਿਸਥਾਰ 68°7′ ਪੂਰਬ ਤੋਂ ਲੈ ਕੇ 97°25′ ਪੂਰਬ ਦੇਸ਼ਾਤਰ ਦਰਮਿਆਨ ਹੈ।



ਭਾਰਤ : ਅਕਸ਼ਾਂਸ਼ ਤੇ ਦੇਸ਼ਾਂਤਰ

ਭਾਰਤ ਦਾ ਖੇਤਰੀ ਵਿਸਥਾਰ ਉੱਤਰ ਵਿੱਚ ਦਫ਼ਦਾਰ (Dafdar) ਤੋਂ ਲੈ ਕੇ ਦੱਖਣ ਵਿੱਚ ਕੇਪ ਕੋਮੋਰਿਨ, ਕੰਨਿਆਕੁਮਾਰੀ ਤੱਕ 3214 ਕਿਲੋਮੀਟਰ ਹੈ। ਭਾਰਤੀ ਗਣਤੰਤਰ ਦਾ ਸਭ ਤੋਂ ਦੱਖਣੀ ਸਿਰਾ ਨਿਕੋਬਾਰ ਦੀਪ (ਹਿੰਦ ਮਹਾਸਾਗਰ) ਵਿੱਚ ਇੰਦਿਰਾ ਪੁਆਇੰਟ ਹੈ। ਭਾਰਤ ਦਾ ਪੂਰਬ (East) ਤੋਂ ਪੱਛਮ (West) ਤੱਕ ਵਿਸਥਾਰ ਪੂਰਬ ਵਿੱਚ ਕਿਬਿਥੂ (Kibithu) ਅਰੁਨਾਚਲ ਪ੍ਰਦੇਸ਼ ਤੋਂ ਲੈ ਕੇ ਗੁਜਰਾਤ ਵਿੱਚ ਗੁਹਾਰ ਮੋਤੀ (ਕੱਛ) ਤੱਕ 2933 ਕਿਲੋਮੀਟਰ ਹੈ।

ਦੇਸ਼ ਦੇ ਪੱਛਮੀ ਕਿਨਾਰੇ ਤੋਂ ਪੂਰਬੀ ਕਿਨਾਰੇ ਤੱਕ ਲਗਭਗ 30° ਦਾ ਅਕਸ਼ਾਂਸ਼ੀ ਫ਼ਰਕ ਹੈ। ਧਰਤੀ ਆਪਣੀ ਧੁਰੀ 'ਤੇ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੋਈ ਆਪਣੀ ਧੁਰੀ 'ਤੇ ਇਕ ਚੱਕਰ ਭਾਵ 360° ਦਾ ਫ਼ਾਸਲਾ 24 ਘੰਟੇ ਵਿੱਚ ਪੂਰਾ ਕਰਦੀ ਹੈ। ਭਾਵ 1° ਦਾ ਫ਼ਾਸਲਾ ਸੂਰਜ ਅੱਗੋਂ ਚਾਰ ਮਿੰਟ ਵਿੱਚ ਲੰਘਦਾ ਹੈ। ਇੰਝ 30° × 4 ਮਿੰਟ = 120 ਮਿੰਟ। ਭਾਰਤ ਦੇ ਦੋਹੇਂ, ਪੂਰਬੀ ਤੇ ਪੱਛਮੀ ਕਿਨਾਰੇ ਦੇ ਸਮੇਂ ਵਿੱਚ ਦੋ ਘੰਟਿਆਂ ਦਾ ਫਰਕ ਹੈ। ਇਸ ਲਈ ਜਦੋਂ ਅਰੁਨਾਚਲ ਪ੍ਰਦੇਸ਼ ਵਿੱਚ ਸੂਰਜ ਨਿਕਲ ਰਿਹਾ ਹੁੰਦਾ ਹੈ ਤਾਂ ਉਸੇ ਸਮੇਂ ਸੌਰਾਸ਼ਟਰ, ਗੁਜਰਾਤ ਵਿੱਚ ਅਜੇ ਰਾਤ ਹੁੰਦੀ ਹੈ।

ਤੁਸੀਂ ਭਾਰਤ ਦੇ ਮਾਣਕ ਸਮੇਂ (Indian Standard Time) ਬਾਰੇ ਤਾਂ ਜ਼ਰੂਰ ਸੁਣਿਆ ਹੋਵੇਗਾ ! ਭਾਰਤ ਦਾ ਮਾਣਕ ਸਮਾਂ (Indian Standard Time) 82°30′ ਪੂਰਬ (Standard Meridian) ਤੋਂ ਸਿੱਖਿਆ ਜਾਂਦਾ ਹੈ। ਇਹ ਲੰਬਰਕਾਰ ਉੱਤਰ ਪ੍ਰਦੇਸ਼ ਵਿੱਚ ਅਲਾਹਾਬਾਦ ਦੇ ਸਥਾਨ ਤੋਂ ਲੰਘਦਾ ਮੰਨਿਆ ਜਾਂਦਾ ਹੈ। ਇਸ ਲਈ ਭਾਰਤ ਦਾ ਮਿਆਰੀ ਸਮਾਂ 0° ਮਾਧਿਅਮ ਰੇਖਾ (Prime Maridian) ਜੋ ਕਿ ਇੰਗਲੈਂਡ ਦੇ ਗਰੀਨਵਿੱਚ (Greenwich) ਨਾਮਕ ਸਥਾਨ ਤੋਂ ਲੰਘਦੀ ਹੈ, ਤੋਂ 5.30 ਘੰਟੇ ਅੱਗੇ ਹੈ।

ਭਾਰਤ : ਸੰਸਾਰ ਵਿੱਚ (India in the world) :

ਭਾਰਤ ਸੰਸਾਰ ਦੇ ਸਭ ਤੋਂ ਵੱਡੇ ਮਹਾਂਦੀਪ ਏਸ਼ੀਆ ਦੇ ਦੱਖਣ ਵਿੱਚ ਸਥਿਤ ਹੈ। ਇਸ ਦੇ ਉੱਤਰ ਵੱਲ ਹਿਮਾਲਿਆ ਦੀ ਅਜਿਹੀ ਵਿਸ਼ਾਲ ਗਗਨਚੁੰਬੀ ਪਰਬਤੀ ਲੜੀ ਹੈ ਜਿਵੇਂ ਅਸਮਾਨ ਨੂੰ ਛੂਹ ਰਹੀ ਹੋਵੇ। ਦੱਖਣ ਵੱਲ ਹਿੰਦ ਮਹਾਂਸਾਗਰ ਹੈ। ਪ੍ਰਾਇਦੀਪੀ ਪਠਾਰ ਦੇ ਪੱਛਮ ਵਿੱਚ ਅਰਬ ਸਾਗਰ (Arabian Sea) ਅਤੇ ਪੂਰਬ ਵੱਲ ਬੰਗਾਲ ਦੀ ਖਾੜੀ (Bay of Bengal) ਹੈ। ਕਰਕ ਰੇਖਾ (Tropic of Cancer) ਭਾਰਤ ਦੇ ਐਨ ਵਿਚਕਾਰੋਂ ਲੰਘਦੀ ਹੋਈ, ਇਸਨੂੰ ਦੋ ਲਗਭਗ ਬਰਾਬਰ ਭਾਗਾਂ ਵਿੱਚ ਵੰਡਦੀ ਹੈ। ਭਾਰਤ ਦੀ ਜ਼ਮੀਨੀ ਸਰਹੱਦ ਸੱਤ ਗੁਆਂਢੀ ਦੇਸ਼ਾਂ ਮਿਆਂਮਾਰ, ਅਫਗਾਨਿਸਤਾਨ, ਪਾਕਿਸਤਾਨ, ਨੇਪਾਲ, ਭੂਟਾਨ, ਬੰਗਲਾਦੇਸ਼ ਅਤੇ ਚੀਨ ਨਾਲ ਸਾਂਝੀ ਹੈ ਜਦੋਂ ਕਿ ਦੱਖਣ ਵੱਲ ਗੁਆਂਢ ਵਿੱਚ ਸ੍ਰੀ ਲੰਕਾ, ਟਾਪੂ ਦੇਸ਼ ਹੈ।



ਨਕਸ਼ਾ : ਭਾਰਤ ਸੰਸਾਰ ਵਿੱਚ

ਭਾਰਤ ਦੀ ਜ਼ਮੀਨੀ ਸਰਹੱਦ ਦੀ ਕੁੱਲ ਲੰਬਾਈ 15,200 ਕਿਲੋਮੀਟਰ ਅਤੇ ਸਮੁੰਦਰੀ ਤੱਟ ਰੇਖਾ ਦੀ ਲੰਬਾਈ 7,516.6 ਕਿਲੋਮੀਟਰ ਹੈ। ਭਾਰਤ ਦੀ ਅੰਤਰਰਾਸ਼ਟਰੀ ਸਰਹੱਦ ਸਭ ਤੋਂ ਜ਼ਿਆਦਾ ਬੰਗਲਾਦੇਸ਼ (4,096 ਕਿਲੋਮੀਟਰ) ਅਤੇ ਸਭ ਤੋਂ ਘੱਟ ਅਫਗਾਨਿਸਤਾਨ (80 ਕਿਲੋਮੀਟਰ) ਨਾਲ ਲੱਗਦੀ ਹੈ।

ਭਾਰਤ ਦੀ ਅੰਤਰਰਾਸ਼ਟਰੀ ਸਰਹੱਦ ਦੀ ਲੰਬਾਈ (ਕਿਲੋਮੀਟਰਾਂ ਵਿੱਚ)

ਲੜੀ ਨੰ	ਦੇਸ਼ ਦਾ ਨਾਮ	ਸਰਹੱਦ ਦੀ ਲੰਬਾਈ (Km)	% age
1	ਬੰਗਲਾਦੇਸ਼	4,096	26.95%
2	ਚੀਨ	3,917	25.77%
3.	ਪਾਕਿਸਤਾਨ	3,310	21.78%
4.	ਨੇਪਾਲ	1,752	11.53%
5.	ਮਿਆਂਮਾਰ	1,458	9.59%
6.	ਭੂਟਾਨ	587	3.86%
7.	ਅਫ਼ਗਾਨਿਸਤਾਨ	80	0.52%

ਭਾਰਤ ਦਾ ਅੰਤਰਰਾਸ਼ਟਰੀ ਵਪਾਰ (The International Trade of India)

ਭਾਰਤ ਦੇ ਦੱਖਣੀ ਪ੍ਰਾਇਦੀਪੀ ਪਠਾਰ ਇਲਾਕੇ ਦੇ ਤਿੰਨ ਪਾਸੇ ਸਮੁੰਦਰ ਹੋਣ ਕਾਰਨ ਭਾਰਤ ਦਾ 96% ਵਪਾਰ ਸਮੁੰਦਰ ਦੇ ਰਸਤੇ ਹੁੰਦਾ ਹੈ। ਭਾਰਤ ਦੇ ਵਪਾਰਕ ਸਬੰਧ ਸੰਯੁਕਤ ਰਾਜ ਅਮਰੀਕਾ, ਕੈਨੇਡਾ, ਯੂਰਪੀ, ਏਸ਼ਿਆਈ, ਅਫਰੀਕੀ ਅਤੇ ਦੱਖਣ ਪੂਰਬੀ ਏਸ਼ੀਆ ਦੇ ਲਗਭਗ ਸਾਰੇ ਦੇਸ਼ਾਂ ਨਾਲ ਹਨ। ਸੁਏਜ਼ (Suez canal) ਨਹਿਰ ਦੇ ਖੁੱਲ ਜਾਣ ਨਾਲ ਭਾਰਤ ਦੇ ਯੂਰਪ ਤੇ ਅਮਰੀਕੀ ਦੇਸ਼ਾਂ ਨਾਲ ਵਪਾਰਕ ਸਬੰਧ ਹੋਰ ਵੀ ਡੂੰਘੇ ਹੋ ਗਏ ਹਨ। ਭਾਰਤ ਦੀ ਹਿੰਦ ਮਹਾਂਸਾਗਰ ਵਿੱਚ ਮਹੱਤਵਪੂਰਨ ਸਥਿਤੀ ਕਾਰਨ ਇਸ ਨੂੰ ਦੱਖਣ ਏਸ਼ਿਆਈ ਖੇਤਰੀ ਸਹਿਯੋਗ ਸੰਗਠਨ (South Asian Association for Regional Cooperation 'SAARC') ਵਿੱਚ ਮਹੱਤਵਪੂਰਨ ਸਥਾਨ ਹਾਸਿਲ ਹੈ। ਇਹ ਸਾਰਕ ਅੱਠ ਏਸ਼ਿਆਈ ਦੇਸ਼ਾਂ ਦਾ ਸਮੂਹ ਹੈ। ਇਹ ਅੱਠ ਦੇਸ਼ ਇਸ ਪ੍ਰਕਾਰ ਹਨ :—

(1) ਅਫ਼ਗਾਨਿਸਤਾਨ

(2) ਬੰਗਲਾਦੇਸ਼

(3) ਭੂਟਾਨ

(4) ਭਾਰਤ

(5) ਮਾਲਦੀਵ

(6) ਨੇਪਾਲ

(7) ਪਾਕਿਸਤਾਨ

(8) ਸ੍ਰੀਲੰਕਾ

ਭਾਰਤ ਰਾਜਨੀਤਿਕ ਪ੍ਰਬੰਧ (Indian Political Administration)

ਭਾਰਤ ਪ੍ਰਬੰਧਕੀ ਪੱਖ ਤੋਂ 29 ਰਾਜਾਂ ਅਤੇ 7 ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡਿਆ ਹੋਇਆ ਹੈ। ਇਹਨਾਂ ਦੇ ਨਾਮ, ਖੇਤਰਫਲ ਤੇ ਹੋਰ ਜਾਣਕਾਰੀ ਹੇਠਾਂ ਦਿੱਤੀ ਸਾਰਣੀ ਅਤੇ ਨਕਸ਼ੇ ਵਿੱਚ ਵਿਸਥਾਰ ਸਹਿਤ ਦਿੱਤੀ ਗਈ ਹੈ।


ਭਾਰਤ
ਕੌਮਾਂਤਰੀ ਸਰਹੱਦ ਨਾਲ ਲਗਦੇ ਰਾਜ
ਤਜਾਕਿਸਤਾਨ
ਅਫਗਾਨਿਸਤਾਨ
LOC
LOAC
ਜੰਮੂ ਅਤੇ ਕਸ਼ਮੀਰ
ਹਿਮਾਚਲ ਪ੍ਰਦੇਸ਼
ਪੰਜਾਬ
ਉਤਰਾਖੰਡ
ਪਾਕਿਸਤਾਨ
ਚੀਨ
ਨੇਪਾਲ
ਸਿਕਿੱਮ
ਭੂਟਾਨ
ਅਰੁਣਾਚਲ ਪ੍ਰਦੇਸ਼
ਰਾਜਸਥਾਨ
ਉੱਤਰ ਪ੍ਰਦੇਸ਼
ਬਿਹਾਰ
ਅਸਾਮ
ਮੇਘਾਲਯਾ
ਨਾਗਾਲੈਂਡ
ਮਣੀਪੁਰ
ਤ੍ਰਿਪੁਰਾ
ਮਿਜ਼ੋਰਮ
ਗੁਜਰਾਤ
ਪੱਛਮੀ ਬੰਗਾਲ
Not to Scale, for Academic Purposes


ਸਾਰਣੀ : ਭਾਰਤ ਰਾਜਨੀਤਿਕ

ਲੜੀ ਨੰ.	ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼	ਰਾਜਧਾਨੀ	ਖੇਤਰਫਲ (ਵਰਗ ਕਿਲੋਮੀਟਰਾਂ ਵਿੱਚ)	ਮੁੱਖ ਭਾਸ਼ਾਵਾਂ
1	ਆਂਧਰਾ ਪ੍ਰਦੇਸ਼ (ਸੀਮਾਂਧਰਾ)	ਹੈਦਰਾਬਾਦ	1,60,205	ਤੇਲਗੂ, ਉਰਦੂ
2	ਅਰੁਨਾਚਲ ਪ੍ਰਦੇਸ਼	ਈਟਾਨਗਰ	83,743	ਮੌਨਪਾ, ਮਿਜੀ, ਅਕਾ, ਡਿਗਰੂ, ਮਿਸ਼ਮੀ, ਇਚੂ ਖਮਤਲੀ, ਡਾਗਮਾਂ, ਵਾਂਚੂ ਅਤੇ ਨਈਸੀ
3	ਆਸਾਮ	ਦਿਸਪੁਰ	78,438	ਅਸਮੀ, ਬੋਡੋ
4	ਬਿਹਾਰ	ਪਟਨਾ	94,163	ਹਿੰਦੀ, ਉਰਦੂ
5	ਛੱਤੀਸਗੜ੍ਹ	ਰਾਇਪੁਰ	1,36,034	ਹਿੰਦੀ, ਛਤੀਸਗੜ੍ਹੀ
6	ਗੋਆ	ਪਣਜੀ	3,702	ਕੋਂਕਣੀ, ਮਰਾਠੀ
7	ਗੁਜਰਾਤ	ਗਾਂਧੀ ਨਗਰ	1,96,024	ਗੁਜਰਾਤੀ
8	ਹਰਿਆਣਾ	ਚੰਡੀਗੜ੍ਹ	44,212	ਹਿੰਦੀ, ਪੰਜਾਬੀ, ਹਰਿਆਣਵੀ
9	ਹਿਮਾਚਲ ਪ੍ਰਦੇਸ਼	ਸ਼ਿਮਲਾ	55,673	ਹਿੰਦੀ, ਪਹਾੜੀ
10	ਜੰਮੂ ਅਤੇ ਕਸ਼ਮੀਰ	ਸ੍ਰੀਨਗਰ	2,22,236	ਉਰਦੂ, ਕਸ਼ਮੀਰੀ, ਬਾਲਤੀ, ਡੋਗਰੀ, ਗੁਜਰੀ ਦਾਦਰੀ ਤੇ ਪੰਜਾਬੀ
11	ਝਾਰਖੰਡ	ਰਾਂਚੀ	79,714	ਹਿੰਦੀ, ਬੰਗਲਾ
12	ਕਰਨਾਟਕ	ਬੈਂਗਲੁਰੂ	1,91,791	ਕੰਨੜ
13	ਕੇਰਲਾ	ਤਿਰੂਵੰਤਪੁਰਮ	38,863	ਮਲਿਆਲਮ
14	ਮੱਧ ਪ੍ਰਦੇਸ਼	ਭੋਪਾਲ	3,08,256	ਹਿੰਦੀ
15	ਮਹਾਰਾਸ਼ਟਰ	ਮੁੰਬਈ	3,07,713	ਮਰਾਠੀ
16	ਮਨੀਪੁਰ	ਇੰਫਾਲ	22,429	ਮਨੀਪੁਰੀ, ਅੰਗਰੇਜ਼ੀ
17	ਮੇਘਾਲਿਆ	ਸ਼ਿਲਾਂਗ	22,429	ਖਾਸੀ, ਗਾਰੋ, ਅੰਗਰੇਜ਼ੀ
18	ਮਿਜ਼ੋਰਮ	ਆਈਜ਼ੋਲ	21,081	ਮਿਜ਼ੋ, ਅੰਗਰੇਜ਼ੀ

ਲੜੀ ਨੰ.	ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼	ਰਾਜਧਾਨੀ	ਖੇਤਰਫਲ (ਵਰਗ ਕਿਲੋਮੀਟਰਾਂ ਵਿੱਚ)	ਮੁੱਖ ਭਾਸ਼ਾਵਾਂ
19	ਨਾਗਾਲੈਂਡ	ਕੋਹਿਮਾ	16,579	ਅੰਗਮੀ, ਔ, ਚਾਂਗ, ਕੋਨਿਆਕ, ਲੋਥਾ, ਸੰਗਤਮ ਅਤੇ ਸੇਮਾ।
20	ਓਡੀਸ਼ਾ	ਭੁਬਨੇਸ਼ਵਰ	1,55,820	ਉੜੀਆ
21	ਪੰਜਾਬ	ਚੰਡੀਗੜ੍ਹ	50,362	ਪੰਜਾਬੀ
22	ਰਾਜਸਥਾਨ	ਜੈਪੁਰ	3,42,239	ਹਿੰਦੀ, ਰਾਜਸਥਾਨੀ
23	ਸਿੱਕਿਮ	ਗੰਗਟੋਕ	7,096	ਲੇਪਚਾ, ਭੂਟੀਆ, ਨੇਪਾਲੀ, ਲਿੰਬੂ ਅਤੇ ਸਿੱਕਿਮੀ
24	ਤਾਮਿਲਨਾਡੂ	ਚੇਨੱਈ	1,30,058	ਤਮਿਲ
25	ਤੇਲਗਾਨਾ	ਹੈਦਰਾਬਾਦ	1,14,840	ਤੇਲਗੂ, ਉਰਦੂ
26	ਤ੍ਰਿਪੁਰਾ	ਅਗਰਤਲਾ	10,492	ਹਿੰਦੀ, ਬੰਗਲਾ, ਕੋਕਬੋਰਾਕ
27	ਉੱਤਰ ਪ੍ਰਦੇਸ਼	ਲਖਨਊ	2,43,286	ਹਿੰਦੀ, ਉਰਦੂ, ਭੋਜਪੁਰੀ
28	ਉਤਰਾਖੰਡ	ਦੇਹਰਾਦੂਨ	53,484	ਹਿੰਦੀ, ਗੜਵਾਲੀ, ਕੁਮਾਂਉਨੀ ਜੌਨਸਰੀ
29	ਪੱਛਮੀ ਬੰਗਾਲ (ਬੰਗਲਾ)	ਕੋਲਕਾਤਾ	88,752	ਬੰਗਲਾ

ਕੇਂਦਰ ਸ਼ਾਸਤ ਪ੍ਰਦੇਸ਼ (Union territories)

1	ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ	ਪੋਟਰ ਬਲੇਅਰ	8,073	ਬੰਗਲਾ, ਨਿਕੋਬਾਰੀ, ਹਿੰਦੀ, ਤਮਿਲ, ਤੇਲਗੂ
2	ਚੰਡੀਗੜ੍ਹ	ਚੰਡੀਗੜ੍ਹ	114	ਪੰਜਾਬੀ, ਹਿੰਦੀ
3	ਦਾਦਰਾ ਅਤੇ ਨਗਰ ਹਵੇਲੀ	ਸਿਲਵਾਸਾ	491	ਗੁਜਰਾਤੀ, ਹਿੰਦੀ
4	ਦਮਨ ਅਤੇ ਦਿਉ	ਦਿਉ	102	ਗੁਜਰਾਤੀ, ਮਰਾਠੀ, ਅੰਗਰੇਜ਼ੀ
5	ਦਿੱਲੀ (ਐਨ. ਸੀ. ਆਰ. ਕੌਮੀਂ ਰਾਜਧਾਨੀ ਖੇਤਰ)	ਦਿੱਲੀ	1,484	ਪੰਜਾਬੀ, ਹਿੰਦੀ, ਉਰਦੂ
6	ਲਕਸ਼ਦੀਪ	ਕਾਵਾਰਤੀ	32	ਮਲਿਆਲਮ, ਕੰਨੜ, ਅੰਗਰੇਜ਼ੀ
7	ਪੁੱਡੂਚੇਰੀ	ਪੁੱਡੂਚੇਰੀ	492	ਤਮਿਲ, ਤੇਲਗੂ, ਮਲਿਆਲਮ, ਅੰਗਰੇਜ਼ੀ, ਫਰੈਂਚ



ਸੰਖੇਪ ਸਾਰ (Summary)

- ਭਾਰਤ, ਸੰਸਾਰ ਵਿੱਚ, ਖੇਤਰਫਲ ਪੱਖੋਂ ਸੱਤਵਾਂ ਤੇ ਵਸੋਂ ਪੱਖੋਂ ਦੂਸਰਾ ਸਭ ਤੋਂ ਵੱਡਾ ਦੇਸ਼ ਹੈ।
- ਹਿਮਾਲਿਆ ਦਾ ਪਸਾਰ ਭਾਰਤ ਨੂੰ ਏਸ਼ੀਆ ਦੀ ਧਰਤੀ ਨਾਲੋਂ ਅੱਡਰਾ ਕਰਕੇ ਉਪ ਮਹਾਂਦੀਪ ਬਣਾ ਦਿੰਦਾ ਹੈ।

- ਭਾਰਤ ਦਾ ਖੜਵਾਂ (N-S) ਪਸਾਰ 3214 ਕਿਲੋਮੀਟਰ ਅਤੇ ਲੇਟਵਾਂ (E-W) ਪਸਾਰ 2933 ਕਿਲੋਮੀਟਰ ਹੈ।
- ਭਾਰਤੀ ਮਾਣਕ ਸਮਾਂ ਕੌਮਾਂਤਰੀ ਮਾਣਕ ਸਮੇਂ ਤੋਂ 5 ਘੰਟੇ 30 ਮਿੰਟ ਅੱਗੇ ਹੈ।
- ਭਾਰਤ ਦੀਆਂ ਹੱਦਾਂ ਨੂੰ ਛੂਹਣ ਵਾਲੇ ਦੇਸ਼ਾਂ ਦੀ ਗਿਣਤੀ 7 ਹੈ।
- ਦੇਸ਼ ਦੀ ਜ਼ਮੀਨੀ ਸਰਹੱਦ 15,200 ਕਿਲੋਮੀਟਰ ਤੇ ਤੱਟ ਰੇਖਾ 7,516 ਕਿਲੋਮੀਟਰ ਹੈ।
- 'SAARC' ਤੋਂ ਭਾਵ ਹੈ : South Asian Association for Regional Cooperation.
- ਭਾਰਤ ਵਿੱਚ 29 ਰਾਜ ਤੇ 7 ਕੇਂਦਰ ਸ਼ਾਸਤ ਪ੍ਰਦੇਸ਼ ਹਨ।
- ਚੰਡੀਗੜ੍ਹ ਤੇ ਹੈਦਰਾਬਾਦ ਦੋ ਅਜਿਹੇ ਸ਼ਹਿਰ ਹਨ ਜੋ ਇੱਕ ਤੋਂ ਵੱਧ ਰਾਜਾਂ ਦੀਆਂ ਰਾਜਧਾਨੀਆਂ ਹਨ।
- ਦਿੱਲੀ ਜੋ ਕਿ ਕੌਮੀ ਰਾਜਧਾਨੀ ਖੇਤਰ (N.C.R.) ਹੈ, ਦਾ ਨਵੀਂ ਦਿੱਲੀ ਇਲਾਕਾ, ਕੌਮੀ ਰਾਜਧਾਨੀ ਹੈ।



ੳ ਨਕਸ਼ਾ ਕਾਰਜ (Map Work)

1. ਭਾਰਤ ਦੇ ਰੇਖਾ ਮਾਨ ਚਿੱਤਰ ਵਿੱਚ ਅੰਕਿਤ ਕਰੋ :
 (*i*) ਭਾਰਤ ਦਾ ਮਾਣਕ ਲੰਬਕਾਰ (82½° ਪੂ)
 (*ii*) ਕਰਕ ਰੇਖਾ
 (*iii*) ਪੰਜਾਬੀ ਭਾਸ਼ਾ ਵਰਤਣ ਵਾਲੇ ਰਾਜ ਤੇ ਕੇਂਦਰ ਸ਼ਾਸਤ ਖੇਤਰ
 (*iv*) ਦੋ ਗੁਆਂਢੀ ਦੇਸ਼ ਜੋ ਸਾਗਰ ਨੂੰ ਨਹੀਂ ਛੂੰਹਦੇ
 (*v*) ਭਾਰਤ ਦਾ ਗੁਆਂਢੀ ਟਾਪੂ ਦੇਸ਼
2. ਜਮਾਤੀ ਕਿਰਿਆ (Class activity)
 (*i*) ਭਾਰਤ ਦੇ ਗੁਆਂਢੀ SAARC ਦੇਸ਼ਾਂ ਨੂੰ ਵੱਖ-ਵੱਖ ਰੰਗਾਂ ਨਾਲ ਅੰਕਿਤ ਕਰੋ ਤੇ ਜਮਾਤ ਦੇ ਕਮਰੇ ਵਿੱਚ ਲਾਓ।
 (*ii*) ਭਾਰਤ ਦੇ 29 ਰਾਜਾਂ ਤੇ 7 ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਰਾਜਧਾਨੀਆਂ ਸਮੇਤ 2 ਖਾਕਿਆਂ ਵਿੱਚ ਅੰਕਿਤ ਕਰੋ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਖੇਤਰਫ਼ਲ ਦੇ ਪੱਖੋਂ ਸੰਸਾਰ ਵਿੱਚ ਤੀਸਰੇ ਸਥਾਨ ਉਤੇ ਕਿਹੜਾ ਦੇਸ਼ ਹੈ ?
2. ਉਹ ਦੇਸ਼ ਕਿਹੜਾ ਹੈ ਜੋ ਖੇਤਰਫ਼ਲ ਤੇ ਆਬਾਦੀ ਦੋਹਾਂ ਪੱਖਾਂ ਤੋਂ ਪੰਜਵਾਂ ਸਥਾਨ ਰੱਖਦਾ ਹੈ ?
3. ਸੌਰਾਸ਼ਟਰ ਹੇਠ ਲਿਖਿਆਂ ਵਿੱਚੋਂ ਕਿਸ ਰਾਜ ਦਾ ਹਿੱਸਾ ਹੈ :
 (*i*) ਮਨੀਪੁਰ (*ii*) ਗੁਜਰਾਤ
 (*iii*) ਮਹਾਰਾਸ਼ਟਰ (*iv*) ਨਾਗਾਲੈਂਡ

4. ਕਿਹੜਾ ਸ਼ਹਿਰ ਕਿਸੇ ਰਾਜ ਦੀ ਰਾਜਧਾਨੀ ਨਹੀਂ ਹੈ ?

(*i*) ਰਾਇਪੁਰ (*ii*) ਅਹਿਮਦਾਬਾਦ

(*iii*) ਰਾਂਚੀ (*iv*) ਪਣਜੀ

5. ਭਾਰਤ ਦਾ ਕਿਹੜਾ ਵਿਥਕਾਰੀ ਪਸਾਰ ਸਹੀ ਹੈ ?

(*i*) 8°.4′ ਉ ਤੋਂ 37°.6′ ਉ ਤੱਕ (*ii*) 6°.2′ ਉ ਤੋਂ 35°.2′ ਉ ਤੱਕ

(*iii*) 8°.4′ ਦੱ ਤੋਂ 37°.6′ ਦੱ ਤੱਕ (*iv*) 6°.2′ ਦੱ. ਤੋਂ 35°.2′ ਦੱ ਤੱਕ

6. ਭਾਰਤ ਦਾ ਸਰਕਾਰੀ ਜਾਂ ਸੰਵਿਧਾਨਕ ਨਾਮ ਕੀ ਹੈ ?

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਭਾਰਤ ਦੇ ਉੱਤਰੀ, ਦੱਖਣੀ, ਪੂਰਬੀ ਤੇ ਪੱਛਮੀ ਸਿਰਿਆਂ ਦੇ ਨਾਮ ਲਿਖੋ।
2. ਭਾਰਤ ਦੀ ਮਾਧਿਆਨ ਰੇਖਾ ਬਾਰੇ ਇੱਕ ਨੋਟ ਲਿਖੋ।
3. ਅਰੁਨਾਚਲ ਪ੍ਰਦੇਸ਼ ਤੇ ਸੌਰਾਸ਼ਟਰ (ਗੁਜਰਾਤ) ਦੇ ਸਮੇਂ ਵਿੱਚ ਘੰਟੇ ਦਾ ਅੰਤਰ ਕਿਉਂ ਹੈ ?
4. ਜੰਮੂ-ਕਸ਼ਮੀਰ ਅਤੇ ਤੇਲੰਗਾਨਾ ਵਿੱਚ ਕਿਹੜੀਆਂ ਭਾਸ਼ਾਵਾਂ ਪ੍ਰਚੱਲਤ ਹਨ ?
5. ਸਾਰਕ (SAARC) ਬਾਰੇ ਇੱਕ ਸੰਖੇਪ ਨੋਟ ਲਿਖੋ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :


1. ਭਾਰਤ ਦੇ ਕੌਮਾਂਤਰੀ ਵਪਾਰ ਬਾਰੇ ਵਿਸਥਾਰ ਨਾਲ ਲਿਖੋ।
2. ਭਾਰਤ ਦੇ ਕੋਈ 10 ਰਾਜਾਂ ਤੇ 5 ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨਾਮ ਤੇ ਰਾਜਧਾਨੀਆਂ ਲਿਖੋ।
3. ਭਾਰਤ ਦੀ ਰਾਜਨੀਤਕ ਵੰਡ 'ਤੇ ਨੋਟ ਲਿਖੋ ਤੇ ਖੇਤਰਫ਼ਲ ਪੱਖੋਂ ਸਭ ਤੋਂ ਵੱਡੇ ਤੇ ਛੋਟੇ ਰਾਜਾਂ ਦੀ ਵਿਆਖਿਆ ਕਰੋ।

❖ ❖ ❖

1 (b)

ਪੰਜਾਬ : ਅਕਾਰ ਅਤੇ ਸਥਿਤੀ

(Punjab : Size & Location)



ਪੰਜਾਬ ਰਾਜਨੀਤਿਕ

ਜਾਣ ਪਛਾਣ


ਪੰਜਾਬ ਪੰਜ ਦਰਿਆਵਾਂ ਦੀ ਧਰਤੀ ਦਾ ਇੱਕ ਹਿੱਸਾ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਭਾਰਤੀ ਉੱਪ ਮਹਾਂਦੀਪ ਲਈ ਵਿਸ਼ੇਸ਼ ਮਹੱਤਤਾ ਰਖਦੀ ਹੈ। ਪੰਜਾਬ ਨੂੰ ਭਾਰਤ ਦੇ ਇਤਿਹਾਸ ਅਤੇ ਸੱਭਿਆਚਾਰ ਦਾ ਨਿਰਮਾਤਾ ਵੀ ਕਿਹਾ ਜਾ ਸਕਦਾ ਹੈ। ਪੰਜਾਬ ਸੰਸਾਰ ਦੀਆਂ ਸਭ ਤੋਂ ਪੁਰਾਣੀਆਂ ਸੱਭਿਅਤਾਵਾਂ ਵਿੱਚੋਂ ਇਕ, ਹੜੱਪਾ ਜਾਂ ਸਿੰਧੂ ਘਾਟੀ ਦੀ ਸੱਭਿਅਤਾ ਦਾ ਨਿਵਾਸ ਸਥਾਨ ਰਿਹਾ ਹੈ। ਆਰੀਆ, ਯੂਨਾਨੀ, ਕੁਸ਼ਾਣ, ਗਜ਼ਨਵੀ, ਤੈਮੂਰ, ਮੁਗਲ, ਅਫ਼ਗਾਨ ਆਦਿ ਪੰਜਾਬ ਦੇ ਰਸਤੇ ਤੋਂ ਹੀ ਭਾਰਤ ਵਿੱਚ ਪ੍ਰਵੇਸ਼ ਕੀਤੇ ਅਤੇ ਇੱਥੋਂ ਦੇ ਇਤਿਹਾਸ ਅਤੇ ਸੱਭਿਆਚਾਰ ਨੂੰ ਬਦਲਿਆ ਜਾਂ ਆਪਣੇ ਚਿੰਨ੍ਹ ਛੱਡ ਗਏ।


ਭੂਗੋਲਿਕ ਇਤਿਹਾਸ

ਪੰਜਾਬ ਫਾਰਸੀ ਭਾਸ਼ਾ ਦੇ ਦੋ ਸ਼ਬਦਾਂ ਪੰਜ + ਆਬ ਤੋਂ ਮਿਲ ਕੇ ਬਣਿਆ ਹੈ, ਜਿਸਦਾ ਅਰਥ ਹੈ, ਪੰਜਾਂ ਪਾਣੀਆਂ ਦੀ ਧਰਤੀ। ਆਰੀਆਂ ਦੇ ਪ੍ਰਾਚੀਨ ਗ੍ਰੰਥ ਰਿਗਵੇਦ ਵਿੱਚ ਪੰਜਾਬ ਨੂੰ ਸਪਤ ਸਿੰਧੂ ਜਾਂ ਸੱਤ ਦਰਿਆਵਾਂ ਦੀ ਧਰਤੀ ਕਿਹਾ ਗਿਆ ਹੈ। ਪੁਰਾਣਾਂ ਵਿੱਚ ਪੰਜਾਬ ਨੂੰ ਪੰਚਨਾਦ ਅਤੇ ਯੂਨਾਨੀਆਂ ਨੇ ਪੈਂਟਾਪੋਟਾਮੀਆਂ ਦਾ ਨਾਂ ਦਿੱਤਾ ਜਿਸਦਾ ਅਰਥ ਵੀ ਪੰਜਾਂ ਦਰਿਆਵਾਂ ਦੀ ਧਰਤੀ ਹੀ ਹੈ। ਐਲੇਗਜ਼ੈਂਡਰ ਕਨਿੰਘਮ ਦੇ ਵਿਚਾਰ ਅਨੁਸਾਰ ਪੰਜਾਬ ਵਿੱਚ ਟੱਕ ਕਬੀਲੇ ਦਾ ਨਿਵਾਸ ਹੋਣ ਕਰਕੇ ਇਸਨੂੰ ਟੱਕ ਪ੍ਰਦੇਸ਼ ਵੀ ਕਿਹਾ ਜਾਂਦਾ ਸੀ। ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਵਿੱਚ ਪੰਜਾਬ ਦੀਆਂ ਸਰਹੱਦਾਂ ਉੱਤਰ-ਪੱਛਮ ਵਿੱਚ ਅਫ਼ਗਾਨਿਸਤਾਨ ਦੇ ਕਾਬੁਲ ਤੋਂ ਲੈ ਕੇ ਸਤਲੁੱਜ ਤੱਕ ਫੈਲੀਆਂ ਹੋਈਆਂ ਸਨ ਅਤੇ ਇਸ ਸਾਰੇ ਖਿੱਤੇ ਨੂੰ ਲਾਹੌਰ ਸੂਬੇ ਵਜੋਂ ਜਾਣਿਆ ਜਾਂਦਾ ਸੀ। ਪੰਜਾਬ ਵਿੱਚ ਕਦੇ ਵਗਣ ਵਾਲੇ 7 ਦਰਿਆ ਇਸ ਪ੍ਰਕਾਰ ਸਨ :

ਲੜੀ ਨੰ	ਦਰਿਆ ਦਾ ਨਾਮ	ਪੌਰਾਣਿਕ ਨਾਮ	ਰੋਮਨ ਲਿਪੀ 'ਚ ਨਾਮ
1	ਸਿੰਧ	ਸਿੰਧੂ	Indus
2	ਜੇਹਲਮ	ਵਿਤਸਤਾ	Jehlum
3	ਚਨਾਬ	ਅਸਕਿਨੀ	Chenab
4	ਰਾਵੀ	ਪੁਰੁਸ਼ਨੀ	Ravi
5	ਬਿਆਸ	ਵਿਪਾਸਾ	Beas
6	ਸਤਲੁਜ	ਸੁਤੁਦਰੀ	Satluj
7	ਸਰਸਵਤੀ	ਸੁਰਸੁਤੀ	Saraswati

ਮਗਰੋਂ ਪੰਜਾਬ ਨੂੰ ਜਿਹਲਮ, ਚਨਾਬ, ਰਾਵੀ, ਬਿਆਸ ਤੇ ਸਤਲੁੱਜ, ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਣ ਲੱਗਾ ਤੇ ਮੌਜੂਦਾ ਪੰਜਾਬ ਇਨ੍ਹਾਂ ਪੰਜ ਦਰਿਆਵਾਂ ਵਿੱਚੋਂ ਸਤਲੁੱਜ, ਬਿਆਸ ਤੇ ਰਾਵੀ ਦੀ ਧਰਤੀ ਹੈ।





ਪੰਜਾਬ : ਰਾਜਨੀਤਿਕ

ਸੰਨ 1947 ਵਿੱਚ ਭਾਰਤ ਪਾਕਿਸਤਾਨ ਦੀ ਵੰਡ ਸਮੇਂ ਪੰਜਾਬ ਦਾ ਜ਼ਿਆਦਾਤਰ ਉਪਜਾਊ ਇਲਾਕਾ ਪਾਕਿਸਤਾਨ ਵਿੱਚ ਰਹਿ ਗਿਆ। ਅਣਵੰਡੇ ਪੰਜਾਬ ਦਾ ਲਗਭਗ 34% ਹਿੱਸਾ ਹੀ ਭਾਰਤੀ ਜਾਂ ਪੂਰਬੀ ਪੰਜਾਬ ਬਣਿਆ ਤੇ ਨਾਲ ਹੀ ਨਹਿਰਾਂ ਦਾ ਜ਼ਿਆਦਾ ਹਿੱਸਾ ਵੀ ਪਾਕਿਸਤਾਨ ਵਿੱਚ ਰਹਿ ਗਿਆ। ਪੂਰਬੀ ਪੰਜਾਬ ਦੀਆਂ ਰਾਜਾਸ਼ਾਹੀ ਰਿਆਸਤਾਂ ਪਟਿਆਲਾ, ਨਾਭਾ, ਮਲੇਰਕੋਟਲਾ, ਜੀਂਦ, ਕਪੂਰਥਲਾ, ਫ਼ਰੀਦਕੋਟ, ਨਾਲਾਗੜ੍ਹ ਅਤੇ ਕਲਸੀਆ ਨੂੰ 15 ਜੁਲਾਈ, 1948 ਨੂੰ ਇੱਕਠੇ ਕਰ ਕੇ ਨਵਾਂ ਪ੍ਰਾਂਤ ਪੈਪਸੂ (PEPSU- Patiala and East Punjab States Union) ਬਣਾ ਦਿੱਤਾ ਗਿਆ। ਸੰਨ 1956 ਵਿੱਚ ਸਮੁੱਚੇ ਭਾਰਤ ਦੇ ਰਾਜਾਂ ਦਾ ਪੁਨਰਗਠਨ ਕੀਤਾ ਗਿਆ, ਤਾਂ ਪੈਪਸੂ ਰਾਜ ਦੀ ਹੋਂਦ ਖਤਮ ਕਰ ਕੇ ਪੰਜਾਬ ਵਿੱਚ ਮਿਲਾ ਦਿੱਤਾ ਗਿਆ। ਸ਼ਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਉੱਤੇ 1 ਨਵੰਬਰ 1966 ਵਿੱਚ ਭਾਸ਼ਾ ਦੇ ਆਧਾਰ 'ਤੇ ਪੰਜਾਬ ਦੇ ਫਿਰ ਤੋਂ ਟੁਕੜੇ ਕਰ ਕੇ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਨਵੇਂ ਰਾਜ ਬਣਾ ਦਿੱਤੇ ਗਏ।

ਪੰਜਾਬ : ਵਰਤਮਾਨ ਸਥਿਤੀ

ਵਰਤਮਾਨ ਪੰਜਾਬ ਭਾਰਤ ਤੇ ਉੱਤਰ ਪੱਛਮ ਵਿੱਚ ਸਥਿਤ ਹੈ। ਇਸਦੇ ਪੱਛਮ ਵਿੱਚ ਪਾਕਿਸਤਾਨ ਉੱਤਰ ਵਿੱਚ ਜੰਮੂ ਤੇ ਕਸ਼ਮੀਰ, ਉੱਤਰ ਪੂਰਬ ਵੱਲ ਹਿਮਾਚਲ ਪ੍ਰਦੇਸ਼, ਦੱਖਣ ਵੱਲ ਹਰਿਆਣਾ, ਦੱਖਣ ਪੱਛਮ ਵੱਲ ਰਾਜਸਥਾਨ ਰਾਜ ਆਉਂਦੇ ਹਨ। ਪੰਜਾਬ 29°.30' (ਉਨੱਤੀ ਡਿਗਰੀ ਤੀਹ ਮਿੰਟ) ਉੱਤਰੀ ਅਕਸ਼ਾਂਸ਼ (Latitude) ਤੋਂ ਲੈ ਕੇ 32°.32' ਉੱਤਰ ਅਕਸ਼ਾਂਸ਼ ਤੱਕ ਅਤੇ 73°.55' ਪੂਰਬ ਤੋਂ ਲੈ ਕੇ 76°.50' ਪੂਰਬ ਵਿੱਚ ਸਥਿਤ ਹੈ। ਪੰਜਾਬ ਦਾ ਕੁੱਲ ਖੇਤਰਫ਼ਲ 50,362 ਵਰਗ ਕਿਲੋਮੀਟਰ ਹੈ। ਖੇਤਰਫ਼ਲ ਦੇ ਲਿਹਾਜ਼ ਨਾਲ ਪੰਜਾਬ ਭਾਰਤ ਦੇ 29 ਰਾਜਾਂ ਵਿੱਚ 20ਵੇਂ ਨੰਬਰ 'ਤੇ ਆਉਂਦਾ ਹੈ, ਜੋ ਭਾਰਤ ਦੇ ਕੁੱਲ ਖੇਤਰਫਲ ਦਾ 1.6 ਪ੍ਰਤੀਸ਼ਤ ਬਣਦਾ ਹੈ।

ਪੰਜਾਬ ਦੇ ਜ਼ਿਲ੍ਹਿਆਂ ਦੀ ਖੇਤਰੀ ਵੰਡ

ਮਾਝਾ ਖੇਤਰ	ਦੋਆਬਾ ਖੇਤਰ	ਮਾਲਵਾ ਖੇਤਰ	ਪੁਆਧ ਖੇਤਰ
1. ਸ੍ਰੀ ਅੰਮ੍ਰਿਤਸਰ	5. ਹੁਸ਼ਿਆਰਪੁਰ	9. ਬਰਨਾਲਾ	19. ਫਤਿਹਗੜ੍ਹ ਸਾਹਿਬ
2. ਗੁਰਦਾਸਪੁਰ	6. ਜਲੰਧਰ	10. ਬਠਿੰਡਾ	20. ਪਟਿਆਲਾ
3. ਪਠਾਨਕੋਟ	7. ਕਪੂਰਥਲਾ	11. ਫ਼ਰੀਦਕੋਟ	21. ਰੂਪਨਗਰ
4. ਤਰਨ ਤਾਰਨ ਸਾਹਿਬ	8. ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ)	12. ਫ਼ਾਜ਼ਿਲਕਾ	22. ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
		13. ਫ਼ਿਰੋਜ਼ਪੁਰ	
		14. ਲੁਧਿਆਣਾ	
		15. ਮਾਨਸਾ	
		16. ਮੋਗਾ	
		17. ਸ੍ਰੀ ਮੁਕਤਸਰ ਸਾਹਿਬ	
		18. ਸੰਗਰੂਰ	

ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ ਤੋਂ ਭਾਵ ਹੈ, ਅੰਮ੍ਰਿਤ ਦਾ ਸਰੋਵਰ। ਇਸ ਸ਼ਹਿਰ ਦਾ ਪੁਰਾਣਾ ਨਾਮ ਚੱਕ ਰਾਮਦਾਸ ਸੀ ਤੇ ਇਹ ਸਦੀਆਂ ਤੋਂ ਵੱਡੇ ਵਪਾਰਕ ਕੇਂਦਰ ਵਜੋਂ ਪ੍ਰਸਿੱਧ ਰਿਹਾ ਹੈ। ਗੁਰਦਾਸਪੁਰ ਸ਼ਹਿਰ 16 ਵੀਂ ਸਦੀ ਵਿੱਚ ਵਸਿਆ ਅਤੇ ਇਸ ਜ਼ਿਲ੍ਹੇ ਦੇ ਸ਼ਹਿਰ ਕਲਾਨੌਰ ਵਿੱਚ ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਹੋਈ ਸੀ। ਇਸ ਜ਼ਿਲ੍ਹੇ ਦਾ ਸ਼ਹਿਰ ਬਟਾਲਾ ਘਰੇਗੀ ਸਨਅਤਾਂ ਲਈ ਪ੍ਰਸਿੱਧ ਰਿਹਾ ਹੈ। ਜ਼ਿਲ੍ਹਾ ਪਠਾਨਕੋਟ ਜੁਲਾਈ 2011 ਵਿਚ ਹੋਂਦ ਵਿਚ ਆਇਆ। ਇਹ ਪਹਾੜ ਪੈਰ ਦਾ ਇਲਾਕਾ ਹੈ ਤੇ ਰਾਜ ਦਾ ਸਭ ਤੋਂ ਛੋਟਾ ਜ਼ਿਲ੍ਹਾ ਹੈ। ਜ਼ਿਲ੍ਹਾ ਤਰਨਤਾਰਨ ਸੰਨ 2006 ਵਿਚ ਜ਼ਿਲ੍ਹਾ ਬਣਿਆ। ਉਂਝ ਤਰਨ ਤਾਰਨ ਪੰਜਵੇਂ ਪਾਤਸ਼ਾਹ ਵੱਲੋਂ ਵਸਾਇਆ ਗਿਆ ਸ਼ਹਿਰ ਹੈ। ਜ਼ਿਲ੍ਹਾ ਹੁਸ਼ਿਆਰਪੁਰ ਅਰਧ-ਪਹਾੜੀ ਤੇ ਮੈਦਾਨੀ ਇਲਾਕਿਆਂ ਦੇ ਮਿਸ਼ਰਨ ਵਾਲਾ ਜ਼ਿਲ੍ਹਾ ਹੈ। ਇਸ ਜ਼ਿਲ੍ਹੇ ਦਾ ਸ਼ਹਿਰ ਮਾਹਿਲਪੁਰ, ਫੁਟਬਾਲ ਦੀ ਨਰਸਰੀ ਵਜੋਂ ਤੇ ਟਾਂਡਾ-ਉੜਮੜ ਫਰਨੀਚਰ ਤੇ ਸੰਗੀਤ ਸਾਜ਼ ਸਨਅਤਾਂ ਲਈ ਪ੍ਰਸਿੱਧ ਰਹੇ ਹਨ। ਜਲੰਧਰ ਵੀ ਪੰਜਾਬ ਦਾ ਇਤਿਹਾਸਕ ਸ਼ਹਿਰ ਹੈ ਜੋ ਮੀਡੀਆ ਕੇਂਦਰ ਵਜੋਂ ਉਭਰਿਆ ਹੈ। ਇੱਥੇ ਖੇਡਾਂ ਦੇ ਸਮਾਨ ਦੀ ਸਨਅਤ ਵੀ ਕਿਸੇ ਵੇਲੇ ਬਹੁਤ ਪ੍ਰਫੁੱਲਤ ਹੋਈ ਹੈ ਤੇ ਇਸੇ ਜ਼ਿਲੇ ਦਾ ਪਿੰਡ ਸੰਸਾਰਪੁਰ ਹਾਕੀ ਦੀ ਨਰਸਰੀ ਵਜ਼ੋਂ ਪ੍ਰਸਿੱਧ ਹੋਇਆ ਹੈ। ਕਪੂਰਥਲਾ ਇੱਕ ਰਿਆਸਤੀ ਸ਼ਹਿਰ ਹੈ ਜਿੱਥੇ ਜੇ.ਸੀ.ਟੀ. ਸਨਅਤਾਂ ਅਤੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ 1947 ਮਗਰੋਂ ਇਸ ਦੀ ਪਛਾਣ ਬਣੇ ਹਨ। ਸ਼ਹੀਦ ਭਗਤ ਸਿੰਘ ਨਗਰ ਸੰਨ 1955 ਵਿੱਚ ਨਵਾਂਸ਼ਹਿਰ ਵਜੋਂ ਜ਼ਿਲ੍ਹਾ ਬਣਿਆ ਤੇ ਮਗਰੋਂ ਪੰਜਾਬ ਦੇ ਇਸ ਜ਼ਿਲ੍ਹੇ ਨੂੰ ਨਵਾਂ ਨਾਮ ਮਿਲ ਗਿਆ। ਬਰਨਾਲਾ ਕਿਸੇ ਸਮੇਂ ਰਿਆਸਤ ਪਟਿਆਲਾ ਦਾ ਇਲਾਕਾ ਸੀ ਜੋ ਸੰਨ 2006 ਵਿੱਚ ਵੱਖਰਾ ਜ਼ਿਲ੍ਹਾ ਬਣਿਆ ਤੇ 2011 ਦੀ ਜਨਗਣਨਾ ਅਨੁਸਾਰ ਸਭ ਤੋਂ ਘੱਟ ਆਬਾਦੀ ਵਾਲਾ ਜ਼ਿਲ੍ਹਾ ਸੀ। ਬਠਿੰਡਾ ਮਾਲਵਾ ਖੇਤਰ ਦਾ ਦਿਲ ਅਖਵਾਉਂਦਾ ਹੈ ਤੇ ਇਸਦਾ ਜ਼ਿਕਰ ਇਬਨ ਬਬੂਤਾ ਦੀਆਂ ਲਿਖਤਾਂ ਵਿੱਚ ਵੀ ਮਿਲਦਾ ਹੈ। ਸੰਸਾਰ ਦੀ ਪਹਿਲੀ ਮੁਸਲਮਾਨ ਹੁਕਮਰਾਨ ਇਸਤਰੀ ਬੇਗਮ ਰਜ਼ੀਆ ਵੀ ਕੁਝ ਸਮਾਂ ਬਠਿੰਡਾ ਰਹੀ ਸੀ। ਹੁਣ ਇਹ ਰੇਲਾਂ ਦਾ ਵੱਡਾ ਜੰਕਸ਼ਨ ਵੀ ਹੈ। ਫ਼ਰੀਦਕੋਟ ਸੰਨ 1972 ਵਿੱਚ ਸੂਫੀ ਭਗਤ ਸ਼ੇਖ ਫਰੀਦ ਜੀ ਦੇ ਨਾਮ 'ਤੇ ਜ਼ਿਲ੍ਹਾ ਬਣਿਆ ਜਿਸ ਵਿੱਚੋਂ ਸੰਨ 1995 ਵਿੱਚ ਦੋ ਹੋਰ ਜ਼ਿਲ੍ਹੇ ਵੱਖ ਕਰ ਦਿੱਤੇ ਗਏ।

ਜ਼ਿਲ੍ਹਾ ਫ਼ਾਜ਼ਿਲਕਾ ਪੰਜਾਬ ਦਾ 21ਵਾਂ ਜ਼ਿਲ੍ਹਾ ਹੈ ਜੋ ਕਪਾਹ ਪੱਟੀ ਵਿੱਚ ਪੈਣ ਵਾਲਾ ਤੇ ਕਿੰਨੂ ਅਤੇ ਹੋਰ ਰਸਦਾਰ ਫ਼ਲਾਂ ਦੀ ਉਪਜ ਕਾਰਨ ਸੰਸਾਰ ਪ੍ਰਸਿੱਧ ਇਲਾਕਾ ਹੈ। ਇੱਥੋਂ ਦੀ ਜਲਵਾਯੂ ਭੂ-ਮੱਧ ਸਾਗਰੀ ਜਲਵਾਯੂ ਨਾਲ ਮੇਲ ਖਾਂਦੀ ਹੈ। ਫ਼ਿਰੋਜ਼ਪੁਰ ਇਤਿਹਾਸਕ ਤੇ ਪੁਰਾਣਾ ਜ਼ਿਲ੍ਹਾ ਹੈ ਜੋ ਸੰਨ 1947 ਤੋਂ ਪਹਿਲਾਂ ਵੀ ਜ਼ਿਲ੍ਹਾ ਸੀ। ਲੁਧਿਆਣਾ ਸੰਨ 1480 ਵਿੱਚ ਲੋਧੀ ਵੰਸ਼ ਦੇ ਸ਼ਾਸਕਾਂ ਵਲੋਂ ਵਸਾਇਆ ਗਿਆ ਸੀ। ਅੱਜਕਲ੍ਹ ਲੁਧਿਆਣਾ ਸ਼ਹਿਰ ਹੌਜ਼ਰੀ ਦੇ ਸਮਾਨ ਦੇ ਉਤਪਾਦਨ ਲਈ ਤੇ ਪੰਜਾਬ ਖੇਤੀ ਯੂਨੀਵਰਸਿਟੀ ਦੀ ਹੋਂਦ ਲਈ ਪ੍ਰਸਿੱਧ ਹੈ। ਮਾਨਸਾ ਸੰਨ 1992 ਵਿੱਚ ਜ਼ਿਲ੍ਹਾ ਬਣਿਆ ਤੇ ਕਪਾਹ ਦੀ ਪੈਦਾਵਾਰ ਲਈ ਇਹਨੂੰ 'ਚਿੱਟੇ ਸੋਨੇ ਦੀ ਭੂਮੀ ਵੀ ਕਿਹਾ ਜਾਂਦਾ ਹੈ। ਮੋਗਾ, ਸੰਨ 1995 ਦੇ ਵਿੱਚ ਪੰਜਾਬ ਦਾ 17ਵਾਂ ਜ਼ਿਲ੍ਹਾ ਬਣਿਆ ਸੀ। ਸ਼ਹਿਰ ਮੋਗਾ ਬਰਤਾਨਵੀਂ ਹਕੂਮਤ ਵੇਲੇ ਲੁਧਿਆਣੇ ਤੋਂ ਬਾਅਦ ਈਸਾਈਆਂ ਦਾ ਦੂਸਰਾ ਵੱਡਾ ਕੇਂਦਰ ਸੀ। ਮੁਕਤਸਰ ਵੀ ਸੰਨ 1995 ਵਿੱਚ ਹੀ ਹੋਂਦ ਵਿੱਚ ਆਇਆ ਜਿਸਦਾ ਨਾਮ ਦਸਮ ਪਾਤਸ਼ਾਹ ਨਾਲ ਜੁੜੇ ਇਤਿਹਾਸ ਵਿੱਚੋਂ ਉਪਜਦਾ ਹੈ। ਸੰਗਰੂਰ ਜੀਂਦ ਦੀ ਰਾਜਧਾਨੀ ਰਿਹਾ ਹੈ। ਇਸ ਜ਼ਿਲ੍ਹੇ ਦੀ ਵਿਲੱਖਣਤਾ ਇਸਦਾ ਭਿੰਨਤਾਵਾਂ ਨਾਲ ਭਰਿਆ ਹੋਣਾ ਹੈ। ਇਸਦਾ ਦੱਖਣੀ ਇਲਾਕਾ ਪੁਆਧੀ ਇਲਾਕੇ ਨਾਲ ਮੇਲ ਖਾਂਦਾ ਹੈ। ਫਤਿਹਗੜ੍ਹ ਸਾਹਿਬ ਜ਼ਿਲ੍ਹਾ ਸੰਨ 1992 ਵਿੱਚ ਜ਼ਿਲ੍ਹਾ ਬਣਿਆ ਜਿਸਦਾ ਨਾਮ ਸਭ ਤੋਂ ਛੋਟੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ। ਪਟਿਆਲਾ ਰਿਆਸਤੀ ਸ਼ਹਿਰ ਹੈ ਜੋ ਸੰਨ 1955 ਤੱਕ ਪੈਪਸੂ ਦੀ ਰਾਜਧਾਨੀ ਵੀ ਰਿਹਾ ਹੈ। ਵਿਦਿਅਕ ਅਦਾਰਿਆਂ ਲਈ ਪ੍ਰਸਿੱਧ ਇਸ ਜ਼ਿਲ੍ਹੇ ਵਿੱਚੋਂ ਵੀ ਦੋ ਜ਼ਿਲ੍ਹਿਆਂ ਦੇ ਇਲਾਕੇ ਵੱਖ ਕੀਤੇ ਗਏ ਹਨ। ਰੂਪਨਗਰ ਦਾ ਪੁਰਾਣਾ ਨਾਮ ਰੋਪੜ ਸੀ ਜੋ 11ਵੀਂ ਸਦੀ ਵਿੱਚ ਵੀ ਸ਼ਹਿਰ ਹੁੰਦਾ ਸੀ। ਸਤਲੁੱਜ ਕੰਢੇ ਵਸਿਆ ਇਹ ਸ਼ਹਿਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਰਹੱਦੀ ਸ਼ਹਿਰ ਸੀ। ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ ਦਾ 18ਵਾਂ ਜ਼ਿਲ੍ਹਾ ਸੰਨ 2006 ਵਿੱਚ ਬਣਿਆ, ਇਸਨੂੰ ਹਾਲੇ ਵੀ ਮੋਹਾਲੀ ਦੇ ਨਾਮ ਨਾਲ ਵੱਧ ਜਾਣਿਆ ਜਾਂਦਾ ਹੈ।

ਸਾਰਣੀ : ਪੰਜਾਬ ਪ੍ਰਬੰਧਕੀ ਢਾਂਚਾ

ਲੜੀ ਨੰ	ਜਿਲਾ	ਤਹਿਸੀਲ/ਸਬ ਡਵੀਜ਼ਨ	ਸਬ ਤਹਿਸੀਲ	ਵਿਕਾਸ ਖੰਡ (Block)
1	ਪਠਾਨਕੋਟ	ਪਠਾਨਕੋਟ, ਧਾਰ ਕਲਾਂ	ਨਰੋਟ ਜੈਮਲ ਸਿੰਘ ਬਮਿਆਲ	ਬਮਿਆਲ, ਧਾਰ ਕਲਾਂ, ਨਰੋਟ ਜੈਮਲ ਸਿੰਘ ਪਠਾਨਕੋਟ, ਸੁਜਾਨਪੁਰ, ਘਰੋਟਾ
2	ਗੁਰਦਾਸਪੁਰ	ਗੁਰਦਾਸਪੁਰ ਬਟਾਲਾ ਡੇਰਾ ਬਾਬਾ ਨਾਨਕ	ਕਾਹਨੂੰਵਾਨ ਕਲਾਨੌਰ ਦੀਨਾ ਨਗਰ ਨੌਸ਼ਹਿਰਾ ਮੱਝਾ ਸਿੰਘ ਧਾਰੀਵਾਲ ਸ਼੍ਰੀ ਹਰਗੋਬਿੰਦਪੁਰ ਕਾਦੀਆਂ ਫਤਿਹਗੜ੍ਹ ਚੂੜੀਆਂ	ਕਲਾਨੌਰ, ਫਤਿਹਗੜ੍ਹ ਚੂੜੀਆਂ ਬਟਾਲਾ, ਸ਼੍ਰੀ ਹਰਗੋਬਿੰਦਪੁਰ, ਦੀਨਾਨਗਰ ਕਾਹਨੂੰਵਾਨ, ਧਾਰੀਵਾਲ ਗੁਰਦਾਸਪੁਰ, ਕਾਦੀਆਂ, ਡੇਰਾ ਬਾਬਾ ਨਾਨਕ ਦੋਰਾਂਗਲਾ
3	ਅੰਮ੍ਰਿਤਸਰ	ਅੰਮ੍ਰਿਤਸਰ-I ਅੰਮ੍ਰਿਤਸਰ-II ਬਾਬਾ ਬਕਾਲਾ ਅਜਨਾਲਾ	ਮਜੀਠਾ ਅਟਾਰੀ ਤਰਸਿੱਕਾ ਲੋਪੋਕੇ ਰਮਦਾਸ	ਤਰਸਿੱਕਾ, ਰਈਆ, ਅਜਨਾਲਾ, ਚੋਗਾਵਾਂ ਮਜੀਠਾ, ਵੇਰਕ, ਜੰਡਿਆਲਾ ਗੁਰੂ ਹਰਸ਼ਾ ਛੀਨਾ, ਅਟਾਰੀ
4	ਤਰਨ ਤਾਰਨ	ਤਰਨਤਾਰਨ ਪੱਟੀ ਪੱਟੀ ਖਡੂਰ ਸਾਹਿਬ	ਝਬਾਲ ਚੋਹਲਾ ਸਾਹਿਬ ਨੌਸ਼ਹਿਰਾ ਪਨੂੰਆਂ ਖੇਮਕਰਨ ਹਰੀਕੇ ਭਿੱਖੀਵਿੰਡ ਗੋਇੰਦਵਾਲ ਸਾਹਿਬ	ਖਡੂਰ ਸਾਹਿਬ, ਪੱਟੀ, ਨੌਸ਼ਹਿਰਾ ਪਨੂੰਆ, ਗਡੀਵਿੰਡ, ਤਰਨਤਾਰਨ, ਵਲਟੋਹਾ, ਭਿੱਖੀਵਿੰਡ ਚੋਹਲਾ ਸਾਹਿਬ।

ਲੜੀ ਨੰ	ਜਿਲਾ	ਤਹਿਸੀਲ/ਸਬ ਡਵੀਜ਼ਨ	ਸਬ ਤਹਿਸੀਲ	ਵਿਕਾਸ ਖੰਡ Block
5	ਕਪੂਰਥਲਾ	ਕਪੂਰਥਲਾ ਫਗਵਾੜਾ ਸੁਲਤਾਨਪੁਰ ਲੋਧੀ ਭੁਲੱਥ	ਢਿਲਵਾਂ ਤਲਵੰਡੀ ਚੌਧਰੀਆਂ	ਕਪੂਰਥਲਾ, ਫਗਵਾੜਾ ਨਡਾਲਾ, ਸੁਲਾਤਨਪੁਰ ਲੋਧੀ
6	ਜਲੰਧਰ	ਜਲੰਧਰ-I ਜਲੰਧਰ-II ਨਕੋਦਰ ਸ਼ਾਹਕੋਟ ਫਿਲੌਰ	ਆਦਮਪੁਰ ਭੋਗਪੁਰ ਕਰਤਾਰਪੁਰ ਮਹਿਤਪੁਰ ਲੋਹੀਆਂ ਨੂਰਮਹਿਲ ਗੋਰਾਇਆ	ਜਲੰਧਰ ਪੱਛਮ, ਨੂਰ ਮਹਿਲ ਰੁੜਕਾ ਕਲਾਂ, ਆਦਮਪੁਰ ਨਕੋਦਰ, ਜਲੰਧਰ ਪੂਰਬ ਸ਼ਾਹਕੋਟ, ਭੋਗਪੁਰ, ਫਿਲੌਰ, ਲੋਹੀਆਂ ਖਾਸ, ਮਹਿਤਪੁਰ
7	ਨਵਾਂ ਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)	ਨਵਾਂ ਸ਼ਹਿਰ ਬਲਾਚੌਰ ਬੰਗਾ	— — —	ਔੜ ਨਵਾਂ ਸ਼ਹਿਰ ਸਡੋਆ ਬਲਾਚੌਰ ਬੰਗਾ
8	ਹੁਸ਼ਿਆਰਪੁਰ	ਹੁਸ਼ਿਆਰਪੁਰ ਦਸੂਹਾ ਮੁਕੇਰੀਆਂ ਗੜ੍ਹਸ਼ੰਕਰ	ਭੂੰਗਾ, ਟਾਂਡਾ ਟਾਂਡਾ ਗੜਦੀਵਾਲਾ ਤਲਵਾੜਾ ਹਾਜੀਪੁਰ ਮਹਿਲਪੁਰ	ਤਲਵਾੜਾ, ਹੁਸ਼ਿਆਰਪੁਰ-I, ਹੁਸ਼ਿਆਰਪੁਰ-II, ਟਾਂਡਾ, ਮੁਕੇਰੀਆਂ, ਭੂੰਗਾ, ਮਾਹਿਲਪੁਰ, ਗੜ੍ਹਸ਼ੰਕਰ ਹਾਜੀਪੁਰ, ਦਸੂਹਾ
9	ਰੂਪਨਗਰ	ਰੂਪਨਗਰ ਅਨੰਦਪੁਰ ਸਾਹਿਬ ਚਮਕੌਰ ਸਾਹਿਬ ਨੰਗਲ	ਨੂਰਪੁਰ ਬੇਦੀ ਮੋਰਿੰਡਾ	ਰੂਪਨਗਰ, ਮੋਰਿੰਡਾ, ਨੂਰਪੁਰ ਬੇਦੀ, ਅਨੰਦਪੁਰ ਸਾਹਿਬ, ਚਮਕੌਰ ਸਾਹਿਬ

ਲੜੀ ਨੰ	ਜਿਲਾ	ਤਹਿਸੀਲ/ਸਬ ਡਵੀਜ਼ਨ	ਸਬ ਤਹਿਸੀਲ	ਵਿਕਾਸ ਖੰਡ Block
10	ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਮੋਹਾਲੀ)	ਮੋਹਾਲੀ ਡੇਰਾ ਬੱਸੀ, ਖਰੜ	ਬਨੂੜ, ਮਾਜਰੀ	ਡੇਰਾ ਬੱਸੀ, ਖਰੜ
11	ਲੁਧਿਆਣਾ	ਲੁਧਿਆਣਾ ਪੂਰਬੀ ਲੁਧਿਆਣਾ ਪੱਛਮੀ ਜਗਰਾਉਂ ਪਾਇਲ, ਸਮਰਾਲਾ ਰਾਏਕੋਟ, ਖੰਨਾ	ਕੂੰਮਕਲਾਂ, ਡੇਹਲੋਂ ਮੁਲਾਂਪੁਰ ਦਾਖਾ ਸਾਹਨੇਵਾਲ, ਸਿੱਧਵਾਂ ਬੇਟ, ਮਲੌਦ ਮਾਛੀਵਾੜਾ	ਸੁਧਾਰ, ਮਾਛੀਵਾੜਾ, ਪੱਖੋਵਾਲ, ਡੇਹਲੋਂ, ਸਿੱਧਵਾਂ ਬੇਟ, ਜਗਰਾਉਂ, ਦੋਰਾਹਾ ਖੰਨਾ, ਰਾਏਕੋਟ
12	ਫਿਰੋਜ਼ਪੁਰ	ਫਿਰੋਜ਼ਪੁਰ, ਜ਼ੀਰਾ ਗੁਰੂ ਹਰ ਸਹਾਏ	ਤਲਵੰਡੀ ਭਾਈ ਮਮਦੋਟ ਮੱਖੂ	ਫਿਰੋਜ਼ਪੁਰ, ਘੱਲ ਖੁਰਦ, ਜ਼ੀਰਾ, ਗੁਰੂ ਹਰ ਸਹਾਏ, ਮੱਖੂ, ਮਮਦੋਟ
13	ਫ਼ਰੀਦਕੋਟ	ਫ਼ਰੀਦਕੋਟ, ਕੋਟਕਪੂਰਾ ਜੈਤੋਂ	ਸਾਦਿਕ	ਫ਼ਰੀਦਕੋਟ, ਕੋਟਕਪੂਰਾ
14	ਮੁਕਤਸਰ	ਮੁਕਤਸਰ, ਮਲੋਟ ਗਿੱਦੜਬਾਹਾ	ਬਰੀਵਾਲਾ, ਲੱਖੇਵਾਲੀ ਲੰਬੀ, ਦੋਦਾ	ਮਲੋਟ, ਲੰਬੀ, ਗਿੱਦੜਬਾਹਾ, ਮੁਕਤਸਰ
15	ਬਠਿੰਡਾ	ਬਠਿੰਡਾ ਰਾਮਪੁਰਾ ਫੂਲ ਤਲਵੰਡੀ ਸਾਬੋ	ਸੰਗਤ, ਨਥਾਣਾ, ਗੋਨਿਆਣਾ ਮੰਡੀ ਭਗਤਾ ਭਾਈਕਾ ਬਲਿਆਂ ਵਾਲੀ, ਮੌੜ	ਸੰਗਤ, ਬਠਿੰਡਾ, ਤਲਵੰਡੀ ਸਾਬੋ ਮੌੜ, ਰਾਮਪੁਰਾ ਫੂਲ
16	ਮਾਨਸਾ	ਮਾਨਸਾ, ਬੁਢਲਾਡਾ ਸਰਦੂਲਗੜ੍ਹ	ਭੀਖੀ, ਜੋਗਾ, ਬਰੇਟਾ, ਝੁਨੀਰ	ਮਾਨਸਾ, ਭੀਖੀ, ਬੁਢਲਾਡਾ ਝੁਨੀਰ
17	ਮੋਗਾ	ਮੋਗਾ, ਧਰਮਕੋਟ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ	ਕੋਟ ਈਸੇ ਖਾਂ ਬੱਧਨੀ ਕਲਾਂ	ਮੋਗਾ-I ਮੋਗਾ-II ਨਿਹਾਲ ਸਿੰਘ ਵਾਲਾ ਕੋਟ ਈਸੇ ਖਾਂ ਬਾਘਾਪੁਰਾਣਾ

ਲੜੀ ਨੰ	ਜਿਲਾ	ਤਹਿਸੀਲ/ਸਬ ਡਵੀਜ਼ਨ	ਸਬ ਤਹਿਸੀਲ	ਵਿਕਾਸ ਖੰਡ Block
18	ਸੰਗਰੂਰ	ਸੰਗਰੂਰ ਸੁਨਾਮ ਧੂਰੀ, ਮਲੇਰਕੋਟਲਾ ਮੂਨਕ, ਲਹਿਰਾ	ਭਵਾਨੀਗੜ੍ਹ ਲੌਂਗੋਵਾਲ ਦਿੜਬਾ ਚੀਮਾ, ਸ਼ੇਰਪੁਰ, ਅਹਿਮਦਗੜ੍ਹ, ਅਮਰਗੜ੍ਹ, ਖਨੌਰੀ	ਸੰਗਰੂਰ ਮਲੇਰਕੋਟਲਾ-I ਮਲੇਰਕੋਟਲਾ-II
19	ਬਰਨਾਲਾ	ਬਰਨਾਲਾ, ਤਪਾ	ਧਨੌਲਾ, ਮਹਿਲਕਲਾਂ ਭਦੌੜ	ਬਰਨਾਲਾ, ਸ਼ਹਿਣਾ ਮਹਿਲ ਕਲਾਂ
20	ਪਟਿਆਲਾ	ਪਟਿਆਲਾ, ਨਾਭਾ, ਰਾਜਪੁਰਾ, ਸਮਾਣਾ, ਪਾਤੜਾਂ	ਦੂਧਨਸਾਧਾਂ ਭਾਦਸੋਂ ਘਨੌਰ	ਪਟਿਆਲਾ, ਘਨੌਰ, ਰਾਜਪੁਰਾ, ਨਾਭਾ, ਸਮਾਣਾ, ਭੁਨਰਹੇੜੀ, ਸਨੌਰ, ਪਾਤੜਾਂ
21	ਫਤਿਹਗੜ੍ਹ ਸਾਹਿਬ	ਫਤਿਹਗੜ੍ਹ ਸਾਹਿਬ, ਬੱਸੀ ਪਠਾਣਾਂ, ਅਮਲੋਹ, ਖਮਾਣੋਂ	ਮੰਡੀ ਗੋਬਿੰਦਗੜ੍ਹ	ਖਮਾਣੋਂ, ਅਮਲੋਹ, ਬੱਸੀ ਪਠਾਣਾਂ, ਸਰਹਿੰਦ
22	ਫ਼ਾਜ਼ਿਲਕਾ	ਫ਼ਾਜ਼ਿਲਕਾ ਜਲਾਲਾਬਾਦ, ਅਬੋਹਰ	ਅਰਨੀਵਾਲਾ, ਸ਼ੇਖ ਸੁਭਾਨ, ਸੀਤੋ- ਗੁਨੋ, ਖੂਹੀਆਂ ਸਰਵਰ	ਖੂਹੀਆਂ ਸਰਵਰ ਅਬੋਹਰ, ਜਲਾਲਾਬਾਦ ਫਾਜ਼ਿਲਕਾ

ਪੰਜਾਬ; ਪ੍ਰਸ਼ਾਸਕੀ ਮੰਡਲ 5 (ਜਲੰਧਰ, ਪਟਿਆਲਾ, ਫਿਰੋਜ਼ਪੁਰ, ਫ਼ਰੀਦਕੋਟ ਤੇ ਰੂਪਨਗਰ)

ਜ਼ਿਲ੍ਹੇ–22

ਤਹਿਸੀਲ/ਉੱਪ ਮੰਡਲ–86

ਬਲਾਕ–145

ਸਰੋਤ : ਪੰਜਾਬ ਅੰਕੜਾ ਸਾਰ 2012

ਸੰਖੇਪ ਸਾਰ (Summary)

- ਪੰਜਾਬ ਦੇ ਸੱਭਿਆਚਾਰ ਨਿਰਮਾਣ ਵਿੱਚ ਆਰੀਆ, ਯੂਨਾਨੀ, ਕੁਸ਼ਾਂਣੀ, ਗਜ਼ਨਵੀਂ, ਤੈਮੂਰੀ, ਮੁਗਲਈ ਦੇ ਅਫ਼ਗਾਨ ਹਕੂਮਤੀ ਸਭਿਆਚਾਰਾਂ ਦਾ ਵੀ ਹੱਥ ਰਿਹਾ ਹੈ।
- ਪੰਜਾਬ ਦੇ ਪੁਰਾਣੇ ਨਾਮ ਸਪਤ ਸਿੰਧੂ, ਪੰਚਨਦ, ਪੈਂਟਾਪੋਟਾਮੀਆਂ ਤੇ ਟੱਕ ਪ੍ਰਦੇਸ ਵੀ ਹਨ।
- ਮੌਜੂਦਾ ਪੰਜਾਬ (ਚੜ੍ਹਦਾ ਪੰਜਾਬ) ਅਣਵੰਡੇ ਪੰਜਾਬ ਦਾ ਮਹਿਜ਼ 20 ਫ਼ੀਸਦੀ ਹਿੱਸਾ ਹੀ ਹੈ।
- ਸੰਨ 1948 ਤੋਂ 1956 ਤੱਕ ਹੋਂਦ ਵਿੱਚ ਰਹੇ ਪੈਪਸੂ ਵਿੱਚ, ਇਲਾਕੇ ਦੀਆਂ ਸਾਬਕਾ ਰਾਜਾਸ਼ਾਹੀ ਰਿਆਸਤਾਂ ਸ਼ਾਮਲ ਸਨ।
- ਪੰਜਾਬ ਵਿੱਚ 5 ਪ੍ਰਸ਼ਾਸਕੀ ਮੰਡਲ, 22 ਜ਼ਿਲ੍ਹੇ, 86 ਤਹਿਸੀਲਾਂ ਤੇ 145 ਬਲਾਕ ਹਨ।
- ਪੰਜਾਬ ਦਾ ਸਭ ਤੋਂ ਛੋਟਾ ਜ਼ਿਲ੍ਹਾ ਪਠਾਨਕੋਟ ਹੈ।
- ਸਤਲੁਜ, ਬਿਆਸ, ਤੇ ਰਾਵੀ ਦੇ ਪੁਰਾਣੇ ਨਾਮ ਸੁਤੁਦਰੀ, ਵਿਪਾਸਾ ਤੇ ਪੁਰਸ਼ਨੀ ਸਨ।
- ਕਪੂਰਥਲਾ, ਪਟਿਆਲਾ, ਸੰਗਰੂਰ, ਨਾਭਾ, ਮਾਲੇਰਕੋਟਲਾ ਆਦਿ ਪੰਜਾਬ ਦੇ ਰਿਆਸਤੀ ਸ਼ਹਿਰ ਹਨ।
- ਜ਼ਿਲ੍ਹਾ ਲੁਧਿਆਣਾ ਨੂੰ ਪੰਜਾਬ ਦੇ ਸੱਤ ਹੋਰ ਜ਼ਿਲ੍ਹਿਆਂ ਦੀਆਂ ਹੱਦਾਂ ਛੂੰਹਦੀਆਂ ਹਨ।



ੳ ਨਕਸ਼ਾ ਕਾਰਜ (Map Work)

1. ਪੰਜਾਬ ਦੇ ਰੇਖਾ ਮਾਨ ਚਿੱਤਰ ਵਿੱਚ ਅੰਕਿਤ ਕਰੋ :
 (*i*) ਕੌਮਾਂਤਰੀ ਸਰਹੱਦ ਨਾਲ ਪੈਂਦੇ ਪੰਜਾਬ ਦੇ 6 ਜ਼ਿਲ੍ਹੇ
 (*ii*) ਰਾਜ ਦੇ 22 ਜ਼ਿਲ੍ਹਾ ਹੈੱਡ ਕੁਆਰਟਰ ਤੇ ਰਾਜਧਾਨੀ

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਪੰਜਾਬ ਦਾ ਸ਼ਾਬਦਿਕ ਅਰਥ ਕੀ ਹੈ ?
2. ਪੈਪਸੂ ਦਾ ਪੂਰਾ ਨਾਮ ਕੀ ਹੈ ?
3. ਪੰਜਾਬ ਦਾ ਅਕਸ਼ਾਂਸ਼ੀ ਤੇ ਦੇਸ਼ਾਂਤਰੀ ਵਿਸਥਾਰ ਕੀ ਹੈ ?
4. ਰਾਵੀ, ਬਿਆਸ ਤੇ ਸਤਲੁੱਜ ਦੇ ਪੁਰਾਣੇ ਨਾਮ ਕੀ ਹਨ ?

5. ਹੇਠ ਲਿਖਿਆਂ ਵਿਚੋਂ ਕਿਹੜਾ ਜ਼ਿਲ੍ਹਾ ਕੌਮਾਂਤਰੀ ਸਰਹੱਦ ਨਾਲ ਨਹੀਂ ਲੱਗਦਾ :

(*i*) ਪਠਾਨਕੋਂ (*ii*) ਫ਼ਰੀਦਕੋਟ

(*iii*) ਫ਼ਾਜ਼ਿਲਕਾ (*iv*) ਤਰਨ ਤਾਰਨ

6. ਕਿਹੜਾ ਜੋੜਾ ਸਹੀ ਨਹੀਂ ਹੈ :

(*i*) ਬਟਾਲਾ : ਖੇਤੀ ਦੇ ਸੰਦਾਂ ਦੀਆਂ ਸਨਅਤਾਂ

(*ii*) ਜਲੰਧਰ : ਖੇਡਾਂ ਦੇ ਸਮਾਨ ਦੀਆਂ ਸਨਅਤਾਂ

(*iii*) ਅਬੋਹਰ : ਸੰਗੀਤ ਸਾਜ਼ਾਂ ਦੀਆਂ ਸਨਅਤਾਂ

(*iv*) ਗੋਬਿੰਦਗੜ੍ਹ : ਲੋਹਾ ਢਲਾਈ ਦੀਆਂ ਸਨਅਤਾਂ

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਪੰਜਾਬ ਦੀਆਂ ਕੋਈ 6 ਗੈਰ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਨਾਂ ਤੇ ਸਥਾਪਨਾ ਸਥਾਨ ਲਿਖੋ।
2. ਵਰਤਮਾਨ ਪੰਜਾਬ ਦੀ ਭੂਗੋਲਿਕ ਸਥਿਤੀ ਤੇ ਆਂਢ-ਗੁਆਂਢ ਬਾਰੇ ਦੱਸੋ।
3. ਪੰਜਾਬ ਵਿੱਚ ਕੁੱਲ ਕਿੰਨੇ ਮੰਡਲ, ਜ਼ਿਲ੍ਹੇ, ਤਹਿਸੀਲਾਂ ਤੇ ਬਲਾਕ ਹਨ ?
4. ਪੈਪਸੂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ।
5. ਜੇ ਪਠਾਨਕੋਟ ਤੋਂ ਫ਼ਾਜ਼ਿਲਕਾ ਜਾਣ ਲਈ ਸਰਹੱਦੀ ਜ਼ਿਲ੍ਹਿਆਂ ਵਿੱਚੋਂ ਨਾ ਲੰਘਣਾ ਹੋਵੇ ਤਾਂ ਕਿਹੜਾ ਛੋਟੇ ਤੋਂ ਛੋਟਾ ਰਾਹ ਅਖ਼ਤਿਆਰ ਕੀਤਾ ਜਾ ਸਕਦਾ ਹੈ ?

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਪੰਜਾਬ ਦੇ ਭੂਗੋਲਿਕ ਇਤਿਹਾਸ ਦੀ ਜਾਣਕਾਰੀ ਦਿਓ।
2. ਮਾਲਵਾ ਖੇਤਰ ਵਿੱਚ ਪੈਂਦੇ ਕੋਈ ਜ਼ਿਲ੍ਹਿਆਂ ਬਾਰੇ ਸੰਖੇਪ ਜਾਣਕਾਰੀ ਦਿਓ।
3. ਪੰਜਾਬ ਵਿੱਚ ਕਿਹੜੇ-ਕਿਹੜੇ ਸਥਾਨ ਛੋਟੀਆਂ ਸਨਅਤਾਂ ਵਜੋਂ ਵਿਕਸਿਤ ਹੋਏ, ਜਾਣਕਾਰੀ ਦਿਓ।

❖ ❖ ❖


2(a)

ਭਾਰਤ : ਧਰਾਤਲ/ਭੂ-ਆਕ੍ਰਿਤੀਆਂ

(India : Physiographic Units)

ਜਾਣ ਪਛਾਣ

ਭੂ ਆਕ੍ਰਿਤੀ ਵਿਗਿਆਨ ਭੂਗੋਲ ਦੀ ਉਹ ਸ਼ਾਖਾ ਹੈ ਜਿਸ ਵਿੱਚ ਭੂ ਆਕ੍ਰਿਤੀਆਂ (Physiographic Units) ਦੇ ਨਿਰਮਾਣ ਅਤੇ ਉਹਨਾਂ ਦੇ ਨਿਰਮਾਣ ਲਈ ਜ਼ਿੰਮੇਵਾਰ ਕਾਰਕਾਂ (Factors) ਦਾ ਅਧਿਐਨ ਕੀਤਾ



ਭਾਰਤ ਦਾ ਭੌਤਿਕ ਨਕਸ਼ਾ


ਜਾਂਦਾ ਹੈ। ਭਾਰਤ ਭੂ-ਆਕ੍ਰਿਤੀਆਂ ਨਾਲ ਭਰਪੂਰ ਦੇਸ਼ ਹੈ। ਇਸਦੇ ਉੱਤਰ ਵਿੱਚ ਵਿਸ਼ਾਲ ਤੇ ਮੁਕਾਬਲਤਨ ਘੱਟ ਪ੍ਰਾਚੀਨ ਜਾਂ ਜਵਾਨ ਹਿਮਾਲਿਆ ਪਰਬਤਾਂ ਦੀ ਲੜੀ ਹੈ। ਮੱਧ ਤੇ ਦੱਖਣ ਵਿੱਚ ਸੰਸਾਰ ਦੇ ਸਭ ਤੋਂ ਪੁਰਾਣੇ ਭੂ ਭਾਗਾਂ ਵਿੱਚੋਂ ਇਕ ਪ੍ਰਾਇਦੀਪੀ ਪਠਾਰ ਹੈ। ਇਹਨਾਂ ਭੂ-ਆਕ੍ਰਿਤੀਆਂ ਨੂੰ ਬਣਨ ਲਈ ਕਈ ਅੰਦਰੂਨੀ (Endogenetic) ਅਤੇ ਬਾਹਰੀ (Exogenetic) ਕਾਰਕ ਜ਼ਿੰਮੇਵਾਰ ਹਨ। ਭਾਰਤ ਦੇ ਕੁੱਲ ਖੇਤਰਫਲ ਦੇ 18.6 ਪ੍ਰਤੀਸ਼ਤ ਭੂ-ਭਾਗ ਵਿੱਚ ਪਹਾੜੀਆਂ, 10.7 ਪ੍ਰਤੀਸ਼ਤ ਭੂ ਭਾਗ ਵਿੱਚ ਉੱਚੇ ਪਹਾੜ, 27.7 ਪ੍ਰਤੀਸ਼ਤ ਭਾਗ ਵਿੱਚ ਪ੍ਰਾਇਦੀਪੀ ਪਠਾਰ, ਅਤੇ 43 ਪ੍ਰਤੀਸ਼ਤ ਹਿੱਸੇ ਵਿੱਚ ਮੈਦਾਨ ਹਨ।


ਭਾਰਤ : ਭੂਗੋਲਿਕ ਵੰਡ

ਭੂ-ਆਕ੍ਰਿਤਿਕ ਤੌਰ 'ਤੇ ਭਾਰਤ ਨੂੰ ਅਸੀਂ ਮੁੱਖ ਰੂਪ ਵਿੱਚ 5 ਭਾਗਾਂ ਵਿੱਚ ਵੰਡ ਸਕਦੇ ਹਾਂ।

1. ਵਿਸ਼ਾਲ ਹਿਮਾਲਿਆ ਪਰਬਤ
2. ਉੱਤਰ ਦੇ ਵਿਸ਼ਾਲ ਮੈਦਾਨ ਤੇ ਮਾਰੂਥਲ
3. ਪ੍ਰਾਇਦੀਪੀ ਪਠਾਰ
4. ਤੱਟ ਦੇ ਮੈਦਾਨ
5. ਭਾਰਤੀ ਦੀਪ ਸਮੂਹ

ਹਿਮਾਲਿਆ ਪਰਬਤ ਦੀ ਸਿਰਜਣਾ : ਹਿਮਾਲਿਆ ਪਰਬਤ ਦੀ ਸਿਰਜਣਾ ਟੈਕਟਾਨਿਕ ਕਿਰਿਆਵਾਂ ਨਾਲ ਹੋਈ ਹੈ ਜਿੱਥੇ ਅੱਜਕੱਲ ਹਿਮਾਲਿਆ ਹੈ, ਉੱਥੇ 12 ਕਰੋੜ (120 ਮਿਲੀਅਨ) ਸਾਲ ਪਹਿਲਾਂ ਛਿਛਲਾ ਭਾਵ ਘੱਟ ਡੂੰਘਾ ਪਰ ਵਿਸ਼ਾਲ ਸਾਗਰ ਸੀ ਜਿਸਦਾ ਨਾਮ ਟੈਥੀਜ਼ (Tethys) ਸੀ। ਇਸਦੇ ਉੱਤਰ ਵੱਲ ਯੂਰੇਸ਼ੀਆ ਅਤੇ ਦੱਖਣ ਵੱਲ ਗੋਂਡਵਾਨਾ ਲੈਂਡ (Gondwana land) ਦੇ ਭੂ-ਭਾਗ ਸਨ।





ਇਹਨਾਂ ਦੋਵਾਂ ਭੂ-ਭਾਗਾਂ ਤੋਂ ਟੈਥੀਜ਼ ਵਿੱਚ ਡਿੱਗਣ ਵਾਲੀਆਂ ਨਦੀਆਂ ਜਲੋਢ ਦਾ ਨਿਖੇਪ ਕਰਦੀਆਂ ਰਹੀਆਂ। ਗੋਂਡਵਾਨਾ ਲੈਂਡ ਦੇ ਉੱਤਰ-ਪੱਛਮ ਦਿਸ਼ਾ ਵਿੱਚ ਖਿਸਕਣ ਨਾਲ ਟੈਥੀਜ਼ ਵਿੱਚ ਜਮ੍ਹਾਂ ਹੋਇਆ ਜਲੋਢ ਉਪਰ ਉੱਠਣ ਨਾਲ ਹਿਮਾਲਿਆ ਦਾ ਜਨਮ ਹੋਇਆ।

ਭਾਰਤੀ ਭੂਗੋਲਿਕ ਪਲੇਟ ਹਾਲੇ ਵੀ ਯੂਰੇਸ਼ੀਅਨ ਪਲੇਟ ਦੇ ਥੱਲੇ ਜਾ ਰਹੀ ਹੈ ਅਤੇ ਇਸਦੇ ਸਿੱਟੇ ਵਜੋਂ ਹਿਮਾਲਿਆ ਪਰਬਤ ਹਰ ਸਾਲ 5 ਤੋਂ 10 ਸੈਂਟੀਮੀਟਰ ਉੱਚੇ ਉੱਠ ਰਹੇ ਹਨ। ਹਿਮਾਲਿਆ ਪਰਬਤ ਸੰਸਾਰ ਦੇ ਸਭ ਤੋਂ ਉੱਚੇ ਤੇ ਜਵਾਨ ਵਲਨ (Fold) ਪਰਬਤ ਹਨ। ਹਿਮਾਲਿਆ ਦੀ ਲੰਬਾਈ 2400 ਕਿਲੋਮੀਟਰ ਹੈ। ਇਸਦੀ ਚੌੜਾਈ ਕਸ਼ਮੀਰ ਹਿਮਾਲਿਆ ਵਿੱਚ 400 ਤੋਂ 500 ਕਿਲੋਮੀਟਰ ਤੋਂ ਲੈ ਕੇ ਅਰੁਨਾਚਲ ਪ੍ਰਦੇਸ਼ ਵਿੱਚ 200 ਕਿਲੋਮੀਟਰ ਹੈ। ਹਿਮਾਲਿਆ ਦੀਆਂ ਸ਼੍ਰੇਣੀਆਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਵੰਡ ਸਕਦੇ ਹਾਂ :—


ਹਿਮਾਲਿਆ ਪਰਬਤ ਦੀਆਂ ਸ਼੍ਰੇਣੀਆਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਵੰਡ ਸਕਦੇ ਹਾਂ :

(*i*) ਟਰਾਂਸ ਹਿਮਾਲਿਆ (The Trans Himalayas)


(*ii*) ਉੱਚਤਮ ਹਿਮਾਲਿਆ ਜਾਂ ਹਿਮਾਦਰੀ (The Great Himalayas – Himandri)

(*iii*) ਛੋਟਾ ਜਾਂ ਨੀਵਾਂ ਹਿਮਾਲਿਆ (The Lower Himalayas)


(*iv*) ਸ਼ਿਵਾਲਿਕ ਤੇ ਪੂਰਵਾਂਚਲ (Shiwalik and Poorvanchal)




ਹਿਮਾਲਿਆ ਦੀ ਖੇਤਰੀ ਵੰਡ



	Highest Peak of	Peak/Location
1.	India	K^2 or Godwin Austin
2.	Aravalli	Gurushikhar (Mt. Abu) 1722m
3.	Eastern Ghats	Aroya-Konda (Andhra Pradesh) 1680m
4.	Mizoram	Blue Mountain 2157m
5.	Nagaland	Saramati
6.	Satpura	Dhupgarh (Mahadeo Hills)
7.	West Bengal	Tiger Hills-2590m
8.	Uttarakhand	Nanda-devi 7817m
9.	W.Ghats	Anaimudi 2695m
10.	Andaman & Nicobar Island	Saddle Peak 737 m




(*i*) ਟਰਾਂਸ ਹਿਮਾਲਿਆ (Trans Himalayas) ਤੇ ਲੱਦਾਖ ਸ਼੍ਰੇਣੀ : ਉੱਚਤਮ ਹਿਮਾਲਿਆ ਦੇ ਉੱਤਰ ਵੱਲ ਹਿਮਾਲਿਆ ਪਾਰ (Trans Himalayas) ਪਰਬਤ ਸ਼੍ਰੇਣੀ ਹੈ। ਇਸਨੂੰ ਤਿਬੱਤ ਹਿਮਾਲਿਆ ਵੀ ਕਿਹਾ ਜਾਂਦਾ ਹੈ। ਇਸ ਦੀ ਲੰਬਾਈ ਪੱਛਮ ਤੋਂ ਪੂਰਬ ਤੱਕ 1000 ਕਿਲੋਮੀਟਰ ਹੈ, ਤੇ ਔਸਤ ਉਚਾਈ ਸਮੁੰਦਰ ਤੱਲ ਤੋਂ 6000 ਮੀਟਰ ਦੇ ਲਗਭਗ ਹੈ। ਇਸ ਵਿੱਚ ਜਾਸਕਰ, ਲੱਦਾਖ, ਰਕਸ਼ਪੋਸ਼ੀ, ਕੈਲਾਸ਼ ਪਰਬਤ ਸ਼੍ਰੇਣੀਆਂ ਆਉਂਦੀਆਂ ਹਨ। ਇਸ ਦੀਆਂ ਪ੍ਰਮੁੱਖ ਚੋਟੀਆਂ, K^2 ਗੌਡਵਿਨ ਆਸਟਿਨ, ਜੋ ਕਿ ਭਾਰਤ ਦੀ ਸਭ ਤੋਂ ਉੱਚੀ ਅਤੇ ਸੰਸਾਰ ਦੀ ਦੂਸਰੇ ਨੰਬਰ ਦੀ ਉੱਚੀ ਚੋਟੀ ਹੈ। ਇਸ ਤੋਂ ਇਲਾਵਾ ਇਸ ਵਿੱਚ ਗਸ਼ੇਰਬਮ-I (8068 ਮੀਟਰ) ਤੇ ਗਸ਼ੇਰਬਮ-II (8035 ਮੀਟਰ) ਆਦਿ ਵੀ ਸ਼ਾਮਿਲ ਹਨ।




Highest Peaks of Himalayas


No.	Name	Nepali Name	Chinese Name	Height above Sea Level
1.	Mt. Everest	Sagarmatha	Qomolangma Feng	8848 m
2.	K^2	—	—	8611 m
3.	Kangchen Junga	Kangchenjanga	—	8598 m
4.	Lhotse	Lhotse	Qomolangma Feng	8516 m
5.	Makalu	—	—	8611 m
6.	Cho Oyu	Kangchenjanga	—	8598 m
7.	Dhaulagiri	Sagarmatha	Qomolangma Feng	7066 m
8.	Manasalu	—	—	8163 m
9.	Nanga Parbat	Kangchenjanga	—	8126 m
10.	Annapurna	Kangchenjanga	—	8000 m

(ii) ਉੱਚਤਮ ਹਿਮਾਲਿਆ (The Great Himalayas) : ਇਸ ਪਰਬਤ ਸ਼੍ਰੇਣੀ ਨੂੰ ਅੰਦਰੂਨੀ ਹਿਮਾਲਿਆ ਜਾਂ ਹਿਮਾਂਦਰੀ ਵੀ ਕਿਹਾ ਜਾਂਦਾ ਹੈ। ਇਸ ਸ਼ਰੇਣੀ ਦੀ ਔਸਤ ਉਚਾਈ 5100 ਮੀਟਰ ਤੱਕ ਹੈ ਅਤੇ ਲੰਬਾਈ 2400 ਕਿਲੋਮੀਟਰ ਤੱਕ ਹੈ। ਇਹ ਸ਼੍ਰੇਣੀ ਉੱਤਰ-ਪੱਛਮ ਵਿੱਚ ਨੰਗਾ ਪਰਬਤ ਤੋਂ ਲੈ ਕੇ ਪੂਰਬ ਵਿੱਚ ਨਾਮਚਾ ਬਰਵਾ ਪਰਬਤ ਤੱਕ ਫੈਲੀ ਹੋਈ ਹੈ। ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਊਂਟ ਐਵਰੈਸਟ (8,848 ਮੀਟਰ) ਇਸੇ ਪਰਬਤੀ ਲੜੀ ਵਿੱਚ ਹੈ। ਨੇਪਾਲ ਵਿੱਚ ਇਸ ਚੋਟੀ ਨੂੰ ਸਾਗਰ ਮੱਥਾ ਅਤੇ ਤਿੱਬਤ ਵਿੱਚ ਕੌਮੁਲਾਂਗਮਾ (Comolangma) ਕਿਹਾ ਜਾਂਦਾ ਹੈ। ਇਸ ਪਰਬਤੀ ਸ਼੍ਰੇਣੀ ਦੀਆਂ ਹੋਰ ਉੱਚੀਆਂ ਚੋਟੀਆਂ ਕੰਚਨਜੰਗਾ, ਲੋਹਤਸੇ, ਮਕਾਲੂ, ਧੌਲਾਗਿਰੀ, ਮੰਸਾਲੂ, ਨੰਗਾ ਪਰਬਤ, ਅੰਨਪੂਰਣਾ, ਗੋਸਾਈਨਾਥਨ ਆਦਿ ਹਨ।



ਹਿਮਾਲਿਆ ਨੂੰ ਪਾਰ ਕਰਨ ਲਈ ਇਸ ਪਰਬਤ ਸ਼੍ਰੇਣੀ ਵਿੱਚ ਕਈ ਦਰੇ (Passes) ਹਰ ਜਿਨ੍ਹਾਂ ਵਿੱਚੋਂ ਬੁਰਜ਼ੀਲ ਤੇ ਜੋਜ਼ੀਲਾ ਕਸ਼ਮੀਰ ਵਿੱਚ, ਬੜਾ ਲਾਚਾ ਲਾ ਤੇ ਸ਼ਿਪਕੀ ਲਾ ਹਿਮਾਚਲ ਪ੍ਰਦੇਸ਼ ਵਿੱਚ, ਥੱਗ ਲਾ, ਨਿਤੀ ਪਾਸ, ਤੇ ਲਿਪੂ ਲੇਖ ਉੱਤਰਾਖੰਡ ਵਿੱਚ ਅਤੇ ਨਾ ਲਾਤੇ ਜੀਲਪ ਲਾ ਸਿੱਕਿਮ ਰਾਜਾਂ ਵਿੱਚ ਕੁਝ ਮਸ਼ਹੂਰ ਦਰੇ ਹਨ। ਪਹਾੜੀ ਭਾਸ਼ਾਵਾਂ ਵਿੱਚ 'ਲਾ' ਤੋਂ ਭਾਵ ਹੈ, ਦਰਾ।





ਨਕਸ਼ਾ : ਹਿਮਾਲਿਆ ਪ੍ਰਮੁੱਖ ਗਲੇਸ਼ੀਅਰ

(*iii*) ਵਿਚਕਾਰਲਾ ਜਾਂ ਛੋਟਾ ਹਿਮਾਲਿਆ (Inner or Lower Himalaya) : ਉੱਚਤਮ ਹਿਮਾਲਿਆ ਅਤੇ ਸ਼ਿਵਾਲਿਕ ਪਰਬਤ ਸ਼ ਣੀ ਵਿਚਕਾਰ ਛੋਟਾ ਹਿਮਾਲਿਆ (Lower Himalaya) ਨਾਮ ਦੀ ਪਰਬਤੀ ਲੜੀ ਹੈ। ਇਸਦੀ ਔਸਤ ਉੱਚਾਈ 5050 ਮੀਟਰ ਹੈ। ਇਸ ਸ਼ ਣੀ ਦੀਆਂ ਜ਼ਿਆਦਾਤਰ ਚੋਟੀਆਂ ਬਰਫ ਨਾਲ ਢਕੀਆਂ ਰਹਿੰਦੀਆਂ ਹਨ। ਇਹਨਾਂ ਵਿੱਚ ਪੀਰ ਪੰਜਾਲ, ਧੌਲਾਧਾਰ, ਮਸੂਰੀ, ਨਾਗ, ਟਿੱਬਾ, ਮਹਾਂਭਾਰਤ ਲੇਖ ਆਦਿ ਮਹੱਤਵਪੂਰਨ ਚੋਟੀਆਂ ਹਨ। ਮਸੂਰੀ, ਸ਼ਿਮਲਾ, ਡਲਹੌਜ਼ੀ, ਨੈਨੀਤਾਲ, ਚਕਰਾਤਾ, ਕਾਂਗੜਾ, ਕੁੱਲੂ ਘਾਟੀ, ਰਾਨੀਖੇਤ ਆਦਿ ਰਮਣੀਕ ਅਤੇ ਸਿਹਤਵਰਧਕ ਸਥਾਨ ਇਸੇ ਸ਼ ਣੀ ਵਿੱਚ ਹਨ ਜੋ ਸੰਸਾਰ ਭਰ ਦੇ ਸੈਲਾਨੀਆਂ ਦਾ ਖਿੱਚ ਦਾ ਕੇਂਦਰ ਹਨ।

(*iv*) ਸ਼ਿਵਾਲਿਕ ਲੜੀ (The Shiwalik Range) ਤੇ ਪੂਰਵਾਂਚਲ : ਸ਼ਿਵਾਲਿਕ ਨੂੰ ਬਾਹਰੀ ਹਿਮਾਲਿਆ (Outer Himalaya) ਵੀ ਕਿਹਾ ਜਾਂਦਾ ਹੈ। ਇਸਦੀ ਲੰਬਾਈ 2400 ਕਿਲੋਮੀਟਰ ਅਤੇ ਚੌੜਾਈ ਹਿਮਾਚਲ ਪ੍ਰਦੇਸ਼ ਵਿੱਚ 50 ਕਿਲੋਮੀਟਰ ਅਤੇ ਬ੍ਰਹਮਪੁੱਤਰ ਘਾਟੀ ਵਿੱਚ 15 ਕਿਲੋਮੀਟਰ ਤੋਂ ਵੀ ਘੱਟ ਹੈ। ਇਸ ਲੜੀ ਨੂੰ ਜੰਮੂ ਵਿੱਚ ਜੰਮੂ ਦੇ ਪਹਾੜ, ਅਰੁਨਾਚਲ ਪ੍ਰਦੇਸ਼ ਵਿੱਚ ਡਫ਼ਲਾ, ਅਬੋਰ, ਮਿਸ਼ਮੀ ਮਿਰੀ ਅਤੇ ਉੱਤਰਾਖੰਡ ਵਿੱਚ ਦੁਧਵਾ ਆਦਿ ਦੇ ਨਾਵਾਂ ਨਾਲ ਵੀ ਪਛਾਣਿਆ ਜਾਂਦਾ ਹੈ।

ਅਰੁਨਾਚਲ ਪ੍ਰਦੇਸ਼ ਵਿੱਚ ਦਿਹਾਂਗ ਤੋਂ ਹਿਮਾਲਿਆ ਪਰਬਤ ਅਚਾਨਕ ਦੱਖਣ ਦਿਸ਼ਾ ਵੱਲ ਮੁੜ ਜਾਂਦਾ ਹੈ। ਇਸ ਲੜੀ ਨੂੰ ਪੂਰਵਾਂਚਲ ਸ਼ ਣੀ ਕਿਹਾ ਜਾਂਦਾ ਹੈ। ਪਟਕਈ ਬਮ, ਨਾਗਾ, ਪੂਰਬੀ ਮਨੀਪੁਰ, ਪੂਰਬੀ ਤ੍ਰਿਪੁਰਾ, ਬਰੇਲ, ਗਾਰੋ, ਖਾਸੀ, ਜੈਤੀਆਂ ਵਿੱਚ ਲੜੀ ਵਿੱਚ ਕੁਝ ਮਹੱਤਵਪੂਰਨ ਪਹਾੜੀਆਂ ਹਨ।

ਹਿਮਾਲਿਆ ਦੇ ਅਸਰ (Effects of Himalayas)

1. ਹਿਮਾਲਿਆ ਪਰਬਤ ਲੜੀ ਸਾਨੂੰ ਉੱਤਰ ਵੱਲੋਂ ਆਉਂਦੀਆਂ ਯੱਖ-ਠੰਢੀਆਂ ਹਵਾਵਾਂ ਤੋਂ ਬਚਾਉਂਦੀ ਹੈ ਤੇ ਨਾਲ ਹੀ ਮੌਨਸੂਨ ਦੀ ਵਰਖਾ ਵੀ ਪਰਬਤਾਂ ਨਾਲ ਪੌਣਾਂ ਦੇ ਟਕਰਾਉਣ ਕਾਰਨ ਪੈਂਦੀ ਹੈ।
2. ਹਿਮਾਲਿਆ ਸਾਨੂੰ ਕੁਦਰਤੀ ਸਰਹੱਦ ਜੋ ਚੀਨ ਦੇ ਨਾਲ ਲਗਦੀ ਹੈ, ਬਖਸ਼ਦੇ ਹਨ। ਸੰਨ 1962 ਵਿੱਚ ਚੀਨ ਦੀਆ ਸੈਨਾਵਾਂ ਨੇ ਹਿਮਾਲਿਆ ਪਾਰ ਕਰਕੇ ਹੀ ਭਾਰਤ ਤੇ ਹਮਲਾ ਕੀਤਾ ਸੀ।
3. ਹਿਮਾਲਿਆ ਪਰਬਤ ਭਾਰਤ ਦੀਆਂ ਪ੍ਰਮੁੱਖ ਨਦੀਆਂ ਦਾ ਸਰੋਤ ਹੈ। ਇਹਨਾਂ ਨਦੀਆਂ ਦੁਆਰਾ ਲਿਆਂਦੀ ਗਈ ਮਿੱਟੀ ਦੇ ਵਿਛਣ ਨਾਲ ਹੀ ਸਿੰਧ-ਸਤਲੁਜ, ਗੰਗਾ-ਬ੍ਰਹਮਪੁੱਤਰ ਦੇ ਵਿਸ਼ਾਲ ਮੈਦਾਨ ਬਣੇ ਹਨ, ਜੋ ਭਾਰਤ ਦੀ ਸਵਾ ਅਰਬ ਜਨਸੰਖਿਆ ਲਈ ਭੋਜਨ ਦੀ ਸੁਰੱਖਿਆ ਪ੍ਰਦਾਨ ਕਰਦੇ ਹਨ।
4. ਹਿਮਾਲਿਆ ਦੇ ਜੰਗਲ ਕਈ ਪ੍ਰਕਾਰ ਦੇ ਰੁੱਖਾਂ ਤੇ ਜੜੀ ਬੂਟੀਆਂ ਦਾ ਭੰਡਾਰ ਹਨ ਜਿਨ੍ਹਾਂ ਤੋਂ ਆਯੁਰਵੈਦਿਕ ਦਵਾਈਆਂ ਬਣਦੀਆਂ ਹਨ।
5. ਹਿਮਾਲਿਆ ਸਿਹਤਵਰਧਕ ਪਹਾੜ ਹਨ। ਸੰਸਾਰ ਭਰ ਤੋਂ ਸੈਲਾਨੀ ਹਰ ਸਾਲ ਲੱਖਾਂ ਦੀ ਤਾਦਾਦ ਵਿੱਚ ਹਿਮਾਲਿਆ ਦੇ ਪ੍ਰਮੁੱਖ ਸਥਾਨਾਂ 'ਤੇ ਸੈਰ ਕਰਨ ਜਾਂਦੇ ਹਨ। ਡਲਹੌਜ਼ੀ, ਸ਼ਿਮਲਾ, ਨੈਨੀਤਾਲ, ਮਨਾਲੀ, ਮਸੂਰੀ, ਅਲਮੋੜਾ, ਦਾਰਜੀਲਿੰਗ ਆਦਿ ਪ੍ਰਮੁੱਖ ਸਥਾਨ ਹਨ।
6. ਹਿਮਾਲਿਆ ਵਿੱਚ ਕਈ ਤੀਰਥ ਸਥਾਨ, ਜਿਵੇਂ ਕੈਲਾਸ਼, ਅਮਰਨਾਥ, ਬਦਰੀਨਾਥ, ਕੇਦਾਰਨਾਥ, ਮਾਤਾ ਵੈਸ਼ਨੋ ਦੇਵੀ, ਜਵਾਲਾ ਜੀ, ਚਿੰਤਪੂਰਨੀ, ਗੰਗੋਤਰੀ, ਯਮਨੋਤਰੀ, ਹੇਮਕੁੰਟ ਸਾਹਿਬ ਪ੍ਰਮੁੱਖ ਤੀਰਥ ਸਥਾਨ ਹਨ। ਇਹਨਾਂ ਵਿੱਚ ਹਰ ਸਾਲ ਯਾਤਰੀ ਦਰਸ਼ਨ ਕਰਨ ਆਉਂਦੇ ਹਨ।

2. ਉੱਤਰ ਦੇ ਵਿਸ਼ਾਲ ਮੈਦਾਨ (The Great Plains of India) : ਸਿੰਧ-ਗੰਗਾ-ਬ੍ਰਹਮਪੁੱਤਰ ਦੇ ਮੈਦਾਨ ਦੁਨੀਆਂ ਦੇ ਸਭ ਤੋਂ ਵੱਡੇ ਜਲੋਢ ਮਿੱਟੀ ਦੇ ਮੈਦਾਨਾਂ ਵਿੱਚੋਂ ਇਕ ਹਨ। ਭਾਰਤ ਵਿੱਚ ਇਸ ਮੈਦਾਨ ਦੀ ਲੰਬਾਈ 2400 ਕਿਲੋਮੀਟਰ ਅਤੇ ਚੌੜਾਈ 150 ਤੋਂ 300 ਕਿਲੋਮੀਟਰ ਤੱਕ ਹੈ। ਇਹ ਮੈਦਾਨ ਹਿਮਾਲਿਆ ਪਰਬਤ ਤੋਂ ਹੇਠਾਂ ਵਗਣ ਵਾਲੀਆਂ ਨਦੀਆਂ ਦੁਆਰਾ ਰੋੜ੍ਹ ਕੇ ਲਿਆਂਦੀ ਮਿੱਟੀ ਦੇ ਨਿਖੇਪ (Deposition) ਨਾਲ ਬਣੇ ਹਨ। ਇਹਨਾਂ ਮੈਦਾਨਾਂ ਵਿੱਚ ਕਈ ਪ੍ਰਕਾਰ ਦੇ ਭੂ ਰੂਪ ਜਿਵੇਂ ਜਲੋਢ ਪੱਖੇ (Alluvial Fans) ਜਲੋਢ ਕੋਨ (Alluvial Cons) ਵੱਲਦਾਰ ਨਦੀਆਂ (Meanders) ਕੁਦਰਤੀ ਬੰਨ (Natural Levees) ਹੜਾਂ ਦੇ ਮੈਦਾਨ (Flood Plains) ਆਦਿ ਮਿਲਦੇ ਹਨ।

ਮੈਦਾਨਾਂ ਦੀ ਭੂ ਆਕ੍ਰਿਤੀ (Geomorphology of Plains)

ਗੰਗਾ ਬ੍ਰਹਮਪੁੱਤਰ ਦੇ ਮੈਦਾਨ ਦੀਆਂ ਖੇਤਰੀ ਭਿੰਨਤਾਵਾਂ ਇਸ ਦੀ ਖਾਸੀਅਤ ਹਨ।

1. ਭਾਬਰ (Bhabar) : ਭਾਬਰ, ਸ਼ਿਵਾਲਿਕ ਸ਼੍ਰੇਣੀ ਦੇ ਬਿਲਕੁਲ ਪੈਰਾਂ (Foolhills) ਵਿੱਚ 8-16 ਕਿਲੋਮੀਟਰ ਚੌੜੀ ਪੱਟੀ ਹੈ ਜੋ ਸਿੰਧ ਦਰਿਆ ਤੋਂ ਤਿਸਤਾ (Tista) ਦਰਿਆ ਤੱਕ ਸ਼ਿਵਾਲਿਕ ਤੋਂ ਪੁਰਵਾਂਚਲ ਤੱਕ ਪਹਾੜਾਂ ਦੇ ਨਾਲ-ਨਾਲ ਚਲਦੀ ਹੈ। ਸ਼ਿਵਾਲਿਕ ਪਰਬਤ ਲੜੀ ਤੋਂ ਮੈਦਾਨਾਂ ਵਿੱਚ ਹੇਠਾਂ ਆਉਂਦੀਆਂ ਨਦੀਆਂ ਆਪਣੇ ਨਾਲ ਵਹਾ ਕੇ ਲਿਆਂਦੇ ਪੱਥਰ, ਕੰਕਰ ਕੌਂਗਲੋਮਿਰੇਟ ਆਦਿ ਇਸ ਪੱਟੀ ਵਿੱਚ ਜਮ੍ਹਾਂ ਕਰ ਦਿੰਦੀਆਂ ਹਨ। ਇਹਨਾਂ ਕੰਕਰ-ਪੱਥਰਾਂ ਦੀ ਪਾਣੀ ਸੋਖਣ ਦੀ ਸਮਰੱਥਾ (Porosity) ਕਾਫੀ ਜ਼ਿਆਦਾ ਹੁੰਦੀ ਹੈ। ਪੱਥਰਾਂ ਦੀ ਇਹ ਭਰਮਾਰ ਖੇਤੀਬਾੜੀ ਲਈ ਲਾਹੇਵੰਦ ਨਹੀਂ ਹੈ।

2. ਤਰਾਈ (Terai) : ਭਾਬਰ ਦੇ ਬਿਲਕੁੱਲ ਦੱਖਣ ਵਿੱਚ 15 ਤੋਂ 20 ਕਿਲੋਮੀਟਰ ਚੌੜੀ ਦਲਦਲੀ ਪੱਟੀ ਹੈ, ਜੋ ਭਾਬਰ ਦੇ ਨਾਲ ਨਾਲ ਚਲਦੀ ਹੈ। ਇਸ ਪੱਟੀ ਨੂੰ ਤਰਾਈ ਕਿਹਾ ਜਾਂਦਾ ਹੈ। ਭਾਬਰ ਪੱਟੀ ਵਿੱਚ ਕੰਕਰਾਂ ਦੇ ਥੱਲੇ ਵਹਿ ਰਹੀਆਂ ਨਦੀਆਂ ਇਸ ਪੱਟੀ ਵਿੱਚ ਬਾਹਰ ਆ ਜਾਂਦੀਆਂ ਹਨ। ਇਸ ਕਾਰਨ ਇਹ ਪੱਟੀ ਦਲਦਲ, ਹੁੰਮਸ ਨਾਲ ਭਰੀ ਰਹਿੰਦੀ ਹੈ। ਤਰਾਈ ਪੱਟੀ ਵਿੱਚ ਵਰਖਾ ਜ਼ਿਆਦਾ ਹੋਣ ਕਾਰਨ ਇਹ ਪੱਟੀ ਸੰਘਣੇ ਜੰਗਲਾਂ ਨਾਲ ਭਰੀ ਰਹਿੰਦੀ ਹੈ। ਪੰਜਾਬ ਤੇ ਉੱਤਰਾਖੰਡ ਦਾ ਜ਼ਿਆਦਾਤਰ ਤਰਾਈ ਇਲਾਕਾ ਜੰਗਲਾਂ ਨੂੰ ਸਾਫ ਕਰਕੇ ਵਾਹੀਯੋਗ ਬਣਾ ਦਿੱਤਾ ਗਿਆ ਹੈ।


3. ਬਾਂਗਰ (Bangar) : ਬਾਂਗਰ ਦੇ ਇਲਾਕੇ ਨਦੀਆਂ ਤੋਂ ਦੂਰ ਉੱਚੇ ਇਲਾਕੇ ਹੁੰਦੇ ਹਨ, ਜਿੱਥੇ ਨਦੀਆਂ ਦੇ ਹੜ੍ਹਾਂ ਦਾ ਪਾਣੀ ਨਹੀਂ ਪਹੁੰਚਦਾ। ਬਾਂਗਰ ਮਿੱਟੀ ਵਿੱਚ ਕੰਕਰਾਂ ਦੀ ਬਹੁਤਾਤ ਹੁੰਦੀ ਹੈ। ਇਹ ਮਿੱਟੀ ਪੁਰਾਣੀ ਮਿੱਟੀ ਹੁੰਦੀ ਹੈ ਜੋ ਖੇਤੀ ਲਈ ਜ਼ਿਆਦਾ ਲਾਹੇਵੰਦ ਨਹੀਂ ਹੁੰਦੀ।

4. ਖਾਡਰ (Khadar) : ਖਾਡਰ ਮਿੱਟੀ ਨਵੀਂ ਜਲੋਡੀ ਮਿੱਟੀ ਹੈ ਜੋ ਕਿ ਦਰਿਆਵਾਂ ਦੇ ਨਾਲ ਲਗਦੇ ਨੀਵੇਂ ਇਲਾਕੇ ਵਿੱਚ ਹੜ੍ਹਾਂ ਦੁਆਰਾ ਵਿਛਾਈ ਜਾਂਦੀ ਹੈ। ਇਹ ਮਿੱਟੀ ਬਹੁਤ ਉਪਜਾਊ ਹੁੰਦੀ ਹੈ। ਪੰਜਾਬ ਵਿੱਚ ਅਜਿਹੇ ਖਾਡਰ ਮਿੱਟੀ ਵਾਲੇ ਇਲਾਕਿਆਂ ਨੂੰ ਬੇਟ (Bet) ਵੀ ਕਿਹਾ ਜਾਂਦਾ ਹੈ।

5. ਰੇਹ ਜਾਂ ਕਲੱਰੀ ਮਿੱਟੀ ਦੇ ਮੈਦਾਨ (Reh or Kallar) : ਇਹ ਬੰਜਰ ਮੈਦਾਨ ਹਨ ਜਿਨ੍ਹਾਂ ਦੀ ਮਿੱਟੀ ਖਾਰੀ ਹੁੰਦੀ ਹੈ। ਇਸ ਤਰ੍ਹਾਂ ਦੇ ਮੈਦਾਨ ਉੱਤਰ ਪ੍ਰਦੇਸ਼ ਅਤੇ ਹਰਿਆਣੇ ਵਿੱਚ ਮਿਲਦੇ ਹਨ।

6. ਭੂਰ (Bhur) : ਗੰਗਾ-ਯਮੁਨਾ ਦੋਆਬ ਦੇ ਗੰਗਾ ਨਦੀ ਨਾਲ ਲਗਦੇ ਉੱਚੇ ਮੈਦਾਨਾਂ ਨੂੰ ਭੂਰ ਕਿਹਾ ਜਾਂਦਾ ਹੈ। ਇਹਨਾਂ ਮੈਦਾਨਾਂ ਦੀ ਮਿੱਟੀ ਦਾ ਨਿਰਮਾਣ ਪੌਣਾਂ (Winds) ਦੁਆਰਾ ਉਡਾ ਕੇ ਜਮ੍ਹਾਂ ਕੀਤੀ ਮਿੱਟੀ ਨਾਲ ਹੋਇਆ ਹੈ।





ਭਾਰਤ : ਮੈਦਾਨਾਂ ਦੀ ਵੰਡ ਅਤੇ ਬਣਤਰ

ਮੈਦਾਨਾਂ ਦੀ ਖੇਤਰੀ ਵੰਡ :- ਇਹਨਾਂ ਵਿਸ਼ਾਲ ਮੈਦਾਨਾਂ ਦੀ ਖੇਤਰੀ ਵੰਡ ਇਸ ਪ੍ਰਕਾਰ ਹੈ—

(*i*) ਪੰਜਾਬ–ਹਰਿਆਣਾ ਦੇ ਮੈਦਾਨ (*ii*) ਰਾਜਸਥਾਨ ਦੇ ਮੈਦਾਨ (*iii*) ਗੰਗਾ ਦੇ ਮੈਦਾਨ (*iv*) ਬ੍ਰਹਮਪੁੱਤਰ ਦੇ ਮੈਦਾਨ

(*i*) ਪੰਜਾਬ-ਹਰਿਆਣਾ ਦੇ ਮੈਦਾਨ (Plains of Punjab & Haryana) : ਇਹ ਮੈਦਾਨ ਉੱਤਰ ਪੱਛਮ ਤੋਂ ਦੱਖਣ ਪੂਰਬ ਤੱਕ 640 ਕਿਲੋਮੀਟਰ ਦੀ ਲੰਬਾਈ ਤੱਕ ਫੈਲੇ ਹੋਏ ਹਨ। ਇਹਨਾਂ ਦੀ ਔਸਤ ਚੌੜਾਈ 300 ਕਿਲੋਮੀਟਰ ਹੈ। ਇਨ੍ਹਾਂ ਮੈਦਾਨਾਂ ਦਾ ਕੁੱਲ ਖੇਤਰਫਲ 1.75 ਲੱਖ ਵਰਗ ਕਿਲੋਮੀਟਰ ਹੈ। ਇਹ ਮੈਦਾਨ ਸਿੰਧ ਅਤੇ ਇਸ ਦੀਆਂ ਸਹਾਇਕ ਨਦੀਆਂ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਦੁਆਰਾ ਵਿਛਾਏ ਗਏ ਜਲੋਢ (Alluviam) ਨਾਲ ਬਣਿਆ ਹੈ। ਇਸ ਮੈਦਾਨ ਦੇ 5 ਦੁਆਬ ਹਨ ਜਿਨ੍ਹਾਂ ਵਿੱਚ ਬਿਸਤ-ਦੁਆਬ, (ਬਿਆਸ ਅਤੇ ਸਤਲੁਜ ਦਰ੍ਹਿਆਵਾਂ ਦਾ ਵਿਚਕਾਰਲਾ ਇਲਾਕਾ), ਬਾਰੀ ਦੋਆਬ (ਬਿਆਸ-ਰਾਵੀ), ਚਨਾਬ ਦੋਆਬ (ਰਾਵੀ-ਚਨਾਬ) ਝਜ ਦੋਆਬ (ਚਿਨਾਬ ਜਾਂ ਝਨਾਂ-ਜੇਹਲਮ) ਅਤੇ ਸਿੰਧ ਦੁਆਬ (ਜਿਹਲਮ, ਚਿਨਾਬ ਅਤੇ ਸਿੰਧ ਦਰਿਆਵਾਂ ਦਾ ਵਿਚਕਾਰਲਾ ਇਲਾਕਾ) ਸ਼ਾਮਲ ਹਨ।

(*ii*) ਰਾਜਸਥਾਨ ਦੇ ਮੈਦਾਨ ਤੇ ਮਾਰੂਥਲ (The Great India Desert) : ਰਾਜਸਥਾਨ ਦਾ ਮੈਦਾਨ, ਅਸਲ ਵਿੱਚ ਸਤਲੁੱਜ ਦੇ ਮੈਦਾਨ ਦਾ ਹੀ ਉਹ ਹਿੱਸਾ ਹੈ ਜੋ ਕਦੇ ਘੱਗਰ ਤੇ ਸਰਸਵਤੀ ਕਾਰਨ ਹਰਾ-ਭਰਾ ਹੁੰਦਾ ਸੀ ਪਰ ਹੁਣ ਮਾਰੂ ਭਾਵ ਰੇਤਲੀ ਭੂਮੀ ਹੈ। ਥਾਰ ਰੇਗਿਸਤਾਨ ਜਾਂ ਮਾਰੂਥਲ ਵਜੋਂ ਜਾਣਿਆ ਜਾਂਦਾ ਇਹ ਇਲਾਕਾ ਪੰਜਾਬ ਦੇ ਦੱਖਣ ਪੱਛਮ ਤੋਂ ਰਾਜਸਥਾਨ ਦੇ ਪੱਛਮ ਵਿੱਚ 650 ਕਿਲੋਮੀਟਰ ਲੰਬਾਈ ਅਤੇ 250 ਕਿਲੋਮੀਟਰ ਦੀ ਚੌੜਾਈ ਵਿੱਚ ਫੈਲਿਆ ਹੋਇਆ ਹੈ। ਥਾਰ ਰੇਗਿਸਤਾਨ ਦੇ ਪੂਰਬੀ ਹਿੱਸੇ ਨੂੰ ਰਾਜਸਥਾਨ ਬਾਂਗਰ ਵੀ ਕਹਿੰਦੇ ਹਨ। ਥਾਰ ਰੇਗਿਸਤਾਨ ਵਿੱਚ ਰੇਤ ਦੇ ਟਿੱਬੇ (Sand Dunes) ਅਤੇ ਖਾਰੇ ਪਾਣੀ ਦੀਆਂ ਕੁਝ ਝੀਲਾਂ ਵੀ ਮਿਲਦੀਆਂ ਹਨ। ਸਾਂਬਰ, ਚਿਦਵਾਨਾ, ਦੇਗਾਨਾ, ਸਾਰਮੋਲ ਕੁਝ ਮਹੱਤਵਪੂਰਨ ਝੀਲਾਂ ਹਨ।

(*iii*) ਗੰਗਾ ਦੇ ਮੈਦਾਨ (The Gangatic Plains) : ਇਹਨਾਂ ਮੈਦਾਨਾਂ ਦਾ ਨਿਰਮਾਣ ਗੰਗਾ ਅਤੇ ਉਸਦੀਆਂ ਸਹਾਇਕ ਨਦੀਆਂ, ਗੰਡਕ, ਯਮੁਨਾ, ਘਾਗਰਾ, ਕੋਸੀ, ਸੋਨ, ਕੇਨ, ਬੇਤਵਾ ਅਤੇ ਚੰਬਲ ਆਦਿ ਦੁਆਰਾ ਵਿਛਾਈ ਗਈ ਮਿੱਟੀ ਨਾਲ ਹੋਇਆ ਹੈ। ਇਹਨਾਂ ਮੈਦਾਨਾਂ ਦੀ ਲੰਬਾਈ 550 ਕਿਲੋਮੀਟਰ ਤੇ ਚੌੜਾਈ 380 ਕਿਲੋਮੀਟਰ ਤੱਕ ਹੈ। ਇਸ ਮੈਦਾਨ ਨੂੰ 3 ਉੱਪ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

(ੳ) ਗੰਗਾ ਦੇ ਉੱਚੇ ਮੈਦਾਨ (The Upper Ganga Plains) : ਇਸ ਮੈਦਾਨ ਨੂੰ ਗੰਗਾ-ਯਮੁਨਾ ਦੋਆਬ ਵੀ ਕਿਹਾ ਜਾਂਦਾ ਹੈ। ਇਹ ਮੈਦਾਨ ਗੰਗਾ ਅਤੇ ਯਮੁਨਾ ਤੋਂ ਇਲਾਵਾ ਰਾਮਗੰਗਾ, ਸ਼ਾਰਦਾ, ਬੇਤਵਾ, ਗੋਮਤੀ ਅਤੇ ਘਾਗਰਾ ਨਦੀਆਂ ਦੁਆਰਾ ਵਿਛਾਈ ਗਈ ਮਿੱਟੀ ਤੋਂ ਬਣਿਆ ਹੈ। ਇਸ ਮੈਦਾਨ ਵਿੱਚ ਭਾਬਰ ਅਤੇ ਤਰਾਈ ਦੇ ਮੈਦਾਨ ਸ਼ਾਮਲ ਹਨ।

(ਅ) ਗੰਗਾ ਦੇ ਵਿਚਕਾਰਲੇ ਮੈਦਾਨ (The Middle Ganga Plains) : ਇਹ ਮੈਦਾਨ ਉੱਤਰ ਪ੍ਰਦੇਸ਼ ਦੇ ਪੂਰਬੀ ਭਾਗ ਅਤੇ ਬਿਹਾਰ ਰਾਜਾਂ ਵਿੱਚ ਫੈਲੇ ਹੋਏ ਹਨ ਇਸ ਲਈ ਇਸ ਨੂੰ ਮਿਥਿਲਾ ਜਾਂ ਬਿਹਾਰ ਦੇ ਮੈਦਾਨ ਵੀ ਕਿਹਾ ਜਾਂਦਾ ਹੈ। ਇਸ ਮੈਦਾਨ ਦੀ ਲੰਬਾਈ 600 ਕਿਲੋਮੀਟਰ ਅਤੇ ਚੌੜਾਈ 330 ਕਿਲੋਮੀਟਰ ਤੱਕ ਹੈ। ਇਹ ਮੈਦਾਨ ਘਾਗਰਾ, ਗੰਡਕ, ਸੋਨ ਅਤੇ ਕੋਸੀ ਨਦੀਆਂ ਦੁਆਰਾ ਵਿਛਾਈ ਗਈ ਮਿੱਟੀ ਨਾਲ ਬਣਿਆ ਹੈ।

(ਏ) ਗੰਗਾ ਦੇ ਹੇਠਲੇ ਮੈਦਾਨ (The Lower Ganga Plain) : ਇਸ ਮੈਦਾਨ ਵਿੱਚ ਬਿਹਾਰ ਦੇ ਪੂਰਲੀਆ ਜ਼ਿਲ੍ਹੇ ਦੀ ਕਿਸ਼ਨਗੰਜ ਤਹਿਸੀਲ ਦੇ ਸਮੇਤ ਪੂਰਾ ਪੱਛਮੀ ਬੰਗਾਲ (ਦਾਰਜਲਿੰਗ ਛੱਡ ਕੇ) ਸ਼ਾਮਿਲ ਹੈ। ਇਸਦੀ ਲੰਬਾਈ 580 ਕਿਲੋਮੀਟਰ ਅਤੇ ਚੌੜਾਈ 200 ਕਿਲੋਮੀਟਰ ਤੱਕ ਹੈ। ਇਹ ਮੈਦਾਨ ਤਿਸਤਾ, ਜਲਢਾਕਾ ਅਤੇ ਤੋਰਸਾ ਨਦੀਆਂ ਦੇ ਜਲੋਢ ਦੇ ਜਮ੍ਹਾਂ ਹੋਣ ਨਾਲ ਬਣਿਆ ਹੋਇਆ ਹੈ। ਇਸ ਮੈਦਾਨ ਦਾ ਦੋ-ਤਿਹਾਈ (2/3) ਹਿੱਸਾ ਸੁਦੰਰਬਨ ਡੈਲਟਾ ਹੈ ਜੋ ਕਿ ਸੰਸਾਰ ਦਾ ਸਭ ਤੋਂ ਵਿਸ਼ਾਲ ਡੈਲਟਾ ਹੈ। ਸੁੰਦਰਬਨ ਡੈਲਟੇ ਦਾ ਨਾਂ ਉੱਥੇ ਮਿਲਣ ਵਾਲੇ ਖਾਸ ਕਿਸਮ ਦੇ ਮੈਨਗਰੂਵ ਦਰਖੱਤ ਸੁੰਦਰੀ ਤੋਂ ਪਿਆ ਹੈ। ਮੈਨਗਰੂਵ ਦਰਖੱਤ ਡੈਲਟੇ ਦੇ ਇਲਾਕਿਆਂ ਵਿੱਚ ਸੰਘਣੇ ਜਵਾਰੀ ਜੰਗਲਾਂ (Tidal Forests) ਤੇ ਦਲਦਲੀ ਇਲਾਕਿਆਂ ਵਿਚ ਮਿਲਦੇ ਹਨ।

***(iv)* ਬ੍ਰਹਮਪੁੱਤਰ ਦੇ ਮੈਦਾਨ (The Brahmaputra Plains) :** ਇਸ ਮੈਦਾਨ ਨੂੰ ਆਸਾਮ ਦਾ ਮੈਦਾਨ ਵੀ ਆਖਿਆ ਜਾਂਦਾ ਹੈ। ਸਮੁੰਦਰ ਤੱਲ ਤੋਂ 250-550 ਮੀਟਰ ਤੱਕ ਉੱਚੀ ਹੈ।

3. ਪ੍ਰਾਇਦੀਪੀ ਪਠਾਰਾਂ (The Penniusular Plateaus) : ਭਾਰਤ ਦਾ ਤੀਸਰਾ ਪ੍ਰਮੁੱਖ ਭੂ-ਭਾਗ ਮੱਧ ਤੇ ਦੱਖਣੀ ਭਾਰਤ ਦਾ ਪਠਾਰੀ ਇਲਾਕਾ ਹੈ। ਇਹ ਖੇਤਰ ਇੱਕਠਾ ਜਾਂ ਇੱਕ-ਟੱਕ ਨਹੀਂ ਹੈ ਸਗੋਂ ਆਪਣੀ ਵੱਖੋ-ਵੱਖਰੀ ਪਛਾਣ ਰੱਖਦਾ ਹੈ। ਇਸਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਵਨ-ਸਵੰਨਤਾ ਹੀ ਹੈ। ਇਸ ਵਿੱਚ ਹੇਠ ਲਿਖੇ ਇਲਾਕੇ ਸ਼ਾਮਲ ਹਨ :

***(i)* ਮੱਧ ਭਾਰਤ ਦੀ ਪਠਾਰ (The Central Highlands) :** ਇਹ ਪਠਾਰੀ ਇਲਾਕਾ ਮਾਰਵਾੜ ਪਠਾਰ ਦੇ ਪੂਰਬ ਵਿੱਚ ਹੈ ਇਸ ਦੀ ਦਰਾੜ ਘਾਟੀ (Rift Valley) ਵਿੰਚ ਚੰਬਲ ਅਤੇ ਉਸਦੀਆਂ ਸਹਾਇਕ ਨਦੀਆਂ ਵਗਦੀਆਂ ਹਨ। ਇਹ ਪਠਾਰ ਕਾਫੀ ਕੱਟਿਆ ਫੱਟਿਆ ਹੈ ਅਤੇ ਆਪਣੀਆਂ ਅਗੜੀਆਂ ਦੁਘੜੀਆਂ ਘਾਟੀਆਂ (Ravines) ਲਈ ਪ੍ਰਸਿੱਧ ਹੈ। ਇਸ ਪਠਾਰ ਦੇ ਪੂਰਬ ਵਿੱਚ ਯਮੁਨਾ ਦੇ ਨਾਲ ਬੁੰਦੇਲਖੰਡ ਦਾ ਇਲਾਕਾ ਪੈਂਦਾ ਹੈ।

***(ii)* ਮਾਲਵਾ ਦਾ ਪਠਾਰ (The Malwa Plateaus) :** ਪੱਛਮ ਵੱਲ ਅਰਾਵਲੀ ਸ਼੍ਰੇਣੀ, ਦੱਖਣ ਵਿੱਚ ਵਿੰਧਿਆਚਲ ਅਤੇ ਪੂਰਬ ਦਿਸ਼ਾ ਵੱਲ ਛੋਟਾ ਨਾਗਪੁਰ, ਰਾਜਮਹੱਲ ਦੀਆਂ ਪਹਾੜੀਆਂ ਅਤੇ ਸ਼ਿਲਾਂਗ ਦੇ ਪਠਾਰ ਤੱਕ ਇਹ ਪਠਾਰ ਤ੍ਰਿਭੁਜ ਆਕਾਰ ਦਾ ਹੈ। ਇਸ ਪਠਾਰ ਵਿੱਚੋਂ ਆਰੰਭ ਹੋਈਆਂ ਨਰਮਦਾ, ਤਾਪਤੀ ਅਤੇ ਮਾਹੀ ਨਦੀਆਂ ਅਰਬ ਸਾਗਰ (Arabian Sea) ਵਿੱਚ ਡਿਗਦੀਆਂ ਹਨ ਜਦੋਂ ਕਿ ਚੰਬਲ, ਬੇਤਵਾ ਅਤੇ ਉਸਦੀਆਂ ਸਹਾਇਕ ਨਦੀਆਂ ਪੂਰਬ ਦਿਸ਼ਾ ਵੱਲ ਵਗਦੀਆਂ ਹੋਈਆਂ ਬੰਗਾਲ ਦੀ ਖਾੜੀ (Bay of Bengal) ਵਿੱਚ ਡਿਗਦੀਆਂ ਹਨ। ਖਣਿਜ ਪਦਾਰਥਾਂ ਦੀਆਂ ਖਾਣਾਂ ਕਾਰਨ ਵੀ ਮਹੱਤਵਪੂਰਨ, ਛੋਟਾ ਨਾਗਪੁਰ ਪਠਾਰ ਵੀ ਇਸੇ ਇਲਾਕੇ ਦਾ ਹਿੱਸਾ ਹੈ। ਇਹ ਪਠਾਰ ਜਵਾਲਾ ਮੁਖੀਆਂ (Volcanos) ਦੁਆਰਾ ਵਿਛਾਈ ਗਈ ਕਾਲੀ ਮਿੱਟੀ (Black Reger Soil) ਦਾ ਬਣਿਆ ਹੈ ਜੋ ਕਪਾਹ ਤੇ ਗੰਨੇ ਦੀ ਖੇਤੀ ਲਈ ਕਾਫੀ ਲਾਹੇਵੰਦ ਹੈ। ਇਸ ਪਠਾਰੀ ਖੇਤਰ ਵਿੱਚ ਹਜ਼ਾਰੀਬਾਗ, ਗਯਾ ਅਤੇ ਰਾਂਚੀ ਦੇ ਪਠਾਰ ਸ਼ਾਮਿਲ ਹਨ। ਇਸ ਪਠਾਰ ਵਿੱਚ ਤਿੰਨ ਵੱਡੀਆਂ ਪਹਾੜੀ ਲੜੀਆਂ ਅਰਾਵਲੀ, ਵਿੰਧਿਆਚਲ ਅਤੇ ਸਤਪੁੜਾ ਆਉਂਦੀਆਂ ਹਨ। ਅਰਾਵਲੀ, ਦਿੱਲੀ ਤੋਂ ਪਾਲਨਪੁਰ (ਗੁਜਰਾਤ) ਤੱਕ ਸੰਸਾਰ ਦੀ ਸਭ ਤੋਂ ਪੁਰਾਣੀ ਪਰਬਤ ਲੜੀਆਂ ਵਿੱਚੋਂ ਇਕ ਹੈ। ਇਸ ਦੀ ਲੰਬਾਈ 800 ਕਿਲੋਮੀਟਰ ਤੱਕ ਹੈ ਇਸਦੀ ਸਭ ਤੋਂ ਉੱਚੀ ਚੋਟੀ ਗੁਰੂ ਸ਼ਿਖਰ (1722 ਮੀਟਰ) ਹੈ ਅਤੇ ਇਕ ਦੱਰਾ (Pass) ਗੋਰਨਘਾਟ ਹੈ ਜੋ ਗੁਰੂ ਸਿਖ਼ਰ ਅਤੇ ਮਾਊਂਟ ਆਬੂ ਨੂੰ ਵੱਖ ਕਰਦਾ ਹੈ। ਵਿੰਧਿਆਚਲ ਪਹਾੜੀਆਂ ਜੋਬਤ

(ਗੁਜਰਾਤ) ਤੋਂ ਲੈ ਕੇ ਸਾਸਾਰਾਮ (ਬਿਹਾਰ) ਤੱਕ 1200 ਕਿਲੋਮੀਟਰ ਦੀ ਲੰਬਾਈ ਵਿੱਚ ਫੈਲੀਆਂ ਹੋਈਆਂ ਹਨ। ਸਤਪੁੜਾ ਪੱਛਮ ਵਿੱਚ ਰਾਜ ਪਿਪਲਾ ਦੀਆਂ ਪਹਾੜੀਆਂ ਤੋਂ ਪੂਰਬ ਵਿੱਚ ਮੈਦਾਨ ਦੀਆਂ ਪਹਾੜੀਆਂ ਤੱਕ 900 ਕਿਲੋਮੀਟਰ ਦੀ ਲੰਬਾਈ ਵਿੱਚ ਫੈਲੀਆਂ ਹੋਈਆਂ ਹਨ। ਇਸ ਲੜੀ ਦੀ ਸਭ ਤੋਂ ਉੱਚੀ ਚੋਟੀ ਧੂਪਗੜ੍ਹ (1350) ਮੀਟਰ ਹੈ।

***(iii)* ਦੱਖਣ ਦਾ ਪਠਾਰ (The Deccan Plateau) :** ਪੰਜ ਲੱਖ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਇਹ ਪਠਾਰ ਪ੍ਰਾਇਦੀਪੀ ਪਠਾਰਾਂ ਦਾ ਸਭ ਤੋਂ ਵੱਡਾ ਪਠਾਰ ਹੈ। ਇਸ ਪਠਾਰ ਦੀ ਢਲਾਨ (Slope) ਪੱਛਮ ਤੋਂ ਪੂਰਬ ਵੱਲ ਹੈ, ਜਿਸ ਕਾਰਨ ਇਥੇ ਵਗਣ ਵਾਲੀਆਂ ਨਦੀਆਂ ਗੋਦਾਵਰੀ, ਕ੍ਰਿਸ਼ਨਾ, ਕਾਵੇਰੀ, ਮਹਾਨਦੀ, ਇੰਦਰਾਵਤੀ, ਤੁੰਗਭਦਰਾ, ਪੇਨਾਰ ਆਦਿ ਪੂਰਬ ਵੱਲ ਵਗਦੀਆਂ ਹੋਈਆਂ ਬੰਗਾਲ ਦੀ ਖਾੜੀ ਵਿੱਚ ਡਿੱਗਦੀਆਂ ਹਨ।

ਇਸ ਪਠਾਰ ਵਿੱਚ ਮੌਸਮੀ ਨਦੀਆਂ ਕਾਰਨ ਹੇਠ ਲਿਖੇ ਸਪਸ਼ਟ ਭੂਗੋਲਿਕ ਭੂ-ਭਾਗ ਮਿਲਦੇ ਹਨ :

(ੳ) ਮਹਾਰਾਸ਼ਟਰ ਦਾ ਪਠਾਰ

(ਅ) ਕਰਨਾਟਕ ਦਾ ਪਠਾਰ

(ੲ) ਤੇਲੰਗਾਨਾ ਦਾ ਪਠਾਰ

(ਸ) ਪੱਛਮੀ ਘਾਟ

(ਹ) ਪੂਰਬੀ ਘਾਟ

(ਕ) ਦੰਡਾਕਾਰਨਿਆਂ

(ਖ) ਦੱਖਣ ਪਹਾੜੀ ਸਮੂਹ

ਮਹਾਰਾਸ਼ਟਰ ਦਾ ਪਠਾਰ ਪਿਘਲੇ ਹੋਏ ਲਾਵੇ ਦੇ ਠਢੇ ਹੋਣ ਨਾਲ ਬਣਿਆਂ ਬਸਾਲਟ ਚੱਟਾਨਾਂ ਦਾ ਬਣਿਆ ਹੋਇਆ ਹੈ। ਕਰਨਾਟਕ ਦਾ ਪਠਾਰ ਮਾਲਨਾਦ ਅਤੇ ਮੈਦਾਨ ਦੋ ਭਾਗ ਵਿੱਚ ਵੰਡਿਆ ਹੋਇਆ ਹੈ। ਇਸ ਦੀ ਸਭ ਤੋਂ ਉੱਚੀ ਚੋਟੀ ਬਾਬਾ ਬੂਢਨ ਦੀਆਂ ਪਹਾੜੀਆਂ ਵਿੱਚ ਮੁਲਨਗਿਰੀ (1013 ਮੀਟਰ) ਹੈ। ਤੇਲੰਗਾਨਾ ਦਾ ਪਠਾਰ ਨਵੇਂ ਬਣੇ ਰਾਜ ਤੇਲੰਗਾਨਾ ਵਿੱਚ 1,14,800 ਵਰਗ ਕਿਲੋਮੀਟਰ ਦੇ ਰਕਬੇ ਵਿੱਚ ਫੈਲਿਆ ਹੋਇਆ ਹੈ।

ਪੱਛਮੀ ਘਾਟ ਨੂੰ ਸਹਯਾਦਰੀ ਵੀ ਕਿਹਾ ਜਾਂਦਾ ਹੈ। ਇਹ ਘਾਟ ਪੱਛਮੀ ਤੱਟ ਦੇ ਨਾਲ ਨਾਲ ਤਾਪੀ ਨਦੀ ਦੇ ਮੁਹਾਣੇ ਤੋਂ ਦੱਖਣੀ ਕੋਨੇ ਕੰਨਿਆਂਕੁਮਾਰੀ ਤੱਕ 1600 ਕਿਲੋਮੀਟਰ ਦੀ ਲੰਬਾਈ ਤੱਕ ਫੈਲੇ ਹੋਏ ਹਨ। ਇਸ ਘਾਟ ਵਿੱਚ ਉੱਤਰ ਤੋਂ ਲੈ ਕੇ ਦੱਖਣ ਤੱਕ ਕ੍ਰਮਵਾਰ ਚਾਰ ਦਰੇ ਥਾਲਘਾਟ, ਭੋਰਘਾਟ, ਪਾਲਘਾਟ ਅਤੇ ਸ਼ੇਨਕੋਟਾ ਦਰੇ ਹਨ। ਪੱਛਮੀ ਘਾਟ ਦੀਆਂ ਮੁੱਖ ਚੋਟੀਆਂ ਕਾਲਸੁਬਾਈ (1046 ਮੀਟਰ) ਮਹਾਂਬਲੇਸ਼ਵਰ (1438 ਮੀਟਰ) ਸਾਲਹੇਰ (1547 ਮੀਟਰ) ਹਰੀਸ਼ਚੰਦਰ (1424 ਮੀਟਰ) ਕੁਦੇਰਮੁੱਖ (1892 ਮੀਟਰ) ਪੁਸ਼ਪਾਗਿਰੀ (1714 ਮੀਟਰ) ਅਤੇ ਨੀਲਗਿਰੀ ਦੀਆਂ ਪਹਾੜੀਆਂ ਉਪਰ ਦੋਦਾ ਬੈਟਾ (2637 ਮੀਟਰ) ਪ੍ਰਮੁੱਖ ਹਨ। ਪੂਰਬੀ ਘਾਟ, ਉੱਤਰ ਵਿੱਚ ਮਹਾਨਦੀ ਘਾਟੀ ਤੋਂ ਲੈ ਕੇ ਦੱਖਣ ਵਿੱਚ ਨੀਲਗਿਰੀ ਤੱਕ ਪੂਰਬੀ ਸਮੁੰਦਰੀ ਤੱਟ ਦੇ ਨਾਲ-ਨਾਲ ਚਲਦੇ ਹਨ। ਪੂਰਬੀ ਘਾਟ, ਪੱਛਮੀ ਘਾਟ ਦੇ ਮੁਕਾਬਲੇ ਜ਼ਿਆਦਾ ਚੌੜੇ, ਕੱਟੇ ਵੱਢੇ, ਨੀਵੇਂ ਤੇ ਟੁੱਟਵੀਆਂ ਪਹਾੜੀਆਂ ਵਾਲੇ ਭੂ ਭਾਗ ਹਨ। ਉੱਤਰ ਵਿੱਚ ਮਹਿੰਦਰਗਿਰੀ (1501 ਮੀਟਰ) ਪੂਰਬੀ ਘਾਟ ਦੀ ਸਭ ਤੋਂ ਉੱਚੀ

ਚੋਟੀ ਹੈ। ਮੱਧਵਰਤੀ ਖੇਤਰ ਵਿੱਚ ਕ੍ਰਿਸ਼ਨਾ ਅਤੇ ਪੇਨਾਰ ਨਦੀ ਤੋਂ ਲੈ ਕੇ ਨੀਲਗਿਰੀ ਤੱਕ ਨਲਾ ਮਲਾਈ, ਪਾਲਕੋਂਡਾ, ਵੇਲੀ ਕੋਡਾਂ ਅਤੇ ਦੱਖਣ ਵਿੱਚ ਜਾਵੇਦੀ, ਸ਼ਿਵਰਾਇ, ਕੋਲਮਲਾਇ ਆਦਿ ਪਹਾੜੀਆਂ ਮਿਲਦੀਆਂ ਹਨ। ਪ੍ਰਾਇਦੀਪੀ ਪਠਾਰ ਖਣਿਜਾਂ ਦਾ ਭੰਡਾਰ ਹੈ। ਇਸ ਵਿੱਚ ਮੈਗਨੀਜ਼, ਲੋਹਾ, ਕੋਲਾ, ਤਾਂਬਾ, ਬਾਕਸਾਈਟ, ਅਬਰਕ, ਸੋਨਾ ਆਦਿ ਦੇ 98 ਪ੍ਰਤੀਸ਼ਤ ਭੰਡਾਰ ਇਸੇ ਪ੍ਰਾਇਦੀਪੀ ਪਠਾਰ ਵਿੱਚ ਮਿਲਦੇ ਹਨ। ਇਸ ਤੋਂ ਇਲਾਵਾ ਚਾਹ, ਰਬੜ, ਗੰਨਾ, ਦਾਲਾਂ, ਕੌਫੀ, ਜਵਾਰ, ਬਾਜਰਾ, ਮਸਾਲੇ, ਤੰਬਾਕੂ ਅਤੇ ਤੇਲਾਂ ਦੇ ਬੀਜਾਂ ਆਦਿ ਦੀ ਖੇਤੀ ਵੀ ਕੀਤੀ ਜਾਂਦੀ ਹੈ।

4. ਤੱਟ ਦੇ ਮੈਦਾਨ (Coastal Plains)

ਤੱਟ ਦੇ ਮੈਦਾਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ :-

(*i*) ਪੱਛਮੀ ਤੱਟ ਦੇ ਮੈਦਾਨ (Western Coastal Plains) : ਉੱਤਰ ਵਿੱਚ ਕੱਛ ਦੇ ਰੇਗਿਸਤਾਨ ਤੋਂ ਲੈ ਕੇ ਦੱਖਣ ਵਿੱਚ ਕੰਨਿਆਕੁਮਾਰੀ ਤੱਕ ਔਸਤਨ 65 ਕਿਲੋਮੀਟਰ ਚੌੜੇ ਪੱਛਮੀ ਤੱਟ ਦੇ ਮੈਦਾਨ ਹਨ। ਇਸ ਤੱਟੀ ਮੈਦਾਨ ਦੇ ਚਾਰ ਪ੍ਰਮੁੱਖ ਹਿੱਸੇ ਹਨ, ਗੁਜਰਾਤ ਦਾ ਮੈਦਾਨ, ਕੋਂਕਣ ਦਾ ਮੈਦਾਨ, ਕਰਨਾਟਕ ਦਾ ਮੈਦਾਨ ਅਤੇ ਕੇਰਲ ਦਾ ਤੱਟਵਰਤੀ ਮੈਦਾਨ।

ਗੁਜਰਾਤ ਦਾ ਮੈਦਾਨ ਕੱਛ ਤੋਂ ਸੋਰਾਸ਼ਾਟਰ ਵਿੱਚ ਦੀ ਹੁੰਦਾ ਹੋਇਆ ਖੰਭਾਤ ਦੀ ਖਾੜੀ ਤੱਕ, ਤੱਟਵਰਤੀ ਹਿੱਸੇ ਵਿੱਚ ਚਲਦਾ ਹੈ ਜੋ ਕਿ ਸਾਬਰਮਤੀ, ਮਾਹੀ, ਲੂਨੀ ਅਤੇ ਤਾਪੀ ਨਦੀਆਂ ਦੁਆਰਾ ਵਿਛਾਏ ਗਏ ਜਲੋਢ ਦੇ ਜਮ੍ਹਾਂ ਹੋਣ ਨਾਲ ਬਣਿਆ ਹੈ।


ਕੋਂਕਣ ਦਾ ਮੈਦਾਨ ਦਮਨ ਤੋਂ ਗੋਆ ਤੱਕ 500 ਕਿਲੋਮੀਟਰ ਲੰਬਾ ਮੈਦਾਨ ਹੈ। ਇਸ ਤੱਟੀ ਮੈਦਾਨ ਵਿੱਚ ਸਮੁੰਦਰ ਦੀਆਂ ਲਹਿਰਾਂ ਨਾਲ ਅੰਦਰੂਨੀ ਕਟਾਅ ਕਰਕੇ ਬਣੀਆਂ ਛੋਟੀਆਂ ਖਾੜੀਆਂ (Caves) ਅਤੇ ਸਮੁੰਦਰੀ ਕੰਢੇ ਤੰਗ ਖਾੜੀਆਂ (Creeks) ਆਦਿ ਭੂ-ਆਕਾਰ ਮਿਲਦੇ ਹਨ। ਮੁਬੰਈ ਇਸੇ ਤੱਟ ਉਪਰ ਅਹਿਮ ਬੰਦਰਗਾਹ ਹੈ। ਕੋਂਕਣ ਤੱਟ ਨੂੰ ਕਾਰਾਵਲੀ ਜਾਂ ਕੇਨਾਰਾ ਵੀ ਆਖਿਆ ਜਾਂਦਾ ਹੈ।

ਮਾਲਾਬਾਰ ਦਾ ਤੱਟਵਰਤੀ ਮੈਦਾਨ ਮੈਂਗਲੋਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਲੰਬਾਈ ਵਿੱਚ 845 ਕਿਲੋਮੀਟਰ ਤੱਕ ਫੈਲਿਆ ਹੋਇਆ ਹੈ। ਇਸ ਮੈਦਾਨ ਵਿੱਚ ਕਾਫੀ ਝੀਲਾਂ (ਲੈਗੂਨ ਝੀਲਾਂ) ਹਨ। ਇਸ ਮੈਦਾਨ ਵਿੱਚ ਸਭ ਤੋਂ ਵੱਡੀ ਝੀਲ ਵੈਂਬਾਨੰਦ (Vembaned) ਹੈ। ਇਹਨਾਂ ਝੀਲਾਂ ਨੂੰ ਸਥਾਨਕ ਭਾਸ਼ਾ ਵਿੱਚ 'ਕੇਆਲ' (Keyals) ਕਹਿੰਦੇ ਹਨ।

(*ii*) ਪੂਰਬੀ ਤੱਟ ਦੇ ਮੈਦਾਨ (Eastern Coastal Plains) : ਪੂਰਬ ਵਿੱਚ ਪੱਛਮੀ ਬੰਗਾਲ, ਓਡੀਸ਼ਾ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਪੂਰਬੀ ਤੱਟ ਦੇ ਮੈਦਾਨ ਹਨ। ਇਹ ਮੈਦਾਨ ਪੂਰਬ ਦਿਸ਼ਾ ਵਿੱਚ ਵਗਣ ਵਾਲੀਆਂ ਨਦੀਆਂ ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਅਤੇ ਉਹਨਾਂ ਦੀਆਂ ਸਹਾਇਕ ਨਦੀਆਂ ਦੁਆਰਾ ਵਿਛਾਈ ਗਈ ਜਲੋਢ ਮਿੱਟੀ ਨਾਲ ਬਣਿਆ ਹੈ। ਓਡੀਸ਼ਾ ਵਿੱਚ ਇਸ ਨੂੰ ਉਤਕਲ ਦੇ ਮੈਦਾਨ ਕਹਿੰਦੇ ਹਨ। ਕ੍ਰਿਸ਼ਨਾ ਨਦੀ ਦੇ ਡੈਲਟੇ ਤੋਂ ਕੰਨਿਆ ਕੁਮਾਰੀ ਤੱਕ ਇਸ ਤੱਟ ਨੂੰ ਕੋਰੋਮੰਡਲ (Coromandal Plains) ਤੱਟ ਕਹਿੰਦੇ ਹਨ। ਇਸ ਮੈਦਾਨ ਵਿੱਚ ਪੁਲੀਕੱਟ ਝੀਲ ਪ੍ਰਸਿੱਧ ਝੀਲ ਹੈ। ਓਡੀਸ਼ਾ ਵਿੱਚ ਚਿਲਕਾ ਝੀਲ ਖਾਰੇ ਪਾਣੀ ਦੀ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ।

5. ਭਾਰਤੀ ਦੀਪ ਸਮੂਹ (Indian Archipelagoes, The Island Groups) : ਭਾਰਤੀ ਦੀਪਾਂ, ਟਾਪੂਆਂ ਦੀ ਕੁੱਲ ਗਿਣਤੀ 267 ਹੈ। ਇਸ ਵਿੱਚ ਬੰਗਾਲ ਦੀ ਖਾੜੀ ਵਿੱਚ ਅੰਡੇਮਾਨ ਤੇ ਨਿਕੋਬਾਰ ਅਤੇ ਅਰਬ ਸਾਗਰ ਵਿੱਚ ਲਕਸ਼ਦੀਪ ਹਨ। ਅੰਡੇਮਾਨ ਨਿਕੋਬਾਰ ਦੀਪ ਉੱਤਰ ਪੂਰਬੀ ਪਹਾੜੀ ਸ਼੍ਰੇਣੀ ਅਰਾਕਾਨ ਯੋਮਾ (ਮਿਆਂਮਾਰ) ਦਾ ਵੀ ਵਿਸਥਾਰ ਹਨ। ਅੰਡੇਮਾਨ ਵਿੱਚ 204 ਟਾਪੂ ਹਨ। ਸੈਡਲ ਪਹਾੜ (Saddle Peak) ਅੰਡੇਮਾਨ ਦੀ ਸਭ ਤੋਂ ਉੱਚੀ ਚੋਟੀ ਹੈ ਇਸਦੀ ਉੱਚਾਈ 737 ਮੀਟਰ ਹੈ। ਨਿਕੋਬਾਰ ਦੇ 19 ਟਾਪੂ ਹਨ। ਇਹਨਾਂ ਵਿੱਚ ਗ੍ਰੇਟ ਨਿਕੋਬਾਰ ਸਭ ਤੋਂ ਵੱਡਾ ਟਾਪੂ ਹੈ।

ਅਰਬ ਸਾਗਰ ਵਿੱਚ ਲਕਸ਼ਦੀਪ ਟਾਪੂ ਸਮੂਹ ਹੈ। ਇਹਨਾਂ ਦੀ ਕੁੱਲ ਗਿਣਤੀ 34 ਹੈ। ਉੱਤਰ ਵਿੱਚ ਅਮੀਨ ਦੀਵੀ ਸਮੂਹ ਤੇ ਦੱਖਣ ਮਿਨੀਕੋਇ ਦੀਪ ਹਨ। ਭਾਰਤੀ ਟਾਪੂਆਂ ਦੀ ਜਾਣਕਾਰੀ ਨਿਮਨ ਸਾਰਣੀ ਵਿੱਚ ਦਿੱਤੀ ਗਈ ਹੈ।



ਸਾਰਣੀ

ਬੰਗਾਲ ਦੀ ਖਾੜੀ ਅੰਡੇਮਾਨ ਨਿਕੋਬਾਰ ਦੀਪ ਸਮੂਹ	ਅਰਬ ਸਾਗਰ ਲਕਸ਼ਦੀਪ ਦੀਪ ਸਮੂਹ
1. ਲੈਂਡਫਾਲ ਦੀਪ	1. ਮਿਨੀਕੋਇ ਦੀਪ
2. ਉੱਤਰੀ ਅੰਡੇਮਾਨ	2. ਕੈਨੋਰ/ਚੇਰਿਯਾਮ ਦੀਪ
3. ਸਾਂਊਡ ਦੀਪ	3. ਸੁਹੇਲੀ
4. ਮੱਧ ਅੰਡੇਮਾਨ	4. ਕਾਵਾਰੱਤੀ (ਰਾਜਧਾਨੀ)
5. ਰਿੱਚੀ ਦੀਪ	5. ਅਮੀਨ ਦੀਵੀ
6. ਦੱਖਣੀ ਅੰਡੇਮਾਨ	6. ਚੰਟਾਲਾਟ ਦੀਪ
7. ਛੋਟਾ ਅੰਡੇਮਾਨ	7. ਕਾਦਾਮੱਠ ਦੀਪ
8. ਕਾਰ ਨਿਕੋਬਾਰ ਦੀਪ	8. ਅਗਾਤੀ
9. ਨੌਨਕੌਵਰੀ ਦੀਪ	9. ਕਾਲਾਪੀਤੀ ਦੀਪ
10. ਛੋਟਾ ਨਿਕੋਬਾਰ	10. ਕਿਲਤਾਨ
11. ਗ੍ਰੇਟ ਨਿਕੋਬਾਰ	



ਸੰਖੇਪ ਸਾਰ (Summary)

- ਭਾਰਤ ਦੇ ਕੁਲ ਰਕਬੇ ਦਾ 43% ਮੈਦਾਨ, 29.3% ਪਹਾੜੀ ਤੇ 27.7% ਪਠਾਰੀ ਹਿੱਸੇ ਹਨ।
- ਭੂਗੋਲਿਕ ਤੌਰ 'ਤੇ ਭਾਰਤ ਨੂੰ ਪੰਜ ਜਾਂ ਛੇ ਹਿੱਸਿਆਂ ਵਿੱਚ ਵੰਡ ਕੇ ਅਧਿਐਨ ਕੀਤਾ ਜਾਂਦਾ ਹੈ।
- 12 ਕਰੋੜ ਸਾਲ ਪਹਿਲਾਂ, ਹਿਮਾਲਿਆ ਦੀ ਥਾਂ ਟੈਥੀਜ਼ ਨਾਮ ਦਾ ਸਾਗਰ ਹੁੰਦਾ ਸੀ।
- ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਊਂਟ ਐਵਰੈਸਟ ਤੇ ਭਾਰਤ ਦੀ ਗੌਡਵਿਨ ਆਸਟਿਨ ਹੈ।
- ਵੱਡੇ (ਉੱਚਤਮ) ਹਿਮਾਲਿਆ ਵਿੱਚ ਮਸ਼ਹੂਰ ਦਰੇ ਤੇ ਮੱਧ ਹਿਮਾਲਿਆ ਵਿੱਚ ਰਮਣੀਕ ਸ਼ਹਿਰ ਹਨ।
- ਭਾਬਰ, ਤਰਾਈ, ਬਾਂਗਰ, ਖਾਡਰ, ਰੇਹ, ਭੂਰ ਸਭ ਮੈਦਾਨਾਂ ਦੀਆਂ ਕਿਸਮਾਂ ਹਨ।
- ਬਿਸਤ ਤੇ ਬਾਰੀ ਦੋਆਬ ਭਾਰਤ ਵਿੱਚ ਰਚਨਾ ਤੇ ਚੱਜ ਦੋਆਬ ਪਾਕਿਸਤਾਨ ਵਿੱਚ ਪੈਂਦੇ ਹਨ।
- ਸੁੰਦਰਬਨ ਤੋਂ ਭਾਵ ਹੈ, ਸੁੰਦਰੀ ਦੇ ਰੁੱਖਾਂ ਨਾਲ ਭਰਿਆ ਵਣ (ਜੰਗਲ)।
- ਮੱਧ ਭਾਰਤੀ ਪਠਾਰ, ਮਾਲਵਾ ਦੀ ਪਠਾਰ ਤੇ ਦੱਖਣ ਦੀ ਪਠਾਰ ਦੀ ਭਾਰਤੀ ਪਠਾਰੀ ਖੇਤਰ ਹਨ।
- ਥਾਲ ਘਾਟ, ਭੋਰ ਘਾਟ, ਪਾਲ ਘਾਟ ਤੇ ਸ਼ੇਨਕੋਟਾ ਪੱਛਮੀ ਘਾਟ ਦੇ ਦਰੇ ਹਨ।
- ਪੂਰਬੀ ਘਾਟ ਤੇ ਪਠਾਰੀ ਖੇਤਰ ਖਣਿਜ ਪਦਾਰਥਾਂ ਨਾਲ ਲਬਰੇਜ਼ ਹਨ।
- ਕੱਛ, ਕੋਂਕਣ, ਮਾਲਾਬਾਰ, ਕੋਰੋਮੰਡਲ ਤੇ ਉਤਕਲ ਤੱਟਵਰਤੀ ਮੈਦਾਨਾਂ ਦੇ ਹਿੱਸੇ ਹਨ।
- ਭਾਰਤੀ ਟਾਪੂ ਸਮੂਹਾਂ ਵਿੱਚ ਲਗਭਗ 267 ਟਾਪੂ ਸ਼ਾਮਲ ਹਨ।



ੳ ਨਕਸ਼ਾ ਕਾਰਜ (Map Work)

1. ਭਾਰਤ ਦੇ ਰੇਖਾ ਚਿੱਤਰ ਵਿੱਚ ਅੰਕਿਤ ਕਰੋ :
 (*i*) ਕਰਾਕੋਰਮ, ਪੀਰ ਪੰਜਾਲ, ਸ਼ਿਵਾਲਿਕ, ਸਤਪੁੜਾ, ਪਟਕਈ ਬਮ, ਖਾਸੀ ਤੇ ਗਾਰੋ ਪਹਾੜੀਆਂ
 (*ii*) ਕੰਚਨਜੰਗਾ, ਗੌਡਵਿਨ ਆਸਟਿਨ, ਧੌਲਗਿਰੀ, ਗੁਰੂ ਸ਼ਿਖਰ ਤੇ ਅਨਾਈਮੁਦੀ ਚੋਟੀਆਂ
 (*iii*) ਕੋਈ ਪੰਜ ਦਰੇ ਤੇ ਤਿੰਨ ਪਠਾਰੀ ਖੇਤਰ

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਭਾਰਤ ਨੂੰ ਭੂ-ਆਕ੍ਰਿਤਿਕ ਆਧਾਰ 'ਤੇ ਵੰਡ ਕੇ ਦੋ ਭਾਗਾਂ ਦੇ ਨਾਮ ਲਿਖੋ।
2. ਜੇ ਤੁਸੀਂ ਗੁਰੂ ਸ਼ਿਖਰ ਉੱਤੇ ਹੋਵੇ ਤਾਂ ਕਿਹੜੀ ਪਹਾੜੀ ਲੜੀ ਵਿੱਚ ਹੋਵੋਗੇ ?
3. ਭਾਰਤੀ ਉੱਤਰੀ ਮੈਦਾਨ ਦੀ ਮੋਟੇ ਤੌਰ 'ਤੇ ਲੰਬਾਈ-ਚੌੜਾਈ ਕਿੰਨੀ ਹੈ ?
4. ਭਾਰਤੀ ਟਾਪੂਆਂ ਨੂੰ ਕਿਹੜੇ-ਕਿਹੜੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?
5. ਹੇਠ ਲਿਖਿਆਂ ਵਿੱਚੋਂ ਕਿਹੜਾ ਮੈਦਾਨੀ ਭਾਗ ਨਹੀਂ ਹੈ :
 (*i*) ਭਾਂਬਰ (*ii*) ਬਾਂਗਰ
 (*iii*) ਕੇਆਲ (*iv*) ਕੱਲਰ
6. ਇਨ੍ਹਾਂ ਵਿੱਚੋਂ ਕਿਹੜੀ ਝੀਲ ਨਹੀਂ ਹੈ :—
 (*i*) ਸੈਡਲ (*ii*) ਸਾਂਬਰ
 (*iii*) ਚਿਲਕਾ (*iv*) ਵੈਂਬਾਨੰਦ
7. ਇਨ੍ਹਾਂ ਵਿੱਚੋਂ ਕਿਹੜਾ ਨਾਂ ਬਾਕੀਆਂ ਨਾਲੋਂ ਵੱਖਰੀ ਪਛਾਣ ਵਾਲਾ ਹੈ :—
 (*i*) ਸ਼ਾਰਦਾ (*ii*) ਕਾਵੇਰੀ
 (*iii*) ਗੋਮਤੀ (*iv*) ਯਮੁਨਾ
8. ਕਿਹੜੀ ਪਰਬਤ ਸ਼੍ਰੇਣੀ ਹਿਮਾਲਿਆਈ ਨਹੀਂ ਹੈ :—
 (*i*) ਰਕਸ਼ਪੋਸ਼ੀ (*ii*) ਡਫ਼ਲਾ
 (*iii*) ਜਾਸਕਰ (*iv*) ਨੀਲਗਿਰੀ

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਹਿਮਾਲਿਆ ਪਰਬਤ ਦੀ ਸਿਰਜਣਾ (ਉਤਪਤੀ) 'ਤੇ ਨੋਟ ਲਿਖੋ।
2. ਖਾਡਰ ਦੇ ਮੈਦਾਨਾਂ ਬਾਰੇ ਦੱਸੋ, ਇਹ ਬੇਟ ਨਾਲੋਂ ਕਿਵੇਂ ਵੱਖਰੇ ਹਨ ?
3. ਮੱਧ ਹਿਮਾਲਿਆ ਬਾਰੇ ਇੱਕ ਨੋਟ ਲਿਖੋ।
4. ਪੂਰਬੀ ਤੇ ਪੱਛਮੀ ਘਾਟਾਂ ਵਿੱਚ ਕੀ ਅੰਤਰ ਹਨ ?
5. ਭਾਰਤੀ ਦੀਪ ਸਮੂਹਾਂ ਦਾ ਵਰਗੀਕਰਨ ਕਰੋ ਤੇ ਟਾਪੂਆਂ ਦੇ ਨਾਮ ਲਿਖੋ।
6. ਭਾਬਰ ਤੇ ਤਰਾਈ ਵਿੱਚ ਅੰਤਰ ਸਪਸ਼ਟ ਕਰੋ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਪ੍ਰਾਇਦੀਪੀ ਪਠਾਰਾਂ ਤੇ ਉਨ੍ਹਾਂ ਦੀਆਂ ਪਰਬਤ ਲੜੀਆਂ ਬਾਰੇ ਵਿਸਥਾਰ ਵਿੱਚ ਦੱਸੋ।
2. ਗੰਗਾ-ਬ੍ਰਹਮਪੁੱਤਰ ਦੇ ਮੈਦਾਨਾਂ ਦੀ ਬਣਤਰ ਬਾਰੇ ਦੱਸੋ ਤੇ ਉਨ੍ਹਾਂ ਦੀ ਖੇਤਰੀ ਵੰਡ ਕਰੋ।
3. ਭਾਰਤ ਦੇ ਤੱਟਵਰਤੀ ਮੈਦਾਨਾਂ ਦਾ ਵਰਣਨ ਕਰੋ।
4. ਹੇਠ ਲਿਖਿਆਂ 'ਤੇ ਨੋਟ ਲਿਖੋ :
 (*i*) ਰਾਜਸਥਾਨ ਦੇ ਮੈਦਾਨ ਤੇ ਮਾਰੂਥਲ
 (*ii*) ਮਾਲਵਾ ਦੀ ਪਠਾਰ
 (*iii*) ਉੱਚਤਮ ਹਿਮਾਲਿਆ
5. ਹਿਮਾਲਿਆ ਪਰਬਤ ਤੇ ਦੱਖਣ ਦੀ ਪਠਾਰ ਦੇ ਲਾਭਾਂ ਦੀ ਤੁਲਨਾ ਕਰੋ।

❖ ❖ ❖


2(b)

ਪੰਜਾਬ : ਧਰਾਤਲ/ਭੂ-ਆਕ੍ਰਿਤੀਆਂ

(Punjab : Physiographic Units)

ਜਾਣ ਪਛਾਣ

ਅਸੀਂ ਸਾਰੇ ਪੰਜਾਬ ਦੇ ਭੌਤਿਕ ਸਰੂਪ ਨਾਲ ਤਾਂ ਜਾਣੂ ਹਾਂ। ਪੰਜਾਬ ਦੇ ਮੈਦਾਨ ਸੰਸਾਰ ਦੇ ਸਭ ਤੋਂ ਵੱਧ ਉਪਜਾਊ ਮੈਦਾਨਾਂ ਵਿੱਚੋਂ ਹਨ। ਪੰਜਾਬ ਦੇ ਧਰਾਤਲੀ ਨਕਸ਼ੇ 'ਤੇ ਸਰਸਰੀ ਨਜ਼ਰ ਮਾਰੀਏ ਤਾਂ ਜ਼ਿਆਦਾਤਰ ਹਿੱਸਾ ਮੈਦਾਨੀ ਹੀ ਜਾਪਦਾ ਹੈ ਹਾਲਾਂਕਿ ਭੂਗੋਲਿਕ ਦ੍ਰਿਸ਼ਟੀ ਅਤੇ ਭੂ-ਵਿਗਿਆਨ ਬਣਤਰ ਦੇ ਤੌਰ 'ਤੇ ਇਸ ਵਿੱਚ ਕਾਫ਼ੀ ਵਖਰੇਵਾਂ ਹੈ।



ਨਕਸ਼ਾ : ਪੰਜਾਬ ਧਰਾਤਲ

ਪੰਜਾਬ ਦੇ ਪੂਰਬ ਅਤੇ ਉੱਤਰ ਪੂਰਬ ਵਿੱਚ ਸ਼ਿਵਾਲਿਕ ਦੇ ਪਹਾੜ ਹਨ। ਪੰਜਾਬ ਦੇ ਦੱਖਣ ਪੱਛਮ ਹਿੱਸੇ ਵਿੱਚ ਰੇਤ ਦੇ ਟਿੱਬੇ ਵੀ ਮਿਲਦੇ ਹਨ। ਪੰਜਾਬ ਦੇ ਧਰਾਤਲ ਨੂੰ ਅਸੀਂ ਹੇਠ ਲਿਖੇ ਖੇਤਰਾਂ ਵਿੱਚ ਵੰਡ ਸਕਦੇ ਹਾਂ–


ਸ਼ਿਵਾਲਿਕ ਦੇ ਪਹਾੜ (The Shiwalik Hills)

(*i*) ਰਾਵੀ ਤੋਂ ਬਿਆਸ ਦਰਿਆ ਤੱਕ, ਗੁਰਦਾਸਪੁਰ–ਪਠਾਨਕੋਟ ਸ਼ਿਵਾਲਿਕ (*ii*) ਬਿਆਸ ਤੋਂ ਸਤਲੁਜ ਦਰਿਆ ਤੱਕ, ਹੁਸ਼ਿਆਰਪੁਰ ਸ਼ਿਵਾਲਿਕ (*iii*) ਸਤਲੁਜ ਤੋਂ ਘੱਗਰ ਤੱਕ, ਰੋਪੜ ਸ਼ਿਵਾਲਿਕ

ਸ਼ਿਵਾਲਿਕ ਦੇ ਪਹਾੜ ਬਾਹਰੀ ਹਿਮਾਲਿਆ ਦਾ ਹਿੱਸਾ ਹਨ ਤੇ ਪੰਜਾਬ ਦੇ ਪੂਰਬ ਵਿੱਚ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਖੇਤਰ ਵਿੱਚ 280 ਕਿਲੋਮੀਟਰ ਦੀ ਲੰਬਾਈ ਵਿੱਚ ਫੈਲੇ ਹੋਏ ਹਨ। ਇਸ ਪਹਾੜੀ ਲੜੀ ਦੀ ਔਸਤ ਚੌੜਾਈ 5 ਤੋਂ 12 ਕਿਲੋਮੀਟਰ ਤੱਕ ਹੈ ਅਤੇ ਸਮੁੰਦਰ ਤੱਲ ਤੋਂ ਔਸਤ ਉੱਚਾਈ 600 ਤੋਂ 1500 ਮੀਟਰ ਤੱਕ ਹੈ।

ਸ਼ਿਵਾਲਿਕ ਦੀ ਉਤਪਤੀ (The Origin of Shiwaliks)

ਸ਼ਿਵਾਲਿਕ ਦੇ ਪਹਾੜ ਹਿਮਾਲਿਆ ਪਰਬਤ ਸ਼੍ਰੇਣੀ ਬਣਨ ਵੈਲੇ ਟੈਥੀਜ਼ (Tethys Geosycline) ਸਾਗਰ ਵਿੱਚ ਜਮ੍ਹਾਂ ਹੋਏ ਗਾਰੇ, ਚੀਕਣੀ ਮਿੱਟੀ, ਕੌਂਗਲੋਮੀਰੇਟ, ਕੰਕਰ–ਪੱਥਰਾਂ ਆਦਿ ਦੇ ਜਮ੍ਹਾਂ ਹੋ ਕੇ ਉੱਚੇ ਉੱਠਣ ਨਾਲ ਬਣੇ ਹਨ। ਇਕ ਵਿਚਾਰ ਅਨੁਸਾਰ ਮੱਧ ਮਾਯੋਸੀਨ (Middle Miocene) ਕਾਲ ਵਿੱਚ ਹਿਮਾਲਿਆ ਦੇ ਬਣਨ ਵੇਲੇ, ਹਿਮਾਲਿਆ ਦੇ ਸਾਹਮਣੇ ਇਕ ਨਾਂ–ਮਾਤਰ ਡੂੰਘ (Foredeep) ਜਾਂ ਛਿੱਛਲਾ ਸਾਗਰ (Logoon) ਹੋਂਦ ਵਿੱਚ ਆ ਗਿਆ। ਲੱਖਾਂ ਸਾਲਾਂ ਤੱਕ ਇਸ ਵਿੱਚ ਨਿਖੇਪ ਹੁੰਦਾ ਰਿਹਾ ਅਤੇ ਗੋਂਡਵਾਨਾ ਲੈਂਡ ਦੇ ਯੂਰੇਸ਼ੀਆ ਪਲੇਟ ਨਾਲ ਟਕਰਾਉਣ ਕਾਰਨ ਇਹ ਨਿਖੇਪ ਉੱਚੇ ਉੱਠ ਕੇ ਪਹਾੜਾਂ ਦਾ ਰੂਪ ਧਾਰਨ ਕਰ ਗਏ।



ਨਕਸ਼ਾ : ਪੰਜਾਬ ਭੂ ਆਕ੍ਰਿਤੀਆਂ

(*i*) ਗੁਰਦਾਸਪੁਰ-ਪਠਾਨਕੋਟ ਸ਼ਿਵਾਲਿਕ (Gurdaspur-Pathankot Shiwalik) : ਇਹ ਪਹਾੜੀ ਲੜੀ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਫ਼ੈਲੀ ਹੋਈ ਹੈ। ਪਠਾਨਕੋਟ ਜ਼ਿਲ੍ਹੇ ਦਾ ਧਾਰ ਕਲਾਂ ਬਲਾਕ ਪੂਰੀ ਤਰ੍ਹਾਂ ਸ਼ਿਵਾਲਿਕ ਦੇ ਪਹਾੜਾਂ ਵਿੱਚ ਪੈਂਦਾ ਹੈ। ਇਹਨਾਂ ਪਹਾੜਾਂ ਦੀ ਔਸਤ ਉੱਚਾਈ 1000 ਮੀਟਰ ਦੇ ਲਗਭਗ ਹੈ। ਇਸ ਖੇਤਰ ਦੀਆਂ ਪਹਾੜੀ ਢਲਾਨਾਂ ਪਾਣੀ ਦੇ ਤੇਜ਼ ਕਟਾਅ ਕਾਰਨ ਡੂੰਘੀਆਂ ਖੱਡਾਂ (Gullies) ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਇਸ ਖੇਤਰ ਵਿੱਚ ਵਗਣ ਵਾਲੇ ਮੌਸਮੀ ਦਰਿਆ (Seasonal River) ਚੱਕੀ ਖੱਡ ਤੇ ਉਸਦੀਆਂ ਸਹਾਇਕ ਨਦੀਆਂ ਬਿਆਸ ਦਰਿਆ ਵਿੱਚ ਡਿੱਗਦੇ ਹਨ।

(*ii*) ਹੁਸ਼ਿਆਰਪੁਰ ਸ਼ਿਵਾਲਿਕ (Hoshiarpur Shiwalik Range) : ਹੁਸ਼ਿਆਰਪੁਰ ਸ਼ਿਵਾਲਿਕ, ਬਿਆਸ ਅਤੇ ਸਤਲੁਜ ਦਰਿਆਵਾਂ ਵਿਚਾਲੇ ਪੈਂਦੇ ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਅਤੇ ਰੂਪਨਗਰ ਜ਼ਿਲ੍ਹੇ ਦੇ ਨੂਰਪੁਰ ਬੇਦੀ ਬਲਾਕ ਵਿਚਾਲੇ 130 ਕਿਲੋਮੀਟਰ ਦੀ ਲੰਬਾਈ ਅਤੇ 5-8 ਕਿਲੋਮੀਟਰ ਚੌੜਾਈ ਵਿੱਚ ਫੈਲੇ ਹੋਏ ਹਨ। ਇਹ ਉੱਤਰ ਵਿੱਚ ਜ਼ਿਆਦਾ ਚੌੜੇ ਅਤੇ ਦੱਖਣ ਵਿੱਚ ਨੀਵੇਂ ਤੇ ਸੌੜੇ (Narrow) ਹੋ ਜਾਂਦੇ ਹਨ। ਇਸਦਾ ਸਭ ਤੋਂ ਉੱਚਾ ਬਲਾਕ ਤਲਵਾੜਾ ਹੈ, ਜਿਸਦੀ ਉੱਚਾਈ 741 ਮੀਟਰ ਤੱਕ ਹੈ। ਸ਼ਿਵਾਲਿਕ ਦੀਆਂ ਇਹ ਢਲਾਨਾਂ ਦੀ ਨਾਲੀਦਾਰ ਅਪਰਦਨ (Gully Erosion) ਦਾ ਬੁਰੀ ਤਰ੍ਹਾਂ ਸ਼ਿਕਾਰ ਹਨ ਅਤੇ ਬਹੁਤ ਜ਼ਿਆਦਾ ਕੱਟੀਆਂ ਫਟੀਆਂ ਹਨ। ਔਸਤਨ ਹਰ ਇਕ ਕਿਲੋਮੀਟਰ ਬਾਅਦ ਇਕ ਚੋਅ (Choe) ਆਉਂਦਾ ਹੈ। ਇਹਨਾਂ ਚੋਆਂ ਦੇ ਸਿਖਰ ਮੁੱਖ ਅਪਰਦਨ (Headward Erosion) ਕਾਰਨ ਇਹ ਪਹਾੜ ਕਈ ਜਗ੍ਹਾਂ ਤੋਂ ਕੱਟ ਹੋਏ ਹਨ। ਹੁਸ਼ਿਆਰਪੁਰ ਦੇ ਦੱਖਣ ਵਿੱਚ ਇਸਨੂੰ ਕਟਾਰ ਕੀ ਧਾਰ ਵੀ ਕਿਹਾ ਜਾਂਦਾ ਹੈ। ਇਸਦਾ ਵਿਚਕਾਰਲਾ ਭਾਗ ਗੜ੍ਹਸ਼ੰਕਰ ਦੇ ਪੂਰਬ ਵਿੱਚ ਸਥਿਤ ਹੈ। ਕੋਟ, ਮੈਰਾਂ, ਡੱਲੇ ਕੀ ਖੱਡ ਇਥੇ ਕੁਝ ਪ੍ਰਮੁੱਖ ਚੋਅ ਹਨ।

(*iii*) ਰੋਪੜ ਸ਼ਿਵਾਲਿਕ : ਸ਼ਿਵਾਲਿਕ ਦੀ ਇਹ ਲੜੀ ਸਤਲੁਜ ਅਤੇ ਘੱਗਰ ਦਰਿਆਵਾਂ ਦੇ ਵਿਚਕਾਰ ਰੂਪਨਗਰ (ਰੋਪੜ) ਜ਼ਿਲ੍ਹੇ ਵਿੱਚ ਹਿਮਾਚਲ ਪ੍ਰਦੇਸ਼ ਦੀ ਸਰਹੱਦ ਦੇ ਉੱਤਰ-ਪੱਛਮ ਤੋਂ ਦੱਖਣ-ਪੂਰਬ ਵੱਲ ਸਥਿਤ ਹੈ। ਇਹ ਪਹਾੜ ਉੱਤਰ ਵਿੱਚ ਨੰਗਲ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਨੇੜੇ ਘੱਗਰ ਦਰਿਆ ਤੱਕ ਚਲਦੇ ਹਨ। ਇਸਦੀ ਲੰਬਾਈ 90 ਕਿਲੋਮੀਟਰ ਤੱਕ ਹੈ। ਇਹ ਲੜੀ ਦੀ ਨਿਰੰਤਰਤਾ (Continuity) ਸਤਲੁਜ ਦੀ ਸਹਾਇਕ ਨਦੀ ਸਰਸਾ ਕਾਰਨ ਟੁੱਟ ਜਾਂਦੀ ਹੈ। ਦੂਸਰੀਆਂ ਸ਼ਿਵਾਲਿਕ ਲੜੀਆਂ ਦੀ ਤਰ੍ਹਾਂ ਇਹ ਲੜੀ ਵੀ ਮੌਸਮੀ ਚੋਆਂ ਨਾਲ ਭਰੀ ਹੋਈ ਹੈ। ਇਥੇ ਇਹਨਾਂ ਚੋਆਂ ਨੂੰ ਰੌਅ ਅਤੇ ਘਾੜ (Rao & Ghar) ਵੀ ਆਖਿਆ ਜਾਂਦਾ ਹੈ।

ਕੰਡੀ ਖੇਤਰ (The Kandi Area) : ਪੰਜਾਬ ਦੇ ਸ਼ਿਵਾਲਿਕ ਪਹਾੜਾਂ ਦੇ ਪੱਛਮ ਵੱਲ ਅਤੇ ਰੂਪਨਗਰ (ਰੋਪੜ) ਜ਼ਿਲ੍ਹੇ ਦੀ ਨੂਰਪੁਰ ਬੇਦੀ ਤਹਿਸੀਲ ਦੇ ਪੂਰਬ ਵੱਲ ਕੱਟੇ ਵੱਢੇ ਲਹਿਰੀਏਦਾਰ (Dissected Undualting) ਮੈਦਾਨ ਮਿਲਦੇ ਹਨ ਜਿਸਨੂੰ ਸਥਾਨਕ ਭਾਸ਼ਾ ਵਿੱਚ ਕੰਡੀ ਦਾ ਇਲਾਕਾ ਕਿਹਾ ਜਾਂਦਾ ਹੈ। ਇਹ ਖੇਤਰ ਪੰਜਾਬ ਦੇ 5 ਜ਼ਿਲ੍ਹਿਆਂ ਅਤੇ 22 ਬਲਾਕ ਵਿੱਚ 5 ਲੱਖ ਹੈਕਟੇਅਰ ਵਿੱਚ ਫੈਲਿਆ ਹੋਇਆ ਹੈ, ਜੋ ਰਾਜ ਦੇ ਕੁੱਲ ਖੇਤਰਫਲ ਦਾ 10% ਬਣਦਾ ਹੈ। ਪੰਜਾਬ ਸਰਕਾਰ ਨੇ ਡੇਰਾ ਬੱਸੀ-ਚੰਡੀਗੜ੍ਹ-ਰੋਪੜ-ਬਲਾਚੌਰ-ਹੁਸ਼ਿਆਰਪੁਰ-ਮੁਕੇਰੀਆਂ ਦਾ ਸਾਰਾ ਅਜਿਹਾ ਖੇਤਰ, ਕੰਡੀ ਖੇਤਰ ਵਜੋਂ ਨੋਟੀਫਾਈ ਕੀਤਾ ਹੋਇਆ ਹੈ।

ਇਸ ਖੇਤਰ ਦੀਆਂ ਮਿੱਟੀਆਂ ਮੁਸਾਮਦਾਰ (Porous) ਹਨ ਇਹ ਪੂਰਾ ਖੇਤਰ ਚੋਆਂ ਨਾਲ ਭਰਿਆ ਹੋਇਆ ਹੈ ਅਤੇ ਸ਼ਿਵਾਲਿਕ ਦੇ ਨਾਲ ਨਾਲ ਸੌੜੀ ਪੱਟੀ (Narrow Belt) ਦੇ ਰੂਪ ਵਿੱਚ 300 ਮੀਟਰ ਤੋਂ 400 ਮੀਟਰ ਦੀਆਂ ਸਮਉੱਚ ਰੇਖਾਵਾਂ (Contours) ਦੀ ਉੱਚਾਈ ਵਿੱਚ ਫ਼ੈਲਿਆ ਹੋਇਆ ਹੈ। ਇਸਦੇ ਹਰ ਇਕ ਕਿਲੋਮੀਟਰ 'ਤੇ ਇਕ ਚੋਅ ਮਿਲਦਾ ਹੈ। ਕੰਡੀ ਖੇਤਰ ਦਾ ਨਿਰਮਾਣ ਸ਼ਿਵਾਲਿਕ ਦੇ ਪੈਰਾਂ ਵਿੱਚ ਜਲੋਢੀ ਪੱਖਿਆਂ (Alluvial Fans) ਦੇ ਆਪਸ ਵਿੱਚ ਮਿਲਣ ਕਾਰਨ ਬਣੇ ਪਹਾੜ ਪੈਰੀਂ ਮੈਦਾਨਾਂ (Foothills Plains) ਦੇ ਹੋਂਦ ਵਿੱਚ

ਆਉਣ ਨਾਲ ਬਣਿਆ ਹੈ। ਇਸ ਖੇਤਰ ਵਿੱਚ ਧਰਤੀ ਹੇਠਲਾ ਪਾਣੀ ਕਾਫੀ ਨੀਵਾਂ ਹੈ। ਆਨੰਦਪੁਰ ਸਾਹਿਬ ਨੇੜੇ ਕੰਡੀ ਖੇਤਰ ਨੂੰ ਚੰਗਰ ਅਤੇ ਸਰਸਾ ਨਦੀ ਨੇੜੇ ਖੇਤਰਾਂ ਵਿੱਚ ਘਾੜ ਕਿਹਾ ਜਾਂਦਾ ਹੈ।

2. ਵਿਸ਼ਾਲ ਜਲੋਢੀ ਮੈਦਾਨ (Alluvial Plains) : ਪੰਜਾਬ ਦਾ 70% ਭੂ-ਭਾਗ ਪੱਧਰੇ ਜਲੋਢ ਦੇ ਮੈਦਾਨ ਹਨ। ਇਹ ਮੈਦਾਨ ਤਿੰਨ ਪ੍ਰਮੁੱਖ ਭੂਗੋਲਿਕ ਇਕਾਈਆਂ ਵਿੱਚ ਵੰਡੇ ਹੋਏ ਹਨ।

ਦੋਆਬ : ਦੋ ਦਰਿਆਵਾਂ ਵਿਚਕਾਰਲਾ ਇਲਾਕਾ

ਪੰਜਾਬ ਦੇ ਜਲੋਢੀ ਮੈਦਾਨ

ਬਾਰੀ ਦੋਆਬ (ਬਿਆਸ-ਰਾਵੀ)	ਬਿਸਤ ਦੋਆਬ (ਬਿਆਸ-ਸਤਲੁਜ)	ਸਿਜ ਦੋਆਬ (ਸਤਲੁਜ-ਜਮਨਾ)
ਰਾਵੀ-ਸੱਕੀ ਕਿਰਨ	ਪੱਛਮੀ ਦੋਆਬ	ਕੋਟਕਪੂਰਾ ਪਠਾਰ
ਸੱਕੀ ਕਿਰਨ-ਉਦਿਆਰਾ	ਮੰਜਕੀ ਦੋਆਬ	ਨੈਲੀ
ਉਦਿਆਰਾ-ਕਸੂਰ	ਢੱਕ ਦੋਆਬ	ਪੁਆਧ
ਕਸੂਰ-ਪੱਟੀ		ਹੜ੍ਹਾਂ ਦੇ ਮੈਦਾਨ
ਪੱਟੀ-ਬਿਆਸ	ਬੇਟ/ਖਾਡਰ	ਰੇਤਲੇ ਟਿੱਬੇ

ਪੰਜਾਬ ਦੇ ਮੈਦਾਨ


ਪੰਜਾਬ ਵਿੱਚ ਰਾਵੀ ਤੇ ਬਿਆਸ ਦਰਿਆਵਾਂ ਵਿਚਕਾਰਲਾ ਖੇਤਰ ਬਾਰੀ ਦੋਆਬ ਹੈ ਇਸ ਇਲਾਕੇ ਨੂੰ 'ਮਾਝੇ ਦਾ ਇਲਾਕਾ' ਵੀ ਕਿਹਾ ਜਾਂਦਾ ਹੈ। ਇਸ ਵਿੱਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਜ਼ਿਲ੍ਹੇ ਆਉਂਦੇ ਹਨ। ਬਿਸਤ-ਦੋਆਬ ਬਿਆਸ ਅਤੇ ਸਤਲੁਜ ਦਰਿਆਵਾਂ ਵਿਚਕਾਰਲਾ ਇਲਾਕਾ ਹੈ ਜਿਸ ਵਿੱਚ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਤੇ ਜ਼ਿਲ੍ਹੇ ਆਉਂਦੇ ਹਨ। ਮਾਲਵਾ ਸਭ ਤੋਂ ਵੱਡਾ ਖੇਤਰ ਹੈ ਇਸ ਵਿੱਚ ਫਿਰੋਜ਼ਪੁਰ, ਫਰੀਦਕੋਟ ਦੇ ਉੱਤਰੀ ਭਾਗ, ਮੋਗਾ, ਲੁਧਿਆਣਾ, ਬਰਨਾਲਾ, ਸੰਗਰੂਰ, ਪਟਿਆਲਾ, ਪੱਛਮੀ, ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), ਫਤਿਹਗੜ੍ਹ ਸਾਹਿਬ ਆਦਿ ਜ਼ਿਲ੍ਹੇ ਆਉਂਦੇ ਹਨ।

ਪੰਜਾਬ ਦੇ ਮੈਦਾਨ ਦੀ ਉੱਤਪਤੀ (The Origin of Punjab Plains) : ਪੰਜਾਬ ਦੇ ਮੈਦਾਨ ਗੰਗਾ ਅਤੇ ਸਿੰਧ ਦੇ ਮੈਦਾਨਾਂ ਦਾ ਹਿੱਸਾ ਹਨ। ਇਹ ਮੈਦਾਨ ਸਿੰਧ ਅਤੇ ਉਸ ਦੀਆਂ ਸਹਾਇਕ ਨਦੀਆਂ ਰਾਵੀ, ਬਿਆਸ, ਸਤਲੁਜ ਅਤੇ ਇਹਨਾਂ ਦੀਆਂ ਸਹਾਇਕ ਨਦੀਆਂ ਦੁਆਰਾ ਹਿਮਾਲਿਆ ਤੋਂ ਖੋਰ ਕੇ ਲਿਆਂਦੀ ਮਿੱਟੀ ਦੇ ਜਮ੍ਹਾਂ ਹੋਣ ਨਾਲ ਬਣੇ ਹਨ। ਮੈਦਾਨਾਂ ਦੀ ਸਮੁੰਦਰ ਤੱਲ ਤੋਂ ਔਸਤ ਉੱਚਾਈ 200 ਤੋਂ 300 ਮੀਟਰ ਤੱਕ ਹੈ। ਇਹਨਾਂ ਦੀ ਢਲਾਣ ਪੂਰਬ ਤੋਂ ਪੱਛਮ ਵੱਲ ਹੈ।

ਬੇਟ ਅਤੇ ਖਾਡਰ ਮੈਦਾਨ

ਮੈਦਾਨਾਂ ਵਿੱਚ ਨਦੀਆਂ ਨੇ ਸਮੇਂ ਸਮੇਂ 'ਤੇ ਆਪਣੇ ਰਸਤੇ ਬਦਲੇ ਹਨ। ਇਸ ਕਾਰਨ ਇਨ੍ਹਾਂ ਨਦੀਆਂ ਦੇ ਕੰਡਿਆਂ 'ਤੇ ਢਾਹੇ ਬਣ ਗਏ ਹਨ। ਇਹਨਾਂ ਦੀ ਉਚਾਈ 1 ਮੀਟਰ ਤੋਂ 6 ਮੀਟਰ ਤੱਕ ਹੋ ਸਕਦੀ ਹੈ। ਸੜਕ ਦੇ ਰਸਤੇ ਜਲੰਧਰ ਤੋਂ ਲੁਧਿਆਣੇ ਜਾਂਦੇ ਹੋਏ ਸਤਲੁਜ ਦੇ ਪੁੱਲ ਤੋਂ ਪਹਿਲਾਂ ਫਿਲੌਰ ਵਿੱਚ ਇਸ ਤਰ੍ਹਾਂ ਦਾ ਢਾਹਾ (Dhaiya) ਦੇਖਿਆ ਜਾ ਸਕਦਾ ਹੈ।

ਸਤਲੁਜ ਦਰਿਆ ਦੇ ਕੰਢੇ ਦੇ ਨਾਲ ਢਾਹੇ (Bluffs)



ਬੇਟ ਜਾਂ ਖਾਡਰ ਦਾ ਖੇਤਰ ਨਦੀਆਂ ਦੇ ਕੰਢਿਆਂ ਦਾ ਨੇੜਲਾ ਇਲਾਕਾ ਹੁੰਦਾ ਹੈ। ਇਹਨਾਂ ਨੀਵੇਂ ਇਲਾਕਿਆਂ ਵਿੱਚ ਹਰ ਸਾਲ ਹੜ੍ਹਾਂ ਦੇ ਪਾਣੀ ਦੇ ਆਉਣ ਨਾਲ ਨਵੀਂ ਮਿੱਟੀ ਭਰ ਜਾਂਦੀ ਹੈ। ਪੰਜਾਬ ਵਿੱਚ ਨਦੀ ਕੰਢੇ ਦੇ ਇਹਨਾਂ ਖੇਤਰਾਂ ਨੂੰ ਮੰਡ, ਬੇਟ ਤੱਲਾ, ਚੰਗਰ ਅਤੇ ਘਾੜ ਵੀ ਕਿਹਾ ਜਾਂਦਾ ਹੈ। ਅਨੰਦਪੁਰ ਸਾਹਿਬ ਨੇੜੇ ਇਸ ਤਰ੍ਹਾਂ ਦੇ ਨੀਵੇਂ ਇਲਾਕੇ ਨੂੰ 'ਬੇਲਾ' ਵੀ ਕਿਹਾ ਜਾਂਦਾ ਹੈ। ਨਦੀਆਂ ਤੋਂ ਦੂਰ ਉੱਚੇ ਇਲਾਕੇ ਨੂੰ ਬਾਂਗ ਕਹਿੰਦੇ ਹਨ। ਇਹ ਪੁਰਾਣੀ ਮਿੱਟੀ ਦੇ ਬਣੇ ਹੋਏ ਹੁੰਦੇ ਹਨ।

ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ ਦੇ ਮੈਦਾਨਾਂ ਨੂੰ 5 ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ—

(*i*) ਚੋਆਂ ਵਾਲੇ ਇਲਾਕੇ ਦੇ ਮੈਦਾਨ

(*ii*) ਹੜ੍ਹਾਂ ਦੇ ਮੈਦਾਨ

(*iii*) ਨੈਲੀ

(*iv*) ਜਲੋਢ ਦੇ ਮੈਦਾਨ

(*v*) ਉੱਚੀ ਭੂਮੀ ਦੇ ਜਲੋਢ ਮੈਦਾਨਾਂ ਵਿਚਾਲੇ ਰੇਤਲੇ ਟਿੱਬੇ

(*i*) ਚੋਆਂ ਵਾਲੇ ਇਲਾਕੇ ਦੇ ਮੈਦਾਨ : ਇਹ ਮੈਦਾਨ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ (Foothills) ਵਿੱਚ ਸਥਿਤ ਹਨ। ਇਹ ਇਲਾਕਾ ਚੋਆਂ ਨਾਲ ਭਰਿਆ ਹੋਇਆ ਹੈ। ਬਰਸਾਤ ਦੇ ਮੌਸਮ ਵਿੱਚ ਇਹਨਾਂ ਚੋਆਂ ਵਿੱਚ ਅਕਸਰ ਹੜ੍ਹ ਆ ਜਾਂਦੇ ਹਨ, ਜਿਸ ਨਾਲ ਜਾਨ ਮਾਲ ਦਾ ਬਹੁਤ ਨੁਕਸਾਨ ਹੁੰਦਾ ਹੈ। ਇਨ੍ਹਾਂ ਮੈਦਾਨਾਂ ਦੀ ਮਿੱਟੀ ਵਿੱਚ ਕੰਕਰ ਮਿਲਦੇ ਹਨ। ਇਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫੀ ਨੀਵਾਂ ਹੈ।

(ii) ਹੜ੍ਹਾਂ ਦੇ ਮੈਦਾਨ : ਇਹਨਾਂ ਮੈਦਾਨਾਂ ਵਿੱਚ ਰਾਵੀ, ਬਿਆਸ ਅਤੇ ਸਤਲੁਜ ਨਦੀਆਂ ਦੇ ਹੜ੍ਹਾਂ ਦੇ ਮੈਦਾਨ ਸ਼ਾਮਲ ਕੀਤੇ ਜਾਂਦੇ ਹਨ। ਇਹਨਾਂ ਹੜ੍ਹਾਂ ਦੇ ਮੈਦਾਨਾਂ ਨੂੰ ਬੇਟ ਦੇ ਮੈਦਾਨ ਕਿਹਾ ਜਾਂਦਾ ਹੈ। ਪੰਜਾਬ ਵਿੱਚ ਫਿਲੌਰ ਬੇਟ, ਆਨੰਦਪੁਰ ਬੇਟ ਨਕੋਦਰ ਬੇਟ ਇਸ ਦੀਆਂ ਉਦਾਹਰਨਾਂ ਹਨ।

(iii) ਨੈਲੀ : ਪੰਜਾਬ ਦੇ ਦੱਖਣ ਪੂਰਬ ਵਿੱਚ ਘੱਗਰ ਨਦੀ ਦੁਆਰਾ ਨਿਰਮਾਣ ਕੀਤੇ ਗਏ ਜਲੋਢੀ ਮੈਦਾਨ ਨੂੰ ਸਥਾਨਕ ਭਾਸ਼ ਵਿੱਚ ਨੈਲੀ ਕਹਿੰਦੇ ਹਨ। ਇਲ ਨੈਲੀਆਂ ਬਰਸਾਤਾਂ ਵਿੱਚ ਹੜ੍ਹਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਘੜਾਮ, ਸਮਾਣਾ ਤੇ ਮਾਨਸਾ ਇਸ ਦੀਆਂ ਮੁੱਖ ਉਦਾਹਰਨਾਂ ਹਨ।

(iv) ਜਲੋਢ ਦੇ ਮੈਦਾਨ : ਬਾਰੀ ਤੇ ਬਿਸਤ ਦੁਆਬ ਦੇ ਇਲਾਕੇ ਜਲੋਢੀ ਮਿੱਟੀ ਨਾਲ ਬਣੇ ਹੋਏ ਹਨ। ਇਹਨਾਂ ਵਿੱਚ ਖਾਡਰ ਤੇ ਬਾਂਗਰ ਦੋਵੇਂ ਤਰ੍ਹਾਂ ਦੀਆਂ ਮਿੱਟੀਆਂ ਸ਼ਾਮਲ ਹਨ।

(v) ਜਲੋਢੀ ਮੈਦਾਨਾਂ ਵਿਚਾਲੇ ਰੇਤਲੇ ਟਿੱਬੇ : ਸਤਲੁਜ ਦਰਿਆ ਦੇ ਦੱਖਣੀ ਭਾਗਾਂ ਵਿੱਚ ਪਾਣੀ ਦਾ ਵਹਾਅ ਘੱਗਰ ਨਦੀ ਵੱਲ ਨੂੰ ਹੈ। ਹੜ੍ਹਾਂ ਦੇ ਦਿਨਾਂ ਵਿੱਚ ਇਸ ਖੇਤਰ ਵਿੱਚੋਂ ਪਾਣੀ ਵਹਿਣ ਨਾਲ ਕਿਤੇ ਕਿਤੇ ਰੇਤ ਦੇ ਟਿੱਬੇ ਬਣ ਗਏ ਹਨ। ਹੜ੍ਹਾਂ ਤੋਂ ਬਚਾਅ ਲਈ ਕਈ ਥਾਵਾਂ 'ਤੇ ਡਰੇਨਾਂ ਕੱਢੀਆਂ ਗਈਆਂ ਹਨ। ਇਹਨਾਂ ਟਿੱਬਿਆਂ ਨੂੰ ਵਾਹੀਯੋਗ ਬਣਾ ਲਿਆ ਗਿਆ ਹੈ।

3. ਦੱਖਣ ਪੱਛਮੀ ਰੇਤਲੇ ਟਿੱਬੇ : ਪੰਜਾਬ ਦੇ ਦੱਖਣ-ਪੱਛਮ ਵਿੱਚ ਰਾਜਸਥਾਨ ਨਾਲ ਲਗਦੀ ਸਰਹੱਦ 'ਤੇ ਰੇਤਲੇ ਟਿੱਬੇ ਆਮ ਮਿਲਦੇ ਹਨ। ਇਸ ਖੇਤਰ ਦੀ ਜਲਵਾਯੂ ਅਰਧ ਖੁਸ਼ਕ (Sam Arid) ਹੈ। ਇਸ ਤਰ੍ਹਾਂ ਦੇ ਟਿੱਬੇ ਆਮ ਤੌਰ 'ਤੇ ਬਠਿੰਡਾ, ਮਾਨਸਾ, ਫਾਜ਼ਿਲਕਾ, ਫਰੀਦਕੋਟ, ਸੰਗਰੂਰ, ਮੁਕਤਸਰ ਅਤੇ ਪਟਿਆਲਾ ਜ਼ਿਲਿਆਂ ਦੇ ਦੱਖਣੀ ਭਾਗਾਂ ਅਤੇ ਫਿਰੋਜ਼ਪੁਰ ਜ਼ਿਲੇ ਦੇ ਮੱਧਵਰਤੀ ਭਾਗਾਂ ਵਿੱਚ ਮਿਲਦੇ ਹਨ। ਇਹਨਾਂ ਟਿੱਬਿਆਂ ਦੀ ਢਲਾਣ ਟੇਢੀ ਮੇਢੀ (Assymetrical) ਹੈ। ਪੰਜਾਬ ਵਿੱਚ ਰੇਤ ਦੇ ਟਿੱਬੇ ਪੱਧਰੇ ਕਰਕੇ ਵਾਹੀਯੋਗ ਬਣਾ ਦਿੱਤੇ ਗਏ ਹਨ ਅਤੇ ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਸਿੰਚਾਈ ਦੀ ਮਦਦ ਨਾਲ ਇਸ ਖੇਤਰ ਵਿੱਚ ਸਫਲਤਾਪੂਰਵਕ ਖੇਤੀਬਾੜੀ ਕੀਤੀ ਹੈ ਜਿਸ ਨਾਲ ਕੁਦਰਤੀ ਭੂਗੋਲਿਕ ਵਿਸ਼ੇਸ਼ਤਾ ਲਗਭਗ ਲੁਪਤ ਹੋ ਗਈ ਹੈ।

ਸੰਖੇਪ ਸਾਰ (Summary)

- ਦੋਆਬ ਤੋਂ ਭਾਵ ਹੈ, ਦੋ ਦਰਿਆਵਾਂ ਵਿਚਾਲੇ ਪੈਂਦੀ ਜਾਂ ਦੋ ਦਰਿਆਵਾਂ ਦੀ ਧਰਤੀ।
- ਸ਼ਿਵਾਲਿਕ ਪਹਾੜ, ਹਿਮਾਲਿਆ ਪਰਬਤ ਦੀ ਪੰਜਾਬ ਨੂੰ ਛੂੰਹਦੀ ਲੜੀ ਹਨ।
- ਗੁਰਦਾਸਪੁਰ-ਪਠਾਨਕੋਟ, ਹੁਸ਼ਿਆਰਪੁਰ, ਰੋਪੜ ਸ਼ਿਵਾਲਿਕ ਲੜੀ ਦੇ ਅਧਿਐਨ ਲਈ ਕੀਤੇ ਹਿੱਸੇ ਹਨ।
- ਕੰਡੀ ਤੋਂ ਭਾਵ ਪਹਾੜ-ਪੈਰ ਦਾ ਉਹ ਇਲਾਕਾ ਜੋ ਚੋਆਂ ਨੇ ਝੰਬਿਆ ਹੋਇਆ ਹੈ।
- ਬਾਰੀ ਦੋਆਬ ਦਾ ਇੱਕ ਹੋਰ ਨਾਮ ਮਾਝਾ ਵੀ ਹੈ।
- ਮੰਡ, ਬੇਟ, ਚੰਗਰ, ਘਾੜ, ਬੇਲਾ ਆਦਿ ਦਰਿਆਵਾਂ ਨੇੜੇ ਪੈਂਦੇ ਨੀਵੇ ਇਲਾਕਿਆਂ ਦੇ ਹੀ ਨਾਂ ਹਨ।
- ਨੈਲੀ, ਘੱਗਰ ਦੇ ਜਲੋਢੀ ਮੈਦਾਨਾਂ ਨੂੰ ਇਲਾਕੇ ਵਿੱਚ ਦਿੱਤਾ ਜਾਂਦਾ ਨਾਮ ਹੈ।
- ਪੰਜਾਬ ਦੇ ਕਿਸਾਨਾਂ ਨੇ ਧੁਰ ਦੱਖਣ-ਪੱਛਮੀ ਇਲਾਕੇ ਵਿੱਚੋਂ ਕੁਦਰਤੀ ਟਿੱਬੇ ਤਾਂ ਲੋਪ ਹੀ ਕਰ ਦਿੱਤੇ ਹਨ।



ੳ ਨਕਸ਼ਾ ਕਾਰਜ (Map Work)

1. ਪੰਜਾਬ ਦੇ ਰੇਖਾ ਚਿੱਤਰ ਵਿੱਚ ਅੰਕਿਤ ਕਰੋ :
 (*i*) ਹੁਸ਼ਿਆਰਪੁਰ ਸ਼ਿਵਾਲਿਕ ਤੇ ਰੋਪੜ ਸ਼ਿਵਾਲਿਕ ਸ਼੍ਰੇਣੀਆਂ
 (*ii*) ਸਤਲੁੱਜ ਦਰਿਆ ਦਾ ਬੇਟ ਖੇਤਰ
2. ਅਰਧ ਪਹਾੜੀ, ਮੈਦਾਨਾਂ ਤੇ ਦੱਖਣ-ਪੱਛਮੀ ਰੇਤਲੇ ਇਲਾਕਿਆਂ ਵਾਲੇ ਜ਼ਿਲ੍ਹਿਆਂ ਦੀਆਂ ਤਿੰਨ ਸੂਚੀਆਂ ਬਣਾ ਕੇ ਆਪਣੀ ਜਮਾਤ ਦੇ ਕਮਰੇ ਵਿੱਚ ਲਗਾਓ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਪੁਰਾਣੇ ਜਲੋਢ ਨਾਲ ਨਿਰਮਿਤ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ ?
2. ਖਾਡਰ ਜਾਂ ਬੇਟ ਤੋਂ ਕੀ ਭਾਵ ਹੈ ?
3. ਪੰਜਾਬ ਦੇ ਮੈਦਾਨਾਂ ਨੂੰ ਕਿਹੜੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ?
4. ਪੰਜਾਬ ਵਿੱਚ ਰੇਤਲੇ ਟਿੱਬੇ ਕਿਹੜੇ ਪਾਸੇ ਹਨ ?
5. ਚੰਗਰ ਕਿਸਨੂੰ ਕਿਹੰਦੇ ਹਨ ?
6. ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗਲਤ :
 (*i*) ਹਿਮਾਲਿਆ ਦੀ ਸਭ ਤੋਂ ਬਾਹਰੀ ਲੜੀ ਦਾ ਨਾਮ ਸ਼ਿਵਾਲਿਕ ਹੈ। ()
 (*ii*) ਕੰਡੀ ਖੇਤਰ ਰੂਪਨਗਰ ਤੇ ਪਟਿਆਲਾ ਦੇ ਦੱਖਣੀ ਇਲਾਕਿਆਂ ਵਿੱਚ ਹੈ। ()
 (*iii*) ਹੁਸ਼ਿਆਰਪੁਰ ਸ਼ਿਵਾਲਿਕ ਸਤਲੁੱਜ ਤੇ ਬਿਆਸ ਦਰਿਆ ਵਿਚਾਲੇ ਹੈ। ()
 (*iv*) ਪੰਜਾਬ ਦੇ ਦੱਖਣ-ਪੂਰਬ ਵਿੱਚ ਘੱਗਰ ਦੇ ਜਲੋਢੀ ਮੈਦਾਨ, ਨੈਲੀ ਕਹਾਉਂਦੇ ਹਨ। ()

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਕੰਡੀ ਇਲਾਕੇ ਦੀਆਂ ਵਿਸ਼ੇਸ਼ਤਾਵਾਂ ਲਿਖੋ ਤੇ ਦੱਸੋ ਕਿ ਇਹ ਕਿਹੜੇ ਜ਼ਿਲ੍ਹਿਆਂ ਵਿੱਚ ਪੈਂਦਾ ਹੈ।
2. ਮੌਸਮੀ ਚੋਅ ਕੀ ਹੁੰਦੇ ਹਨ ? ਉਦਾਹਰਣਾਂ ਦੇ ਕੇ ਸਪਸ਼ਟ ਕਰੋ।
3. ਪੰਜਾਬ ਦੇ ਜਲੋਢੀ ਮੈਦਾਨਾਂ ਦੀ ਉਤਪਤੀ ਬਾਰੇ ਨੋਟ ਲਿਖੋ।
4. ਗੁਰਦਾਸਪੁਰ-ਪਠਾਨਕੋਟ ਸ਼ਿਵਾਲਿਕ 'ਤੇ ਇੱਕ ਨੋਟ ਲਿਖੋ।

3(a)

ਭਾਰਤ : ਜਲਪ੍ਰਵਾਹ


(India : Drainage)

ਕਿਸੇ ਇਲਾਕੇ ਵਿੱਚ ਵਹਿਣ ਵਾਲੇ ਨਦੀਆਂ (ਦਰਿਆਵਾਂ) ਤੇ ਨਹਿਰਾਂ ਦੇ ਜਾਲ ਨੂੰ ਜਲਪ੍ਰਵਾਹ ਕਹਿੰਦੇ ਹਨ। ਕੁਦਰਤ ਨੇ ਭਾਰਤ ਨੂੰ ਸੈਂਕੜੇ ਵੱਡੀਆਂ ਛੋਟੀਆਂ ਨਦੀਆਂ ਬਖ਼ਸ਼ੀਆਂ ਹਨ। ਜਲ ਪ੍ਰਵਾਹ ਬਾਰੇ ਕੁੱਝ ਤੱਥ ਵਿਦਿਆਰਥੀਆਂ ਲਈ ਸਮਝਣੇ ਬਹੁਤ ਜ਼ਰੂਰੀ ਹਨ, ਜਿਵੇਂ ਦੋਆਬ ਜਾਂ ਜਲ ਵਿਭਾਜਕ ਅਤੇ ਜਲ ਨਿਕਾਸ ਦੇ ਸਰੂਪ ਆਦਿ।

• **ਦੋਆਬ :** ਦੋ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ਅਸੀਂ ਦੋਆਬ ਆਖਦੇ ਹਾਂ।

• **ਜਲ ਵਿਭਾਜਕ (Water Divide) :** ਕੋਈ ਵੀ ਉੱਚਾ ਖੇਤਰ, ਜਿਵੇਂ ਕੋਈ ਪਰਬਤ ਜਾਂ ਉੱਚੀ ਭੂਮੀ ਜੋ ਦੋ ਜਲ ਪ੍ਰਵਾਹਾਂ ਨੂੰ ਵੰਡਦੀ ਹੋਵੇ, ਜਲ ਵਿਭਾਜਕ ਕਹਾਉਂਦੀ ਹੈ।

• **ਅਪ੍ਰਵਾਹ ਖੇਤਰ (Drainage Basin) :** ਕਿਸੇ ਦਰਿਆ ਤੇ ਉਸਦੀਆਂ ਸਹਾਇਕ ਨਦੀਆਂ ਦੇ ਲਾਗਲੇ ਖੇਤਰ, ਜਿਥੋਂ ਉਹ ਜਲ ਪ੍ਰਾਪਤ ਕਰਦੇ ਹਨ, ਨੂੰ ਅਪ੍ਰਵਾਹ ਖੇਤਰ ਆਖਦੇ ਹਨ।




ਜਲ ਨਿਕਾਸ ਸਰੂਪ (Drainage Patterns) : ਧਰਤੀ ਦੇ ਕਿਸੇ ਵੀ ਹਿੱਸੇ ਉੱਤੇ ਵਹਿੰਦਾ ਪਾਣੀ ਕਈ ਵੱਖੋ-ਵੱਖ ਸਰੂਪ ਬਣਾਉਂਦਾ ਹੈ ਜੋ ਜਲ ਨਿਕਾਸ ਸਰੂਪ ਕਹਾਉਂਦੇ ਹਨ। ਅਸਲ ਵਿੱਚ ਹਰ ਨਦੀ ਜਾਂ ਦਰਿਆ ਹੀ ਵੱਖੋ-ਵੱਖ ਇਲਾਕਿਆਂ ਵਿੱਚੋਂ ਵਗਦਾ ਹੋਇਆ ਅਪ੍ਰਵਾਹ ਦੇ ਕਈ ਨਮੂਨੇ ਬਣਾਉਂਦਾ ਹੈ। ਇਨ੍ਹਾਂ ਨਮੂਨਿਆਂ ਵਿੱਚੋਂ ਕੁਝ ਇਸ ਪ੍ਰਕਾਰ ਹਨ :-

(1) ਡੰਡੀਦਾਰ ਅਪ੍ਰਵਾਹ (Dendritic Pattern) ਗੰਗਾ ਬ੍ਰਹਮਪੁੱਤਰ ਨਦੀਆਂ ਦਾ ਸਰੂਪ।

(2) ਸਮਾਨੰਤਰ ਅਪ੍ਰਵਾਹ (Parallel Pattern) ਪੱਛਮੀ ਘਾਟ ਦੀਆਂ ਨਦੀਆਂ ਦਾ ਸਰੂਪ।

(3) ਜਾਲੀਨੁਮਾ ਅਪ੍ਰਵਾਹ (Trellis Pattern) ਛੋਟਾ ਨਾਗਪੁਰ ਪਠਾਰ ਦੀਆਂ ਨਦੀਆਂ ਦਾ ਸਰੂਪ।

(4) ਚੱਕਰੀ ਅਪ੍ਰਵਾਹ (Radial Pattern) ਨਰਮਦਾ, ਸੋਨ, ਮਹਾਨਦੀ ਅਮਰਕੰਟਕ ਤੋਂ ਨਿਕਲਣ ਵਾਲੀਆਂ ਨਦੀਆਂ ਦਾ ਸਰੂਪ।




ਭਾਰਤ ਦੇ ਨਦੀ ਤੰਤਰ ਨੂੰ ਅਸੀਂ 4 ਭਾਗਾਂ ਵਿੱਚ ਵੰਡ ਸਕਦੇ ਹਾਂ।

(1) ਹਿਮਾਲਿਆ ਦੀਆਂ ਨਦੀਆਂ (Himalayan River System)

(2) ਪ੍ਰਾਇਦੀਪੀ ਨਦੀ ਤੰਤਰ (Peninsular River System)

(3) ਤੱਟ ਦੀਆਂ ਨਦੀਆਂ (Coastal Rivers)

(4) ਅੰਦਰੂਨੀ ਨਦੀ ਤੰਤਰ ਅਤੇ ਝੀਲਾਂ (Inland Drainage and Lakes)



River	River	Length in Km
Beas	Rohtang Pass	460
Chambal	Mhow	960
Chenab	Bara-Lacha Pass	1180
Damodar	Chotangpur Plateau	541
Gandak	Tibet-Neptal border	425
Ganga	Gomukh Glacier	2525
Ghagra	Gurta - Mandhota Peak	1080
Godavari	Trimbak Plateau (Nasik)	1465
Indus	Mansarovar Lake	2880
Jhelum	Verinag J & K	724
Kaveri	Tala, W. Ghats	800
Krishna	Mahabaleshwar	1400
Ravi	Rohtang Pass	725
Satluj	Rakas Lake Tibet	1450
Yamuna	Yamunotri Glacier	1376

ਨਕਸ਼ਾ : ਭਾਰਤ ਨਦੀਆਂ

1. ਹਿਮਾਲਿਆਈ ਨਦੀ ਤੰਤਰ : ਹਿਮਾਲਿਆ ਦੇ ਨਦੀ ਤੰਤਰ ਵਿੱਚ ਤਿੰਨ ਪ੍ਰਮੁੱਖ ਨਦੀਆਂ ਸਿੰਧ, ਗੰਗਾ, ਬ੍ਰਹਮਪੁੱਤਰ ਅਤੇ ਉਹਨਾਂ ਦੀਆਂ ਸਹਾਇਕ ਨਦੀਆਂ ਆਉਂਦੀਆਂ ਹਨ। ਹਿਮਾਲਿਆ ਦੀਆਂ ਕਈ ਨਦੀਆਂ ਹਿਮਾਲਿਆ ਪਰਬਤਾਂ ਦੇ ਬਣਨ ਤੋਂ ਪਹਿਲਾਂ ਵੀ ਵਹਿੰਦੀਆਂ ਰਹੀਆਂ ਹਨ। ਸਿੰਧ, ਸਤਲੁਜ, ਅਲਕਨੰਦਾ,

ਗੰਡਕ, ਕੋਸੀ ਤੇ ਬ੍ਰਹਮਪੁੱਤਰ ਨਦੀਆਂ ਦੇ ਡੂੰਘੇ ਖੱਡ (Gorges) ਇਸ ਗੱਲ ਦੇ ਗਵਾਹ ਹਨ। ਸੋ ਇਹ ਨਦੀਆਂ (Antecedent Drainage) ਦੀ ਉਦਾਹਰਨ ਹਨ। ਹਿਮਾਲਿਆ ਦੀਆਂ ਨਦੀਆਂ ਬਾਰਾਂਮਾਸੀ (Pereminial) ਹਨ। ਪਹਾੜਾਂ ਤੇ ਬਰਫ ਪਿਘਲਣ ਨਾਲ ਇਹਨਾਂ ਨਦੀਆਂ ਵਿੱਚ ਸਾਰਾ ਸਾਲ ਪਾਣੀ ਭਰਿਆ ਰਹਿੰਦਾ ਹੈ।

(i) ਸਿੰਧ ਅਤੇ ਉਸ ਦੀਆਂ ਸਹਾਇਕ ਨਦੀਆਂ :- ਸਿੰਧ (Indus) ਨਦੀ ਸਮੁੰਦਰ ਤੱਲ ਤੋਂ 5182 ਮੀਟਰ ਦੀ ਉਚਾਈ ਤੇ ਬੋਖਰ-ਛੂ ਹਿਮਨਦੀ (Bokhar Chu Glacier) ਤਿੱਬਤ ਤੋਂ ਨਿਕਲਦੀ ਹੈ। ਤਿੱਬਤ ਵਿੱਚ ਸਿੰਧ ਨੂੰ 'ਸਿੰਘੀ ਖੰਬਨ' ਜਾਂ 'ਸ਼ੇਰ ਦਾ ਮੁੱਖ' ਕਿਹਾ ਜਾਂਦਾ ਹੈ। ਭਾਰਤ ਵਿੱਚ ਪ੍ਰਵੇਸ਼ ਹੋਈ ਕਰਨ ਉਪਰੰਤ ਇਹ ਲੱਦਾਖ, ਜਾਸਕਰ, ਗਿਲਗਿਤ, ਬਾਲਿਸਤਾਨ ਨੂੰ ਪਾਰ ਕਰਦੀ ਅੱਟਕ ਨੇੜੇ ਪਾਕਿਸਤਾਨ ਵਿੱਚ ਪ੍ਰਵੇਸ਼ ਕਰਦੀ ਹੈ। ਸਿੰਧ ਨਦੀ ਦੀ ਕੁੱਲ ਲੰਬਾਈ 2880 ਕਿਲੋਮੀਟਰ ਹੈ। ਭਾਰਤ ਵਿੱਚ ਇਸ ਦੀ ਲੰਬਾਈ 709 ਕਿਲੋਮੀਟਰ ਹੈ। ਇਸ ਦੀਆਂ ਖੱਬੇ ਪਾਸੇ ਦੀਆਂ ਸਹਾਇਕ ਨਦੀਆਂ ਜਾਸਕਰ, ਚਨਾਬ, ਸਤਲੁਜ, ਸੈਆਨ, ਬਿਆਸ ਤੇ ਰਾਵੀ ਹਨ ਅਤੇ ਸੱਜੇ ਪਾਸਿਓਂ ਸ਼ਿਉਕ, ਗਿਲਗਿਤ, ਕਾਬੁਲ, ਸਕਾਰਦੂ ਤੇ ਸ਼ਿਗੋ ਆਦਿ। ਸਿੰਧ ਤੇ ਉਸ ਦੀਆਂ ਸਹਾਇਕ ਨਦੀਆਂ ਦੀ ਜਾਣਕਾਰੀ ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤੀ ਹੋਈ ਹੈ।

ਸਾਰਣੀ : ਸਿੰਧ ਅਪ੍ਰਵਾਹ

ਨਦੀ ਦਾ ਨਾਂ	ਸ਼ੁਰੂਆਤੀ, ਜਨਮ ਸਥਾਨ	ਲੰਬਾਈ (ਕਿਲੋਮੀਟਰ ਵਿੱਚ)	ਸਹਾਇਕ ਨਦੀਆਂ
ਸਿੰਧ	ਬੋਖ਼ਰਛੂ, ਮਾਨਸਰੋਵਰ ਝੀਲ ਨੇੜੇ	2880 (709 ਭਾਰਤ ਵਿੱਚ)	ਗਿਲਗਿਤ, ਸ਼ਿਉਕ, ਸਕਾਰਦੂ ਸ਼ਿਗੋ, ਜਿਹਲਮ, ਚਨਾਬ, ਰਾਵੀ ਬਿਆਸ ਤੇ ਸਤਲੁਜ
ਜਿਹਲਮ	ਪੀਰ ਪੰਜਾਲ ਵਿੱਚ ਵੈਰੀਨਾਗ ਝਰਨਾ	400	ਕਸ਼ਮੀਰ ਘਾਟੀ ਵਿੱਚ ਵੂਲਰ ਝੀਲ ਰਾਹੀਂ ਹੁੰਦੀ ਹੋਈ ਪਾਕਿਸਤਾਨ ਵਿੱਚ ਦਾਖਲ ਹੁੰਦੀ ਹੈ।
ਚਨਾਬ	ਬੜਾ ਲਾਚਾ ਦਰਾ (ਹਿਮਾਚਲ ਪ੍ਰਦੇਸ਼)	1800 (ਭਾਰਤ ਵਿੱਚ)	ਮਾਰੋਸਦਰ, ਤਵੀ,
ਰਾਵੀ	ਰੋਹਤਾਂਗ, ਹਿਮਾਚਲ ਪ੍ਰਦੇਸ਼	725	ਉੱਜ, ਬੱਦਲ, ਸਿਉਲ
ਸਤਲੁਜ	ਰਕਸ਼ਤਾਲ (4555 ਮੀਟਰ ਉੱਚਾਈ ਤੋਂ) ਤਿੱਬਤ	1150 (ਭਾਰਤ ਵਿੱਚ)	ਸਪਿਤੀ, ਸੋਆਨ,
ਬਿਆਸ	ਰੋਹਤਾਂਗ, ਬਿਆਸ ਕੁੰਡ (ਹਿਮਾਚਲ ਪ੍ਰਦੇਸ਼)	470	ਓਹਲ, ਸੁਕੇਤੀ, ਪਾਰਬਤੀ, ਤੀਤਚੱਕੀ, ਬਾਨਗੰਗਾ, ਹਰੀਕੇ ਸਥਾਨ ਤੇ ਸਤਲੁਜ ਨਾਲ ਮਿਲਦੀ ਹੈ।

(*ii*) ਗੰਗਾ-ਜਲ ਤੰਤਰ (Ganges Drainage System) : ਗੰਗਾ ਨਦੀ ਭਾਰਤ ਦੀ ਪਵਿੱਤਰ ਮੰਨੀ ਜਾਂਦੀ ਨਦੀ ਹੈ। ਗੰਗਾ, ਉਤਰਾਖੰਡ ਵਿੱਚ ਗੰਗੋਤਰੀ ਗੋਮੁੱਖ ਹਿਮਨਦੀ ਤੋਂ ਜਨਮ ਲੈਂਦੀ ਹੈ। ਇਸ ਦੀ ਮੁੱਖ ਧਾਰਾ ਨੂੰ ਭਾਗੀਰਥੀ ਕਿਹਾ ਜਾਂਦਾ ਹੈ। ਦੇਵਪ੍ਰਯਾਗ ਵਿਖੇ ਅਲਕਨੰਦਾ ਨਾਲ ਸੰਗਮ ਤੋਂ ਬਾਅਦ ਇਸਨੂੰ ਗੰਗਾ ਦਾ ਨਾਮ ਦਿੱਤਾ ਜਾਂਦਾ ਹੈ। ਆਪਣੇ ਸ਼ੁਰੂਆਤੀ ਜਨਮ ਸਥਾਨ ਤੋਂ 280 ਕਿਲੋਮੀਟਰ ਤੱਕ ਸਫਰ ਕਰਨ ਤੋਂ ਬਾਅਦ ਹਰਿਦੁਆਰ ਵਿਖੇ ਇਹ ਮੈਦਾਨਾਂ ਵਿੱਚ ਦਾਖਲ ਹੁੰਦੀ ਹੈ। ਬੰਗਾਲ ਦੀ ਖਾੜੀ ਵਿੱਚ ਸਮੁੰਦਰ ਨਾਲ ਮੇਲ ਤੋਂ ਪਹਿਲਾ ਗੰਗਾ, ਬ੍ਰਹਮਪੁੱਤਰ ਨਦੀ ਨਾਲ ਮਿਲ ਕੇ ਸੰਸਾਰ ਦਾ ਸਭ ਤੋਂ ਵਿਸ਼ਾਲ ਡੈਲਟਾ, ਸੁੰਦਰਬਨ ਡੈਲਟਾ ਬਣਾਉਂਦੀ ਹੈ। ਗੰਗਾ ਤੇ ਉਸਦੀਆਂ ਸਹਾਇਕ ਨਦੀਆਂ ਬਾਰੇ ਜਾਣਕਾਰੀ ਇਸ ਸਾਰਣੀ ਵਿੱਚ ਦਿੱਤੀ ਗਈ ਹੈ।

ਸਾਰਣੀ : ਗੰਗਾ ਅਪ੍ਰਵਾਹ

ਨਦੀ ਦਾ ਨਾਂ	ਸ਼ੁਰੂਆਤੀ ਜਨਮ ਸਥਾਨ	ਲੰਬਾਈ (ਕਿਲੋਮੀਟਰ ਵਿੱਚ)	ਸਹਾਇਕ ਨਦੀਆਂ
ਗੰਗਾ	ਗੰਗੋਤਰੀ ਹਿਮਨਦੀ (ਗੌਮੁੱਖ)	2525	ਸੱਜੇ ਕੰਢਿਓਂ (Right Bank) ਰਾਮ ਗੰਗਾ, ਗੋਮਤੀ ਘਾਗਰਾ, ਗੰਡਕ, ਭੂਰੀ ਗੰਡਕ, ਕੋਸੀ ਖੱਬੇ ਕੰਢਿਓਂ (Left Bank) ਯਮੁਨਾ ਸੋਨ, ਕੇਨ ਬੇਤਵਾ, ਚੰਬਲ
ਯਮੁਨਾ	ਯਮਨੋਤਰੀ ਹਿਮਨਦੀ	1376 (ਅਲਾਹਾਬਾਦ ਤੱਕ)	ਚੰਬਾ, ਸਿੰਧ, ਬੇਤਵਾ, ਕੇਨ
ਸੋਨ	ਅਮਰਕੰਟਕ ਪਠਾਰ	780	
ਰਾਮਗੰਗਾ	ਨੈਨੀਤਾਲ (ਨੇੜੇ ਕੁਮਾਊਂ, ਹਿਮਾਲਿਆ ਵਿੱਚ)	690	
ਘਾਗਰਾ	ਗੰਗੋਤਰੀ ਦੇ ਪੂਰਬ ਵਿੱਚ	1180	
ਗੰਡਕ	ਨੇਪਾਲ ਚੀਨ ਸਰਹੱਦ ਤੋਂ	425 (ਭਾਰਤ ਵਿੱਚ)	
ਕੋਸੀ		730	
ਦਮੋਦਰ		541	

(iii) ਬ੍ਰਹਮਪੁੱਤਰ ਜਲਤੰਤਰ (Brahmputra Drainage) : ਬ੍ਰਹਮਪੁੱਤਰ ਨਦੀ ਤਿੱਬਤ ਵਿੱਚ ਕੈਲਾਸ਼ ਪਰਬਤ ਲੜੀ ਵਿੱਚ ਆਂਗਸੀ (Angsi) ਹਿਮਨਦੀ ਤੋਂ ਜਨਮ ਲੈਂਦੀ ਹੈ। ਮਰੀਅਮ-ਲਾਦਰਾ ਬ੍ਰਹਮਪੁੱਤਰ ਤੇ ਸਤਲੁਜ ਦੇ ਸ਼ੁਰੂਆਤੀ ਸਥਾਨਾਂ ਨੂੰ ਅਲੱਗ ਕਰਦਾ ਹੈ। ਤਿੱਬਤ ਵਿੱਚ ਇਸਨੂੰ ਸਾਂਗਪੋ (Tsangpo) ਅਤੇ ਚੀਨੀ ਭਾਸ਼ਾ ਵਿੱਚ ਯਾਰਲੁੰਗ ਸਾਂਗਪੋ ਕਿਹਾ ਜਾਂਦਾ ਹੈ। ਬ੍ਰਹਮਪੁੱਤਰ ਦੀ ਕੁੱਲ ਲੰਬਾਈ 2900 ਕਿਲੋਮੀਟਰ ਹੈ। ਆਪਣੇ ਅਰੰਭਕ ਸਥਾਨ ਤੋਂ 1800 ਕਿਲੋਮੀਟਰ ਪੂਰਬ ਵੱਲ ਯਾਤਰਾ ਕਰਨ ਉਪਰੰਤ ਇਹ ਨਦੀ ਨਾਮਚਾ ਬਰਵਾ (7756 ਮੀਟਰ) ਨੂੰ ਪਾਰ ਕਰਕੇ ਅਚਾਨਕ ਦੱਖਣ ਦਿਸ਼ਾ ਵੱਲ ਮੁੜ ਜਾਂਦੀ ਹੈ ਦਿਹਾਂਗ (ਹਿਮਾਲਿਆ) ਨੂੰ ਪਾਰ ਕਰਕੇ ਆਸਾਮ ਘਾਟੀ ਵਿੱਚ ਸੈਦਿਆ (Sadiya) ਨਾਮਕ ਸਥਾਨ ਵਿੱਚ ਪ੍ਰਵੇਸ਼ ਕਰਦੀ ਹੈ ਫਿਰ ਇਹ ਪੱਛਮ ਦਿਸ਼ਾ ਵੱਲ ਮੁੜ ਜਾਂਦੀ ਹੈ ਅਤੇ ਗੰਗਾ ਨਾਲ ਮਿਲ ਕੇ ਸੁੰਦਰਬਨ ਡੈਲਟਾ ਬਣਾਉਂਦੀ ਹੈ। ਆਸਾਮ ਵਿੱਚ ਮੰਜੂਲੀ ਦੀਪ ਦੁਨੀਆਂ ਦਾ ਸਭ ਤੋਂ ਵੱਡਾ ਨਦੀ ਵਿਚਲਾ ਦੀਪ (Inter Riverine Island) ਹੈ। ਸੁਬਨਸਿਰੀ, ਕਾਮੇਂਗ, ਧਨਸਿਰੀ, ਦਿਹਾਂਗ, ਲੋਹਿਤ, ਤਿਸਤਾ, ਤੋਰਸਾ, ਮਾਨਸ ਆਦਿ ਇਸਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ।

ਸਾਰਣੀ : ਬ੍ਰਹਮਪੁੱਤਰ ਤੇ ਉਸਦੀਆਂ ਸਹਾਇਕ ਨਦੀਆਂ

ਨਦੀ ਦਾ ਨਾਂ	ਸ਼ੁਰੂਆਤੀ ਜਨਮ ਸਥਾਨ	ਲੰਬਾਈ (ਕਿਲੋਮੀਟਰਾਂ ਵਿੱਚ)	ਸਹਾਇਕ ਨਦੀਆਂ
ਬ੍ਰਹਮਪੁੱਤਰ	ਕੈਲਾਸ਼ ਪਰਬਤ ਸ਼੍ਰੇਣੀ ਵਿੱਚ ਆਂਗਸੀ ਹਿਮਨਦੀ (ਚੇਮਯੁੰਗੁੰਡ ਹਿਮਨਦੀ ਤੋਂ ਨਹੀਂ ਨਿਕਲਦੀ ਜੋ 1930 ਵਿੱਚ ਜਗ੍ਹਾ ਮਿੱਥੀ ਗਈ ਸੀ)	2900 ਕਿਲੋਮੀਟਰ	ਸੁਬਨਸਿਰੀ, ਕਾਮੇਂਗ, ਧਨਸਿਰੀ ਦਿਹਾਂਗ, ਲੋਹਿਤ, ਤੀਸਤਾ ਤੋਰਸਾ, ਮਾਨਸ, ਭੂਰੀ ਦਿਹਾਂਗ ਆਦਿ।

(2) ਪ੍ਰਾਇਦੀਪੀ ਜਲ ਤੰਤਰ (Peninsular Drainage) : ਪ੍ਰਾਇਦੀਪੀ ਨਦੀਆਂ ਮੌਸਮੀ ਨਦੀਆਂ ਹਨ। ਇਹਨਾਂ ਨਦੀਆਂ ਵਿੱਚ ਪਾਣੀ ਵਰਖਾ ਰੁੱਤ ਵਿੱਚ ਜ਼ਿਆਦਾ ਹੁੰਦਾ ਹੈ। ਜ਼ਿਆਦਾਤਰ ਦੱਖਣ ਭਾਰਤੀ ਪ੍ਰਾਇਦੀਪੀ ਨਦੀਆਂ ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਆਦਿ ਪੂਰਬ ਦਿਸ਼ਾ ਵੱਲ ਵਹਿੰਦੀਆਂ ਹਨ ਅਤੇ ਡੈਲਟੇ ਵੀ ਬਣਾਉਂਦੀਆਂ ਹਨ। ਨਰਮਦਾ ਤੇ ਤਾਪਤੀ/ਤਾਪੀ ਨਦੀਆਂ ਪੱਛਮ ਦਿਸ਼ਾ ਵੱਲ ਵਗਦੀਆਂ ਹੋਈਆਂ ਐਸਚੁਰੀ (Estury) ਬਣਾਉਂਦੀਆਂ ਹਨ। ਪ੍ਰਾਇਦੀਪੀ ਨਦੀਆਂ ਦੀ ਜਾਣਕਾਰੀ ਇਸ ਤਰ੍ਹਾਂ ਹੈ।

(i) ਮਹਾਂਨਦੀ (Mahanadi) : ਮਹਾਂਨਦੀ ਛੱਤੀਸਗੜ੍ਹ ਰਾਜ ਦੇ ਦੰਡਾਕਾਰਨਿਆਂ ਤੋਂ ਨਿਕਲਦੀ ਹੈ। ਇਸ ਦੀ ਲੰਬਾਈ 858 ਕਿਲੋਮੀਟਰ ਹੈ। ਮਹਾਂਨਦੀ ਤਿੰਨ ਦਿਸ਼ਾਵਾਂ ਉੱਤਰ, ਪੱਛਮ ਤੇ ਦੱਖਣ ਵਾਲੇ ਪਾਸਿਓਂ ਪਹਾੜਾਂ ਨਾਲ ਘਿਰੀ ਹੋਈ ਕਰਕੇ ਕਈ ਸਹਾਇਕ ਨਦੀਆਂ ਇਸ ਵਿੱਚ ਆ ਕੇ ਮਿਲਦੀਆਂ ਹਨ। ਇਬ, ਸ਼ਿਉਨਾਥ, ਮੰਡ, ਉਂਗ ਆਦਿ।

(*ii*) ਗੋਦਾਵਰੀ (Godavari) : ਗੰਗਾ ਤੋਂ ਬਾਅਦ ਭਾਰਤ ਦੀ ਦੂਸਰੀ ਸਭ ਤੋਂ ਲੰਬੀ ਨਦੀ ਹੈ। ਇਸ ਨੂੰ ਬਿਰਧ ਗੰਗਾ ਜਾਂ ਦੱਖਣੀ ਗੰਗਾ ਵੀ ਕਿਹਾ ਜਾਂਦਾ ਹੈ। ਗੋਦਾਵਰੀ ਨਦੀ ਮਹਾਂਰਾਸ਼ਟਰ ਵਿੱਚ ਬ੍ਰਹਮਗਿਰੀ ਦੀਆਂ ਪਹਾੜੀਆਂ ਵਿੱਚ ਨਾਸਿਕ ਤੇ ਤ੍ਰਿੰਬਕੇਸ਼ਵਰ ਤੋਂ ਨਿਕਲਦੀ ਹੈ। ਇਸ ਦੀ ਕੁੱਲ ਲੰਬਾਈ 1465 ਕਿਲੋਮੀਟਰ ਹੈ। ਪੇਨਗੰਗਾ, ਵੇਨਗੰਗਾ, ਵਾਰਧਾ, ਇੰਦਰਾਵਤੀ, ਸਾਬਰੀ, ਮੰਜਰਾ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ।

(*iii*) ਕ੍ਰਿਸ਼ਨਾ (Krishna) : ਪ੍ਰਾਇਦੀਪੀ ਨਦੀਆਂ ਵਿੱਚੋਂ ਦੂਸਰੀ ਸਭ ਤੋਂ ਲੰਮੀ ਨਦੀ ਹੈ। ਇਹ ਪੱਛਮੀ ਘਾਟ ਵਿੱਚ ਮਹਾਬਲੇਸ਼ਵਰ ਤੋਂ ਉਪਜਦੀ ਹੈ। ਇਸ ਦੀ ਕੁੱਲ ਲੰਬਾਈ 1400 ਕਿਲੋਮੀਟਰ ਹੈ। ਕੋਇਨਾ, ਘਾਟ ਪ੍ਰਭਾ, ਭੀਮਾਂ, ਤੁਰੰਭਦਰਾ, ਮਾਲਾ ਪ੍ਰਭਾ, ਮੋਨੇਰੂ, ਪੰਚਗੰਗਾ ਆਦਿ ਇਸ ਦੀਆਂ ਪ੍ਰਮੁੱਖ ਨਦੀਆਂ ਹਨ।

(*iv*) ਕਾਵੇਰੀ (Kaveri) : ਕਾਵੇਰੀ ਨਦੀ ਕਰਨਾਟਕ ਦੇ ਕੋਡਗੂ ਜ਼ਿਲੇ ਵਿੱਚ ਪੱਛਮੀ ਘਾਟ ਵਿੱਚ ਤਾਲਕਾਵੇਰੀ ਤੋਂ ਜਨਮ ਲੈਂਦੀ ਹੈ। ਇਸਦੀ ਲੰਬਾਈ 800 ਕਿਲੋਮੀਟਰ ਹੈ। ਹੀਰਾਨੇਗੀ, ਹੇਮਾਵਤੀ, ਅਰਕਾਵਤੀ, ਕਾਬਾਨੀ ਅਤੇ ਅਮਰਾਵਤੀ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ।

(*v*) ਨਰਮਦਾ ਨਦੀ (Narmada River) : ਨਰਮਦਾ ਨਦੀ ਪੱਛਮ ਦਿਸ਼ਾ ਵੱਲ ਵਹਿਣ ਵਾਲੀ ਸਭ ਤੋਂ ਲੰਮੀ ਨਦੀ ਹੈ। ਇਹ ਮੱਧ ਪ੍ਰਦੇਸ਼ ਵਿੱਚ ਅਮਰਕੰਟਕ ਵਿੱਚ ਨਰਮਦਾ ਕੁੰਡ ਤੋਂ ਨਿਕਲਦੀ ਹੈ। ਆਪਣੇ ਅਰੰਭਕ ਸਥਾਨ ਤੋਂ ਲੈ ਕੇ ਖੰਭਾਤ ਦੀ ਖਾੜੀ ਤੱਕ ਇਸਦੀ ਲੰਬਾਈ 1312 ਕਿਲੋਮੀਟਰ ਹੈ। ਇਸਦਾ ਜਲਪ੍ਰਵਾਹ ਮੱਧ ਪ੍ਰਦੇਸ਼, ਮਹਾਰਾਸ਼ਟਰ ਤੇ ਗੁਜਰਾਤ ਰਾਜਾਂ ਵਿੱਚ ਫੈਲਿਆ ਹੋਇਆ ਹੈ। ਮੱਧ ਪ੍ਰਦੇਸ਼ ਵਿੱਚ ਜਬਲਪੁਰ ਨੇੜੇ ਨਰਮਦਾ ਨਦੀ ਧੁੰਆ ਧਾਰ (The Cloud of Mist) ਨਾਂ ਦਾ ਖੂਬਸੂਰਤ ਝਰਨਾ ਬਣਾਉਂਦੀ ਹੈ। ਭੁਰਨੇਰ, ਸ਼ੱਕਰ, ਦੂਧੀ, ਗੰਜਲ, ਹੀਰਾਂ, ਬਰਨਾ ਨਦੀਆਂ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ।

(*vi*) ਤਾਪਤੀ ਨਦੀ (Tapti River) : ਤਾਪਤੀ ਨੂੰ ਤਾਪੀ ਨਦੀ ਵੀ ਕਿਹਾ ਜਾਂਦਾ ਹੈ। ਤਾਪਤੀ ਨਦੀ ਮੱਧ ਪ੍ਰਦੇਸ਼ ਵਿੱਚ ਬੈਤੁਲ ਜ਼ਿਲ੍ਹੇ ਦੇ ਮੂਲਤਾਈ ਨਾਮਕ ਸਥਾਨ ਤੋਂ ਨਿਕਲਦੀ ਹੈ। ਤਾਪਤੀ ਨਰਮਦਾ ਨਦੀ ਦੇ ਨਾਲ ਨਾਲ 7 ਕਿਲੋਮੀਟਰ ਤੱਕ ਚਲਦੀ ਹੈ ਅਤੇ ਖੰਭਾਤ ਦੀ ਖਾੜੀ ਵਿੱਚ ਡਿੱਗਦੀ ਹੈ। ਮਿੰਡੋਲਾ, ਗਿਰਨਾ, ਪੰਜਾਰਾ, ਪੂਰਨਾ, ਸਿਪਰਾ, ਅਰੁਣਾਵਤੀ ਆਦਿ ਇਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ।

(*vii*) ਸਾਬਰਮਤੀ (Sabarmati) : ਸਾਬਰਮਤੀ ਨਦੀ ਸਾਬਰ ਅਤੇ ਹਾਥਮਤੀ ਨਾਮ ਦੀਆਂ ਦੋ ਨਦੀਆਂ ਨੂੰ ਮਿਲ ਕੇ ਬਣਦੀ ਹੈ। ਸਾਬਰਮਤੀ ਨਦੀ ਅਰਾਵਲੀ ਦੀਆਂ ਪਹਾੜੀਆਂ ਵਿੱਚ ਮੇਵਾੜ ਨੇੜੇ ਦੇਬਾਰ ਝੀਲ ਤੋ ਨਿਕਲਦੀ ਹੈ। ਇਹ ਨਦੀ ਵੀ ਨਰਮਦਾ ਤੇ ਤਾਪਤੀ ਦੀ ਤਰ੍ਹਾਂ ਖੰਭਾਤ ਦੀ ਖਾੜੀ ਵਿੱਚ ਡਿੱਗਦੀ ਹੈ। ਇਸ ਦੀ ਲੰਬਾਈ 329 ਕਿਲੋਮੀਟਰ ਤੱਕ ਹੈ। ਹਾਥਮਤੀ, ਸੇਧੀ, ਵਾਕੁਲ, ਹਰਨਾਵ, ਮੇਸ਼ਵਾ ਆਦਿ ਇਸ ਦੀਆਂ ਸਹਾਇਕ ਨਦੀਆਂ ਹਨ।

(*viii*) ਮਾਹੀ (Mahi River) : ਮਾਹੀ ਨਦੀ ਮੱਧ ਪ੍ਰਦੇਸ਼ ਵਿੱਚ ਨਿਕਲਦੀ ਹੈ ਅਤੇ ਰਾਜਸਥਾਨ ਹੁੰਦੀ ਹੋਈ ਗੁਜਰਾਤ ਵਿੱਚ ਵਹਿੰਦੀ ਹੈ। ਇਸ ਦੀ ਲੰਬਾਈ 580 ਕਿਲੋਮੀਟਰ ਹੈ।

(*ix*) ਲੂਨੀ ਨਦੀ (The River Luni) : ਲੂਨੀ ਨਦੀ ਰਾਜਸਥਾਨ ਵਿੱਚ ਪੁਸ਼ਕਰ ਤੋਂ ਨਿਕਲਦੀ ਹੈ। 495 ਕਿਲੋਮੀਟਰ ਯਾਤਰਾ ਕਰਨ ਉਪਰੰਤ ਇਹ ਕੱਛ ਰੇਗਿਸਤਾਨ ਵਿੱਚ ਲੋਪ ਹੋ ਜਾਂਦੀ ਹੈ।

ਪ੍ਰਾਇਦੀਪੀ ਨਦੀ ਅਪ੍ਰਵਾਹ


ਪੂਰਬ ਵੱਲ ਵਹਿਣ ਵਾਲੀਆਂ ਨਦੀਆਂ			
ਨਦੀ ਦਾ ਨਾਂ	**ਸ਼ੁਰੂਆਤੀ ਸਥਾਨ**	**ਲੰਬਾਈ (ਕਿਲੋਮੀਟਰ ਵਿੱਚ)**	**ਸਹਾਇਕ ਨਦੀਆਂ**
ਮਹਾਂਨਦੀ	ਛੱਤੀਸਗੜ੍ਹ ਰਾਜ ਵਿੱਚ ਰਾਇਪੁਰ ਲਾਗੇ ਦੰਡਾਕਾਰਨਿਆਂ ਤੋਂ	857	ਸ਼ਿਉਨਾਥ, ਇਬ, ਮੰਡ, ਉਂਗ ਆਦਿ
ਸੁਬਰਨਰੇਖਾ	ਰਾਂਚੀ (ਝਾਰਖੰਡ)	395	ਦੁਲਗ, ਕਾਂਚੀ, ਗਰੂ ਆਦਿ
ਗੋਦਾਵਰੀ	ਸਹਯਾਦਰੀ, ਨਾਸਿਕ (ਮਹਾਰਾਸ਼ਟਰ) ਵਿੱਚ ਤ੍ਰਿੰਬਕੇਸ਼ਵਰ ਤੋਂ	1465	ਪੇਨ ਗੰਗਾ, ਵੇਨਗੰਗਾ, ਵਾਰਧਾ ਇੰਦਰਾਵਤੀ, ਸਬਰੀ, ਮੰਜੀਰਾ
ਕ੍ਰਿਸ਼ਨਾ	ਪੱਛਮੀ ਘਾਟ ਮਹਾਬਲੇਸ਼ਵਰ	1400	ਭੀਮਾ, ਤੁੰਗਭੱਦਰਾ, ਘਾਟ ਪ੍ਰਭਾ
ਕਾਵੇਰੀ	ਪੱਛਮੀ ਘਾਟ ਵਿੱਚ ਡਾਲਕਾਵੇਰੀ ਬ੍ਰਹਮ ਗਿਰੀ ਦੀਆਂ ਪਹਾੜੀਆਂ ਵਿੱਚੋਂ	800	ਹੇਰਾਨੇਗੀ, ਹੰਮਾਵਤੀ, ਸ਼ਿਮਲਾ ਅਰਕਾਵਤੀ, ਕਬਾਨੀ, ਭਵਾਨੀ, ਅਮਰਾਵਤੀ ਆਦਿ
ਪੱਛਮ ਵੱਲ ਵਹਿਣ ਵਾਲੀਆਂ ਨਦੀਆਂ			
ਸਾਬਰਮਤੀ	ਮੇਵਾੜ, ਅਰਾਵਲੀ ਸ਼੍ਰੇਣੀ ਰਾਜਸਥਾਨ	320	ਹੇਮਾਵਤੀ, ਸੰਧੀ, ਵਾਕੁਲ
ਨਰਮਦਾ	ਅਮਰਕੰਟਕ ਮੱਧ ਪ੍ਰਦੇਸ਼	1312	ਤਵਾ, ਭੂਰਨੇਰ, ਬਾਂਜੇਰ, ਸ਼ੱਕਰ, ਦੂਧੀ, ਗੰਜਲ, ਹੀਰਾ, ਬਰਨਾ ਆਦਿ
ਤਾਪਤੀ ਜਾਂ ਤਾਪੀ	ਮੱਧ ਪ੍ਰਦੇਸ਼ ਵਿੱਚ ਸਤਪੁੜਾ ਦੀਆਂ ਪਹਾੜੀਆਂ ਵਿੱਚ ਮੁਲਤਾਈ ਤੋਂ	740	ਪੂਰਨਾ, ਵੇਗਾਰ, ਗਿਰਨਾ, ਪੰਜਹਾਰਾ, ਬੈਤੂਲ, ਗੋਮਈ
ਲੂਨੀ	ਪੁਸ਼ਕਰ (ਰਾਜਸਥਾਨ) ਮੱਧ ਪ੍ਰਦੇਸ਼ ਵਿੱਚ	495	
ਮਾਹੀ	ਵਿੰਧਿਆਚਲ ਪਹਾੜਾਂ ਵਿੱਚੋਂ	580	

3. ਤੱਟੀ ਨਦੀਆਂ (Coastal Rivers) : ਤੱਟੀ ਨਦੀਆਂ ਭਾਰਤ ਦੇ ਸਮੁੰਦਰਾਂ, ਅਰਬ ਸਾਗਰ, ਬੰਗਾਲ ਦੀ ਖਾੜੀ ਅਤੇ ਹਿੰਦ ਮਹਾਸਾਗਰ ਦੇ ਨਾਲ ਲਗਦੇ ਤੱਟੀ ਖੇਤਰਾਂ ਵਿੱਚ ਵਗਦੀਆਂ ਹਨ। ਇਹ ਨਦੀਆਂ ਥੋੜੇ ਸਮੇਂ ਲਈ ਵਹਿੰਦੀਆਂ ਤੇ ਘੱਟ ਲੰਮੀਆਂ ਹੁੰਦੀਆਂ ਹਨ। ਇਹਨਾਂ ਨਦੀਆਂ ਵਿੱਚ ਪਾਣੀ ਵਰਖਾ ਰੁੱਤ ਵਿੱਚ ਹੀ ਜ਼ਿਆਦਾ ਹੁੰਦਾ ਹੈ। ਮਹਾਂਰਾਸ਼ਟਰ ਵਿੱਚ ਵੇਲੁਮਾਂ, ਪਾਲਾਰ, ਗੋਆ ਵਿੱਚ ਮਾਂਡੋਵੀ, ਛਾਪੋਰਾ, ਕਰਨਾਟਕ ਵਿੱਚ ਨੇਤਰਾਵਤੀ, ਕਾਲੀਨਦੀ, ਸ਼ੇਰਾਵਤੀ, ਕੁਮਾਰਾਧਾਰ, ਕੇਰਲ ਵਿੱਚ ਪੇਰਿਆਰ, ਪੋਨਾਨੀ, ਪੂਰਬ ਵੱਲ, ਪੱਛਮੀ ਬੰਗਾਲ ਵਿੱਚ ਸੁਬਰਨਰੇਖਾ, ਖਾਰਕਾਈ, ਤਾਮਿਲਨਾਡੂ ਵਿੱਚ ਪਲਾਰ, ਵੇਗਈ, ਵਸ਼ਿਸ਼ਟ, ਸ਼ਵੇਤਾ, ਵੇਲਿਆਰ ਆਦਿ ਪ੍ਰਮੁੱਖ ਤੱਟੀ ਨਦੀਆਂ ਹਨ।

4. ਅੰਦਰੂਨੀ ਨਦੀ ਤੰਤਰ (Inland Drainage) : ਭਾਰਤ ਦੀਆਂ ਕੁਝ ਨਦੀਆਂ ਸਮੁੰਦਰ ਤੱਕ ਨਹੀਂ ਪਹੁੰਚਦੀਆਂ ਅਤੇ ਰਸਤੇ ਵਿੱਚ ਹੀ ਵਿਲੀਨ ਹੋ ਜਾਂਦੀਆਂ ਹਨ। ਲਗਭਗ 465 ਕਿਲੋਮੀਟਰ ਲੰਬੀ ਘੱਗਰ ਨਦੀ ਇਸ ਦੀ ਸਭ ਤੋਂ ਮਹੱਤਵਪੂਰਨ ਉਦਾਹਰਨ ਹੈ। ਇਸੇ ਤਰ੍ਹਾਂ ਲੂਨੀ ਨਦੀ ਰਾਜਸਥਾਨ ਅਤੇ ਲਦਾਖ ਵਿੱਚ ਵਗਣ ਵਾਲੀਆਂ ਨਦੀਆਂ ਇਸਦੀ ਉਦਾਹਰਨ ਹਨ।

ਹਿਮਾਲਿਆਈ ਤੇ ਪ੍ਰਾਇਦੀਪੀ ਨਦੀਆਂ ਵਿੱਚ ਅੰਤਰ

ਹਿਮਾਲਿਆ ਦੀਆਂ ਨਦੀਆਂ	ਪ੍ਰਾਇਦੀਪੀ ਨਦੀਆਂ
1. ਇਹ ਹਿਮਾਲਿਆ ਦੇ ਪਹਾੜਾਂ ਵਿੱਚੋਂ ਨਿਕਲਦੀਆਂ ਹਨ।	1. ਪ੍ਰਾਇਦੀਪੀ ਪਠਾਰ ਦੀਆਂ ਪਹਾੜੀਆਂ ਦੀਆਂ ਲੜੀਆਂ ਚੋਂ ਨਿਕਲਦੀਆਂ ਹਨ।
2. ਇਹਨਾਂ ਨਦੀਆਂ ਦੇ ਜਲਤੰਤਰ ਵੱਡੇ ਹਨ।	2. ਇਹਨਾਂ ਦੇ ਜਲਤੰਤਰ ਛੋਟੇ ਹਨ।
3. ਸਾਰਾ ਸਾਲ ਪਾਣੀ ਨਾਲ ਭਰੀਆਂ ਰਹਿੰਦੀਆਂ ਹਨ।	3. ਮੌਸਮੀ ਨਦੀਆਂ ਹਨ, ਇਹਨਾਂ ਵਿੱਚ ਪਾਣੀ ਆਮ ਤੌਰ ਤੇ ਵਰਖਾ ਰੁੱਤ ਵਿੱਚ ਆਉਂਦਾ ਹੈ।
4. ਗਹਿਰੀਆਂ ਖੱਡਾਂ (Gorges) ਵਿੱਚ ਵਹਿੰਦੀਆਂ ਹਨ।	4. ਤੰਗ ਅਤੇ ਸੌੜੀਆਂ ਦਰਾੜ ਘਾਟੀਆਂ ਵਿੱਚ ਵਹਿੰਦੀਆਂ ਹਨ।
5. ਇਹ ਨਦੀਆਂ ਆਪਣੀ ਜਵਾਨ ਅਵਸਥਾ (Young stage) ਵਿੱਚ ਹਨ।	5. ਇਹ ਨਦੀਆਂ ਬੁੱਢੀ ਅਵਸਥਾ (Mature Stage) ਵਿੱਚ ਹਨ।
6. ਇਹ ਨਦੀਆਂ ਡੈਲਟੇ ਬਣਾਉਂਦੀਆਂ ਹਨ। ਗੰਗਾ ਬ੍ਰਹਮਪੁੱਤਰ ਡੈਲਟਾ ਸੰਸਾਰ ਦਾ ਸਭ ਤੋਂ ਵੱਡਾ ਡੈਲਟਾ ਹੈ।	6. ਗੋਦਾਵਰੀ, ਕ੍ਰਿਸ਼ਨਾ, ਕਾਵੇਰੀ ਨਦੀਆਂ ਡੈਲਟਾ ਬਣਾਉਂਦੀਆਂ ਹਨ। ਨਰਮਦਾ ਤੇ ਤਾਪੀ ਨਦੀਆਂ ਐਸਚੁਰੀ ਬਣਾਉਂਦੀਆਂ ਹਨ।



ਨਕਸ਼ਾ : ਭਾਰਤ ਦੀਆਂ ਝੀਲਾਂ

ਝੀਲਾਂ : ਭਾਰਤ ਦੀਆਂ ਪ੍ਰਮੁੱਖ ਝੀਲਾਂ ਵਿੱਚ ਅਸ਼ਟਾਮੁਦੀ, ਭੀਮਤਾਲ, ਚੰਦਰਤਾਲ ਚਿਲਕਾ, ਡੱਲ, ਦੇਬਾਰ, ਹਿਮਾਇਤ ਸਾਗਰ, ਹੁਸੈਨ ਸਾਗਰ, ਕਾਲੀਵੇਲੀ, ਖਜਿਆਰ, ਕੋਲੇਰੂ, ਲੋਕਤਾਲ, ਉਸਮਾਨ ਸਾਗਰ, ਪੋਨਗੌਂਗ ਸੋ, ਪੁਲੀਕੱਟ, ਪੁਸ਼ਕਰ, ਰੇਣੁਕਾ, ਰੂਪਕੁੰਡ, ਸਾਂਬਰ, ਸ਼ਸ਼ਟਮਕੋਟਾ, ਸੱਤ ਤਾਲ, ਸੂਰਜ ਤਾਲ, ਵੈਬਾਨੰਦ ਤੇ ਵੂਲਰ ਆਦਿ ਪ੍ਰਮੁੱਖ ਹਨ। ਝੀਲਾਂ ਦਾ ਪਾਣੀ ਵਰਖਾ ਤੋਂ ਜਾਂ ਗਲੇਸ਼ੀਅਰ ਦੀ ਬਰਫ ਪਿਘਲਣ ਨਾਲ ਮਿਲਦਾ ਹੈ। ਜੰਮੂ ਕਸ਼ਮੀਰ ਵਿੱਚ ਡੱਲ ਤੇ ਵੂਲਰ ਝੀਲ ਸਰਦੀਆਂ ਵਿੱਚ ਠੰਢ ਨਾਲ ਜੰਮ ਜਾਂਦੀਆਂ ਹਨ। ਕਈ ਝੀਲਾਂ ਮਨੁੱਖ ਦੁਆਰਾ ਵੀ ਬਣਾਈਆਂ ਜਾਂਦੀਆਂ ਹਨ ਜਿਵੇਂ ਭਾਖੜਾ ਡੈਮ ਦੇ ਪਿੱਛੇ ਗੋਬਿੰਦ ਸਾਗਰ ਝੀਲ। ਰਾਜਸਥਾਨ ਵਿੱਚ ਸਾਬਰ ਝੀਲ ਖਾਰੇ ਪਾਣੀ ਦੀ ਝੀਲ ਹੈ। ਸੈਰ ਸਪਾਟੇ ਦੇ ਲਿਹਾਜ ਨਾਲ ਵੀ ਇਹ ਝੀਲਾਂ ਬਹੁਤ ਮਹੱਤਵਪੂਰਨ ਹਨ।



ਨੈਨੀਤਾਲ ਝੀਲ ਦਾ ਮਨੋਹਰ ਦ੍ਰਿਸ਼ (ਉਤੱਰਾਖੰਡ)

ਭਾਰਤੀ ਆਰਥਿਕਤਾ ਵਿੱਚ ਨਦੀਆਂ (ਦਰਿਆਵਾਂ) ਦੀ ਭੂਮਿਕਾ : ਸੰਸਾਰ ਦੀਆਂ ਸਭ ਤੋਂ ਪ੍ਰਾਚੀਨ ਸੱਭਿਅਤਾਵਾਂ ਵਿੱਚੋਂ ਇਕ ਸਿੰਧ ਘਾਟੀ ਦੀ ਸੱਭਿਅਤਾ ਸਿੰਧ ਅਤੇ ਉਸ ਦੀਆਂ ਸਹਾਇਕ ਨਦੀਆਂ ਦੇ ਕੰਢੇ ਹੀ ਪ੍ਰਫੁਲਿਤ ਹੋਈ ਸੀ। ਪਾਣੀ ਨੇ ਸੰਸਾਰ ਦੀਆਂ ਸੱਭਿਅਤਾਵਾਂ ਨੂੰ ਜਨਮ ਦਿੱਤਾ ਹੈ। ਲੋਕ ਪਾਣੀ ਮਿਲਣ ਵਾਲੇ ਸਥਾਨ ਉੱਤੇ ਹੀ ਪੱਕੇ ਤੌਰ 'ਤੇ ਵੱਸਦੇ ਹਨ, ਨਾ ਮਿਲਣ' ਤੇ ਉਜੜ ਵੀ ਜਾਂਦੇ ਹਨ। ਲੋਕ ਗੀਤ, ਕਹਾਣੀਆਂ, ਲੋਕ ਨਾਚ ਪਾਣੀ 'ਤੇ ਆਧਾਰਤ ਰਹੇ ਹਨ। ਇਸੇ ਤਰ੍ਹਾਂ ਭਾਰਤ ਦੀਆਂ ਨਦੀਆਂ ਵੀ ਭਾਰਤੀ ਆਰਥਿਕਤਾ ਦੇ ਪ੍ਰਾਣ ਹਨ।


ਪ੍ਰਾਣੀ ਸਭ ਤੋਂ ਮਹੱਤਵਪੂਰਨ ਕੁਦਰਤੀ ਸੋਮਾ ਹੈ। ਇਹ ਸਾਡੀ ਜ਼ਿੰਦਗੀ ਨਾਲ ਹਰ ਪੱਖੋਂ ਹੀ ਜੁੜਿਆ ਹੋਇਆ ਹੈ। ਜਿਊਣ ਲਈ, ਖੇਤੀਬਾੜੀ ਵਿੱਚ, ਸਿੰਜਾਈ ਲਈ, ਉਦਯੋਗਾਂ ਵਿੱਚ, ਘਰਾਂ ਵਿੱਚ, ਹਰ ਜਗ੍ਹਾਂ ਪਾਣੀ ਦੀ ਲੋੜ ਹੈ। ਭਾਰਤੀ ਨਦੀਆਂ ਦੇ ਉਸਾਰੇ ਪਣ ਬਿਜਲੀ ਘਰ ਭਾਰਤ ਦੇ ਕਾਰਖਾਨਿਆਂ ਨੂੰ ਚਲਾ ਰਹੇ ਹਨ। ਸਾਡੇ ਘਰ ਬਿਜਲੀ ਨਾਲ ਰੌਸ਼ਨ ਹਨ। ਅੰਦਰੂਨੀ ਜਲਮਾਰਗੀ ਆਵਾਜਾਈ ਵੀ ਭਾਰਤੀ ਆਰਥਿਕਤਾ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ।

ਨਦੀਆਂ ਵਿੱਚ ਪ੍ਰਦੂਸ਼ਣ ਤੇ ਇਸਦੀ ਰੋਕਥਾਮ ਲਈ ਚੁੱਕੇ ਜਾਣ ਵਾਲੇ ਕਦਮ : ਭਾਰਤ ਦੀਆਂ ਜ਼ਿਆਦਾਤਰ ਨਦੀਆਂ ਦਾ ਜਾਲ ਮਨੁੱਖੀ ਦੁਰਵਰਤੋਂ ਕਾਰਨ ਸਵੱਛ ਢੰਗਾਂ ਨਾਲ ਵਰਣਨ ਦੇ ਯੋਗ ਨਹੀਂ ਰਿਹਾ। ਗੰਗਾ ਸਮੇਤ ਕਈ ਵੱਡੀਆਂ-ਛੋਟੀਆਂ ਨਦੀਆਂ ਵਿੱਚ ਪ੍ਰਦੂਸ਼ਣ ਦੀ ਮਾਤਰਾ ਖਤਰੇ ਦੀ ਹੱਦ ਤੋਂ ਵੀ ਕਿਤੇ ਜ਼ਿਆਦਾ ਹੈ। ਨਦੀਆਂ ਦੇ ਸਾਫ ਪਾਣੀ ਵਿੱਚ ਸੀਵਰੇਜ, ਕੀਟਨਾਸ਼ਕ, ਨਦੀਨ ਨਾਸ਼ਕ, ਉੱਲੀ ਨਾਸ਼ਕ ਰਲੇ ਹਨ ਜੋਕਿ ਖੇਤੀਬਾੜੀ ਵਿੱਚ ਅੰਨ੍ਹੇਵਾਹ ਵਰਤੋਂ ਕਾਰਨ ਮੀਂਹ ਦੇ ਪਾਣੀ ਨਾਲ ਵਹਿ ਕੇ ਨਾਲਿਆਂ ਤੇ ਫਿਰ ਨਦੀਆਂ ਵਿੱਚ

ਪਹੁੰਚ ਜਾਂਦੇ ਹਨ। ਇਸੇ ਤਰ੍ਹਾਂ ਉਦਯੋਗਾਂ ਵਿੱਚੋਂ ਨਿਕਲੇ ਜ਼ਹਿਰੀਲੇ, ਪਦਾਰਥ ਜਿਵੇਂ, ਆਰਸੈਨਿਕ, ਕੋਡਮੀਅਮ, ਤਾਂਬਾ, ਸਿੱਕਾ (Lead), ਮੈਗਨੀਸ਼ੀਅਮ, ਪਾਰਾ, ਨਿੱਕਲ, ਜ਼ਿੰਕ ਆਦਿ ਮਨੁੱਖ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੇ ਹਨ। ਇਹਨਾਂ ਜ਼ਹਿਰਾਂ ਨਾਲ ਸਾਡੇ ਦਿਮਾਗੀ ਤੇ ਸੂਝ ਸ਼ਕਤੀ (ਨਰਵਸ ਸਿਸਟਮ) ਜਿਗਰ, ਗੁਰਦੇ, ਪੇਟ, ਅੰਤੜੀਆਂ ਦਿਲ ਆਦਿ ਨੁਕਸਾਨੇ ਜਾ ਰਹੇ ਹਨ। ਇਹਨਾਂ ਪ੍ਰਦੂਸ਼ਿਤ ਪਦਾਰਥਾਂ ਨਾਲ ਨਾ ਸਿਰਫ ਮਨੁੱਖ ਸਗੋਂ ਜਲ ਵਿਚਲੇ ਜੀਵ, ਜਾਨਵਰ, ਪੰਛੀ ਵੀ ਮਰ ਰਹੇ ਹਨ।

ਰੋਕਥਾਮ : ਨਦੀਆਂ ਵਿੱਚ ਪ੍ਰਦੂਸ਼ਣ ਨੂੰ ਰੋਕਣ ਲਈ ਸਰਕਾਰਾਂ ਤਾਂ ਸਮੇਂ-ਸਮੇਂ ਤੇ ਕਦਮ ਚੁੱਕਦੀਆਂ ਹਨ ਸਗੋਂ ਮਨੁੱਖ ਨੂੰ ਆਪ ਜਾਗਰੂਕ ਹੋ ਕੇ ਇਸ ਪਾਸੇ ਕੰਮ ਕਰਨੇ ਵੀ ਜ਼ਰੂਰੀ ਹਨ। ਅਪ੍ਰੈਲ 1986 ਵਿੱਚ ਗੰਗਾ ਐਕਸ਼ਨ ਪਲਾਨ ਬਣਾਇਆ ਗਿਆ ਸੀ ਤੇ ਇਸ ਨੂੰ ਜਾਰੀ ਰੱਖਦੇ ਹੋਏ 2009 ਵਿੱਚ ਤੱਤਕਾਲੀਕ ਸਰਕਾਰ ਨੇ ਨੈਸ਼ਨਲ, ਗੰਗਾ ਬੇਸਿਨ ਅਥਾਰਿਟੀ ਦਾ ਨਿਰਮਾਣ ਕੀਤਾ ਸੀ। ਸੰਨ 2015 ਵਿੱਚ ਕੇਂਦਰ ਸਰਕਾਰ ਨੇ ਗੰਗਾ ਨਦੀ ਨੂੰ ਸਾਫ ਕਰਨ ਲਈ ਮਹੱਤਵਪੂਰਨ ਕਦਮ ਚੁੱਕੇ ਹਨ ਤੇ ਇਸ ਯੋਜਨਾ ਵਿੱਚ ਪੰਜਾਬ ਦੇ ਸਤਲੁਜ ਦਰਿਆ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।

ਸਰਕਾਰ ਤੇ ਯਤਨਾਂ ਦੇ ਨਾਲ ਨਾਲ ਆਮ ਮਨੁੱਖ ਨੂੰ ਵੀ ਆਪਣੇ ਪਾਣੀ ਦੇ ਸਰੋਤਾਂ ਨੂੰ ਸਾਂਭ ਕੇ ਰੱਖਣ, ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਸੰਜਮ ਨਾਲ ਕਰਨ ਤੇ ਨਦੀਆਂ ਨੂੰ ਬਚਾਉਣ ਲਈ ਪਿੰਡ ਪੱਧਰ 'ਤੇ ਉਪਰਾਲੇ ਕਰਨੇ ਜ਼ਰੂਰੀ ਹਨ। ਨਦੀਆਂ ਵਿੱਚ ਕੋਈ ਵੀ ਰਾਸਾਇਣ, ਘਰੇਲੂ, ਸੀਵਰੇਜ, ਉਦਯੋਗਾਂ ਤੋਂ ਨਿਕਲੇ ਗੰਦੇ ਪਾਣੀ ਨੂੰ ਸੁੱਟਣ ਤੋਂ ਪਹਿਲਾਂ ਉਸ ਵਿੱਚੋਂ ਜ਼ਹਿਰੀਲੇ ਤੱਤ ਬਾਹਰ ਕੱਢਣ ਲਈ ਵਾਟਰ ਟ੍ਰੀਟਮੈਂਟ ਪਲਾਂਟ ਲਗਾਉਣੇ ਕਾਨੂੰਨੀ ਪੱਧਰ 'ਤੇ ਜ਼ਰੂਰੀ ਕਰਨ ਤੇ ਵਾਤਾਵਰਨ ਬਚਾਉਣ ਲਈ ਬਣੇ ਕਾਨੂੰਨਾਂ ਨੂੰ ਸਖਤੀ ਨਾਲ ਲਾਗੂ ਕਰਕੇ ਹੀ ਅਸੀਂ ਆਪਣੇ ਕੀਮਤੀ ਸਰੋਤ ਪਾਣੀ ਦੀ ਸੰਭਾਲ ਕਰ ਸਕਦੇ ਹਾਂ। ਸੰਸਾਰ ਦਾ ਤਾਪਮਾਨ ਵੱਧਣ ਕਾਰਨ ਵੱਡੀਆਂ ਨਦੀਆਂ ਵਿੱਚ ਪਾਣੀ ਦੇ ਪੱਧਰ ਵਿੱਚ ਬਹੁਤ ਕਮੀ ਆਈ ਹੈ। ਚੀਨ ਦੀ ਪੀਲੀ ਨਦੀ, ਗੰਗਾ, ਅਮਰੀਕਾ ਵਿੱਚ ਕਲੋਰਾਡੋ ਆਦਿ ਸਭ ਸੁੱਕ ਰਹੀਆਂ ਹਨ। ਸੋ ਅੱਜ ਸਮੁੱਚੇ ਵਿਸ਼ਵ ਪੱਧਰ ਤੇ ਵਿਗਿਆਨਕਾਂ, ਬੁੱਧੀ ਜੀਵੀਆਂ ਤੇ ਸਰਕਾਰਾਂ ਨੂੰ ਨਦੀਆਂ ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਹੰਭਲੇ ਮਾਰਨੇ ਪੈਣਗੇ।



ਸੰਖੇਪ ਸਾਰ (Summary)

- ਜਲ ਨਿਕਾਸ ਕਰਦੇ ਸਮੇਂ ਜਿਸ ਰੂਪ ਵਿੱਚ ਵਹਿੰਦਾ ਹੈ, ਜਲ ਨਿਕਾਸ ਸਰੂਪ ਕਹਾਉਂਦਾ ਹੈ।
- ਬ੍ਰਹਮਪੁੱਤਰ ਦਾ ਵਹਾਅ ਡੰਡੀਦਾਰ ਤੇ ਪੱਛਮੀ ਘਾਟ ਦੀਆਂ ਨਦੀਆਂ ਸਮਾਨੰਤਰ ਅਪ੍ਰਵਾਹ ਦੀਆਂ ਉਦਾਹਰਣਾਂ ਹਨ।
- ਛੋਟਾ ਨਾਗਪੁਰ ਪਠਾਰੀ ਨਦੀਆਂ ਜਾਲੀਦਾਰ ਅਪ੍ਰਵਾਹ ਦੀਆਂ ਤੇ ਅਮਰਕੰਟਕ ਤੋਂ ਨਿਕਲਣ ਵਾਲੀਆਂ ਨਦੀਆਂ ਚੱਕਰੀ ਅਪ੍ਰਵਾਹ ਦੀਆਂ ਉਦਾਹਰਣਾਂ ਹਨ।
- ਭਾਰਤੀ ਜਲਤੰਤਰ ਨੂੰ ਹਿਮਾਲਿਆਈ, ਪ੍ਰਾਇਦੀਪੀ ਤੱਟੀ ਤੇ ਅੰਦਰੂਨੀ ਚਾਰ ਭਾਗਾਂ ਵਿੱਚ ਵੰਡਿਆ ਜਾਂਦਾ ਹੈ।
- ਸਿੰਧ, ਗੰਗਾ ਤੇ ਬ੍ਰਹਮਪੁੱਤਰ ਜਲਤੰਤਰ ਉਤਰੀ ਮੱਧ ਤੇ ਪੂਰਬੀ ਭਾਰਤ ਦੇ ਪ੍ਰਮੁੱਖ ਜਲਤੰਤਰ ਹਨ।
- ਪ੍ਰਾਇਦੀਪੀ ਜਲਤੰਤਰ ਦੀਆਂ ਨਦੀਆਂ ਮੌਸਮੀ ਹਨ।

- ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ ਤੇ ਕਾਵੇਰੀ ਬੰਗਾਲ ਦੀ ਖਾੜੀ ਵਿੱਚ ਡਿਗਦੀਆਂ ਹਨ।
- ਨਰਮਦਾ, ਤਾਪਤੀ, ਸਾਬਰਮਤੀ ਅਰਬ ਸਾਗਰ ਦੇ ਪਾਣੀ ਵਿੱਚ ਰਲਦੀਆਂ ਹਨ।
- ਵੇਲੂਮਾ, ਮਾਂਤੋਵੀ, ਸ਼ੇਰਾਵਤੀ, ਪੇਰਿਆਰ, ਸੁਬਰਨਰੇਖਾ ਵਸ਼ਿਸ਼ਟ ਆਦਿ ਤੱਟੀ ਨਦੀਆਂ ਹਨ।
- ਘੱਗਰ, ਲੂਣੀ ਤੇ ਮਾਹੀ ਦਰਿਆ ਰਾਜਸਥਾਨ ਤੇ ਕੱਛ ਦੇ ਮਾਰੂਥਲਾਂ ਵਿੱਚ ਲੋਪ ਹੋ ਜਾਂਦੇ ਹਨ।
- ਚੰਦਰਤਾਲ, ਡੱਲ, ਖਜਿਆਰ, ਪੁਸ਼ਕਰ, ਸਾਂਬਰ, ਸ਼ਸ਼ਟਮਕੋਟਾ ਆਦਿ ਕੁਦਰਤੀ ਝੀਲਾਂ ਹਨ।
- ਮਨੁੱਖ ਨੇ ਵਿਕਾਸ ਦੇ ਨਾਮ 'ਤੇ ਜ਼ਹਿਰੀਲੇ ਰਸਾਇਣ ਪਾਣੀ ਵਿੱਚ ਰਲਾ ਕੇ ਇਸਨੂੰ ਦੂਸ਼ਿਤ ਕਰ ਦਿੱਤਾ ਹੈ।
- ਚੀਨ ਦਾ ਯੈਲੋ ਦਰਿਆ, ਅਮਰੀਕਾ ਦਾ ਕਲੋਰਾਡੋ ਤੇ ਗੰਗਾ ਹੌਲੀ-ਹੌਲੀ ਖਤਮ ਹੋ ਰਹੇ ਵੱਡੇ ਦਰਿਆ ਹਨ।



ੳ ਨਕਸ਼ਾ ਕਾਰਜ (Map Work)

1. ਭਾਰਤ ਦੇ ਖਾਕੇ ਵਿੱਚ ਅੰਕਿਤ ਕਰੋ :
 (*i*) ਗੰਗਾ
 (*ii*) ਬ੍ਰਹਮਪੁੱਤਰ
 (*iii*) ਵੂਲਰ ਤੇ ਸਾਂਬਰ ਝੀਲਾਂ
 (*iv*) ਗੋਬਿੰਦ ਸਾਗਰ ਝੀਲ।
2. ਭਾਰਤ ਦੇ ਖਾਕੇ ਵਿੱਚ ਬਣਾਓ :
 (*i*) ਗੰਗਾ ਦੀਆਂ ਤਿੰਨ ਖੱਬੀਆਂ ਤੇ ਤਿੰਨ ਸੱਜੀਆਂ ਸਹਾਇਕ ਨਦੀਆਂ।
 (*ii*) ਪੱਛਮ ਵੱਲ ਵਹਿਣ ਵਾਲੇ ਦੋ ਪ੍ਰਾਇਦੀਪੀ ਦਰਿਆ।
 (*iii*) ਪੂਰਬ ਵੱਲ ਵਹਿ ਕੇ ਖਾੜੀ ਬੰਗਾਲ 'ਚ ਰੱਲਣ ਵਾਲੇ ਤਿੰਨ ਪ੍ਰਾਇਦੀਪੀ ਦਰਿਆ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਇਨ੍ਹਾਂ ਵਿੱਚੋਂ ਕਿਹੜਾ ਦਰਿਆ ਗੰਗਾ ਦੀ ਸਹਾਇਕ ਨਦੀ ਨਹੀਂ ਹੈ :
 (*i*) ਜਮਨਾ (ਯਮੁਨਾ)
 (*ii*) ਬਿਆਸ
 (*iii*) ਗੰਡਕ
 (*iv*) ਸੋਨ
2. ਇਨ੍ਹਾਂ ਵਿੱਚੋਂ ਕਿਹੜੀ ਝੀਲ ਕੁਦਰਤੀ ਨਹੀਂ ਹੈ :
 (*i*) ਰੇਣੂਕਾ
 (*ii*) ਚਿਲਕਾ
 (*iii*) ਡਲ
 (*iv*) ਰਣਜੀਤ ਸਾਗਰ

3. ਭਾਰਤ ਵਿੱਚ ਸਭ ਤੋਂ ਵੱਡਾ ਨਦੀ ਤੰਤਰ ਕਿਹੜਾ ਹੈ :

(*i*) ਗੰਗਾ ਜਲਤੰਤਰ (*ii*) ਗੋਦਾਵਰੀ ਤੰਤਰ

(*iii*) ਬ੍ਰਹਮਪੁੱਤਰ ਤੰਤਰ (*iv*) ਸਿੰਧ ਜਲਤੰਤਰ

4. ਸੰਸਾਰ ਦਾ ਸਭ ਤੋਂ ਵੱਡਾ ਡੈਲਟਾ ਕਿਹੜਾ ਹੈ ?
5. ਦੋਆਬ ਕਿਸਨੂੰ ਆਖਦੇ ਹਨ ?
6. ਸਿੰਧ ਦਰਿਆ ਦੀ ਕੁਲ ਲੰਬਾਈ ਕਿੰਨੀ ਹੈ ਤੇ ਭਾਰਤ ਵਿੱਚ ਇਸਦਾ ਕਿੰਨਾ ਹਿੱਸਾ ਪੈਂਦਾ ਹੈ ?
7. ਪ੍ਰਾਇਦੀਪੀ ਭਾਰਤ ਦੀਆਂ ਤਿੰਨ ਨਦੀਆਂ ਦੱਸੋ ਜੋ ਬੰਗਾਲ ਦੀ ਖਾੜੀ ਵਿੱਚ ਡਿਗਦੀਆਂ ਹਨ।
8. ਭਾਰਤੀ ਨਦੀ ਤੰਤਰ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?
9. ਸਿੰਧ ਦਰਿਆ ਕਿਹੜੇ ਗਲੇਸ਼ੀਅਰ 'ਚੋਂ ਜਨਮ ਲੈਂਦਾ ਹੈ ?
10. ਕੋਈ ਦੋ ਮੌਸਮੀ ਦਰਿਆਵਾਂ ਦੇ ਨਾਮ ਲਿਖੋ।
11. ਮਹਾਂਨਦੀ ਦਾ ਜਨਮ ਸਥਾਨ ਕੀ ਹੈ ? ਇਸਦੀਆਂ ਕੋਈ ਦੋ ਸਹਾਇਕ ਨਦੀਆਂ ਦੱਸੋ।
12. ਭਾਰਤ ਦੀਆਂ ਪੰਜ ਪ੍ਰਮੁੱਖ ਕੁਦਰਤੀ ਝੀਲਾਂ ਦੇ ਨਾਮ ਲਿਖੋ।

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਗੰਗਾ ਦਾ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਇਸਦੀ ਰੋਕਥਾਮ ਲਈ ਕੀ ਕੀਤਾ ਗਿਆ ਹੈ ?
2. ਭਾਰਤ ਦੇ ਅੰਦਰੂਨੀ ਜਲਤੰਤਰ 'ਤੇ ਇਕ ਨੋਟ ਲਿਖੋ।
3. ਬਿਰਧ ਗੰਗਾ ਕੀ ਹੈ ?
4. ਧੁੰਆਂਧਾਰ ਝਰਨਾ ਕਿਸ ਨਦੀ 'ਤੇ ਹੈ ? ਉਸਦੀਆਂ ਸਹਾਇਕ ਨਦੀਆਂ ਦੇ ਨਾਮ ਲਿਖੋ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਹਿਮਾਲਿਆਈ ਤੇ ਪ੍ਰਾਇਦੀਪੀ ਨਦੀਆਂ ਕਿਹੜੀਆਂ ਹਨ ਤੇ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਵਿੱਚ ਕੀ ਅੰਤਰ ਹੈ, ਲਿਖੋ।
2. ਭਾਰਤ ਦੇ ਕਿਸੇ ਤਿੰਨ ਨਦੀ ਤੰਤਰਾਂ ਬਾਰੇ ਜਾਣੂ ਕਰਵਾ ਕੇ ਕਿਸੇ ਇਕ ਦੀ ਵਿਸਤ੍ਰਿਤ ਵਿਆਖਿਆ ਕਰੋ।
3. ਉਤਰੀ ਭਾਰਤ ਤੇ ਦੱਖਣੀ ਭਾਰਤ ਦੀਆਂ ਨਦੀਆਂ ਦੇ ਆਰਥਿਕ ਪੱਖੋਂ ਉਪਯੋਗਾਂ ਦੀ ਚਰਚਾ ਕਰੋ।

❖ ❖ ❖

3(b)


ਪੰਜਾਬ : ਜਲ ਤੰਤਰ

(*Punjab : Drainage*)

ਪੰਜਾਬ ਸ਼ਬਦ 'ਪੰਜ + ਆਬ' ਤੋਂ ਬਣਿਆ ਹੈ, ਇਸ ਦਾ ਅਰਥ ਹੈ ਪੰਜਾਂ ਦਰਿਆਵਾਂ ਦੀ ਧਰਤੀ। ਪੰਜਾਬ ਦੇ ਦਰਿਆ ਹੀ ਪੰਜਾਬ ਦੀ ਸ਼ਾਨ ਹਨ। ਸੰਨ 1947 ਵਿੱਚ ਭਾਰਤ ਪਾਕਿਸਤਾਨ ਦੀ ਵੰਡ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੀ ਝੱਲਣਾ ਪਿਆ ਹੈ। ਵੰਡ ਕਾਰਨ ਮੌਜੂਦਾ, ਭਾਰਤੀ ਪੰਜਾਬ ਵਿੱਚ ਤਿੰਨ ਦਰਿਆ ਰਾਵੀ, ਬਿਆਸ ਤੇ ਸਤਲੁਜ ਹੀ ਰਹਿ ਗਏ। ਜਿਹਲਮ, ਚਨਾਬ, ਸਿੰਧ ਤੇ ਨਹਿਰੀ ਜਾਲ ਪਾਕਿਸਤਾਨ ਵਾਲੇ ਪੰਜਾਬ ਵਿਚ ਰਹਿ ਗਿਆ। ਪੰਜਾਬ ਦੇ ਇਹ ਤਿੰਨੋ ਦਰਿਆ ਬਾਰਾਂਮਾਸੀ ਹਨ ਅਤੇ ਪਹਾੜਾਂ ਤੋਂ ਪਿਘਲੀ ਬਰਫ ਸਦਕਾ ਸਾਰਾ ਸਾਲ ਪਾਣੀ ਨਾਲ ਭਰੇ ਰਹਿੰਦੇ ਹਨ। ਘੱਗਰ, ਚਿੱਟੀ ਵੇਈਂ, ਕਾਲੀ ਵੇਈ, ਸੱਕੀ ਕਿਰਨ ਆਦਿ ਮੌਸਮੀ ਦਰਿਆ ਹਨ।

ਪੰਜਾਬ ਦਾ ਜਲ ਤੰਤਰ

1. ਬਾਰਾਮਾਸੀ ਦਰਿਆ (Perennial Rivers)	2. ਮੌਸਮੀ ਦਰਿਆ (Seasonal Rivers)	3. ਅਵਸ਼ੇਸ਼ੀ ਦਰਿਆ (Relict Rivers)
• ਰਾਵੀ	• ਘੱਗਰ	• ਬੁੱਢਾ ਨਾਲਾ
• ਬਿਆਸ	• ਚਿੱਟੀ ਵੇਈਂ	• ਸੱਕੀ ਕਿਰਨ
• ਸਤਲੁਜ	• ਕਾਲੀ ਵੇਈਂ	
	• ਚੱਕੀ ਖੱਡ	
	• ਉੱਜ (ਰਾਵੀ)	
	• ਸਵਾਨ (ਸਤਲੁਜ)	
	• ਸੋਹਨ ਨਦੀ (ਬਿਆਨ)	
	• ਆਨੰਦਪੁਰ ਚੋਅ	
	• ਬਲਾਚੌਰ ਚੋਅ	
	• ਨੂਰਪੁਰ ਬੇਦੀ ਚੋਅ	
	• ਸੁਖਨਾ ਚੋਅ	
	• ਪਟਿਆਲਾ ਕੀ ਰਾਉਂ	
	• ਜੈਂਤਿਆ ਦੇਵੀ ਦੀ ਰਾਉਂ	
	• ਸਿਸਵਾਂ ਨਦੀ	


PUNJAB
Drainage
Jammu & Kashmir
Ujj River
Himachal Pradesh
Chakki Khad
Pakistan
Ravi River
Sakki Kiran Nallah
Beas River
River Sohan
Udiara Nallah
MAJHA
Shivalik Mountains
River Beas
Black Bein
Satluj River
DOABA
Adampur Choa
Kasoor Nallah
White Bem
Kali Nadi
Katar Dhar
Sukhar Nallah
Satluj River
Buddha Nallah
Sirsa Nadi
Ropar
Siswan Nadi
Satluj River
Moga Nallah
A
Jaintia Devi Ki Rao
W
Choa wali nadi
Jhambo Wali Choa
L
A
Sirhand Choa
Gadri Nadi
Dongri Nadi
M
Lasara Nallah
Markanda River
Sunam Wali Choa
Choa Nadi
Patiala Ki Rao
Saraswati River
Rajasthan
Haryana
Bluffs (Dhaiya)
10 0 10 20 30 40
Kms

ਪੰਜਾਬ ਜਲ ਪ੍ਰਵਾਹ

ਪੰਜਾਬ ਦੇ ਪ੍ਰਮੁੱਖ ਦਰਿਆਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਇਵੇਂ ਹੈ :—

1. ਰਾਵੀ (Ravi) : ਦਰਿਆ ਰਾਵੀ ਦਾ ਜਨਮ ਸਥਾਨ ਕੁੱਲੂ ਦੀਆਂ ਪਹਾੜੀਆਂ ਵਿੱਚ ਰੋਹਤਾਂਗ ਦਰੇ ਦੇ ਉੱਤਰ ਵੱਲ 4116 ਮੀਟਰ ਦੀ ਉੱਚਾਈ 'ਤੇ ਹੈ। ਰਾਵੀ ਆਪਣੇ ਆਰੰਭਕ (ਜਨਮ) ਸਥਾਨ ਤੋਂ ਲੈ ਕੇ ਧੌਲਾਧਾਰ, ਪੀਰ ਪੰਜਾਲ ਦੀਆਂ ਲੜੀਆਂ ਵਿੱਚ ਨਿਰਮਿਤ ਗਰਤਾਂ (Depressions) ਰਾਹੀਂ ਵਹਿੰਦਾ ਹੋਇਆ ਚੰਬਾ ਤੇ ਡਲਹੌਜ਼ੀ ਪਾਰ ਕਰਦਾ ਹੈ। ਪਠਾਨਕੋਟ ਜ਼ਿਲ੍ਹੇ ਵਿੱਚ ਮਾਧੋਪੁਰ ਨਾਮਕ ਸਥਾਨ ਤੇ ਰਾਵੀ ਮੈਦਾਨਾਂ ਵਿੱਚ ਪ੍ਰਵੇਸ਼ ਕਰਦਾ ਹੈ। ਰਾਵੀ ਉੱਪਰ ਰਣਜੀਤ ਸਾਗਰ ਡੈਮ, ਥੀਨ ਡੈਮ ਲਈ ਮਾਧੋਪੁਰ ਹੈਡ ਵਰਕਸ ਉਸਾਰਿਆ ਗਿਆ ਹੈ ਅਤੇ ਇਸ ਤੋਂ ਅਪੱਰ ਬਾਰੀ ਦੁਆਬ ਨਹਿਰ ਕੱਢੀ ਗਈ ਹੈ। ਰਾਵੀ ਦਰਿਆ ਮਾਧੋਪੁਰ ਤੋਂ ਅੱਗੇ ਪੰਜਾਬ ਦੇ ਪਠਾਨਕੋਟ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਦੀ ਲੰਘਦਾ ਹੋਇਆ, ਭਾਰਤ ਪਾਕਿਸਤਾਨ ਦੀ ਅੰਤਰਰਾਸ਼ਟਰੀ (ਕੌਮਾਂਤਰੀ) ਸਰਹੱਦ ਨਿਰਧਾਰਿਤ ਕਰਦਾ ਹੈ। ਇਹ ਕੱਕੜ ਮੰਝ ਨਾਮੀ ਸਥਾਨ ਤੇ ਪਾਕਿਸਤਾਨ ਵਿੱਚ ਪ੍ਰਵੇਸ਼ ਕਰਦਾ ਹੈ ਤੇ ਅੱਗੇ ਇਹ ਪਾਕਿਸਤਾਨ ਵਿੱਚ ਸਿਧਾਨੀ ਨਾਮਕ ਸਥਾਨ ਤੇ ਚਨਾਬ ਵਿੱਚ ਪ੍ਰਵੇਸ਼ ਕਰ ਜਾਂਦਾ ਹੈ।

ਰਾਵੀ ਦੀਆਂ ਸਹਾਇਕ ਨਦੀਆਂ : ਮਾਧੋਪੁਰ ਦੇ ਨਜ਼ਦੀਕ ਰਾਵੀ ਵਿੱਚ ਕਈ ਖੱਡਾਂ ਆ ਕੇ ਮਿਲਦੀਆਂ ਹਨ। ਇਹਨਾਂ ਵਿੱਚ ਬਸੌਲੀ ਦੀਆਂ ਪਹਾੜੀਆਂ ਤੋਂ ਨਿਕਲਣ ਵਾਲੀ ਉਜ ਨਦੀ ਸਭ ਤੋਂ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਸੱਕੀ ਕਿਰਨ ਨਾਲਾ ਰਾਵੀ ਦੇ ਨਾਲ ਨਾਲ ਚਲਦਾ ਹੋਇਆ ਭਾਰਤ ਪਾਕਿਸਤਾਨ ਸਰਹੱਦ 'ਤੇ ਸਤਲੁਜ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਰਾਵੀ ਦਰਿਆ ਤੇ ਚਾਰ ਹੈੱਡ ਵਰਕਸ ਉਸਾਰੇ ਗਏ ਹਨ, ਸ਼ਾਹਪੁਰ ਕੰਡੀ ਦੇ ਨਜ਼ਦੀਕ ਧਾਨਾ ਜਾਂ ਬਸੰਤਪੁਰ, ਕਟਾਰਧਾਰ, ਮਾਧੋਪੁਰ ਹੈਡਵਰਕਸ, ਮਾਧੋਪੁਰ ਬਿਆਸ ਲਿੰਕ ਤੇ ਕਠੂਆ ਫੀਡਰ।

ਰਣਜੀਤ ਸਾਗਰ ਜਾਂ ਥੀਨ ਡੈਮ : ਇਹ ਡੈਮ 1981 ਵਿੱਚ ਮਨਜ਼ੂਰ ਹੋਇਆ ਤੇ ਮਾਰਚ 2001 ਵਿੱਚ ਇਸਦਾ ਨਿਰਮਾਣ ਪੂਰਾ ਹੋਇਆ। ਇਸ ਤੋਂ 600 ਮੈਗਾ ਵਾਟ ਬਿਜਲੀ ਪੈਦਾ ਕੀਤੀ ਜਾਂਦੀ ਹੈ।

2. ਬਿਆਸ (Beas) : ਦਰਿਆ ਬਿਆਸ ਵੀ ਹਿਮਾਚਲ ਪ੍ਰਦੇਸ਼ ਵਿੱਚ ਰੋਹਤਾਂਗ ਦਰੇ ਕੋਲ 4060 ਮੀਟਰ ਦੀ ਉੱਚਾਈ 'ਤੇ ਸਥਿਤ ਬਿਆਸ ਕੁੰਡ ਤੋਂ ਨਿਕਲਦਾ ਹੈ। ਮਨਾਲੀ ਤੇ ਕੁੱਲੂ ਦੀਆਂ ਘਾਟੀਆਂ ਪਾਰ ਕਰਦਾ ਹੋਇਆ ਲਾਰਜੀ ਨਾਮਕ ਸਥਾਨ ਤੇ ਧੌਲਾਧਾਰ ਦੀਆਂ ਪਹਾੜੀਆਂ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਹ ਹੁਸ਼ਿਆਰਪੁਰ ਜ਼ਿਲੇ ਵਿੱਚ ਤਲਵਾੜਾ ਵਿਖੇ ਮੈਦਾਨਾਂ ਵਿੱਚ ਪ੍ਰਵੇਸ਼ ਕਰਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਬਿਆਸ 'ਤੇ ਪੰਡੋਹ ਤੇ ਪੰਜਾਬ ਵਿੱਚ ਤਲਵਾੜਾ ਵਿਖੇ ਪੌਂਗ ਡੈਮ ਦੀ ਉਸਾਰੀ ਕੀਤੀ ਗਈ ਹੈ। ਪੰਜਾਬ ਵਿੱਚ 160 ਕਿਲੋਮੀਟਰ ਫਾਸਲਾ ਤੈਅ ਕਰਦਾ ਹੋਇਆ ਹਰੀਕੇ ਨਾਮਕ ਸਥਾਨ 'ਤੇ ਸਤਲੁਜ ਵਿੱਚ ਮਿਲ ਜਾਂਦਾ ਹੈ। ਇਥੋਂ ਰਾਜਸਥਾਨ ਫੀਡਰ ਨਹਿਰ ਕੱਢੀ ਗਈ ਹੈ ਜਿਸਨੂੰ ਇੰਦਰਾ ਗਾਂਧੀ ਕਮਾਂਡ ਨਹਿਰ ਵੀ ਕਿਹਾ ਜਾਂਦਾ ਹੈ। ਇਹ ਨਹਿਰ ਰਾਜਸਥਾਨ ਦੇ ਵੱਡੇ ਖੇਤਰ ਦੀ ਸਿੰਜਾਈ ਤੇ ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਦੀ ਹੈ।

ਬਿਆਸ ਦੀਆਂ ਸਹਾਇਕ ਨਦੀਆਂ : ਬਿਆਸ ਦੀਆਂ ਪ੍ਰਮੁੱਖ ਸਹਾਇਕ ਨਦੀਆਂ ਹਨ ਪਾਰਬਤੀ, ਸੁਕੰਤਰੀ ਉਗਮਨ, ਸੌਹਾਂ ਤੇ ਕਾਲੀ ਵੇਈਂ ਆਦਿ। ਸੌਹਾਂ, ਤਲਵਾੜਾ ਵਿਖੇ ਬਿਆਸ ਵਿੱਚ ਪ੍ਰਵੇਸ਼ ਕਰਦੀ ਹੈ। ਕਾਲੀ ਵੇਈਂ ਹੁਸ਼ਿਆਰਪੁਰ, ਕਪੂਰਥਲਾ ਜ਼ਿਲਿਆਂ ਰਾਹੀਂ ਹੁੰਦੀ ਹੋਈ ਹਰੀਕੇ ਦੇ ਨੇੜੇ ਬਿਆਸ ਵਿੱਚ ਮਿਲ ਜਾਂਦੀ ਹੈ। ਬਿਆਸ ਦਰਿਆ 'ਤੇ ਪੰਡੋਹ, ਪੌਂਗ ਡੈਮਾਂ ਦੀ ਉਸਾਰੀ ਕੀਤੀ ਗਈ ਹੈ।

3. ਸਤਲੁਜ ਦਰਿਆ (Satluj) : ਸਤਲੁਜ ਤਿੱਬਤ ਵਿੱਚ 4630 ਮੀਟਰ ਦੀ ਉੱਚਾਈ ਤੋਂ ਮਾਨਸਰੋਵਰ ਝੀਲ ਨੇੜੇ ਰਕਸ਼ਤਾਲ ਤੋਂ ਆਰੰਭਦਾ ਹੈ। ਇਹ ਹਿਮਾਲਿਆ ਪਰਬਤ ਪਾਰ ਕਰਦਾ ਹੋਇਆ ਡੂੰਘੀਆਂ ਖਾਈਆਂ (Gorges) ਬਣਾਉਂਦਾ ਹੈ। ਭਾਖੜਾ ਵਿਖੇ ਸਤਲੁਜ ਮੈਦਾਨਾਂ ਵਿੱਚ ਦਾਖਲ ਹੁੰਦਾ ਹੈ, ਜਿਥੇ ਪ੍ਰਸਿੱਧ ਭਾਖੜਾ ਡੈਮ ਬਣਿਆ ਹੋਇਆ ਹੈ। ਸਤਲੁਜ ਦਰਿਆ ਨੰਗਲ ਤੋਂ ਦੱਖਣ ਦਿਸ਼ਾ ਵਿੱਚ ਅੱਗੇ ਵਧਦਾ ਹੈ। ਰੋਪੜ ਲਾਗੇ ਇਸ ਵਿੱਚ ਸੁਆਂ, ਸਰਸਾ ਨਦੀਆਂ ਤੇ ਮੌਸਮੀ ਚੋਅ ਆਣ ਮਿਲਦੇ ਹਨ। ਇਹ ਹਰੀਕੇ ਪੱਤਣ ਤੋਂ 60 ਕਿਲੋਮੀਟਰ ਦੀ ਦੂਰੀ 'ਤੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਸੁਲੇਮਾਨਕੀ ਨਾਮਕ ਸਥਾਨ 'ਤੇ ਪਾਕਿਸਤਾਨ ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਗੰਗੂਵਾਲ, ਸਤਲੁਜ ਦਰਿਆ ਤੇ ਭਾਖੜਾ ਡੈਮ ਤੋਂ ਇਲਾਵਾ, ਨਾਥੱਪਾ-ਝਾਖੜੀ, ਨੰਗਲ, ਕੋਟਲਾ ਡੈਮ ਵੀ ਬਣਾਇਆ ਗਿਆ ਹੈ।

ਸਹਾਇਕ ਨਦੀਆਂ : ਸਤਲੁਜ ਦੀਆਂ ਸਹਾਇਕ ਨਦੀਆਂ ਵਿੱਚ ਸੁਆਂ ਬਿਆਸ ਅਤੇ ਚਿੱਟੀ ਵੇਈਂ ਪ੍ਰਮੁੱਖ ਹਨ। ਚਿੱਟੀ ਵੇਈਂ ਮੱਖੂ ਨੇੜੇ ਗਿੱਦੜ ਪਿੰਡੀ ਨਾਮਕ ਸਥਾਨ ਤੇ ਸਤਲੁਜ ਵਿੱਚ ਪ੍ਰਵੇਸ਼ ਕਰਦੀ ਹੈ। ਡੈਮਾਂ ਤੋਂ ਇਲਾਵਾ ਸਤਲੁਜ ਤੇ ਰੋਪੜ, ਹਰੀਕੇ ਹੈਡੱਵਰਕਸ ਵੀ ਉਸਾਰੇ ਗਏ ਹਨ।

ਘੱਗਰ (Ghaggar) : ਘੱਗਰ ਕਿਸੇ ਸਮੇਂ ਪੰਜਾਬ ਵਿੱਚ ਵਹਿਣ ਵਾਲੀ ਸਰਸਵਤੀ ਨਦੀ ਦਾ ਹਿੱਸਾ ਸੀ ਪਰ ਹੁਣ ਇਹ ਦੱਖਣੀ ਪੰਜਾਬ ਵਿੱਚ ਵਗਣ ਵਾਲੀ ਮੌਸਮੀ ਨਦੀ ਹੈ। ਇਹ ਸਿਰਮੌਰ ਦੀਆਂ ਪਹਾੜੀਆਂ ਤੋਂ ਨਿਕਲਦੀ ਹੈ ਤੇ ਮਨੀਮਾਜਰਾ ਤੋਂ 1.6 ਕਿਲੋਮੀਟਰ ਦੂਰ ਮੁਬਾਰਕਪੁਰ ਨਾਮਕ ਸਥਾਨ 'ਤੇ ਮੈਦਾਨੀ ਇਲਾਕੇ ਵਿੱਚ ਪ੍ਰਵੇਸ਼ ਕਰਦੀ ਹੈ ਤੇ ਫਿਰ ਪਟਿਆਲਾ, ਘਨੌਰ ਅਤੇ ਹਰਿਆਣਾ ਦੇ ਇਲਾਕੇ ਨੂੰ ਪਾਰ ਕਰਦੀ ਹੋਈ ਰਾਜਸਥਾਨ ਦੇ ਰੇਗਿਸਤਾਨ ਵਿੱਚ ਲੋਪ ਹੋ ਜਾਂਦੀ ਹੈ।

ਚੋਅ (Choes) : ਪੰਜਾਬ ਦਾ ਕੰਡੀ ਖੇਤਰ ਮੌਸਮੀ ਚੋਆਂ ਨਾਲ ਭਰਿਆ ਹੋਇਆ ਹੈ। ਬਹੁਤੇ ਚੋਆਂ ਦਾ ਜਨਮ ਕਟਾਰਧਾਰ ਤੇ ਸੋਲਾਸਿੰਗੀ ਦੀਆਂ ਪਹਾੜੀਆਂ ਵਿੱਚ ਹੁੰਦਾ ਹੈ। ਇਹ ਚੋਅ ਵਰਖਾ ਰੁੱਤ ਵਿੱਚ ਪਾਣੀ ਨਾਲ ਭਰ ਜਾਂਦੇ ਹਨ। ਸਰਕਾਰ ਨੇ ਕਾਫੀ ਚੋਆਂ ਦਾ ਰਾਹ ਬੰਦ ਕਰਨ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ ਤੇ ਵਰਖਾ ਦਾ ਪਾਣੀ ਇਕੱਠਾ ਕਰਕੇ ਖੇਤੀਬਾੜੀ ਤੇ ਹੋਰ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਦੱਖਣ-ਪੱਛਮ ਵਿੱਚ ਵਹਿਣ ਵਾਲੇ 93 ਚੋਆਂ ਵਿੱਚੋਂ ਬਹੁਤੇ ਚਿੱਟੀ ਵੇਈਂ ਤੇ ਕਾਲੀ ਵੇਈਂ ਵਿੱਚ ਜਾ ਰਲਦੇ ਹਨ। ਹੁਸ਼ਿਆਰਪੁਰ ਵਿੱਚ ਬਣਾ ਚੋਅ, ਟੋਸਾਂ ਚੋਅ। ਬਲਾਚੌਰ ਚੋਅ, ਗੜਸ਼ੰਕਰ ਚੋਅ, ਨਰਿਆਲਾ ਚੋਅ, ਮੈਲੀ ਚੋਅ, ਬਹੋਵਾਲ ਚੋਅ, ਨੰਗਲ ਸ਼ਹੀਦਾਂ ਚੋਅ, ਭੰਗੀ ਚੋਅ, ਦਸੂਹਾ ਚੋਅ, ਮਹਿਗੰਰੋਵਾਲ ਚੋਅ, ਗੋਂਦਪੁਰ ਚੋਅ ਆਦਿ ਕੁਝ ਪ੍ਰਮੁੱਖ ਚੋਅ ਹਨ। ਪੰਜਾਬ ਸਰਕਾਰ ਨੇ ਚੋਆਂ ਤੋਂ ਕਾਬੂ ਪਾਉਣ ਲਈ ਕੰਡੀ ਖੇਤਰ ਵਿਕਾਸ (Kandi Area Development) ਦੀ ਸਥਾਪਨਾ ਕੀਤੀ ਹੈ। ਉਪਰੋਕਤ ਚੋਆਂ ਤੋਂ ਇਲਾਵਾ, ਜੈਂਤਿਆ ਦੇਵੀ ਕੀ ਰੌਅ, ਪਟਿਆਲਾ ਕੀ ਰਾਉ, ਬੁੱਢਾ ਨਾਲਾ ਵੀ ਬਰਸਾਤੀ ਨਾਲੇ ਹਨ।


ਪੰਜਾਬ ਦਾ ਨਹਿਰੀ ਪ੍ਰਬੰਧ (Canal System of Punjab) : ਪੰਜਾਬ ਦਾ ਨਹਿਰੀ ਪ੍ਰਬੰਧ ਕਾਫੀ ਵਿਕਸਿਤ ਹੈ। ਇਸ ਵਿੱਚ 5 ਹੈਡ ਵਰਕਸ ਤੇ 14500 ਕਿਲੋਮੀਟਰ ਲੰਮੀਆਂ ਨਹਿਰਾਂ ਹਨ। ਇਹਨਾਂ ਵਿੱਚ 10 ਨਹਿਰਾਂ ਸਰਹਿੰਦ ਨਹਿਰ, ਬਿਸਤ ਦੁਆਬ ਨਹਿਰ, ਅੱਪਰਬਾਰੀ ਦੁਆਬ ਨਹਿਰ, ਭਾਖੜਾ ਮੇਨ ਲਾਈਨ (BML) ਨਹਿਰ, ਫਿਰੋਜ਼ਪੁਰ/ਸਰਹਿੰਦ ਫੀਡਰ ਪ੍ਰਬੰਧ, ਮੱਖੂ ਨਹਿਰ, ਸ਼ਾਹ ਨਹਿਰ, ਕਸ਼ਮੀਰ ਨਹਿਰ, ਰਾਜਸਥਾਨ ਫੀਡਰ ਤੇ ਬੀਕਾਨੇਰ ਨਹਿਰਾਂ ਪ੍ਰਮੁੱਖ ਹਨ। ਇਹਨਾਂ 10 ਨਹਿਰਾਂ ਵਿੱਚੋਂ 8 ਨਹਿਰਾਂ ਪ੍ਰਮੁੱਖ ਹਨ, ਜਿਨਾਂ ਦੀ ਜਾਣਕਾਰੀ ਹੇਠਾਂ ਦਿੱਤੀ ਸਾਰਣੀ ਵਿੱਚ ਦਿੱਤੀ ਗਈ ਹੈ।

ਪੰਜਾਬ ਨਹਿਰੀ ਪ੍ਰਬੰਧ

ਲੜੀ ਨੰ.	ਨਹਿਰ ਦਾ ਨਾਂ	ਲੰਬਾਈ (ਕਿਲੋਮੀਟਰ ਵਿੱਚ)	ਸ਼ੁਰੂਆਤੀ ਸਥਾਨ
1.	ਸਰਹਿੰਦ	59.44	ਰੋਪੜ ਹੈਡਵਰਕਸ
2.	ਬਿਸਤ ਦੁਆਬ	43.00	ਰੋਪੜ ਹੈੱਡਵਰਕਸ
3.	ਅੱਪਰ ਬਾਰੀ ਦੁਆਬ	42.35	ਮਾਧੋਪੁਰ ਹੈੱਡਵਰਕਸ
4.	ਸਰਹਿੰਦ ਫੀਡਰ II	136.53	ਹਰੀਕੇ ਹੈੱਡਵਰਕਸ
5.	ਪੂਰਬੀ ਨਹਿਰ	8.02	ਹੁਸੈਨੀਵਾਲਾ ਹੈੱਡਵਰਕਸ
6.	ਭਾਖੜਾ ਮੇਨ ਲਾਈਨ	161.36	ਨੰਗਲ ਬੈਰਜ
7.	ਸ਼ਾਹ ਨਹਿਰ	2.23	ਮੁਕੇਰੀਆਂ ਹਾਈਡਲ ਚੈਨਲ
8.	ਰਾਜਸਥਾਨ ਫੀਡਰ	149.53	ਹਰੀਕੇ ਹੈੱਡਵਰਕਸ (ਤਰਨਤਾਰਨ)

ਸਰੋਤ (Pbirrigation.gov.in)

ਪੰਜਾਬ ਦੇ ਦਰਿਆਵਾਂ ਵਿੱਚ ਪ੍ਰਦੂਸ਼ਣ : ਪੰਜਾਬ ਦੀਆਂ ਲਗਭਗ ਸਾਰੀਆਂ ਨਦੀਆਂ ਤੇ ਨਹਿਰਾਂ ਬੁਰੀ ਤਰ੍ਹਾਂ ਪ੍ਰਦੂਸ਼ਣ ਦਾ ਸ਼ਿਕਾਰ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ, ਭਾਬਾ ਐਟਮੀ ਖੋਜ ਕੇਂਦਰ ਤੇ ਭਾਰਤ ਸਰਕਾਰ ਦੇ ਵਾਤਾਵਰਨ ਮੰਤਰਾਲੇ ਨੇ ਇਹ ਮੰਨ ਲਿਆ ਹੈ, ਕਿ ਪੰਜਾਬ ਦੇ ਪਾਣੀਆਂ ਵਿੱਚ ਖ਼ਤਰਨਾਕ ਜ਼ਹਿਰ ਭਰ ਗਏ ਹਨ। ਪਾਣੀ ਰਾਹੀਂ ਇਹ ਜ਼ਹਿਰ ਪੂਰੇ ਵਾਤਾਵਰਨ ਤੇ ਭੋਜਨ ਲੜੀ ਵਿੱਚ ਪਹੁੰਚ ਕੇ ਲੋਕਾਂ ਨੂੰ ਕੈਂਸਰ ਤੇ ਹੋਰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੇ ਹਨ। ਆਪਣੀਆਂ ਆਉਣ ਵਾਲੀਆਂ ਪੀੜੀਆਂ ਨੂੰ ਬਚਾਉਣ ਲਈ ਸਾਨੂੰ ਆਪਣੇ ਪਾਣੀ ਦੇ ਸਰੋਤ (ਸੋਮੇ) ਬਚਾਉਣ ਦੀ ਲੋੜ ਹੈ ਨਾਲ ਹੀ ਵਰਖਾ ਦੇ ਪਾਣੀ ਨੂੰ ਬਚਾ ਕੇ ਵਰਤਣ ਦੀ ਬੇਹੱਦ ਜ਼ਰੂਰਤ ਹੈ।



ਸੰਖੇਪ ਸਾਰ (Summary)

- ਪੰਜਾਬ ਦੇ ਪੰਜ ਦਰਿਆਵਾਂ ਵਿੱਚੋਂ ਤਿੰਨ ਚੜ੍ਹਦੇ ਪੰਜਾਬ ਵਿੱਚ ਹਨ : ਸਤਲੁੱਜ, ਬਿਆਸ ਤੇ ਰਾਵੀ।
- ਪੰਜਾਬ ਰਾਜਨੀਤਿਕ ਵੰਡ ਦੇ ਨਾਲ ਪਾਣੀਆਂ ਦੀ ਵੰਡ ਦਾ ਅਸਹਿ ਨੁਕਸਾਨ ਝੱਲਦਾ ਆ ਰਿਹਾ ਹੈ।
- ਪੰਜਾਬ ਦੇ ਮੌਸਮੀ ਦਰਿਆ ਘੱਗਰ, ਚਿੱਟੀ ਵੇਈਂ, ਕਾਲੀ ਵੇਈਂ, ਚੱਕੀ ਖੱਡ, ਉੱਜ, ਸਿਸਵਾਂ, ਚੋਅ ਤੇ ਰੌਆਂ ਹਨ।
- ਬੁੱਢਾ ਨਾਲਾ ਤੇ ਸੱਕੀ ਕਿਰਨਾਂ ਦੇ ਮਾਰਗ, ਪੰਜਾਬ ਦੇ ਪਛਾਣ ਗੁਆ ਚੁੱਕੇ ਜਲ ਤੰਤਰ ਮਾਰਗ ਹਨ।
- ਰਾਵੀ ਤੇ ਬਿਆਸ ਦੋਹਾਂ ਦਾ ਜਨਮ ਸਥਾਨ ਹਿਮਾਚਲ ਪ੍ਰਦੇਸ਼ ਵਿੱਚ ਰੋਹਤਾਂਗ ਦਰੇ ਦੇ ਨੇੜੇ ਹੈ।
- ਸਤਲੁੱਜ ਦਰਿਆ ਹਿਮਾਲਿਆ ਪਾਰ ਦੀ ਤਿੱਬਤੀ ਝੀਲ ਰਕਸ਼ਤਾਲ ਤੋਂ ਆਰੰਭ ਹੁੰਦਾ ਹੈ।
- ਘੱਗਰ ਦਰਿਆ ਜੋ ਹੁਣ ਮੌਸਮੀ ਹੈ, ਕਦੇ ਸਰਸਵਤੀ ਨਦੀ ਦੀ ਸਹਾਇਕ ਨਦੀ ਹੁੰਦਾ ਸੀ।
- ਕੰਡੀ ਦਾ ਇਲਾਕਾ ਚੋਆਂ ਨਾਲ ਝੰਬਿਆ ਪਿਆ ਹੈ।
- ਪੰਜਾਬ ਦੀਆਂ ਪ੍ਰਮੁੱਖ ਨਹਿਰਾਂ : ਸਰਹਿੰਦ ਨਹਿਰ, ਬਿਸਤ ਦੋਆਬ, ਅੱਪਰ ਬਾਰੀ, ਸਰਹਿੰਦ ਫੀਡਰ, ਪੂਰਬੀ ਨਹਿਰ, ਭਾਖੜਾ ਮੇਨ ਲਾਈਨ, ਸ਼ਾਹ ਨਹਿਰ ਤੇ ਰਾਜਸਥਾਨ ਫੀਡਰ ਹਨ।
- ਪੰਜਾਬ ਜਲ ਪ੍ਰਦੂਸ਼ਣ ਰਾਹੀਂ ਆਪਣਾ ਇੱਕੋ-ਇੱਕ ਕੁਦਰਤੀ ਸਰੋਤ, ਜਲ, ਲਗਭਗ ਗਵਾ ਚੁੱਕਾ ਹੈ।



ੳ ਨਕਸ਼ਾ ਕਾਰਜ (Map Work)

1. ਪੰਜਾਬ ਦੇ ਖਾਕੇ ਵਿੱਚ ਦਿਖਾਓ :
 (*i*) ਰਾਵੀ, ਬਿਆਸ, ਸਤਲੁਜ ਤੇ ਘੱਗਰ
 (*ii*) ਕੋਈ ਚਾਰ ਨਹਿਰਾਂ
 (*iii*) ਕੋਈ ਚਾਰ ਚੋਅ
2. ਦਰਿਆਵਾਂ ਦਾ ਪ੍ਰਦੂਸ਼ਣ ਕਿਵੇਂ ਰੋਕਿਆ ਜਾਵੇ, ਇਸ ਬਾਰੇ ਅਧਿਆਪਕ ਸਮੇਤ ਜਮਾਤ ਵਿੱਚ ਚਰਚਾ ਕਰੋ।
3. ਤੁਹਾਡੇ ਨੇੜੇ ਦਰਿਆ ਜਾਂ ਨਹਿਰ ਵਿਚ ਹੋ ਰਹੇ ਪ੍ਰਦੂਸ਼ਣ ਬਾਰੇ ਅਧਿਆਪਕ ਤੇ ਅਧਿਕਾਰੀਆਂ ਨੂੰ ਸੂਚਿਤ ਕਰੋ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਕਿਹੜਾ ਦਰਿਆ ਮਾਨਸਰੋਵਰ ਲਾਗੇ ਰਕਸ਼ਤਾਲ ਝੀਲ ਵਿੱਚੋਂ ਉਪਜਦਾ ਹੈ :
 (*i*) ਘੱਗਰ (*ii*) ਬਿਆਸ
 (*iii*) ਸਤਲੁੱਜ (*iv*) ਬ੍ਰਹਮਪੁੱਤਰ
2. ਮੌਜੂਦਾ ਪੰਜਾਬ ਵਿੱਚ ਕੁਲ ਕਿੰਨੇ ਦਰਿਆ ਹਨ :
 (*i*) ਤਿੰਨ (*ii*) ਚਾਰ
 (*iii*) ਪੰਜ (*iv*) ਸੱਤ
3. ਰਣਜੀਤ ਸਾਗਰ ਜਾਂ ਥੀਨ ਡੈਮ ਦਾ ਨਿਰਮਾਣ ਕਿਹੜੇ ਦਰਿਆ ਤੇ ਹੋਇਆ ਹੈ :–
 (*i*) ਬਿਆਸ (*ii*) ਰਾਵੀ
 (*iii*) ਸਤਲੁੱਜ (*iv*) ਕੋਈ ਵੀ ਨਹੀਂ
4. ਭੰਗੀ ਚੋਅ ਤੇ ਬਾਸ਼ਾ ਚੋਅ ਕਿਹੜੇ ਜ਼ਿਲ੍ਹੇ ਵਿੱਚ ਪੈਂਦੇ ਹਨ :–
 (*i*) ਫ਼ਿਰੋਜ਼ਪੁਰ (*ii*) ਗੁਰਦਾਸਪੁਰ
 (*iii*) ਹੁਸ਼ਿਆਰਪੁਰ (*iv*) ਕੋਈ ਵੀ ਨਹੀਂ

5. ਕਿਹੜਾ ਕਥਨ ਸਹੀ ਹੈ ਤੇ ਕਿਹੜਾ ਗਲਤ :–

(*i*) ਰਾਵੀ, ਬਿਆਸ ਤੇ ਸਤਲੁੱਜ ਬਾਰਾਮਾਸੀ ਦਰਿਆ ਹਨ। ()

(*ii*) ਕਾਲੀ ਵੇਈਂ ਤੇ ਪਾਰਵਤੀ, ਬਿਆਸ ਦੀਆਂ ਸਹਾਇਕ ਨਦੀਆਂ ਹਨ। ()

(*iii*) ਕੁਦਰਤੀ ਜਲ ਦਾ ਸਭ ਤੋਂ ਸ਼ੁੱਧ ਰੂਪ ਵਰਖਾ ਦਾ ਜਲ ਹੈ। ()

(*iv*) ਪੰਜਾਬ ਵਿੱਚ 10 ਹੈਡਵਰਕਸ ਤੇ 20,786 ਕਿਲੋਮੀਟਰ ਲੰਬੀਆਂ ਲਹਿਰਾਂ ਹਨ। ()

6. ਬਿਸਤ ਦੋਆਬ ਵਿੱਚ ਬਿਸਤ ਤੋਂ ਕੀ ਭਾਵ ਹੈ ?

7. ਹਰੀਕੇ ਝੀਲ 'ਚੋਂ ਰਾਜਸਥਾਨ ਨੂੰ ਪਾਣੀ ਲਿਜਾਂਦੀਆਂ ਨਹਿਰਾਂ ਦੇ ਨਾਂ ਲਿਖੋ।

8. ਪੰਜਾਬ ਦੀ ਕਿਹੜੀ ਨਹਿਰ ਹਰਿਆਣਾ ਰਾਜ ਨੂੰ ਜਲ ਪ੍ਰਦਾਨ ਕਰਦੀ ਹੈ ?

9. ਅਪਰ ਬਾਰੀ ਦੋਆਬ ਨਹਿਰ ਦਾ ਸਰੋਤ ਕੀ ਹੈ ?

10. ਪੌਂਗ ਡੈਮ ਦਾ ਨਿਰਮਾਣ ਕਿਹੜੇ ਦਰਿਆ ਉੱਤੇ ਕੀਤਾ ਗਿਆ ਹੈ ?

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਬਿਆਸ ਤੇ ਰਾਵੀ ਦੀਆਂ ਸਹਾਇਕ ਨਦੀਆਂ ਦੀ ਸੂਚੀ ਬਣਾਓ।

2. ਚੋਅ ਕੀ ਹੁੰਦੇ ਹਨ ? ਕੋਈ ਚਾਰ ਚੋਆਂ ਦੇ ਨਾਮ ਲਿਖੋ।

3. ਪੰਜਾਬ ਦੇ ਵਹਿੰਦੇ ਜਲ ਦੇ ਪ੍ਰਦੂਸ਼ਣ ਤੋਂ ਜਾਣੂ ਕਰਵਾਓ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਸਤਲੁੱਜ ਦਰਿਆ, ਉਸਦੀਆਂ ਸਹਾਇਕ ਨਦੀਆਂ ਤੇ ਉਸ ਉੱਤੇ ਉਸਾਰੇ ਗਏ ਡੈਮਾਂ ਬਾਰੇ ਜਾਣਕਾਰੀ ਦਿਓ।

2. ਪੰਜਾਬ ਦੇ ਨਹਿਰੀ ਪ੍ਰਬੰਧ ਬਾਰੇ ਲਿਖੋ। ਇਸ ਨਾਲ ਖੇਤੀ ਨੂੰ ਕੀ-ਕੀ ਲਾਭ ਹੋਏ ਹਨ ?

3. ਪੰਜਾਬ ਦੇ ਚੋਆਂ ਤੇ ਰੌਆਂ ਉੱਤੇ ਇਕ ਵਿਸਤ੍ਰਿਤ ਨੋਟ ਲਿਖੋ।

❖ ❖ ❖

4

ਜਲਵਾਯੂ
(Climate)

ਵਾਯੂਮੰਡਲ ਦਾ ਇਕ ਮਹੱਤਵਪੂਰਨ ਪਹਿਲੂ ਜਲਵਾਯੂ ਹੈ। ਇਹ ਉਹ ਤੱਤ ਹੈ ਜੋ ਬਨਸਪਤੀ ਤੇ ਜੀਵਾਂ ਦੀ ਵੰਡ ਦੀਆਂ ਹੱਦਾਂ ਤੈਅ ਕਰਦਾ ਹੈ। ਜਲਵਾਯੂ ਹੀ ਕਿਸੇ ਸਥਾਨ ਉੱਤੇ ਮਨੁੱਖ ਦੀਆਂ ਵੱਖੋ-ਵੱਖ ਕਿਰਿਆਵਾਂ ਨੂੰ ਸੇਧ ਦਿੰਦਾ ਹੈ ਹਾਲਾਂਕਿ ਹਰ ਸਥਾਨ ਦੇ ਮੌਸਮ ਤੇ ਜਲਵਾਯੂ ਦੇ ਤੱਤ ਇਕੋ ਜਿਹੇ ਹੀ ਹੁੰਦੇ ਹਨ, ਪਰ ਮੌਸਮ ਅਤੇ ਜਲਵਾਯੂ ਵਿੱਚ ਅੰਤਰ ਹੁੰਦਾ ਹੈ। ਮੌਸਮ ਕਿਸੇ ਥਾਂ ਦੇ ਵਿਸ਼ੇਸ਼ ਸਮੇਂ ਉੱਤੇ ਉਸ ਥਾਂ ਦੇ ਤਾਪਮਾਨ, ਵਰਖਾ, ਸੂਰਜੀ ਰੌਸ਼ਨੀ, ਵਾਯੂ-ਦਾਬ ਅਤੇ ਪੌਣਾਂ ਦੀ ਹਾਲਤ ਨੂੰ ਕਹਿੰਦੇ ਹਨ। ਮੌਸਮ ਇਕ ਦਿਨ ਵਿੱਚ ਕਈ ਵਾਰ ਬਦਲ ਸਕਦਾ ਹੈ, ਪਰ ਜਲਵਾਯੂ ਨਹੀਂ ਬਦਲਦੀ।

ਕਿਸੇ ਸਥਾਨ ਦੇ ਲੰਮੇ ਸਮੇਂ ਦੇ ਮੌਸਮ (ਲਗਭਗ 30 ਸਾਲਾਂ ਤੋਂ ਵੱਧ) ਦੀ ਔਸਤ ਮਿਥ ਕੇ ਜੋ ਸਿੱਟਾ ਕੱਢਿਆ ਜਾਂਦਾ ਹੈ ਉਸ ਨੂੰ ਉਸ ਥਾਂ ਦੀ ਜਲਵਾਯੂ ਕਿਹਾ ਜਾਂਦਾ ਹੈ। ਜਲਵਾਯੂ ਲੰਮੇਂ ਸਮੇਂ ਦੇ ਤਾਪਮਾਨ, ਵਾਯੂ ਦਾਬ, ਪੌਣਾਂ ਅਤੇ ਵਰਖਾ ਦੀ ਔਸਤ 'ਤੇ ਨਿਰਭਰ ਹੁੰਦਾ ਹੈ।

ਜਲਵਾਯੂ ਵਿਗਿਆਨ (Climatology) ਉਹ ਵਿਗਿਆਨ ਹੈ ਜੋ ਧਰਤੀ ਦੇ ਵੱਖ-ਵੱਖ ਕਿਸਮ ਦੇ ਜਲਵਾਯੂ ਅਤੇ ਉਹਨਾਂ ਦੇ ਕੁਦਰਤੀ ਵਾਤਾਵਰਨ ਉੱਤੇ ਪ੍ਰਭਾਵ ਦਾ ਅਧਿਐਨ ਕਰਦਾ ਹੈ।

ਜਲਵਾਯੂ 'ਤੇ ਪ੍ਰਭਾਵ ਪਾਉਣ ਵਾਲੇ ਮੁੱਖ ਤੱਤ : ਧਰਤੀ ਦੀ ਸਤ੍ਹਾ ਉੱਤੇ ਕਈ ਕਿਸਮ ਦੀਆਂ ਖੇਤਰੀ ਭਿੰਨਤਾਵਾਂ ਮਿਲਦੀਆਂ ਹਨ। ਕਈ ਹਿੱਸੇ ਬੇਅੰਤ ਗਰਮ ਤੇ ਕਈ ਠੰਢੇ ਹਨ ਜਦੋਂ ਕਿ ਅਕਸ਼ਾਂਸ਼ੀ ਸਥਿਤੀ ਬਹੁਤੀ ਫਰਕ ਨਾ ਹੋਣ 'ਤੇ ਵੀ ਕੋਈ ਦੋ ਦੇਸ਼ਾਂ ਜਾਂ ਇਲਾਕਿਆਂ ਦਾ ਜਲਵਾਯੂ ਵੱਖ-ਵੱਖ ਹੁੰਦਾ ਹੈ। ਉਦਾਹਰਣ ਵਜੋਂ ਭਾਰਤੀ ਉਪਮਹਾਂਦੀਪ ਦੇ ਉੱਤਰ ਵਿੱਚ ਹਿਮਾਲਿਆ ਦੀ ਕਿਸੇ ਥਾਂ ਦੀ ਜਲਵਾਯੂ 'ਤੇ ਪ੍ਰਭਾਵ ਪਾਉਣ ਵਾਲੇ ਮੁੱਖ ਕਾਰਕ ਇਹ ਹਨ-

1. ਭੂ ਮੱਧ ਰੇਖਾ ਤੋਂ ਦੂਰੀ (Distance From Equator) : ਭੂ ਮੱਧ ਰੇਖਾ ਉੱਤੇ ਸੂਰਜ ਦੀਆਂ ਕਿਰਨਾਂ ਸਾਰਾ ਸਾਲ ਸਿੱਧੀਆਂ ਪੈਂਦੀਆਂ ਹਨ, ਇਸ ਲਈ ਭੂ-ਮੱਧ ਰੇਖਾ ਤੇ ਸਾਰਾ ਸਾਲ ਬਹੁਤ ਗਰਮੀ ਪੈਂਦੀ ਹੈ। ਜਿਉਂ-ਜਿਉਂ ਭੂ-ਮੱਧ ਰੇਖਾ ਤੋਂ ਧਰੁਵਾਂ ਵੱਲ ਜਾਈਏ ਗਰਮੀ ਘਟਦੀ ਜਾਂਦੀ ਹੈ। ਭਾਰਤ ਦਾ ਦੱਖਣੀ ਭਾਗ ਭੂ-ਮੱਧ ਰੇਖਾ ਦੇ ਨੇੜੇ ਹੈ ਅਤੇ ਕਰਕ ਰੇਖਾ ਭਾਰਤ ਦੇ ਮੱਧ ਵਿੱਚੋਂ ਲੰਘਦੀ ਹੈ। ਭਾਰਤ ਦੇ ਦੱਖਣੀ ਭਾਗ ਵਿੱਚ ਉੱਤਰੀ ਖਿੱਤੇ ਦੇ ਮੁਕਾਬਲੇ ਕਿਤੇ ਵੱਧ ਗਰਮੀ ਰਹਿੰਦੀ ਹੈ।

2. ਸਮੁੰਦਰ ਤੋਂ ਦੂਰੀ (Distance From Sea) : ਜਿਹੜੇ ਸਥਾਨ ਸਮੁੰਦਰ ਦੇ ਨੇੜੇ ਹੋਣਗੇ ਉਹ ਗਰਮੀਆਂ ਨੂੰ ਘੱਟ ਗਰਮ ਅਤੇ ਸਰਦੀਆਂ ਨੂੰ ਘੱਟ ਠੰਢੇ ਹੋਣਗੇ। ਮੁੰਬਈ ਸ਼ਹਿਰ ਸਮੁੰਦਰ ਦੇ ਨੇੜੇ ਹੈ। ਇਸ ਲਈ ਉਸ ਦੀਆਂ ਗਰਮੀਆਂ ਅਤੇ ਸਰਦੀਆਂ ਦੇ ਤਾਪਮਾਨ ਵਿੱਚ ਘੱਟ ਅੰਤਰ ਹੁੰਦਾਹ ਹੈ।

ਅੰਮ੍ਰਿਤਸਰ ਸਮੁੰਦਰ ਤੋਂ ਦੂਰ ਹੈ ਇਸ ਲਈ ਉਥੋਂ ਦਾ ਤਾਪਮਾਨ ਗਰਮੀਆਂ ਵਿੱਚ ਜ਼ਿਆਦਾ ਗਰਮ ਅਤੇ ਸਰਦੀਆਂ ਨੂੰ ਜ਼ਿਆਦਾ ਠੰਢਾ ਹੁੰਦਾ ਹੈ।

ਸੈਂਟੀਗ੍ਰੇਡ ਜਾਂ ਫ਼ਾਰਨਹਾਈਟ : ਮਨੁੱਖੀ ਸਰੀਰ, ਕਿਸੇ ਵਸਤ ਜਾਂ ਹਵਾ ਦੀ ਗਰਮੀ ਜਾਂ ਠੰਢਕ ਨਾਪਣ ਵਾਲੇ ਦਰਜੇ ਨੂੰ ਤਾਪਾਨ ਕਿਹਾ ਜਾਂਦਾ ਹੈ ਜੋਕਿ ਸੈਂਟੀਗ੍ਰੇਡ (ਸੈਲਸੀਅਸ) ਜਾਂ ਫਾਰਨਹਾਈਟ ਡਿਗਰੀ ਵਿੱਚ ਵਿਖਾਇਆ ਜਾਂਦਾ ਹੈ।

3. ਸਮੁੰਦਰ ਤੋਂ ਉੱਚਾਈ (Height From Sea Level) : ਕਿਸੇ ਥਾਂ ਦੀ ਉਚਾਈ ਜਿਉਂ-ਜਿਉਂ ਵੱਧਦੀ ਜਾਂਦੀ ਹੈ, ਤਿਉਂ-ਤਿਉਂ ਉਸ ਥਾਂ ਦਾ ਤਾਪਮਾਨ ਘਟਦਾ ਜਾਂਦਾ ਹੈ। ਜਿਵੇਂ ਸ਼ਿਮਲਾ ਜਲੰਧਰ ਨਾਲੋਂ ਜ਼ਿਆਦਾ ਠੰਢਾ ਹੁੰਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਧਰਤੀ ਦੇ ਨੇੜੇ ਦੀ ਹਵਾ ਜ਼ਿਆਦਾ ਸੰਘਣੀ ਹੋਣ ਦੇ ਕਾਰਨ ਵਧੇਰੇ ਗਰਮ ਹੁੰਦੀ ਹੈ, ਪਰ ਜਿਉਂ-ਜਿਉਂ ਅਸੀਂ ਉਚਾਈ ਵੱਲ ਜਾਂਦੇ ਹਾਂ ਹਵਾ ਦਾ ਸੰਘਣਾ-ਪਣ ਘੱਟਦਾ ਜਾਂਦਾ ਹੈ ਅਤੇ ਉਹ ਠੰਢੀ ਹੁੰਦੀ ਜਾਂਦੀ ਹੈ। ਉਂਝ ਵੀ ਹਵਾ ਵਿੱਚ ਗਰਮੀ ਸੰਵਹਿਣ ਕਿਰਿਆ ਰਾਹੀਂ ਹੁੰਦੀ ਹੈ ਜਿਸ ਕਾਰਨ ਧਰਤੀ ਨੇੜੇ ਗਰਮੀ (ਤਾਪਮਾਨ) ਵੱਧ ਤੇ ਉੱਚਾਈ ਵਧਣ ਨਾਲ ਤਾਪਮਾਨ ਘੱਟ ਰਹਿੰਦਾ ਹੈ।


4. ਧਰਾਤਲੀ ਅਸਰ (Relief Effect) : ਧਰਾਤਲ ਦਾ ਜਲਵਾਯੂ 'ਤੇ ਬੜਾ ਪ੍ਰਭਾਵ ਪੈਂਦਾ ਹੈ ਉੱਚੇ ਪਹਾੜ ਗਰਮ ਜਾਂ ਠੰਢੀਆਂ ਹਵਾਵਾਂ ਨੂੰ ਰੋਕ ਲੈਂਦੇ ਹਨ। ਹਿਮਾਲਿਆ ਪਰਬਤ ਸਰਦੀਆਂ ਵਿੱਚ ਮੱਧ ਏਸ਼ੀਆ ਤੋਂ ਆਉਣ ਵਾਲੀਆਂ ਠੰਢੀਆਂ ਅਤੇ ਖੁਸ਼ਕ ਪੌਣਾਂ ਨੂੰ ਭਾਰਤ ਵਿੱਚ ਦਾਖਲ ਨਹੀਂ ਹੋਣ ਦਿੰਦਾ ਜਿਸ ਦੇ ਸਿੱਟੇ ਵਜੋਂ ਸਰਦੀਆਂ ਵਿੱਚ ਭਾਰਤ ਦਾ ਔਸਤ ਤਾਪਮਾਨ ਕਿਸੇ ਅਕਸ਼ਾਂਸ਼ੀ ਸਥਿਤੀ ਵਾਲੇ ਉੱਤਰੀ ਅਮਰੀਕੀ ਇਲਾਕੇ ਦੇ ਮੁਕਾਬਲੇ 5° ਤੋਂ 8° ਸੈਲਸੀਅਸ ਤੱਕ ਵੱਧ ਹੁੰਦਾ ਹੈ। ਗਰਮੀਆਂ ਦੀ ਰੁੱਤੇ ਨਮੀ ਭਰੀਆਂ ਦੱਖਣ-ਪੱਛਮੀ ਮੌਨਸੂਨ ਪੌਣਾਂ ਨੂੰ ਵੀ ਹਿਮਾਲਿਆ ਪਰਬਤ ਰੋਕਦਾ ਹੈ ਜਿਸ ਕਾਰਨ ਉੱਤਰ ਅਤੇ ਪੱਛਮੀ ਭਾਰਤ ਵਿੱਚ ਵਰਖਾ ਹੁੰਦੀ ਹੈ। ਜੇ ਕਰ ਹਿਮਾਲਿਆ ਪਰਬਤ ਨਾ ਹੁੰਦਾ ਤਾਂ ਭਾਰਤੀ ਉਪਮਹਾਂਦੀਪ ਦਾ ਉੱਤਰੀ ਹਿੱਸਾ ਇੱਕ ਠੰਢਾ ਮਾਰੂਥਲ ਹੁੰਦਾ।

5. ਪੌਣਾਂ ਦਾ ਪ੍ਰਭਾਵ (Effect of Winds) : ਪੌਣਾਂ ਦਾ ਵੀ ਜਲਵਾਯੂ 'ਤੇ ਬੜਾ ਪ੍ਰਭਾਵ ਪੈਂਦਾ ਹੈ। ਨਮੀ ਭਰੀਆਂ ਪੌਣਾਂ ਮੀਂਹ ਵਰਸਾਉਂਦੀਆਂ ਹਨ। ਪੌਣਾਂ ਮੌਸਮ ਵਿੱਚ ਫ਼ੌਰੀ ਤਬਦੀਲੀ ਲਿਆਉਣ ਵਾਲਾ ਕਾਰਕ ਹੁੰਦੀਆਂ ਹਨ। ਮੌਨਸੂਨ ਪੌਣਾਂ ਦਾ ਭਾਰਤ ਦੀ ਜਲਵਾਯੂ 'ਤੇ ਬੜਾ ਪ੍ਰਭਾਵ ਹੈ। ਗਰਮੀਆਂ ਦੀ ਮੌਨਸੂਨ ਜਾਂ ਅਰਥ ਸਾਗਰ ਤੇ ਬੰਗਾਲ ਦੀ ਖਾੜੀ ਤੋਂ ਆਉਣ ਵਾਲੀਆਂ ਦੱਖਣ ਪੱਛਮੀ ਮੌਨਸੂਨ ਨਮੀ ਭਰੀਆਂ ਹੁੰਦੀਆਂ ਹਨ ਜੋ ਸਾਰੇ ਦੇਸ਼ ਵਿੱਚ ਵਰਖਾ ਕਰਦੀਆਂ ਹਨ ਅਤੇ ਉੱਤਰ ਪੱਛਮੀ ਭਾਰਤ ਵਿੱਚ ਗਰਮੀ ਘਟਾਉਂਦੀਆਂ ਹਨ। ਭਾਰਤ ਖੇਤੀ ਕਾਫ਼ੀ ਹੱਦ ਤੱਕ ਮੌਨਸੂਨ ਉੱਤੇ ਨਿਰਭਰ ਹੈ ਇਸੇ ਕਾਰਨ ਭਾਰਤੀ ਬਜਟ ਨੂੰ ਮੌਨਸੂਨ ਦਾ ਜੂਆ ਵੀ ਆਖਦੇ ਹਨ।

6. ਜੈੱਟ ਸਟਰੀਮ (Jet Stream) : ਜੈੱਟ ਸਟਰੀਮ ਜਾਂ ਉਪਰਲੇ ਹਵਾ ਚੱਕਰ ਦਾ ਜਲਵਾਯੂ 'ਤੇ ਬੜਾ ਪ੍ਰਭਾਵ ਪੈਂਦਾ ਹੈ। ਸਰਦੀਆਂ ਦੀ ਰੁੱਤੇ ਰੂਮ ਸਾਗਰ ਅਤੇ ਫਾਰਸ ਦੀ ਖਾੜੀ ਤੋਂ ਪੱਛਮੀ ਚੱਕਰਵਾਤ ਭਾਰਤ ਵਿੱਚ ਜੈਂਟ ਸਟਰੀਮ ਕਾਰਨ ਹੀ ਆਉਂਦੇ ਹਨ। ਇਹਨਾਂ ਚਕਰਵਾਤਾਂ ਦੇ ਕਾਰਨ ਸਰਦੀਆਂ ਨੂੰ ਭਾਰਤ ਦੇ ਪੱਛਮੀ ਅਤੇ ਉੱਤਰ ਪੱਛਮੀ ਭਾਗਾਂ ਵਿੱਚ ਵਰਖਾ ਹੁੰਦੀ ਹੈ ਤੇ ਉੱਤਰੀ ਭਾਰਤ ਦੀ ਕਣਕ ਦੀ ਖੇਤੀ ਲਈ ਬੇਅੰਤ ਲਾਹੇਵੰਦ ਸਿੱਧ ਹੁੰਦੀ ਹੈ। ਪੂਰਬੀ ਜੈੱਟ ਧਾਰਾ ਗਰਮੀਆਂ ਦੇ ਮੌਸਮ ਵਿੱਚ ਪ੍ਰਾਇਦੀਪੀ ਭਾਰਤ ਦੇ ਉਪਰੋਂ ਚਲਦੀ ਹੋਈ ਦੱਖਣ-ਪੱਛਮੀ ਮੌਨਸੂਨ ਨੂੰ ਇੱਕ ਦੱਮ ਹਰਕਤ ਵਿੱਚ ਲੈ ਆਉਣ ਵਿੱਚ ਸਹਾਈ ਹੁੰਦੀ ਹੈ।

ਜੈੱਟ ਸਟਰੀਮ : ਜੈੱਟ ਸਟਰੀਮ ਵਾਯੂ ਮੰਡਲ ਦੇ ਉੱਚ ਭਾਗਾਂ ਵਿੱਚ ਬੜੀ ਤੇਜ਼ ਚੱਲਣ ਵਾਲੀ ਪੱਛਮੀ ਪੌਣ ਹੈ। ਇਸ ਦੀ ਉਚਾਈ ਲੱਗਭੱਗ 12 ਕਿਲੋਮੀਟਰ ਹੁੰਦੀ ਹੈ। ਇਸ ਦੀ ਰਫ਼ਤਾਰ ਗਰਮੀਆਂ ਵਿੱਚ ਲੱਗਭੱਗ 110 ਕਿਲੋਮੀਟਰ ਪ੍ਰਤੀ ਘੰਟਾ ਅਤੇ ਸਰਦੀਆਂ ਵਿੱਚ 184 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ।

ਜਲਵਾਯੂ ਦਾ ਮਨੁੱਖੀ ਜੀਵਨ 'ਤੇ ਪ੍ਰਭਾਵ : ਜਲਵਾਯੂ ਦਾ ਮਨੁੱਖੀ ਜੀਵਨ 'ਤੇ ਡੂੰਘਾ ਅਸਰ ਪੈਂਦਾ ਹੈ। ਮਨੁੱਖੀ ਜੀਵਨ ਦੇ ਹਰ ਪੱਖ ਜਿਵੇ ਕਿ ਉਸ ਦਾ ਭੋਜਨ, ਕਪੜੇ, ਮਕਾਨਾਂ ਦੀ ਬਣਤਰ, ਸਿਹਤ ਅਤੇ ਕੰਮ ਕਰਨ ਦੇ ਵਸੀਲੇ ਆਦਿ ਜਲਵਾਯੂ ਅਨੁਸਾਰ ਹੀ ਕੰਮ ਕਰਦੇ ਹਨ। ਠੰਢੀ ਜਲਵਾਯੂ ਵਾਲੇ ਦੇਸ਼ਾਂ ਵਿੱਚ ਖਾਣ ਪੀਣ ਵਾਲੀਆਂ ਗਰਮ ਚੀਜ਼ਾਂ ਦੀ ਵਰਤੋਂ ਕਰਦੇ ਹਨ, ਜਿਵੇਂ ਚਾਹ, ਕੌਫ਼ੀ, ਗਰਮ ਭੋਜਨ ਅਤੇ ਗਰਮ ਜਲਵਾਯੂ ਵਾਲੇ ਦੇਸ਼ਾਂ ਵਿੱਚ ਲੱਸੀ, ਸ਼ਰਬੱਤ, ਬਰਫ ਆਦਿ। ਠੰਢੇ ਦੇਸ਼ਾਂ ਵਿੱਚ ਗਰਮ ਕੱਪੜਿਆਂ ਦੀ ਵਰਤੋਂ ਹੁੰਦੀ ਹੈ, ਜਿਵੇਂ ਕੋਟ ਸਵੈਟਰ, ਜੈਕਟ ਅਤੇ ਰਾਤ ਨੂੰ ਰਜ਼ਾਈ ਕੰਬਲ ਆਦਿ। ਗਰਮ ਜਲਵਾਯੂ ਵਾਲੇ ਦੇਸ਼ਾਂ ਵਿੱਚ ਮਕਾਨ ਖੁੱਲ੍ਹੇ ਤੇ ਹਵਾਦਾਰ ਹੁੰਦੇ ਹਨ। ਪਹਾੜੀ ਇਲਾਕਿਆਂ ਵਿੱਚ ਮਕਾਨਾਂ ਦੀਆਂ ਛੱਤਾਂ ਢਾਲਦਾਰ ਹੁੰਦੀਆਂ ਹਨ। ਗਰਮ ਦੇਸ਼ਾਂ ਵਿੱਚ ਗੰਨਾ, ਕਪਾਹ, ਚਾਵਲ, ਪਟਸਨ ਅਤੇ ਚਾਹ ਆਦਿ ਦੀ ਫ਼ਸਲ ਹੁੰਦੀ ਹੈ। ਠੰਢੀ ਜਲਵਾਯੂ ਵਿੱਚ ਸੇਬ ਬਦਾਮ, ਚੈਰੀ ਵਰਗੇ ਫਲ ਉਗਾਏ ਜਾਂਦੇ ਹਨ।



Cross section Jet stream

ਗਰਮ ਅਤੇ ਨਮੀ ਵਾਲੀ ਜਲਵਾਯੂ ਵਾਲੇ ਦੇਸ਼ਾਂ ਵਿੱਚ ਬੀਮਾਰੀਆਂ ਬਹੁਤ ਹੁੰਦੀਆਂ ਹਨ ਜਿਵੇਂ–ਹੈਜ਼ਾ, ਬੁਖਾਰ, ਪੇਟ ਦੇ ਰੋਗ, ਅੱਖਾਂ ਦੀਆਂ ਬੀਮਾਰੀਆਂ ਅਤੇ ਚਮੜੀ ਦੇ ਰੋਗ ਅਤੇ ਲੋਕਾਂ ਦੀ ਸਿਹਤ ਜਲਦੀ ਵਿਗੜ ਜਾਂਦੀ ਹੈ। ਗਰਮ ਜਲਵਾਯੂ ਅਤੇ ਤੇਜ਼ ਧੁੱਪ ਵਿੱਚ ਜ਼ਿਆਦਾ ਕੰਮ ਕਾਰ ਨਹੀਂ ਕੀਤਾ ਜਾ ਸਕਦਾ ਇਸਦੇ ਉਲਟ ਠੰਢੀ ਜਲਵਾਯੂ ਵਿੱਚ ਸਰੀਰ ਚੁਸਤ ਰਹਿੰਦਾ ਹੈ ਅਤੇ ਜ਼ਿਆਦਾ ਕੰਮ ਕਾਰ ਕੀਤਾ ਜਾ ਸਕਦਾ ਹੈ।

ਵਰਖਾ (Rainfall)

ਨਮੀ ਭਰੀ ਪੌਣ ਜਦੋਂ ਉੱਪਰ ਨੂੰ ਉੱਠਦੀ ਹੈ ਭਾਵ ਸਮੁੰਦਰ ਤੱਲ ਤੋਂ ਦੂਰ ਹੁੰਦੀ ਹੈ ਤਾਂ ਉੱਚਾਈ ਉੱਤੇ ਜਾ ਕੇ ਇਹ ਠੰਢੀ ਹੋ ਜਾਂਦੀ ਹੈ। ਠੰਢੀ ਹੋਣ ਕਾਰਨ ਪੌਣ ਆਪਣੀ ਨਮੀ ਆਪਣੇ ਹੀ ਅੰਦਰ ਸਮਾ ਕੇ ਰੱਖ ਨਹੀਂ ਸਕਦੀ ਤੇ ਇਸ ਲਈ ਨਮੀ ਦਾ ਸੰਘਣਨ ਸ਼ੁਰੂ ਹੋ ਜਾਂਦਾ ਹੈ। ਇਹ ਨਮੀ ਜਾਂ ਜਲ ਕਣ ਬਦਲਾਂ ਦੀ ਸ਼ਕਲ ਵਿੱਚ ਵੱਟ ਜਾਂਦੇ ਹਨ। ਜਦੋਂ ਇਹ ਬੱਦਲ ਕੁਝ ਹੋਰ ਠੰਢੇ ਹੋ ਜਾਂਦੇ ਹਨ ਤੇ ਆਪਣੀ ਨਮੀ ਸਹਾਰਨਾ ਬਿਲਕੁਲ ਹੀ ਸੰਭਵ ਨਹੀਂ ਰਹਿੰਦਾ ਤਾਂ ਬੱਦਲਾਂ ਦੀ ਇਹ ਨਮੀ ਪਾਣੀ ਦੀਆਂ ਬੂੰਦਾਂ ਦੇ ਰੂਪ ਵਿੱਚ ਧਰਤੀ ਤੇ ਡਿੱਗਣ ਲੱਗ ਪੈਂਦੀ ਹੈ, ਇਸੇ ਨੂੰ ਵਰਖਾ ਆਖਦੇ ਹਨ।

ਵਰਖਾ ਦੀਆਂ ਕਿਸਮਾਂ (Types of Rainfall)


ਮੁੱਖ ਰੂਪ ਵਿੱਚ ਅਸੀਂ ਵਰਖਾ ਨੂੰ ਤਿੰਨ ਪ੍ਰਕਾਰ ਵਿੱਚ ਵੰਡਦੇ ਹਾਂ—


1. ਸੰਵਹਿਣ ਵਰਖਾ (Convectional Rainfall)

2. ਪਰਬਤੀ ਵਰਖਾ (Orographic Rainfall)


3. ਚੱਕਰਵਾਤੀ ਵਰਖਾ (Cyclonic Rainfall)

1. ਸੰਵਹਿਣ ਵਰਖਾ :– ਭੂ-ਮੱਧ ਰੇਖਾ ਦੇ ਖੰਡ ਤੇ ਸੂਰਜ ਦੀਆਂ ਸਾਰਾ ਸਾਲ ਸਿੱਧੀਆਂ ਪੈਂਦੀਆਂ ਹਨ, ਇਸ ਲਈ ਇੱਥੇ ਗਰਮੀ ਬਹੁਤ ਹੁੰਦੀ ਹੈ ਅਤੇ ਵਾਯੂ-ਦਾਬ ਘੱਟ ਜਾਂਦਾ ਹੈ। ਇਸ ਖੰਡ ਦੀਆਂ ਪੌਣਾਂ ਗਰਮ ਹੋ ਕੇ ਉੱਪਰ ਨੂੰ ਉੱਠਦੀਆਂ ਰਹਿੰਦੀਆਂ ਹਨ ਉਪਰ ਜਾ ਕੇ ਇਹ ਪੌਣਾਂ ਠੰਢੀਆਂ ਹੋ ਜਾਂਦੀਆਂ ਹਨ ਅਤੇ ਵਰਖਾ ਵਰਸਾਉਣ ਲੱਗ ਪੈਂਦੀਆਂ ਹਨ। ਇਸ ਨੂੰ ਸੰਵਹਿਣ ਵਰਖਾ ਆਖਦੇ ਹਨ। ਸੰਵਹਿਣ ਵਰਖਾ ਲੰਬਾ ਸਮਾਂ ਨਹੀਂ ਚਲਦੀ ਕਿਉਂਕਿ ਘੱਟ ਵਾਯੂ-ਦਾਬ ਕਾਰਨ ਉੱਠਦੀ ਹਵਾ ਖੁਸ਼ਕ ਇਲਾਕਿਆਂ ਤੋਂ ਆਪਣੇ ਵਿੱਚ ਬਹੁਤੀ ਨਮੀ ਨਹੀਂ ਲਿਜਾ ਸਕਦੀ। ਉੱਝ ਅਜਿਹੀ ਵਰਖਾ ਵਿੱਚ ਬੱਦਲਾਂ ਦੀ ਗਰਜ ਤੇ ਬਿਜਲੀ ਦਾ ਚਮਕਣਾ ਬਹੁਤ ਹੁੰਦਾ ਹੈ।







2. ਪਰਬਤੀ ਵਰਖਾ :- ਪੌਣਾਂ ਜਦੋਂ ਸਮੁੰਦਰ ਤੋਂ ਧਰਤੀ ਵੱਲ ਚੱਲਦੀਆਂ ਹਨ ਸਮੁੰਦਰ ਉਤੋਂ ਲੰਘਣ ਕਾਰਨ ਨਮੀ ਭਰਪੂਰ ਹੋ ਜਾਂਦੀਆਂ ਹਨ ਤਾਂ ਕਈ ਵਾਰ ਇਹਨਾਂ ਦੇ ਰਾਹ ਵਿੱਚ ਪਹਾੜਾਂ ਦੀ ਰੋਕ ਕਾਰਨ ਇਹ ਪੌਣਾਂ ਉੱਪਰ ਨੂੰ ਉੱਠਣ ਲੱਗ ਪੈਂਦੀਆਂ ਹਨ। ਉੱਪਰ ਜਾ ਕੇ ਇਹ ਪੌਣਾਂ ਠੰਢੀਆਂ ਹੋ ਜਾਂਦੀਆਂ ਹਨ ਅਤੇ ਇਹਨਾਂ ਵਿੱਚ ਸੰਘਣਨ ਆਰੰਭ ਹੋ ਜਾਂਦਾ ਹੈ। ਇਸ ਕਾਰਨ ਵਰਖਾ ਸ਼ੁਰੂ ਹੋ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਗਰਮੀਆਂ ਦੀਆਂ ਮੌਨਸੂਨ ਪੌਣਾਂ ਜਦੋਂ ਭਾਰਤ ਦੇ ਉੱਤਰ ਵੱਲ ਜਾਂਦੀਆਂ ਹਨ ਤਾਂ ਹਿਮਾਲਿਆ ਪਰਬਤ ਦੀ ਰੁਕਾਵਟ ਕਾਰਨ ਇਹ ਪੌਣਾਂ ਉੱਪਰ ਨੂੰ ਉੱਠ ਪੈਂਦੀਆਂ ਹਨ ਅਤੇ ਠੰਢੀਆਂ ਹੋ ਜਾਣ ਕਾਰਨ ਬਹੁਤ ਵਰਖਾ ਕਰਦੀਆਂ ਹਨ। ਪੌਣਾਂ ਦਾ ਸਮੁੰਦਰ ਤੋਂ ਧਰਤੀ ਵੱਲ ਸਫ਼ਰ ਲਗਾਤਾਰ ਚਲਦਾ ਰਹਿਣ ਕਾਰਨ ਪਰਬਤੀ ਵਰਖਾ ਲਗਾਤਾਰ ਲੰਬਾ ਸਮਾਂ ਵਰਸਦੀ ਰਹਿੰਦੀ ਹੈ।




ਪਰਬਤੀ ਵਰਖਾ



3. ਚੱਕਰਵਾਤੀ ਵਰਖਾ : ਚੱਕਰਵਾਤ ਉਦੋਂ ਉਤਪੰਨ ਹੁੰਦਾ ਹੈ ਜਦੋਂ ਵਾਤਾਵਰਨ ਵਿੱਚ ਬਾਹਰ ਵੱਧ ਵਾਯੂ-ਦਾਬ ਘੱਟੋਂ ਅੰਦਰ ਘੱਟ ਵਾਧੂ ਦਾਬ ਦੀ ਸਥਿਤੀ ਪੈਦਾ ਹੋਵੇ। ਪੌਣ ਵੱਧ ਤੋਂ ਘੱਟ ਵਾਯੂ ਦਾ ਵੱਲ ਵਲੇਵੇਂ ਵਾਂਗ ਘੁੰਮਦੀ ਹੈ ਤੇ ਘੱਟ ਵਾਯੂ-ਦਾਬ ਵਾਲੀਆਂ ਪੌਣਾਂ ਉੱਪਰ ਉੱਠ ਕੇ ਠੰਢੀਆਂ ਹੋ ਜਾਣ ਕਾਰਨ ਵਰਖਾ ਵਰਸਾਉਂਦੀਆਂ ਹਨ। ਸਰਦੀਆਂ ਦੀ ਰੁੱਤੇ, ਭਾਰਤ ਦੇ ਉੱਤਰੀ ਅਤੇ ਉੱਤਰ ਪੱਛਮੀ ਭਾਗਾਂ ਵਿੱਚ ਰੂਮ ਸਾਗਰ ਅਤੇ ਫਾਰਸ ਦੀ ਖਾੜੀ ਵੱਲੋਂ ਚੱਕਰਵਾਤ ਆਉਂਦੇ ਹਨ ਅਤੇ ਇਨ੍ਹਾਂ ਚੱਕਰਵਾਤਾਂ ਕਾਰਨ ਇੱਥੇ ਵਰਖਾ ਹੁੰਦੀ ਹੈ। ਅਜਿਹੀ ਵਰਖਾ ਨੂੰ ਹੀ ਚੱਕਰਵਾਤੀ ਵਰਖਾ ਕਹਿੰਦੇ ਹਨ। ਪੰਜਾਬ ਦੇ ਹੋਰ ਲਾਗਲੇ ਸੂਬਿਆਂ ਵਿੱਚ ਸਰਦੀਆਂ ਦੀ ਰੁੱਤੇ ਹੋਣ ਵਾਲੀ ਚੱਕਰਵਾਤੀ ਵਰਖਾ ਕਣਕ ਦੀ ਖੇਤੀ ਲਈ ਬਹੁਤ ਲਾਹੇਵੰਦ ਸਿੱਧ ਹੁੰਦੀ ਹੈ।





ਮੌਨਸੂਨ ਪੌਣਾਂ

ਮੌਨਸੂਨ ਉਹ ਪੌਣਾਂ ਹਨ ਜੋ ਮੌਸਮ ਦੇ ਬਦਲਣ ਨਾਲ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਮੌਨਸੂਨ ਸ਼ਬਦ ਦੀ ਅਸਲ ਵਿੱਚ ਅਰਬੀ ਸ਼ਬਦ ਮੌਸਮ ਤੋਂ ਲਿਆ ਗਿਆ ਹੈ। ਇਹ ਪੌਣਾਂ ਗਰਮੀ ਦੀ ਰੁੱਤੇ ਸਮੁੰਦਰ ਤੋਂ ਧਰਤੀ ਵੱਲ ਅਤੇ ਸਰਦੀਆਂ ਦੀ ਰੁੱਤ ਵਿੱਚ ਧਰਤੀ ਤੋਂ ਸਮੁੰਦਰ ਵੱਲ ਚੱਲਦੀਆਂ ਹਨ। ਜਿਸ ਤਰ੍ਹਾਂ ਮੌਸਮ ਬਦਲਦਾ ਹੈ ਉਸੇ ਤਰ੍ਹਾਂ ਇਹ ਪੌਣਾਂ ਵੀ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਮੌਨਸੂਨ ਪੌਣਾਂ, ਮੌਸਮੀ ਪੌਣਾਂ ਹਨ, ਇਹਨਾਂ ਪੌਣਾਂ ਦਾ ਭਾਰਤ ਦੀ ਜਲਵਾਯੂ 'ਤੇ ਬੜਾ ਪ੍ਰਭਾਵ ਪੈਂਦਾ ਹੈ। ਭਾਰਤ ਦੇਸ਼ ਦੀ ਲਗਭਗ 90 ਫੀਸਦੀ ਵਰਖਾ ਇਹਨਾਂ ਪੌਣਾਂ ਕਾਰਨ ਹੀ ਹੁੰਦੀ ਹੈ। ਭਾਰਤ ਦੇਸ਼ ਖੇਤੀ ਬਾੜੀ ਕਰਨ ਵਾਲਾ ਦੇਸ਼ ਹੈ ਜਿਥੇ ਜ਼ਿਆਦਾ ਲੋਕ ਖੇਤੀ-ਬਾੜੀ ਤੇ ਹੋਰ ਸਹਾਇਕ ਧੰਦੇ ਹੀ ਕਰਦੇ ਹਨ। ਖੇਤੀਬਾੜੀ ਲਈ ਮੁੱਖ ਤੌਰ 'ਤੇ ਪਾਣੀ ਦੀ ਲੋੜ ਹੁੰਦੀ ਹੈ। ਇਹ ਪੌਣਾਂ ਇਸ ਲੋੜ ਨੂੰ ਪੂਰਾ ਕਰਦੀਆਂ ਹਨ। ਸੋ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦੀ ਆਰਥਿਕ ਹਾਲਤ ਇਹਨਾਂ ਪੌਣਾਂ 'ਤੇ ਹੀ ਨਿਰਭਰ ਹੈ। ਮੌਨਸੂਨ ਪੌਣਾਂ ਜ਼ਿਆਦਾਤਰ ਤਾਂ 20° ਉੱਤਰ ਤੋਂ 20° ਦੱਖਣ ਵਿਚਲੇ ਊਸ਼ਣ ਖੰਡਾਂ ਵਿੱਚ ਚੱਲਣ ਵਾਲੀ ਮੌਸਮੀ ਪੌਣ ਹੈ ਪਰ ਭਾਰਤੀ ਉਪਰ ਮਹਾਂਦੀਪ ਵਿੱਚ ਇਹ ਪੌਣਾਂ ਹਿਮਾਲਿਆ ਪਰਬਤ ਦੇ ਪ੍ਰਭਾਵ ਕਾਰਨ ਸਾਰੇ ਉਪ ਮਹਾਂਦੀਪ ਵਿੱਚ ਹੀ ਚਲਦੀਆਂ ਹਨ।

ਮੌਨਸੂਨ ਪੌਣਾਂ ਦੇ ਮੁੱਖ ਲੱਛਣ (Characteristics)

ਮੌਨਸੂਨ ਪੌਣਾਂ ਦਾ ਚਲਣਾ ਮਨੁੱਖ ਦੇ ਸਾਹਮਣੇ ਪੂਰੀ ਤਰ੍ਹਾਂ ਪ੍ਰਤੱਖ ਨਹੀਂ ਹੋ ਸਕਿਆ ਹੈ ਪਰ ਇਨ੍ਹਾਂ ਕੁ ਸਪਸ਼ਟ ਹੈ ਕਿ ਪੌਣਾਂ ਦੇ ਚੱਲਣ ਦਾ ਕੋਈ ਇੱਕ ਕਾਰਨ ਨਹੀਂ ਹੈ। ਮੌਨਸੂਨ ਦੀ ਹੋਂਦ ਲਈ ਇਹ ਤੱਤ ਜ਼ਿੰਮੇਵਾਰ ਹਨ :—

1. ਮੌਨਸੂਨ ਪੌਣਾਂ ਲਗਭਗ ਕਰਕ ਰੇਖਾ ਅਤੇ ਮੱਕਰ ਰੇਖਾ ਦੇ ਵਿਚਲੇ ਇਲਾਕਿਆਂ ਵਿੱਚ ਚਲਦੀਆਂ ਹਨ। ਗਰਮੀਆਂ ਦੀ ਰੁੱਤੇ ਭਾਰਤ ਦਾ ਉੱਤਰੀ ਪੱਛਮੀ ਭਾਗ ਬਹੁਤ ਗਰਮ ਹੋ ਜਾਂਦਾ ਹੈ। ਇਸ ਕਾਰਨ ਇੱਥੇ ਵਾਯੂ ਦਾਬ ਘੱਟ ਜਾਂਦਾ ਹੈ, ਇਸ ਦੇ ਉਲਟ ਹਿੰਦ ਮਹਾਂਸਾਗਰ, ਅਰਬ ਸਾਗਰ ਅਤੇ ਬੰਗਾਲ ਦੀ ਖਾੜੀ ਉੱਤੇ ਵਾਯੂ ਦਾਬ ਵੱਧ ਹੁੰਦਾ ਹੈ। ਸਮੁੰਦਰ ਅਤੇ ਧਰਤੀ ਦੇ ਵਾਯੂ ਦਾਬ ਦੇ ਅੰਤਰ ਕਾਰਨ, ਪੌਣਾਂ ਇਹਨਾਂ ਸਾਗਰਾਂ ਤੋਂ ਧਰਤੀ ਵੱਲ ਵਗਣ ਲੱਗ ਪੈਂਦੀਆਂ ਹਨ। ਇਹਨਾਂ ਨੂੰ ਗਰਮੀਆਂ ਦੀਆਂ ਮੌਨਸੂਨ ਪੌਣਾਂ ਆਖਦੇ ਹਨ।

2. ਪੱਛਮੀ ਜੈੱਟ ਸਟਰੀਮ ਅਤੇ ਊਸ਼ਣੀ-ਪੂਰਬੀ ਜੈੱਟ ਸਟਰੀਮ ਵੀ ਭਾਰਤ ਦੀਆਂ ਮੌਨਸੂਨ ਪੌਣਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਗਰਮੀਆਂ ਦੇ ਮੌਸਮ ਵਿੱਚ ਪੱਛਮੀ ਜੈੱਟ ਧਾਰਾ ਹਿਮਾਲਿਆ ਪਰਬਤ ਲੜੀ ਤੋਂ ਉੱਤਰ ਵੱਲ ਖਿਸਕ ਜਾਂਦੀ ਹੈ ਤੇ ਇਸਦੀ ਥਾਂ ਲੈਣ ਲਈ 50° ਉੱਤਰੀ ਵਿਚਕਾਰ ਲਾਗੇ ਠੰਢੀ ਪੂਰਬੀ ਜੈੱਟ ਧਾਰਾ ਭਾਰਤੀ ਪ੍ਰਾਇਦੀਪ ਉਪਰੋਂ ਵਗਦੀ ਹੈ ਜੋ ਦੱਖਣ-ਪੱਛਮੀ ਮੌਨਸੂਨ ਲੈ ਆਉਂਦੀ ਹੈ।

3. ਗਰਮੀਆਂ ਵਿੱਚ ਸੂਰਜ ਥੋੜਾ ਜਿਹਾ ਉੱਤਰ ਵੱਲ ਸਰਕ ਜਾਂਦਾ ਹੈ ਭਾਵ ਕਰਕ ਰੇਖਾ ਉੱਤੇ ਸਿੱਧਾ ਚਮਕ ਰਿਹਾ ਹੁੰਦਾ ਹੈ। ਇਸ ਕਾਰਨ ਗਰਮੀਆਂ ਦੀ ਵਾਯੂ ਦਾਬ ਪੇਟੀ ਵੀ ਕੁਝ ਉੱਤਰ ਵੱਲ ਚਲੀ ਜਾਂਦੀ ਹੈ। ਇਸ ਦਾ ਭਾਰਤ ਦੇ ਉੱਤਰੀ ਅਤੇ ਪੱਛਮੀ ਮੈਦਾਨਾਂ 'ਤੇ ਪ੍ਰਭਾਵ ਪੈਂਦਾ ਹੈ ਅਤੇ ਗਰਮੀ ਵੱਧ ਜਾਂਦੀ ਹੈ। ਥਲੀ ਭਾਗ ਵਧੇਰੇ ਗਰਮ ਕਾਰਨ ਇਥੇ ਵਾਯੂਦਾਬ ਘੱਟ ਜਾਂਦਾ ਹੈ ਤੇ ਸਮੁੰਦਰੀ ਭਾਗ ਹੌਲੀ ਗਰਮ ਹੋਣ ਨਾਲ ਉਥੇ ਵਾਯੂ ਦਾਬ ਵੱਧ ਹੁੰਦਾ ਹੈ। ਇਹ ਸਥਿਤੀ ਮੌਨਸੂਨ ਪੌਣਾਂ ਦੇ ਚੱਲਣ ਲਈ ਅਨੁਕੂਲ ਬਣ ਜਾਂਦੀ ਹੈ।

4. ਤਿੱਬਤ ਦੀ ਪਠਾਰ ਗਰਮੀਆਂ ਵਿੱਚ ਬਹੁਤ ਗਰਮ ਹੋ ਜਾਂਦੀ ਹੈ, ਇਥੇ ਵਾਯੂ-ਦਾਬ ਘੱਟ ਜਾਂਦਾ ਹੈ, ਕਿਉਂਕਿ ਪੌਣਾਂ ਉੱਪਰ ਨੂੰ ਉੱਠਣ ਲੱਗ ਪੈਂਦੀਆਂ ਹਨ। ਇਸ ਦੀ ਥਾਂ ਲੈਣ ਲਈ ਭਾਰਤ ਦੇ ਦੱਖਣ ਵੱਲੋਂ ਵੱਧ ਦਾਬ ਵਾਲੀਆਂ ਪੌਣਾਂ ਤਿੱਬਤ ਵੱਲ ਚੱਲ ਪੈਂਦੀਆਂ ਹਨ। ਮੌਨਸੂਨ ਪੌਣਾਂ ਦੇ ਉਤਪੰਨ ਹੋਣ ਦਾ ਇਹ ਵੀ ਇਕ ਕਾਰਨ ਬਣ ਜਾਂਦਾ ਹੈ।

ਕੌਰੀਔਲਿਸ ਸ਼ਕਤੀ (Carioles Force)

ਧਰਤੀ ਦੇ ਦੈਨਿਕ ਗਤੀ ਦੇ ਕਾਰਨ ਉੱਤਰੀ ਅਰਧ ਗੋਲੇ ਵਿੱਚ ਪੌਣਾਂ ਤੇ ਹੋਰ ਸੁਤੰਤਰ ਵਗਦੇ ਵੇਗ ਆਪਣੇ ਸੱਜੇ ਪਾਸੇ ਅਤੇ ਦੱਖਣੀ ਅਰਧ ਗੋਲੇ ਵਿੱਚ ਆਪਣੇ ਖੱਬੇ ਪਾਸੇ ਮੁੜ ਜਾਂਦੇ ਹਨ। ਇਸ ਸ਼ਕਤੀ ਨੂੰ ਕੌਰੀਔਲਿਸ ਸ਼ਕਤੀ, ਜਾਂ ਫੈਰੇਲ ਦਾ ਨਿਯਮ ਜਾਂ ਧਰਤੀ ਦੀ ਵਿਖੰਪ ਸ਼ਕਤੀ ਕਿਹਾ ਜਾਂਦਾ ਹੈ।

ਗਰਮੀਆਂ ਦੀਆਂ ਮੌਨਸੂਨ ਪੌਣਾਂ

ਗਰਮੀਆਂ ਦੀਆਂ ਮੌਨਸੂਨ ਪੌਣਾਂ ਜੂਨ ਮਹੀਨੇ ਤੋਂ ਲੈ ਕੇ ਸਤੰਬਰ ਮਹੀਨੇ ਦੇ ਅੱਧ ਤੱਕ ਚਲਦੀਆਂ ਹਨ। ਗਰਮੀ ਦੀ ਰੁੱਤੇ ਧਰਤੀ ਸਮੁੰਦਰ ਨਾਲੋਂ ਵਧੇਰੇ ਗਰਮ ਹੋ ਜਾਂਦੀ ਹੈ, ਇਸ ਕਾਰਨ ਇਸ ਦਾ ਵਾਯੂ ਦਾਬ ਜ਼ਿਆਦਾ ਹੁੰਦਾ ਹੈ। ਇਸ ਵਾਯੂ ਦੇ ਅੰਤਰ ਕਾਰਨ ਪੌਣਾਂ ਸਮੁੰਦਰ ਤੋਂ ਧਰਤੀ ਵੱਲ ਵਗਣ ਲੱਗ ਪੈਂਦੀਆਂ ਹਨ। ਇਹ ਪੌਣਾਂ ਅਰਥ ਸਾਗਰ ਤੋਂ ਆਉਂਦੀਆਂ ਹਨ ਅਤੇ ਨਮੀ ਨਾਲ ਭਰੀਆਂ ਹੁੰਦੀਆਂ ਹਨ, ਇਸ ਲਈ ਬਹੁਤ ਵਰਖਾ ਵਰਸਾਉਂਦੀਆਂ ਹਨ। ਭਾਰਤ ਦੀ ਲਗਭਗ 90 ਫੀਸਦੀ ਵਰਖਾ ਗਰਮੀਆਂ ਦੀਆਂ ਮੌਨਸੂਨ ਪੌਣਾਂ ਕਾਰਨ ਹੀ ਹੁੰਦੀ ਹੈ।


Advance of SW Monsoon 2017
--- Actual — Normal
1 July
15 July
12-13 June
15 June
Delhi
10 June
5 June
15 July
1 July
15 June
1 June
12-13 June
10 June
Arabian Sea
5 June
Bay of Bengal
Source: India Meteorological Deptt
1 June


WITHDRAWAL OF
SOUTHWEST MONSOON 2017
Actual
Normal
C H I N A
MYANMAR
ARABIAN SEA
BAY OF BENGAL

ਮੌਨਸੂਨ ਪੌਣਾਂ

ਸਰਦੀਆਂ ਦੀਆਂ ਮੌਨਸੂਨ ਪੌਣਾਂ

ਸਰਦੀਆਂ ਦੀ ਰੁੱਤੇ ਧਰਤੀ ਸਮੁੰਦਰ ਨਾਲੋਂ ਜ਼ਿਆਦਾ ਠੰਢੀ ਹੋ ਜਾਂਦੀ ਹੈ ਅਤੇ ਇਸ ਦਾ ਵਾਯੂ ਦਾਬ ਸਮੁੰਦਰ ਨਾਲੋਂ ਵੱਧ ਜਾਂਦਾ ਹੈ। ਇਸ ਦੇ ਉਲਟ ਸਰਦੀਆਂ ਦੀ ਰੁੱਤ ਸਮੁੰਦਰ ਧਰਤੀ ਨਾਲੋਂ ਜ਼ਿਆਦਾ ਗਰਮ ਹੁੰਦਾ ਹੈ ਅਤੇ ਇਸ ਕਾਰਨ ਇਸਦਾ ਵਾਯੂ ਦਾਬ ਘੱਟ ਹੁੰਦਾ ਹੈ। ਇਸ ਕਾਰਨ ਧਰਤੀ ਤੋਂ ਪੌਣਾਂ ਸਮੁੰਦਰ ਵੱਲ ਚੱਲ ਪੈਂਦੀਆਂ ਹਨ। ਇਹ ਪੌਣਾਂ ਧਰਤੀ ਤੋਂ ਆਉਂਦੀਆਂ ਹਨ, ਇਸ ਲਈ ਇਹ ਖੁਸ਼ਕ ਹੁੰਦੀਆਂ ਹਨ ਅਤੇ ਵਰਖਾ ਨਹੀਂ ਕਰਦੀਆਂ। ਸਰਦੀਆਂ ਦੀਆਂ ਕੁਝ ਤਾਮਿਲਨਾਡੂ ਦੇ ਤੱਟ 'ਤੇ ਪੁੱਜਦੀਆਂ ਹਨ ਤੇ ਉੱਥੇ ਵਰਖਾ ਕਰਦੀਆਂ ਹਨ।

ਭਾਰਤ ਦੇ ਪੌਣ ਪਾਣੀ ਉੱਤੇ ਮੌਨਸੂਨ ਪੌਣਾਂ ਦਾ ਬੜਾ ਪ੍ਰਭਾਵ ਪੈਂਦਾ ਹੈ। ਭਾਰਤ ਦੀ ਖੇਤੀ ਬਾੜੀ ਅਤੇ ਕਈ ਉਦਯੋਗ (ਸਨਅਤਾਂ) ਜਿਵੇਂ ਖੰਡ, ਕਪੜਾ, ਬਨਸਪਤੀ, ਘਿਓ ਆਦਿ ਇਹਨਾਂ ਪੌਣਾਂ ਉੱਤੇ ਹੀ ਨਿਰਭਰ ਹਨ ਕਿਉਂ ਜੋ ਇਨ੍ਹਾਂ ਉਦਯੋਗਾਂ ਦਾ ਸੰਬੰਧ ਖੇਤੀਬਾੜੀ ਨਾਲ ਹੈ ਅਤੇ ਖੇਤੀਬਾੜੀ ਮੌਨਸੂਨ ਪੌਣਾਂ 'ਤੇ ਨਿਰਭਰ ਹੈ।

ਸਮਤਾਪ ਰੇਖਾ (Isotherm)

ਨਕਸ਼ੇ ਉੱਤੇ ਖਿਚੀ ਗਈ ਉਹ ਰੇਖਾ ਹੁੰਦੀ ਹੈ ਜੋ ਇਕੋ ਜਿਹੀ ਤਾਪਮਾਨ ਵਾਲੀਆਂ ਥਾਵਾਂ ਨੂੰ ਮਿਲਾਉਂਦੀ ਹੈ। ਸਮਤਾਪ ਰੇਖਾਵਾਂ ਕਿਸੇ ਇਲਾਕੇ ਵਿੱਚ ਕਿਸੇ ਖਾਸ ਸਮੇਂ ਉੱਤੇ ਤਾਪਮਾਨ ਵੰਡ ਦਰਸਾਉਣ ਲਈ ਵਰਦੀਆਂ ਜਾਂਦੀਆਂ ਹਨ।

ਮੌਨਸੂਨ ਪੌਣਾਂ ਦੀਆਂ ਕੁਝ ਵਿਸ਼ੇਸ਼ਤਾਵਾਂ

1. ਮੌਨਸੂਨ ਪੌਣਾਂ ਕਈ ਵਾਰ ਆਪਣੇ ਨਿਸਚਿਤ ਸਮੇਂ ਤੇ ਪਹਿਲਾਂ ਜਾਂ ਪਿੱਛੋਂ ਆਉਂਦੀਆਂ ਹਨ।

2. ਇਹ ਪੌਣਾਂ ਕਿਸੇ ਸਾਲ ਜ਼ਿਆਦਾ ਵਰਖਾ ਕਰਦੀਆਂ ਹਨ ਅਤੇ ਕਿਸੇ ਸਾਲ ਕਮਜ਼ੋਰ ਹੁੰਦੀਆਂ ਹਨ ਅਤੇ ਘੱਟ ਵਰਖਾ ਕਰਦੀਆਂ ਹਨ। ਜ਼ਿਆਦਾ ਵਰਖਾ ਵਾਲੇ ਸਾਲ ਨਦੀਆਂ ਵਿੱਚ ਹੜ੍ਹ ਵੀ ਆ ਜਾਂਦੇ ਹਨ ਅਤੇ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਘੱਟ ਵਰਖਾ ਵਾਲੇ ਸਾਲ ਸੋਕਾ ਪੈ ਜਾਂਦਾ ਹੈ ਅਤੇ ਫਸਲਾਂ ਮਾਰੀਆਂ ਜਾਂਦੀਆਂ ਹਨ।

3. ਕਈ ਵਾਰ ਇਹ ਪੌਣਾਂ ਲਗਾਤਾਰ ਨਹੀਂ ਚਲਦੀਆਂ, ਕੁਝ ਸਮੇਂ ਲਈ ਰੁੱਕ ਜਾਂਦੀਆਂ ਹਨ, ਇਸ ਕਾਰਨ ਵਰਖਾ ਵਿੱਚ ਰੁਕਾਵਟ ਪੈ ਜਾਂਦੀ ਹੈ।

ਮੌਸਮ ਅਤੇ ਰੁੱਤਾਂ

ਭਾਰਤ ਦੀ ਜਲਵਾਯੂ ਮੌਨਸੂਨੀ ਹੋਣ ਕਾਰਨ ਇਸ ਦੀਆਂ ਕਈ ਪ੍ਰਕਾਰ ਦੀਆਂ ਰੁੱਤਾਂ ਹਨ। ਹਰ ਰੁੱਤ ਵਿੱਚ ਵੱਖ ਪ੍ਰਕਾਰ ਦਾ ਮੌਸਮ ਅਤੇ ਵਰਖਾ ਦੀ ਮਾਤਰਾ ਹੁੰਦੀ ਹੈ। ਰੁੱਤਾਂ ਦੇ ਬਦਲਣ ਨਾਲ, ਭਾਰਤ ਦੇ ਤੱਟਵਰਤੀ ਪ੍ਰਦੇਸ਼ਾਂ ਨੂੰ ਛੱਡ ਕੇ, ਬਾਕੀ ਭਾਗਾਂ ਵਿੱਚ ਮੌਸਮ 'ਤੇ ਬੜਾ ਪ੍ਰਭਾਵ ਪੈਂਦਾ ਹੈ। ਤੱਟਵਰਤੀ ਇਲਾਕਿਆਂ ਵਿੱਚ ਗਰਮੀ ਅਤੇ ਸਰਦੀ ਦਾ ਜ਼ਿਆਦਾ ਅੰਤਰ ਨਹੀਂ ਹੁੰਦਾ। ਜਲਵਾਯੂ ਦੇ ਆਧਾਰ 'ਤੇ ਭਾਰਤ ਨੂੰ ਤਿੰਨ ਮੁੱਖ ਰੁੱਤਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਗਰਮੀਆਂ ਦੀ ਰੁੱਤ (Summer Season)

ਗਰਮੀ ਵਿੱਚ ਜਦੋਂ ਸੂਰਜ ਥੋੜਾ ਜਿਹਾ ਉੱਤਰ ਵੱਲ ਸਰਕ ਜਾਂਦਾ ਹੈ ਭਾਵ ਭੂ-ਮੱਧ ਰੇਖਾ ਦੀ ਬਜਾਏ ਕਰਕ ਰੇਖਾ ਉੱਤੇ ਸਿੱਧਾ ਚਮਕਦਾ ਹੈ ਤਾਂ ਗਰਮੀ ਦੀ ਗਲੋਬਲ ਪੇਟੀ ਵੀ ਉੱਤਰ ਵੱਲ ਚਲੀ ਜਾਂਦੀ ਹੈ। ਸੂਰਜ ਦੀਆਂ ਕਿਰਨਾਂ ਉੱਤਰ ਅਰਧ ਗੋਲੇ ਵਿੱਚ ਸਿੱਧੀਆਂ ਪੈਂਦੀਆਂ ਹਨ ਤੇ ਗਰਮੀ ਦੀ ਇਹ ਰੁੱਤ ਗਰਮ ਅਤੇ ਖੁਸ਼ਕ ਹੁੰਦੀ ਹੈ ਜੋ ਅਪ੍ਰੈਲ, ਮਈ ਤੇ ਜੂਨ ਦੇ ਮਹੀਨਿਆਂ ਦੌਰਾਨ ਚਲਦੀ ਹੈ। ਭਾਰਤ ਦੇ ਉੱਤਰੀ ਅਤੇ ਉੱਤਰੀ ਅਤੇ ਉੱਤਰ-

ਸੈਂਟੀਗਰੇਡ ਤੱਕ ਵੀ ਪੁੱਜ ਜਾਂਦਾ ਹੈ। ਰਾਜਸਥਾਨ ਵਿੱਚ ਅਲਵਰ ਦੇ ਸਥਾਨ 'ਤੇ ਗਰਮੀ 50° ਸੈਂਟੀਗਰੇਡ ਤੋਂ ਵੱਧ ਜਾਂਦੀ ਹੈ ਅਤੇ ਵਾਯੂ-ਦਾਬ ਘੱਟ ਜਾਂਦਾ ਹੈ। ਦਿਨ ਸਮੇਂ ਬਹੁਤ ਗਰਮ ਖੁਸ਼ਕ ਅਤੇ ਤੇਜ਼ ਪੌਣਾਂ ਚਲਦੀਆਂ ਹਨ। ਪੰਜਾਬ ਵਿੱਚ ਇਹਨਾਂ ਪੌਣਾਂ ਨੂੰ 'ਲੂ' ਕਿਹਾ ਜਾਂਦਾ ਹੈ। ਇਸ ਰੁੱਤੇ ਕਈ ਥਾਵਾਂ 'ਤੇ ਤੇਜ਼ ਹਨੇਰੀਆਂ ਅਤੇ ਝੱਖੜ ਵੀ ਆਉਂਦੇ ਹਨ। ਇਸ ਮੌਸਮ ਦੀਆਂ ਹਨੇਰੀਆਂ ਰਾਜਸਥਾਨ, ਦੱਖਣੀ ਪੰਜਾਬ ਤੇ ਹਰਿਆਣਾ ਵਿੱਚ ਆਮ ਹੀ ਚਲਦੀਆਂ ਹਨ। ਭਾਰਤ ਦੇ ਤੱਟਵਰਤੀ ਅਤੇ ਦੱਖਣੀ ਭਾਗਾਂ ਵਿੱਚ ਜ਼ਿਆਦਾ ਗਰਮੀ ਨਹੀਂ ਹੁੰਦੀ ਕਿਉਂ ਜੋ ਇਹ ਸਮੁੰਦਰ ਦੇ ਨੇੜੇ ਹਨ।

2. ਸਰਦੀਆਂ ਦੀ ਰੁੱਤ (Winter Season)

ਸਰਦੀਆਂ ਦੀ ਰੁੱਤ ਨਵੰਬਰ ਮਹੀਨੇ ਤੋਂ ਮਾਰਚ ਦੇ ਪਹਿਲੇ ਅੱਧ ਤੱਕ ਹੁੰਦੀ ਹੈ। ਭਾਰਤ ਦੇ ਦੱਖਣੀ ਭਾਗਾਂ ਦੇ ਉੱਤਰ ਵੱਲ ਜਾਈਏ ਤਾਂ ਸਰਦੀ ਵਧਦੀ ਜਾਂਦੀ ਹੈ। ਚੇਨਈ ਦੇ ਪੂਰਬੀ ਤੱਟ 'ਤੇ ਔਸਤ ਤਾਪਮਾਨ ਇਨ੍ਹੀਂ ਦਿਨੀਂ ਲਗਭਗ 24° ਸੈਂਟੀਗਰੇਡ ਹੁੰਦਾ ਹੈ, ਪਰ ਉਸ ਸਮੇਂ ਭਾਰਤ ਦੇ ਉੱਤਰੀ ਮੈਦਾਨਾਂ ਵਿੱਚ ਤਾਪਮਾਨ 10° ਤੋਂ 15° ਸੈਂਟੀਗਰੇਡ ਤੱਕ ਪੁੱਜ ਜਾਂਦਾ ਹੈ। ਉੱਤਰੀ ਅਤੇ ਉੱਤਰ-ਪੱਛਮੀ ਭਾਰਤ ਵਿੱਚ ਜਨਵਰੀ ਅਤੇ ਫਰਵਰੀ ਦੇ ਮਹੀਨੇ ਤਾਂ ਬਹੁਤ ਹੀ ਠੰਢੇ ਹੁੰਦੇ ਹਨ। ਰਾਤ ਨੂੰ ਠੰਢ ਵੱਧ ਜਾਂਦੀ ਹੈ ਅਤੇ ਕਈ ਵਾਰ ਤਾਪਮਾਨ ਜਮਾਓ ਦਰਜੇ 'ਤੇ ਪੁੱਜ ਜਾਂਦਾ ਹੈ। ਸਰਦੀਆਂ ਦੀ ਰੁੱਤੇ ਪਹਾੜਾਂ ਵਿੱਚ ਬਰਫ ਪੈਂਦੀ ਹੈ। ਭਾਰਤ ਵਿੱਚ ਸਭ ਤੋਂ ਜ਼ਿਆਦਾ ਠੰਢੀ ਥਾਂ ਜੰਮੂ ਕਸ਼ਮੀਰ ਵਿੱਚ ਦਰਾਸ ਦੀ ਘਾਟੀ ਹੈ, ਇਸ ਥਾਂ ਉੱਤੇ ਸਰਦੀਆਂ ਵਿੱਚ ਤਾਪਮਾਨ –45° ਸੈਂਟੀਗਰੇਡ ਤੱਕ ਪੁੱਜ ਜਾਂਦਾ ਹੈ।

ਸਰਦੀਆਂ ਦੀ ਰੁੱਤੇ ਆਮ ਕਰਕੇ ਅਸਮਾਨ ਸਾਫ ਰਹਿੰਦਾ ਹੈ, ਅਤੇ ਬੱਦਲ ਆਦਿ ਨਹੀਂ ਹੁੰਦੇ। ਦਿਨ ਸਮੇਂ ਖੁਸ਼ਕ ਤੇ ਹਲਕੀ ਠੰਢੀ ਪੌਣ ਚਲਦੀ ਹੈ। ਭਾਰਤ ਦਾ ਦੱਖਣੀ ਭਾਗ ਸਮੁੰਦਰ ਨਾਲ ਘਿਰੇ ਹੋਣ ਕਾਰਨ ਜ਼ਿਆਦਾ ਠੰਢਾ ਨਹੀਂ ਹੁੰਦਾ। ਸਰਦੀਆਂ ਦੀ ਰੁੱਤੇ ਭਾਰਤ ਦੇ ਉੱਤਰੀ ਅਤੇ ਉੱਤਰ ਪੱਛਮੀ ਭਾਗਾਂ ਵਿੱਚ, ਪੱਛਮ ਅਤੇ ਉੱਤਰ-ਪੱਛਮ ਵੱਲੋਂ ਚੱਕਰਵਾਤ ਆਉਂਦੇ ਹਨ। ਇਹ ਚੱਕਰਵਾਤ ਪੱਛਮੀ ਏਸ਼ੀਆ ਅਤੇ ਰੂਮ ਸਾਗਰ ਤੋਂ ਉਤਪੰਨ ਹੋ ਕੇ ਭਾਰਤ ਵਿੱਚ ਪੁੱਜਦੇ ਹਨ। ਇਹਨਾਂ ਚੱਕਰਵਾਤਾਂ ਦੇ ਕਾਰਨ ਭਾਰਤ ਦੇ ਉੱਤਰੀ ਅਤੇ ਉੱਤਰ-ਪੱਛਮੀ ਮੈਦਾਨਾਂ ਵਿੱਚ ਵਰਖਾ ਹੁੰਦੀ ਹੈ, ਅਤੇ ਪਹਾੜਾਂ ਤੇ ਬਰਫ਼ ਵੀ ਪੈਂਦੀ ਹੈ। ਸਰਦੀਆਂ ਦੀ ਇਹ ਵਰਖਾ ਹਾੜੀ ਦੀਆਂ ਫਸਲਾਂ ਲਈ ਬਹੁਤ ਲਾਭਦਾਇਕ ਸਿੱਧ ਹੁੰਦੀ ਹੈ।

3. ਵਰਖਾ ਦੀ ਰੁੱਤ (Rainy Season)

ਭਾਰਤ ਵਾਸੀ ਵਰਖਾ ਰੁੱਤ ਦੀ ਬੜੀ ਤੀਬਰਤਾ ਨਾਲ ਉਡੀਕ ਕਰਦੇ ਹਨ ਕਿਉਂਕਿ ਵਰਖਾ ਰੁੱਤ ਤੇਜ਼ ਖੁਸ਼ਕ ਗਰਮੀ ਦੀ ਰੁੱਤ ਤੋਂ ਮਗਰੋਂ ਜੂਨ ਮਹੀਨੇ ਦੇ ਅੱਧ ਤੋਂ ਸ਼ੁਰੂ ਹੋ ਕੇ ਲਗਭਗ ਸਤੰਬਰ ਮਹੀਨੇ ਦੇ ਮੱਧ ਤੱਕ ਚਲਦੀ ਹੈ। ਇਸ ਰੁੱਤ ਦੇ ਆਉਣ ਨਾਲ ਖੇਤਾਂ ਅਤੇ ਰੁੱਖਾਂ ਉੱਤੇ ਹਰਿਆਲੀ ਛਾ ਜਾਂਦੀ ਹੈ ਤੇ ਉੱਤਰੀ ਭਾਰਤ ਵਿੱਚ ਵੇਲੇ ਚੱਲਣ ਵਾਲੀਆਂ ਗਰਮ ਪੌਣਾਂ ਅਤੇ 'ਲੂ' ਬੰਦ ਹੋ ਜਾਂਦੀਆਂ ਹਨ। ਜੂਨ ਮਹੀਨੇ ਭਾਰਤ ਦੇ ਉੱਤਰੀ ਅਤੇ ਉੱਤਰੀ-ਪੱਛਮੀ ਭਾਗਾਂ ਵਿੱਚ ਵਾਯੂ-ਦਾਬ ਬਹੁਤ ਘੱਟ ਜਾਂਦਾ ਹੈ ਪਰ ਇਸ ਦੇ ਉਲਟ ਭਾਰਤ ਦੇ ਦੱਖਣੀ ਸਾਗਰਾਂ ਵਿੱਚ ਵਾਯੂ-ਦਾਬ ਵੱਧ ਹੁੰਦਾ ਹੈ। ਵਪਾਰਕ ਪੌਣਾਂ ਉੱਤਰ ਵੱਲ ਚਲ ਪੈਂਦੀਆਂ ਹਨ ਤੇ ਦੱਖਣ ਪੂਰਬੀ ਵਪਾਰਕ ਪੌਣਾਂ ਭੂ-ਮੱਧ ਰੇਖਾ ਨੂੰ ਪਾਰ ਕਰ ਕੇ ਆਪਣੀ ਦਿਸ਼ਾ ਦੱਖਣ-ਪੱਛਮੀ ਵੱਲ ਬਦਲਦੀਆਂ ਹੋਈਆਂ ਭਾਰਤੀ ਉਪ ਮਹਾਂਦੀਪ ਵਿੱਚ ਦਾਖਲ ਹੋ ਜਾਂਦੀਆਂ ਹਨ। ਇਹ ਪੌਣਾਂ ਫੈਰਲ ਦੇ ਨਿਯਮ ਕਾਰਨ ਆਪਣੀ ਦਿਸ਼ਾ ਬਦਲਦੀਆਂ ਹਨ।

ਇਹ ਪੌਣਾਂ ਸਾਗਰਾਂ ਉਤੋਂ ਲੰਘ ਕੇ ਆਉਂਦੀਆਂ ਹਨ, ਇਸ ਲਈ ਨਮੀ ਨਾਲ ਭਰਪੂਰ ਹੁੰਦੀਆਂ ਹਨ ਅਤੇ ਬਹੁਤ ਵਰਖਾ ਕਰਦੀਆਂ ਹਨ। ਜੂਨ ਮਹੀਨੇ ਦੇ ਪਹਿਲੇ ਹਫਤੇ ਤੱਕ ਦੱਖਣ ਪੱਛਮੀ ਮੌਨਸੂਨ ਪੌਣਾਂ ਭਾਰਤ ਦੇ ਦੱਖਣੀ ਸਿਰੇ ਅਤੇ ਜੂਨ ਮਹੀਨੇ ਦੇ ਦੂਜੇ ਹਫਤੇ ਇਹ ਪੌਣਾਂ ਮੁੰਬਈ ਤੱਕ ਪੁੱਜ ਜਾਂਦੀਆਂ ਹਨ। ਇਹ ਪੌਣਾਂ ਭਾਰਤ ਦੇ ਕੁਝ ਉੱਤਰ-ਪੱਛਮੀ ਭਾਗਾਂ ਨੂੰ ਛੱਡ ਕੇ ਬਾਕੀ ਸਾਰੀਆਂ ਥਾਵਾਂ 'ਤੇ ਜੂਨ ਮਹੀਨੇ ਵਿੱਚ ਪੁੱਜ ਜਾਂਦੀਆਂ ਹਨ। ਮੌਨਸੂਨ ਪੌਣਾਂ ਦੀ ਦੱਖਣੀ-ਪੱਛਮੀ ਮੌਨਸੂਨੀ ਸ਼ਾਖਾ ਦੀ ਚਾਲ ਤੇਜ਼ ਹੁੰਦੀ ਹੈ ਤੇ ਇਹ ਲਗਪਗ 30 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਦੀਆਂ ਹਨ। ਕਈ ਵਾਰ ਇਹ ਪੌਣਾਂ ਬੜੀ ਗਰਜ ਨਾਲ ਮੋਹਲੇਧਾਰ ਵਰਖਾ ਕਰਦੀਆਂ ਹਨ, ਜਿਸ ਕਾਰਨ ਹੜ੍ਹ ਆ ਜਾਂਦੇ ਹਨ, ਅਤੇ ਮਾਲੀ-ਜਾਨੀ ਹਾਨੀ ਹੋ ਜਾਂਦੀ ਹੈ।

ਦੱਖਣ-ਪੱਛਮੀ ਮੌਨਸੂਨ ਪੌਣਾਂ ਜਦੋਂ ਭਾਰਤ ਵਿੱਚ ਦਾਖਲ ਹੁੰਦੀਆਂ ਹਨ ਤਾਂ ਭਾਰਤੀ ਪ੍ਰਾਇਦੀਪ ਕਾਰਨ ਇਹ ਪੌਣਾਂ ਦੋ ਭਾਗਾਂ ਵਿੱਚ ਵੰਡੀਆਂ ਜਾਂਦੀਆਂ ਹਨ। ਇਕ ਭਾਗ ਨੂੰ ਅਰਥ ਸਾਗਰ ਦੀ ਸ਼ਾਖਾ ਕਹਿੰਦੇ ਹਨ ਤੇ ਦੂਜੀ ਸ਼ਾਖਾ ਨੂੰ ਖਾੜੀ ਬੰਗਾਲ ਦੀ ਸ਼ਾਖਾ।

ਅਰਬ ਸਾਗਰ ਦੀ ਸ਼ਾਖਾ

ਮੌਨਸੂਨ ਪੌਣਾਂ ਦੀ ਇਹ ਸ਼ਾਖਾ ਜੂਨ ਮਹੀਨੇ ਦੇ ਪਹਿਲੇ ਹਫ਼ਤੇ ਤੱਕ ਭਾਰਤ ਦੇ ਦੱਖਣੀ ਸਿਰੇ ਤੱਕ ਪੁੱਜ ਜਾਂਦੀ ਹੈ। ਜੂਨ ਮਹੀਨੇ ਦੇ ਦੂਜੇ ਹਫ਼ਤੇ ਤੱਕ ਇਹ ਪੌਣਾਂ ਪੱਛਮੀ ਘਾਟ ਉੱਤੇ ਹੁੰਦੀਆਂ ਹਨ। ਪੱਛਮੀ ਘਾਟ ਦੀ ਰੁਕਾਵਟ ਕਾਰਨ ਇਹ ਪੌਣਾਂ ਪੱਛਮੀ ਘਾਟ ਦੇ ਪੌਣ ਮੁਖੀ ਮੈਦਾਨਾਂ ਵਿੱਚ ਬਹੁਤ ਵਰਖਾ ਕਰਦੀਆਂ ਹਨ। ਇਹ ਪੌਣਾਂ ਪੱਛਮੀ ਘਾਟ ਨੂੰ ਪਾਰ ਕਰਕੇ ਦੱਖਣ ਦੀ ਪਠਾਰ ਅਤੇ ਮੱਧ ਪ੍ਰਦੇਸ਼ ਵਿੱਚ ਵੀ ਵਰਖਾ ਕਰਦੀਆਂ ਹਨ। ਪੌਣਾਂ ਦੀ ਇਹ ਸ਼ਾਖਾ ਭਾਰਤ ਦੇ ਉੱਤਰ ਵੱਲ ਚੱਲ ਪੈਂਦੀ ਹੈ ਅਤੇ ਉੱਤਰ ਵਿੱਚ ਜਾ ਕੇ ਖਾੜੀ ਬੰਗਾਲ ਦੀ ਸ਼ਾਖਾ ਨਾਲ ਗੰਗਾ ਦੇ ਮੈਦਾਨ ਉੱਤੇ ਜਾ ਮਿਲਦੀ ਹੈ। ਇਹ ਦੋਵੇਂ ਸ਼ਾਖਾਵਾਂ ਇਕੱਠੀਆਂ ਹੋ ਕੇ ਪੱਛਮੀ ਭਾਰਤ ਵੱਲ ਚੱਲ ਪੈਂਦੀਆਂ ਹਨ। ਜੁਲਾਈ ਮਹੀਨੇ ਦੇ ਪਹਿਲੇ ਹਫ਼ਤੇ ਤਕ ਇਹ ਪੌਣਾਂ ਹਰਿਆਣਾ, ਪੰਜਾਬ ਅਤੇ ਰਾਜਸਥਾਨ ਤੱਕ ਪੁੱਜ ਜਾਂਦੀਆਂ ਹਨ ਅਤੇ ਇਹਨਾਂ ਪ੍ਰਾਂਤਾਂ ਵਿੱਚ ਵਰਖਾ ਕਰਦੀਆਂ ਹਨ। ਇਹਨਾਂ ਪੌਣਾਂ ਦੁਆਰਾ ਵਰਖਾ ਦੀ ਮਾਤਰਾ ਪੂਰਬੀ ਭਾਰਤ ਵੱਲ ਜ਼ਿਆਦਾ ਹੁੰਦੀ ਹੈ ਅਤੇ ਪੱਛਮ ਵੱਲ ਜਾਂਦੇ ਹੋਏ ਵਰਖਾ ਦੀ ਮਾਤਰਾ ਘੱਟਦੀ ਜਾਂਦੀ ਹੈ।

ਬੰਗਾਲ ਦੀ ਖਾੜੀ ਦੀ ਸ਼ਾਖਾ

ਮੌਨਸੂਨ ਪੌਣਾਂ ਦੀ ਇਹ ਸ਼ਾਖਾ ਖਾੜੀ ਬੰਗਾਲ ਵੱਲੋਂ ਆਉਂਦੀ ਹੈ ਅਤੇ ਭਾਰਤ ਦੇ ਉੱਤਰ ਵੱਲ ਚੱਲ ਪੈਂਦੀ ਹੈ। ਅੱਗੇ ਜਾ ਕੇ ਇਹ ਸ਼ਾਖਾ ਦੋ ਭਾਗਾਂ ਵਿੱਚ ਵੰਡੀ ਜਾਂਦੀ ਹੈ। ਇਸ ਦਾ ਇਕ ਭਾਗ ਪੱਛਮ ਵੱਲ ਚਲਾ ਜਾਂਦਾ ਹੈ ਅਤੇ ਦੂਜਾ ਭਾਗ ਭਾਰਤ ਦੇ ਉੱਤਰ ਅਤੇ ਉੱਤਰ-ਪੂਰਬ ਵੱਲ। ਇਹ ਸ਼ਾਖਾ ਦਾ ਪੱਛਮੀ ਭਾਗ ਅਰਬ ਸਾਗਰ ਤੋਂ ਆਉਣ ਵਾਲੀ ਮੌਨਸੂਨ ਪੌਣਾਂ ਦੀ ਸ਼ਾਖਾ ਨਾਲ ਗੰਗਾ ਦੇ ਮੈਦਾਨ 'ਤੇ ਜਾ ਮਿਲਦਾ ਹੈ।

ਖਾੜੀ ਬੰਗਾਲ ਦੀ ਮੌਨਸਨ ਪੌਣਾਂ ਦੀ ਦੂਜੀ ਸ਼ਾਖਾ ਭਾਰਤ ਦੇ ਉੱਤਰ-ਪੂਰਬ ਵੱਲ ਚੱਲ ਪੈਂਦੀ ਹੈ ਅਤੇ ਬ੍ਰਹਮਪੁੱਤਰ ਦੀ ਘਾਟੀ ਤੱਕ ਪੁੱਜ ਜਾਂਦੀ ਹੈ। ਪੌਣਾਂ ਦੀ ਇਹ ਸ਼ਾਖਾ ਗਾਰੋ, ਖਾਸੀ ਅਤੇ ਜੈਂਤੀਆਂ ਦੀਆਂ ਪਹਾੜੀਆਂ ਉੱਤੇ ਬਹੁਤ ਵਰਖਾ ਕਰਦੀ ਹੈ। ਮੇਘਾਲਿਆ ਪ੍ਰਾਂਤ ਵਿੱਚ ਪੈਂਦੀਆਂ ਖਾਸੀ ਦੀਆਂ ਪਹਾੜੀਆਂ ਵਿੱਚ ਮਾਅਸਿਨਰਸਮ ਦੇ ਸਥਾਨ 'ਤੇ ਸੰਸਾਰ ਭਰ ਦੀ ਸਭ ਤੋਂ ਜ਼ਿਆਦਾ ਔਸਤ ਵਾਰਸ਼ਿਕ ਵਰਖਾ 1221 ਸੈਂਟੀਮੀਟਰ ਰਿਕਾਰਡ ਕੀਤੀ ਗਈ ਹੈ। ਖਾਸੀ ਦੀਆਂ ਪਹਾੜੀਆਂ ਵਿੱਚ ਸਥਿਤ ਇਕ ਹੋਰ ਸਥਾਨ ਚੇਰਾਪੂੰਜੀ ਹੈ, ਜਿਥੇ ਸਾਲ ਦੀ ਔਸਤ ਵਰਖਾ 1102 ਸੈਂਟੀਮੀਟਰ ਰਿਕਾਰਡ ਕੀਤੀ ਗਈ ਹੈ।

ਮੁੜਦੀਆਂ ਮੌਨਸੂਨ ਪੌਣਾਂ (Retreating Monsoon Winds)–ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂ ਵਿੱਚ ਭਾਰਤ ਦੇ ਉੱਤਰੀ ਅਤੇ ਉੱਤਰ-ਪੱਛਮੀ ਭਾਗਾਂ ਵਿੱਚ ਵਾਯੂ-ਦਾਬ ਘਟਣਾ ਸ਼ੁਰੂ ਹੋ ਜਾਂਦਾ ਹੈ। ਇਸ ਕਾਰਨ ਮੌਨਸੂਨ ਪੌਣਾਂ ਕਮਜ਼ੋਰ ਪੈ ਜਾਂਦੀਆਂ ਹਨ। ਇਸ ਰੁੱਤੇ ਅਸਮਾਨ ਬਦਲਾਂ ਤੋਂ ਸਾਫ ਹੋ ਜਾਂਦਾ ਹੈ ਤੇ ਰਾਤਾਂ ਦੀ ਗਰਮੀ ਘੱਟ ਜਾਂਦੀ ਹੈ। ਪੌਣਾਂ ਖੁਸ਼ਕ ਹੋ ਜਾਂਦੀਆਂ ਹਨ ਤੇ ਵਰਖਾ ਦੀ ਰੁੱਤ ਖਤਮ ਹੋ ਜਾਂਦੀ ਹੈ। ਅਕਤੂਬਰ ਦੇ ਮਹੀਨੇ ਦਿਨ ਗਰਮ ਹੁੰਦੇ ਹਨ ਪਰ ਰਾਤਾਂ ਨੂੰ ਹਲਕੀ ਜਿਹੀ ਠੰਢ ਸ਼ੁਰੂ ਹੋ ਜਾਂਦੀ ਹੈ। ਇਹਨਾਂ ਮਹੀਨਿਆਂ ਵਿੱਚ ਧਰਤੀ ਨਾਲੋਂ ਸਮੁੰਦਰ ਗਰਮ ਹੁੰਦਾ ਹੈ ਇਸ ਕਾਰਨ ਪੌਣਾਂ ਧਰਤੀ ਤੋਂ ਸਮੁੰਦਰ ਵੱਲ ਚੱਲ ਪੈਂਦੀਆਂ ਹਨ। ਇਹ ਪੌਣਾਂ ਖੁਸ਼ਕ ਹੁੰਦੀਆਂ ਹਨ। ਕੁਝ ਧਰਤੀ ਤੋਂ ਆਉਣ ਵਾਲੀਆਂ ਪੌਣਾਂ ਖਾੜੀ ਬੰਗਾਲ ਉੱਤੋਂ ਲੰਘਦੀਆਂ ਹਨ ਅਤੇ ਨਮੀ ਨਾਲ ਭਰ ਜਾਂਦੀਆਂ ਹਨ। ਜਦੋਂ ਇਹ ਪੌਣਾਂ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਦੇ ਪੂਰਬੀ ਤੱਟ ਤੇ ਪੁੱਜਦੀਆਂ ਹਨ ਤਾਂ ਉਥੇ ਵਰਖਾ ਕਰਦੀਆਂ ਹਨ। ਇਹਨਾਂ ਪ੍ਰਦੇਸ਼ਾਂ ਵਿੱਚ ਅਕਤੂਬਰ ਅਤੇ ਨਵੰਬਰ ਮਹੀਨਿਆਂ ਦੀ ਵਰਖਾ ਇਸੇ ਕਾਰਨ ਹੁੰਦੀ ਹੈ।

ਨਵੰਬਰ ਮਹੀਨੇ ਖਾੜੀ ਬੰਗਾਲ ਉੱਤੇ ਘੱਟ ਦਾਬ ਪੇਟੀ ਬਣ ਜਾਂਦੀ ਹੈ। ਅੰਡੇਮਾਨ ਸਾਗਰ ਦੇ ਵੱਧ-ਦਾਬ ਵਲੋਂ ਉਸ਼ਣ ਖੰਡੀ ਚੱਕਰਵਾਤ ਇਧਰ ਘੱਟ ਦਾਬ ਵੱਲ ਚੱਲਦੇ ਹਨ। ਇਹ ਚੱਕਰਵਾਤ ਵੀ ਭਾਰਤ ਦੀ ਪੂਰਬੀ ਤੱਟ ਉੱਤੇ ਵਰਖਾ ਕਰਦੇ ਹਨ। ਕਈ ਵਾਰ ਇਹਨਾਂ ਚੱਕਰਵਾਤਾਂ ਦੇ ਕਾਰਨ ਤੂਫਾਨ ਅਤੇ ਹੜ੍ਹ ਵੀ ਆ ਜਾਂਦੇ ਹਨ।

ਵਰਖਾ ਦੀ ਖੰਡ (Distribution of Rainfall)

ਭਾਰਤ ਦੇਸ਼ ਵਿੱਚ ਇਕੋ ਜਿਹੀ ਵਰਖਾ ਨਹੀਂ ਹੁੰਦੀ। ਕਈ ਥਾਵਾਂ 'ਤੇ ਬਹੁਤ ਵਰਖਾ ਹੁੰਦੀ ਹੈ ਜਿਵੇਂ ਗਾਰੋ ਅਤੇ ਖਾਸੀ ਦੀਆਂ ਪਹਾੜੀਆਂ ਉੱਤੇ ਸਾਲ ਵਿੱਚ ਔਸਤ ਵਰਖਾ 1100 ਸੈਂਟੀਮੀਟਰ ਤੋਂ ਵੱਧ ਹੁੰਦੀ ਹੈ ਪਰ ਕਈ ਥਾਵਾਂ 'ਤੇ ਬਹੁਤ ਘੱਟ ਵਰਖਾ ਹੁੰਦੀ ਹੈ ਜਿਵੇਂ ਲੱਦਾਖ ਤੇ ਰਾਜਸਥਾਨ ਦੇ ਕੁਝ ਸਥਾਨਾਂ ਉੱਤੇ ਵਾਰਸ਼ਿਕ ਵਰਖਾ 15 ਸੈਂਟੀਮੀਟਰ ਤੋਂ ਵੀ ਘੱਟ ਹੁੰਦੀ ਹੈ।

ਵੱਧ ਵਰਖਾ ਵਾਲੇ ਪ੍ਰਦੇਸ਼—ਇਹਨਾਂ ਪ੍ਰਦੇਸ਼ਾਂ ਵਿੱਚ ਔਸਤ ਵਾਰਸ਼ਿਕ ਵਰਖਾ 200 ਸੈਂਟੀਮੀਟਰ ਤੋਂ ਵੱਧ ਹੁੰਦੀ ਹੈ। ਮੇਘਾਲਿਆ, ਆਸਾਮ, ਨਾਗਾਲੈਂਡ, ਪੱਛਮੀ ਘਾਟ ਦੇ ਮੈਦਾਨ ਆਦਿ।


ਦਰਮਿਆਨੀ ਵਰਖਾ ਵਾਲੇ ਪ੍ਰਦੇਸ਼—ਜਿਨ੍ਹਾਂ ਥਾਵਾਂ 'ਤੇ 100 ਤੋਂ 200 ਸੈਂਟੀਮੀਟਰ ਸਾਲਾਨਾ ਵਰਖਾ ਹੁੰਦੀ ਹੈ ਉਹ ਹਨ-ਪੱਛਮੀ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼ ਦਾ ਉੱਤਰੀ ਭਾਗ, ਓਡੀਸ਼ਾ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਤਾਮਿਲਨਾਡੂ ਦਾ ਪੂਰਬੀ ਤੱਟ, ਹਿਮਾਲਯ ਦਾ ਕੁਝ ਭਾਗ ਆਦਿ।

ਸਮਵਰਖਾ (Isohyet)

ਨਕਸ਼ੇ ਉੱਪਰ ਦਿਖਾਈ ਜਾਂਦੀ ਉਹ ਰੇਖਾ ਜਿਹੜੀ ਕਿਸੇ ਖਾਸ ਸਮੇਂ ਉੱਤੇ ਇਕੋ ਜਿਹੀ ਵਰਖਾ ਵਾਲੇ ਸਥਾਨਾਂ ਨੂੰ ਮਿਲਾਉਂਦੀ ਹੈ। ਇਹ ਰੇਖਾਵਾਂ ਔਸਤ ਵਰਖਾ ਵੰਡ ਵਾਲੇ ਇਲਾਕੇ ਨਕਸ਼ੇ ਵਿੱਚ ਵਿਖਾਉਣ ਹਿੱਤ ਬਹੁਤ ਸਹਾਈ ਹੁੰਦੀਆਂ ਹਨ।

ਘੱਟ ਵਰਖਾ ਵਾਲੇ ਪ੍ਰਦੇਸ਼—ਇਹਨਾਂ ਪ੍ਰਦੇਸ਼ਾਂ ਵਿੱਚ ਵਾਰਸ਼ਿਕ ਔਸਤ ਵਰਖਾ ਲਗਭਗ 50 ਤੋਂ 100 ਸੈਂਟੀਮੀਟਰ ਵਿਚਾਲੇ ਹੁੰਦੀ ਹੈ—ਉੱਤਰ ਪ੍ਰਦੇਸ਼ ਦਾ ਪੱਛਮੀ ਭਾਗ, ਹਰਿਆਣਾ, ਪੰਜਾਬ, ਦੱਖਣ ਦੀ ਪੂਰਬੀ ਰਾਜਸਥਾਨ, ਮਹਾਂਰਾਸ਼ਟਰ, ਪੱਛਮੀ ਮੱਧ ਪ੍ਰਦੇਸ਼, ਕਰਨਾਟਕ ਆਦਿ।


ਬਹੁਤ ਘੱਟ ਵਰਖਾ ਵਾਲੇ ਪ੍ਰਦੇਸ਼—ਜਿਥੇ ਸਾਲ ਵਿੱਚ 50 ਸੈਂਟੀਮੀਟਰ ਦੇ ਲਗਭਗ ਵਾਰਸ਼ਿਕ ਵਰਖਾ ਹੁੰਦੀ ਹੈ-ਪੱਛਮੀ ਰਾਜਸਥਾਨ, ਕੱਛ, ਜੰਮੂ-ਕਸ਼ਮੀਰ ਵਿੱਚ ਲੱਦਾਖ ਆਦਿ।



ਜਲ ਵਾਯੂ ਦਾ ਅਨੁਮਾਨ ਲਾਉਣ ਵਾਲੇ ਯੰਤਰ :

ਕਿਸੇ ਦੇਸ਼ ਦੀ ਜਲ ਵਾਯੂ ਜਾਨਣ ਲਈ ਕਈ ਯੰਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਲ-ਵਾਯੂ ਕਈ ਤੱਤਾਂ ਉੱਤੇ ਨਿਰਭਰ ਕਰਦੀ ਹੈ, ਜਿਵੇਂ ਤਾਪਮਾਨ, ਵਰਖਾ, ਵਾਯੂ-ਦਾਬ, ਵਾਤਾਵਰਨ ਦੀ ਨਮੀ, ਪੌਣਾਂ ਦੀ ਦਿਸ਼ਾ ਅਤੇ ਪੌਣਾਂ ਦੀ ਰਫ਼ਤਾਰ ਆਦਿ ਇਹਨਾਂ ਯੰਤਰਾਂ ਬਾਰੇ ਕੁਝ ਜਾਣਕਾਰੀ ਇਸ ਤਰ੍ਹਾਂ ਹੈ—

ਉੱਚਤਮ ਅਤੇ ਨਿਊਨਤਮ ਥਰਮਾਮੀਟਰ (Maximum and Minimum Thermometer)—ਇਸ ਥਰਮਾਮੀਟਰ ਦੀ ਵਰਤੋਂ ਤਾਪਮਾਨ ਮਾਪਣ ਲਈ ਕੀਤੀ ਜਾਂਦੀ ਹੈ। ਕਿਸੇ ਥਾਂ ਦੀ ਜਲ ਵਾਯੂ ਦਾ ਪਤਾ ਲਾਉਣ ਲਈ ਉਸ ਥਾਂ ਦੇ ਤਾਪਮਾਨ ਦੀ ਜਾਣਕਾਰੀ ਬੜੀ ਜ਼ਰੂਰੀ ਹੁੰਦੀ ਹੈ।






ਇਹ ਥਰਮਾਮੀਟਰ ਸ਼ੀਸ਼ੇ ਦੀਆਂ ਦੋ ਜੁੜੀਆਂ ਹੋਈਆਂ ਨਾਲੀਆਂ ਦਾ ਬਣਿਆ ਹੋਇਆ ਹੁੰਦਾ ਹੈ। ਇਕ ਨਾਲੀ ਰਾਹੀਂ ਦਿਨ ਦਾ ਵੱਧ ਤੋਂ ਵੱਧ ਤਾਪਮਾਨ ਅਤੇ ਦੂਜੀ ਨਾਲੀ ਰਾਹੀਂ ਰਾਤ ਦਾ ਘੱਟ ਤੋਂ ਘੱਟ ਤਾਪਮਾਨ ਮਾਪਿਆ ਜਾਂਦਾ ਹੈ। ਤਾਪਮਾਨ ਡਿਗਰੀਆਂ ਵਿੱਚ ਮਾਪਿਆ ਜਾਂਦਾ ਹੈ ਅਤੇ ਇਹ ਸੈਂਟੀਮੀਟਰ ਗਰੇਡ ਜਾਂ ਫਾਰਨਹੀਟ ਦੀਆਂ ਡਿਗਰੀਆਂ ਵਿੱਚ ਦੱਸਿਆ ਜਾਂਦਾ ਹੈ।

ਐਨੀਰਾਇਡ ਬੈਰੋਮੀਟਰ (Aniriod Barometer)—ਐਨੀਰਾਇਡ ਬੈਰੋਮੀਟਰ ਰਾਹੀਂ ਵਾਯੂ-ਦਾਬ ਦਾ ਪਤਾ ਲਾਇਆ ਜਾਂਦਾ ਹੈ। ਇਹ ਬੈਰੋਮੀਟਰ ਧਾਤ ਦੀ ਇੱਕ ਡੱਬੀ ਵਿੱਚੋਂ ਹਵਾ ਕੱਢ ਕੇ ਉਸ ਨੂੰ ਹਲਕੀ ਅਤੇ ਪਤਲੀ ਚਾਦਰ ਨਾਲ ਬੰਦ ਕਰ ਦਿੱਤਾ ਜਾਂਦਾ ਹੈ। ਡੱਬੀ ਦੇ ਅੰਦਰ ਇੱਕ ਸਪਰਿੰਗ ਹੁੰਦਾ ਹੈ। ਜਦੋਂ ਹਵਾ ਆਪਣਾ ਦਬਾਓ ਪਾਉਂਦੀ ਹੈ ਤਾਂ ਡੱਬੀ ਦੇ ਅੰਦਰ ਸਪਰਿੰਗ ਨਾਲ ਲੱਗੀ ਹੋਈ ਸੂਈ ਘੁੰਮਦੀ ਹੈ ਅਤੇ ਜਿੰਨਾਂ ਦਬਾਓ ਪਵੇਗਾ, ਉਸ ਅਨੁਸਾਰ ਅੰਦਰ ਲਿਖੇ ਹੋਏ ਅੰਕੜਿਆਂ 'ਤੇ ਜਾ ਟਿਕੇਗੀ ਅਤੇ ਉਸ ਨੂੰ ਪੜ੍ਹ ਕੇ ਵਾਯੂ ਦਾਬ ਦਾ ਪਤਾ ਲੱਗ ਜਾਂਦਾ ਹੈ। ਵਾਯੂ-ਦਾਬ ਮਿਲੀ ਬਾਰਾਂ ਵਿੱਚ ਦਸਿਆ ਜਾਂਦਾ ਹੈ।

ਸੁੱਕੀ ਅਤੇ ਗਿਲੀ ਗੋਲੀ ਦਾ ਥਰਮਾਮੀਟਰ (Dry and Wet bulb Thermometer)—ਇਹ ਥਰਮਾਮੀਟਰ ਹਵਾ ਦੀ ਨਮੀ ਮਾਪਣ ਲਈ ਵਰਤਿਆ ਜਾਂਦਾ ਹੈ। ਇਸ ਵਿੱਚ ਦੋ ਵੱਖਰੇ ਥਰਮਾਮੀਟਰ ਹੁੰਦੇ ਹਨ। ਇੱਕ ਥਰਮਾਮੀਟਰ ਦੇ ਹੇਠਲੇ ਸਿਰੇ ਤੇ ਮਲਮਲ ਦੇ ਕੱਪੜੇ ਦੀ ਇੱਕ ਪੱਟੀ ਬੰਨ੍ਹ ਕੇ, ਪੱਟੀ ਦਾ ਹੇਠਲਾ ਸਿਰਾ ਪਾਣੀ ਵਿੱਚ ਰੱਖਿਆ ਜਾਂਦਾ ਹੈ। ਇਹ ਥਰਮਾਮੀਟਰ ਘੱਟ ਤਾਪਮਾਨ ਰਿਕਾਰਡ ਕਰਦਾ ਹੈ। ਸੁੱਕੀ ਤੇ ਗਿੱਲੀ ਗੋਲੀ ਥਰਮਾਮੀਟਰਾਂ ਦੇ ਤਾਪਮਾਨ ਦੇ ਅੰਤਰ ਦੀ ਜਾਣਕਾਰੀ ਕਰਕੇ, ਨਾਲ ਦਿੱਤੇ ਗਏ ਪੈਮਾਨੇ ਰਾਹੀਂ ਹਵਾ ਦੀ ਨਮੀ ਦਾ ਪਤਾ ਕਰ ਲਿਆ ਜਾਂਦਾ ਹੈ। ਨਮੀ ਪ੍ਰਤੀਸ਼ਤ ਵਿੱਚ ਦੱਸੀ ਜਾਂਦੀ ਹੈ।






ਵਰਖਾ ਮਾਪਕ ਯੰਤਰ (Rain Gauge)

ਇਹ ਯੰਤਰ ਵਰਖਾ ਮਾਪਣ ਲਈ ਵਰਤਿਆ ਜਾਂਦਾ ਹੈ। ਇਸ ਯੰਤਰ ਵਿੱਚ ਇੱਕ ਗੋਲ ਬਰਤਨ ਲੋਹੇ ਦਾ ਜਾਂ ਪਿੱਤਲ ਦਾ ਹੁੰਦਾ ਹੈ। ਇਸ ਬਰਤਨ ਦੇ ਮੂੰਹ ਵਿੱਚ ਇੱਕ ਕੁੱਪੀ ਹੁੰਦੀ ਹੈ, ਜਿਸ ਰਾਹੀਂ, ਵਰਖਾ ਦਾ ਪਾਣੀ ਬਰਤਨ ਵਿੱਚ ਪਈ ਹੋਈ ਬੋਤਲ ਵਿੱਚ ਇਕੱਠਾ ਹੋ ਜਾਂਦਾ ਹੈ ਅਤੇ ਭਾਫ਼ ਬਣ ਕੇ ਉੱਡ ਨਹੀਂ ਸਕਦਾ। ਵਰਖਾ ਮਾਪਕ ਯੰਤਰ ਨੂੰ ਖੁੱਲੀ ਥਾਂ 'ਤੇ ਬਾਹਰ ਰੱਖਿਆ ਜਾਂਦਾ ਹੈ, ਤਾਂ ਜੋ ਵਰਖਾ ਦਾ ਪਾਣੀ ਆਸਾਨੀ ਨਾਲ ਇਸ ਵਿੱਚ ਪੈ ਸਕੇ। ਜਦ ਵਰਖਾ ਬੰਦ ਹੋ ਜਾਂਦੀ ਹੈ, ਤਾਂ ਵਰਖਾ ਦੇ ਪਾਣੀ ਨੂੰ ਬੋਤਲ ਵਿਚੋਂ ਕੱਢ ਕੇ ਸ਼ੀਸ਼ੇ ਦੇ ਇੱਕ ਸਿਲੰਡਰ ਵਿੱਚ ਪਾ ਦਿੱਤਾ ਜਾਂਦਾ ਹੈ, ਇਸ ਸਿਲੰਡਰ ਉੱਤੇ ਨਿਸ਼ਾਨ ਲੱਗੇ ਹੁੰਦੇ ਹਨ। ਇਹਨਾਂ ਨਿਸ਼ਾਨਾਂ ਦੀ ਸਹਾਇਤਾ ਨਾਲ ਵਰਖਾ ਨੂੰ ਮਾਪਿਆ ਜਾਂਦਾ ਹੈ। ਇਸ ਸਿਲੰਡਰ ਦੇ ਮੂੰਹ ਦੇ ਘੇਰੇ ਅਤੇ ਕੁੱਪੀ ਦੇ ਮੂੰਹ ਦੇ ਘੇਰੇ ਵਿੱਚ ਖਾਸ ਅਨੁਪਾਤ ਹੁੰਦੀ ਹੈ। ਵਰਖਾ ਦਾ ਮਾਪ ਸੈਂਟੀਮੀਟਰਾਂ ਜਾਂ ਇੰਚਾਂ ਵਿੱਚ ਦਰਸਾਇਆ ਜਾਂਦਾ ਹੈ।

ਵਾਯੂ ਵੇਗ ਮਾਪਕ (Anemometer)—ਇਸ ਯੰਤਰ ਦੀ ਵਰਤੋਂ ਹਵਾ ਦੀ ਰਫ਼ਤਾਰ ਮਾਪਣ ਲਈ ਕੀਤੀ ਜਾਂਦੀ ਹੈ। ਇਸ ਯੰਤਰ ਵਿੱਚ ਚਾਰ ਸੀਖਾਂ ਨਾਲ ਖਾਲੀ ਕੌਲੀਆਂ ਲੱਗੀਆਂ ਹੁੰਦੀਆਂ ਹਨ। ਇਸ ਵਿੱਚ ਚਾਰ ਸੀਖਾਂ ਇੱਕ ਸਟੈਂਡਰ ਉੱਤੇ ਇੱਕ ਦੂਜੇ ਦੇ ਲੰਬਕ ਜੋੜੀਆਂ ਜਾਂਦੀਆਂ ਹਨ। ਇਹ ਸੀਖਾਂ ਧਰਤੀ ਦੇ ਸਮਾਂਤਰ ਹੁੰਦੀਆਂ ਹਨ। ਜਦ ਹਲਾ ਚਲਦੀ ਹੈ ਤਾਂ ਇਹ ਕੌਲੀਆਂ ਘੁੰਮਣ ਲੱਗ ਪੈਂਦੀਆਂ ਹਨ। ਇਹਨਾਂ ਕੌਲੀਆਂ ਦੇ ਘੁੰਮਣ ਨਾਲ ਸਟੈਂਡ ਉੱਤੇ ਲੱਗੀ ਸੂਈ ਘੁੰਮਦੀ ਹੈ ਅਤੇ ਲੱਗੇ ਹੋਏ ਅੰਕੜਿਆਂ ਰਾਹੀਂ ਹਵਾ ਦੀ ਰਫ਼ਤਾਰ ਦੱਸਦੀ ਹੈ। ਪੌਣਾਂ ਦੀ ਰਫ਼ਤਾਰ ਮੀਲਾਂ ਜਾਂ ਕਿਲੋਮੀਟਰਾਂ ਵਿੱਚ ਦਰਸਾਈ ਜਾਂਦੀ ਹੈ।

ਵਾਯੂ ਦਿਸ਼ਾ ਸੂਚਕ (Wind Wave)—ਵਾਯੂ ਦੀ ਦਿਸ਼ਾ ਜਾਚਣ ਲਈ ਵਾਯੂ ਵੇਗ ਸੂਚਕ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਯੰਤਰ ਉੱਤੇ ਤੀਰ ਦਾ ਨਿਸ਼ਾਨ ਜਾ ਮੁਰਗੇ ਦੀ ਸ਼ਕਲ ਬਣੀ ਹੁੰਦੀ ਹੈ। ਇਹ ਤੀਰ ਜਾਂ ਮੁਰਗਾ ਇੱਕ ਸਿੱਧੀ ਲੰਮੀ ਧੁਰੀ 'ਤੇ ਘੁੰਮਦਾ ਹੈ। ਇਸ ਮੁਰਗੇ ਦੇ ਥੱਲੇ ਚਾਰ ਦਿਸ਼ਾਵਾਂ ਦੇ ਨਾਂ ਹੇਠ ਲੱਗੀਆਂ ਸੀਖਾਂ ਰਾਹੀਂ ਦੱਸੇ ਜਾਂਦੇ ਹਨ। ਜਦ ਹਵਾ ਚਲਦੀ ਹੈ ਤਾਂ ਮੁਰਗੇ ਦਾ ਮੂੰਹ ਘੁੰਮ ਕੇ ਉਸ ਪਾਸੇ ਹੋ ਜਾਂਦਾ ਹੈ ਇਸ ਪਾਸੇ ਤੋਂ ਹਵਾ ਆਉਂਦੀ ਹੈ ਅਤੇ ਸੀਖ ਉੱਤੇ ਦਿੱਤੇ ਨਿਸ਼ਾਨ ਤੋਂ ਵਾਯੂ ਦੀ ਦਿਸ਼ਾ ਦਾ ਪਤਾ ਲੱਗ ਜਾਂਦਾ ਹੈ।



Wind wane

ਕੁਦਰਤੀ ਆਫਤਾਂ (Natural Disasters) :

ਕੁਝ ਕੁਦਰਤੀ ਆਫਤਾਂ ਧਰਤੀ ਤੇ ਆਉਂਦੀਆਂ ਹਨ, ਜਿਨ੍ਹਾਂ ਕਾਰਨ ਬਹੁਤ ਸਾਰਾ ਜਾਨੀ ਅਤੇ ਮਾਲੀ ਨੁਕਸਾਨ ਹੋ ਜਾਂਦਾ ਹੈ। ਇਹਨਾਂ ਆਫਤਾਂ ਦਾ ਵਾਤਾਵਰਨ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਇਹਨਾਂ ਕੁਦਰਤੀ ਆਫਤਾਂ ਵਿੱਚੋਂ ਮੁਖ ਰੂਪ ਤੇ ਭੂਚਾਲ, ਸੁਨਾਮੀ, ਜਵਾਲਾ ਮੁੱਖੀ, ਚੱਕਰਵਾਤ ਅਤੇ ਹੜ੍ਹ ਜਾਂ ਸੋਕਾ ਹੁੰਦਾ ਹੈ।


ਸੁਨਾਮੀ (Tsunami-ਸਮੁੰਦਰੀ ਮਾਰੂ ਲਹਿਰਾਂ)—ਸੂਨਾਮੀ ਦੇ ਸ਼ਬਦ ਜਪਾਨੀ ਬੋਲੀ ਤੋਂ ਲਿਆ ਗਿਆ ਹੈ। ਇਸਦਾ ਅਰਥ ਹੈ ਬੰਦਰਗਾਹ ਦੀ ਲਹਿਰ। ਸੂਨਾਮੀ ਮਾਰੂ ਲਹਿਰਾਂ ਹਨ ਇਸ ਦੇ ਆਉਣ 'ਤੇ ਸਮੁੰਦਰ ਦੀਆਂ ਲਹਿਰਾਂ ਬਹੁਤ ਉੱਚੀਆਂ ਉੱਠਣ ਲਗ ਪੈਂਦੀਆਂ ਹਨ। ਸਮੁੰਦਰ ਦੇ ਤਟ ਦੇ ਨੇੜੇ ਇਹਨਾਂ ਦੀ ਉਚਾਈ 10 ਮੀਟਰ ਤੋਂ ਲੈ ਕੇ 30 ਮੀਟਰ ਤੱਕ ਪੁੱਜ ਜਾਂਦੀ ਹੈ। ਸੂਨਾਮੀ ਦੀਆਂ ਲਹਿਰਾਂ ਦੀ ਰਫ਼ਤਾਰ ਬਹੁਤ ਤੇਜ਼ ਹੁੰਦੀ ਹੈ। ਖੁੱਲ੍ਹੇ ਸਮੁੰਦਰ ਵਿੱਚ ਇੱਕ ਲਗਭਗ 400 ਕਿਲੋਮੀਟਰ ਤੋਂ ਲੈ ਕੇ 1,000 (ਇੱਕ ਹਜ਼ਾਰ) ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਦੀਆਂ ਹਨ।

ਸੂਨਾਮੀ ਦੇ ਉਤਪੰਨ ਹੋਣ ਦਾ ਮੁੱਖ ਕਾਰਨ ਭੂਚਾਲ ਜਾਂ ਜਵਾਲਾ ਮੁਖੀ ਹੁੰਦੇ ਹਨ।

26 ਦਸੰਬਰ 2004 ਨੂੰ ਸੂਨਾਮੀ ਭਾਰਤ ਅਤੇ ਇਸਦੇ ਨੇੜੇ ਦੇ ਦੇਸ਼ਾਂ ਮਲੇਸ਼ੀਆ, ਸ਼੍ਰੀਲੰਕਾ, ਥਾਈਲੈਂਡ ਮਾਲਦੀਵ ਅਤੇ ਬੰਗਲਾਦੇਸ਼ ਵਿੱਚ ਆਈ ਸੀ। ਇਸ ਸੂਨਾਮੀ ਦੇ ਆਉਣ ਦੇ ਕਾਰਨ ਲਗਭਗ ਤਿੰਨ ਲੱਖ ਲੋਕ ਮਾਰੇ ਗਏ ਅਤੇ ਲੱਖਾਂ ਮਕਾਨ ਢਹਿ ਢੇਰੀ ਹੋ ਗਏ ਸਨ। ਮਾਲ ਡੰਗਰ ਅਤੇ ਫਸਲਾਂ ਤਬਾਹ ਹੋ ਗਈਆਂ ਸਨ। ਤੱਟ ਵਰਤੀ ਇਲਾਕਿਆਂ ਵਿੱਚ ਸੜਕਾਂ, ਪੁੱਲ ਅਤੇ ਰੇਲ ਪੜੀਆਂ ਰੁੱੜ ਗਈਆਂ ਸਨ।

ਭਾਰਤ ਵਿੱਚ ਸੁਨਾਮੀ—ਭਾਰਤ ਵਿੱਚ ਸੰਨ 2004 ਦੀ ਸੂਨਾਮੀ ਕਾਰਨ ਅੰਡੇਮਾਨ ਨਿਕੋਬਾਰ ਦੀਪ ਸਮੂਹ, ਤਾਮਿਲਨਾਡੂ ਦੀ ਤਟ, ਆਂਧਰਾ ਪ੍ਰਦੇਸ਼ ਅਤੇ ਕੇਰਲ ਪ੍ਰਾਂਤਾਂ ਵਿੱਚ ਬਹੁਤ ਤਬਾਹੀ ਹੋਈ ਸੀ। ਇਹਨਾਂ ਪ੍ਰਾਂਤਾਂ ਵਿੱਚ 10,500 ਲੋਕ ਮਾਰੇ ਗਏ ਸਨ, ਲੱਖਾਂ ਲੋਕ ਬੇ-ਘਰ ਹੋ ਗਏ ਅਤੇ ਆਪਣਾ ਕਾਰੋਬਾਰ ਗੁਆ ਬੈਠੇ। ਲੋਕਾਂ ਦੀਆਂ ਫਸਲਾਂ ਤਬਾਹ ਹੋ ਗਈਆਂ ਅਤੇ ਲੱਖਾਂ ਮਕਾਨ ਢਹਿ ਗਏ। ਮਾਲ ਡੰਗਰ ਦੀ ਵੀ ਬੜੀ ਤਬਾਹੀ ਹੋਈ। ਮਨੁੱਖਾਂ ਦੀਆਂ ਅਤੇ ਪਸ਼ੂਆਂ ਦੀਆਂ ਲਾਸ਼ਾਂ ਨਾਲ ਵਾਤਾਵਰਨ ਖਰਾਬ ਹੋ ਗਿਆ ਜਿਸ ਕਾਰਨ ਬਹੁਤ ਸਾਰੀਆਂ ਬੀਮਾਰੀਆਂ ਫੈਲ ਗਈਆਂ।

ਭਾਰਤ ਦੇ ਪੂਰਬੀ ਤੱਟ ਦੇ ਸ਼ਹਿਰਾਂ ਜਿਵੇਂ ਚੇਨਈ, ਪੁੱਡੂਚੇਰੀ ਅਤੇ ਕੰਨਿਆ ਕੁਮਾਰੀ ਦਾ ਬਹੁਤ ਨੁਕਸਾਨ ਹੋਇਆ ਇਸ ਸੂਨਾਮੀ ਦੇ ਕਾਰਨ ਭਾਰਤ ਦਾ ਲਗਭਗ 10,000 (ਦਸ ਹਜ਼ਾਰ) ਕਰੋੜ ਰੁਪਏ ਦਾ ਮਾਲੀ ਨੁਕਸਾਨ ਹੋ ਗਿਆ ਸੀ।



ਸਮੁੰਦਰ ਦੇ ਤੱਲ ਤੇ ਆਏ ਭੂਚਾਲ ਦਾ ਗ੍ਰਾਫ਼ਿਕ (Tsunami in Indian ocean)

ਸੂਨਾਮੀ ਦੇ ਮਾੜੇ ਪ੍ਰਭਾਵ—

1. ਜਾਨੀ ਨੁਕਸਾਨ—ਸੂਨਾਮੀ ਦੇ ਆਉਣ ਨਾਲ ਜਾਨੀ ਨੁਕਸਾਨ ਹੁੰਦਾ ਹੈ। 2004 ਦੀ ਸੂਨਾਮੀ ਦੇ ਆਉਣ ਕਾਰਨ ਤਿੰਨ ਲੱਖ ਲੋਕਾਂ ਦੀ ਮੌਤ ਹੋ ਗਈ ਸੀ।

2. ਮਾਲ ਡੰਗਰ ਅਤੇ ਜਾਨਵਰਾਂ ਦੀ ਤਬਾਹੀ—ਸੂਨਾਮੀ ਦੇ ਆਉਣ ਨਾਲ ਬਹੁਤ ਸਾਰੇ ਮਾਲ ਡੰਗਰ ਅਤੇ ਪੰਛੀ ਮਰ ਜਾਂਦੇ ਹਨ। ਇਹਨਾਂ ਦੀਆਂ ਲਾਸ਼ਾਂ ਕਾਰਨ ਵਾਤਾਵਰਨ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਬੀਮਾਰੀਆਂ ਫੈਲ ਜਾਂਦੀਆਂ ਹਨ।

3. ਫਸਲਾਂ ਦੀ ਹਾਨੀ—ਸੂਨਾਮੀ ਦੀਆਂ ਲਹਿਰਾਂ ਬਹੁਤ ਤੇਜ਼ ਹੁੰਦੀਆਂ ਹਨ ਜਦ ਤੱਟ ਵਰਤੀ ਇਲਾਕਿਆਂ ਤੇ ਪੁੱਜਦੀਆਂ ਹਨ ਤਾਂ ਉਥੋਂ ਦੀਆਂ ਫਸਲਾਂ ਤਬਾਹ ਕਰ ਦਿੰਦੀਆਂ ਸਨ ਤੇ ਮਿੱਟੀ ਰੋੜ੍ਹ ਕੇ ਸਾਗਰਾਂ ਵਿੱਚ ਲੈ ਜਾਂਦੀਆਂ ਹਨ।

4. ਜਾਇਦਾਦ ਦੇ ਆਵਾਜਾਈ ਦੇ ਸਾਧਨਾਂ ਦੀ ਹਾਨੀ—ਸੂਨਾਮੀ ਦੇ ਆਉਣ ਨਾਲ ਬਹੁਤ ਸਾਰੇ ਮਕਾਨ, ਦੁਕਾਨਾਂ ਤਬਾਹ ਹੋ ਜਾਂਦੀਆਂ ਹਨ। ਸੜਕਾਂ, ਪੁੱਲਾਂ, ਰੇਲਾਂ ਦੀਆਂ ਪਟੜੀਆਂ, ਸਮੁੰਦਰੀ ਜਹਾਜ਼ਾਂ ਅਤੇ ਆਵਾਜਾਈ ਦੇ ਹੋਰ ਸਧਨਾਂ ਦੀ ਬਹੁਤ ਹਾਨੀ ਹੋ ਜਾਂਦੀ ਹੈ।

ਕੁਝ ਯਾਦ ਕਰਨ ਲਈ

(ੳ) ਗਰਮੀ ਦੇ ਵਧਣ ਨਾਲ ਵਾਯੂ ਦਾਬ ਘੱਟ ਜਾਂਦਾ ਹੈ। ਜਿੱਥੇ ਜ਼ਿਆਦਾ ਗਰਮੀ ਹੋਵੇਗੀ ਉੱਥੇ ਘੱਟ ਵਾਯੂ ਦਾਬ ਹੋਵੇਗਾ।

(ਅ) ਪੌਣਾਂ ਵੱਧ ਵਾਯੂ-ਦਾਬ ਤੋਂ ਘੱਟ ਵਾਯੂ-ਦਾਬ ਵੱਲ ਚੱਲਦੀਆਂ ਹਨ।

(ਏ) ਭਾਰਤ ਵਿੱਚ ਲਗਭਗ 90 ਪ੍ਰਤੀਸ਼ਤ ਵਰਖਾ ਮੌਨਸੂਨ ਪੌਣਾਂ ਦੇ ਕਾਰਨ ਹੁੰਦੀ ਹੈ।

(ਸ) ਕਰਕ ਰੇਖਾ ਭਾਰਤ ਦੇ ਮੱਧ ਵਿੱਚੋਂ ਲੰਘਦੀ ਹੈ।

ਸੰਖੇਪ ਸਾਰ (Summary)

- ਜਲਵਾਯੂ ਲਗਭਗ 30 ਸਾਲਾਂ ਦੇ ਦੈਨਿਕ ਮੌਸਮ ਦੀ ਔਸਤ ਦਾ ਸਿੱਟਾ ਹੁੰਦੀ ਹੈ।
- ਸਮੁੰਦਰ ਤਲ ਤੋਂ ਦੂਰੀ, ਉਚਾਈ, ਭੂ-ਮੱਧ ਰੇਖਾ ਤੋਂ ਦੂਰੀ ਤੇ ਪੌਣਾਂ ਆਦਿ ਜਲਵਾਯੂ 'ਤੇ ਅਸਰਪਾਊ ਹਨ।
- ਹਵਾ ਵਿਚਲੀ ਨਮੀ ਦਾ ਸੰਘਣਨ ਹੀ ਬੱਦਲ ਤੇ ਵਰਖਣ ਬਣਦਾ ਹੈ।
- ਵਰਖਾ ਮੁੱਖ ਤੌਰ 'ਤੇ ਤਿੰਨ ਪ੍ਰਕਾਰ ਦੀ ਹੈ, ਸੰਵਹਿਣ, ਪਰਬਤੀ ਤੇ ਚੱਕਰਵਾਤੀ।
- ਮੌਨਸੂਨ ਤੋਂ ਭਾਵ ਮੌਸਮੀ ਪੌਣਾਂ ਹੈ ਜੋ ਮੌਸਮ ਬਦਲਣ 'ਤੇ ਦਿਸ਼ਾ ਬਦਲ ਲੈਂਦੀਆਂ ਹਨ।
- ਮੌਨਸੂਨ ਦਾ ਸਮਾਂ ਤੇ ਮਾਤਰਾ ਪੂਰੀ ਤਰ੍ਹਾਂ ਨਿਸਚਤ ਨਹੀਂ ਹੈ।
- ਭਾਰਤ ਵਿੱਚ ਗਰਮੀਆਂ ਦੀ ਵਰਖਾ ਮੌਨਸੂਨੀ ਹੁੰਦੀ ਹੈ।
- ਪੰਜਾਬ ਵਿੱਚ ਗਰਮੀਆਂ ਦੇ ਸ਼ੁਰੂ ਵਿੱਚ ਸੰਵਹਿਣ ਵਰਖਾ ਦਾ ਰੂਪ ਮਿਲਦਾ ਹੈ ਤੇ ਸਰਦੀਆਂ ਵਿੱਚ ਚੱਕਰਵਾਤੀ ਵਰਖਾ ਦਾ।
- ਨਕਸ਼ੇ ਉੱਤੇ ਸਮਾਨ ਤਾਪਮਾਨ ਦੇ ਸਮਾਨ ਵਰਖਾ ਖੇਤਰਾਂ ਨੂੰ ਮਿਲਾਉਣ ਵਾਲੀਆਂ ਰੇਖਾਵਾਂ ਨੂੰ ਕ੍ਰਮਵਾਰ Isotherms, Isohyets ਕਿਹਾ ਜਾਂਦਾ ਹੈ।
- ਨਮੀ, ਤਾਪਮਾਨ, ਵਾਯੂ ਦਾਬ, ਦਿਸ਼ਾ, ਵੇਗ ਤੇ ਵਰਖਾ ਆਦਿ ਯੰਤਰਾਂ ਨਾਲ ਨਾਪੇ ਜਾ ਸਕਦੇ ਹਨ।
- ਕਈ ਕੁਦਰਤੀ ਆਫ਼ਤਾਂ ਦਾ ਮੁੱਢਲਾ ਕਾਰਨ ਮਨੁੱਖੀ ਲਾਪ੍ਰਵਾਹੀ ਵੀ ਹੋ ਸਕਦਾ ਹੁੰਦਾ ਹੈ।
- ਕੁਦਰਤੀ ਦੇਣਾਂ ਦੀ ਕਦਰ ਕਰਨ ਨਾਲ ਹੀ ਕੁਦਰਤੀ ਆਫ਼ਤਾਂ ਤੋਂ ਬਚਾਅ ਹੋ ਸਕਦਾ ਹੈ।



ੳ ਨਕਸ਼ਾ ਕਾਰਜ (Map Work)

1. ਭਾਰਤ ਦੇ ਰੇਖਾ ਚਿੱਤਰ ਵਿੱਚ ਅੰਕਿਤ ਕਰੋ :
 (*i*) ਗਰਮੀਆਂ ਦੀਆਂ ਮੌਨਸੂਨ ਦੀ ਪੌਣਾ ਦੀ ਦਿਸ਼ਾ।
 (*ii*) ਸਰਦੀਆਂ ਦੀਆਂ ਮੌਨਸੂਨ ਪੌਣਾਂ ਦੀ ਦਿਸ਼ਾ।
 (*iii*) 200 ਸੈ.ਮੀ. ਜਾਂ ਇਸ ਤੋਂ ਵੱਧ ਵਰਖਾ ਵਾਲੇ ਕੋਈ ਦੋ ਇਲਾਕੇ।
 (*iv*) 100 ਸੈ.ਮੀ. ਤੋਂ 200 ਸੈ.ਮੀ. ਵਰਖਾ ਵਾਲੇ ਕੋਈ ਦੋ ਇਲਾਕੇ।
 (*v*) 50 ਸੈ.ਮੀ. ਤੋਂ 100 ਸੈ.ਮੀ. ਵਰਖਾ ਵਾਲੇ ਕੋਈ ਦੋ ਇਲਾਕੇ।

2. ਜਮਾਤੀ ਕਿਰਿਆ (Class Activity)

(*i*) ਮਾਰਚ ਦੀਆਂ ਅਖਬਾਰਾਂ ਰਾਹੀਂ ਪਤਾ ਕਰੋ ਕਿ ਪੰਜਾਬ ਦੇ ਕਿਹੜੇ ਇਲਾਕਿਆਂ ਵਿੱਚ ਸਾਧਾਰਨ ਨਾਲੋਂ ਵੱਧ ਮੀਂਹ ਪਿਆ। ਅਧਿਆਪਕ ਦੀ ਸਹਾਇਤਾ ਨਾਲ ਜ਼ਮੀਨਦੋਜ਼ ਜਲ ਉੱਤੇ ਪੈਂਦੇ ਮੀਂਹ ਦੇ ਅਸਰ ਦੀ ਚਰਚਾ ਜਮਾਤ ਵਿੱਚ ਕਰੋ।

(*ii*) ਅਖਬਾਰ ਦੀ ਸਹਾਇਤਾ ਨਾਲ ਅਗਸਤ ਵਿੱਚ ਮਹੀਨਾ ਭਰ ਸੂਰਜ ਚੜ੍ਹਨ ਤੇ ਡੁੱਬਣ ਦਾ ਸਮਾਂ ਨੋਟ ਕਰੋ ਤੇ ਫਿਰ 'ਸੂਰਜ ਦੀ ਸਥਿਤੀ ਤੇ ਧਰਤੀ' ਵਿਸ਼ੇ 'ਤੇ ਅਧਿਆਪਕ ਨਾਲ ਚਰਚਾ ਕਰੋ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਸਰਦੀਆਂ ਵਿੱਚ ਤਾਮਿਲਨਾਡੂ ਦੇ ਤੱਟ 'ਤੇ ਵਰਖਾ ਵਰਖਾ ਦਾ ਕੀ ਕਾਰਨ ਹੈ, ਚੁਣੋ :

(*i*) ਦੱਖਣ-ਪੱਛਮੀ ਮੌਨਸੂਨ (*ii*) ਉੱਤਰ-ਪੂਰਬੀ ਮੌਨਸੂਨ

(*iii*) ਸਥਾਨਕ ਕਾਰਨ (*iv*) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

2. ਭਾਰਤ ਵਿੱਚ ਅਧਿਕਤਮ ਵਰਖਾ ਵਾਲਾ ਸ਼ਹਿਰ ਇਨ੍ਹਾਂ ਵਿੱਚੋਂ ਕਿਹੜਾ ਹੈ :

(*i*) ਮੁੰਬਈ (*ii*) ਧਰਮਸ਼ਾਲਾ

(*iii*) ਮਾਅਸਿਨਰਮ (*iv*) ਕੋਲਕਾਤਾ

3. ਪੰਜਾਬ ਵਿੱਚ ਸਰਦੀਆਂ ਦੀ ਵਰਖਾ ਦਾ ਕੀ ਕਾਰਨ ਹੈ, ਚੁਣੋ :

(*i*) ਵਪਾਰਕ ਪੌਣਾਂ (*ii*) ਪੱਛਮੀ ਚੱਕਰਵਾਤ ਧਰੁਵੀ ਪੌਣਾਂ

(*iii*) ਪਰਬਤਾਂ ਦੀ ਦਿਸ਼ਾ

4. 'ਸੂਨਾਮੀ' ਕਿਹੜੀ ਭਾਸ਼ਾ ਦਾ ਸ਼ਬਦ ਹੈ, ਚੁਣੋ :

(*i*) ਫਰਾਂਸੀਸੀ (*ii*) ਜਾਪਾਨੀ

(*iii*) ਪੰਜਾਬੀ (*iv*) ਅੰਗਰੇਜ਼ੀ

5. ਨਕਸ਼ੇ ਉੱਤੇ ਸਮਾਨ ਵਰਖਾ ਖੇਤਰਾਂ ਨੂੰ ਜੋੜਨ ਵਾਲੀ ਰੇਖਾ ਨੂੰ ਕੀ ਆਖਦੇ ਹਨ ?

(*i*) ਆਈਸੋਥਰਮ (*ii*) ਆਈਸੋਹਾਇਟ

(*iii*) ਧਰੁਵੀ ਪੌਣਾਂ (*iv*) ਪਰਬਤਾਂ ਦੀ ਦਿਸ਼ਾ

6. 'ਲੂ' ਕੀ ਹੁੰਦੀ ਹੈ ?

7. ਜਲਵਾਯੂ ਵਿਗਿਆਨ ਨੂੰ ਅੰਗਰੇਜ਼ੀ ਵਿੱਚ ਕੀ ਆਖਦੇ ਹਨ ?

8. ਮੌਨਸੂਨ ਦਾ ਕੀ ਅਰਥ ਹੈ ?

9. ਤਾਪਮਾਨ ਤੇ ਵਾਯੂਦਾਬ ਦਾ ਆਪਸੀ ਸੰਬੰਧ ਕਿਹੋ ਜਿਹਾ ਹੁੰਦਾ ਹੈ ?
10. ਭਾਰਤ ਵਿੱਚ ਸਭ ਤੋਂ ਵੱਧ ਦੋ ਘੱਟ ਵਰਖਾ ਵਾਲੇ ਸਥਾਨਾਂ ਦੇ ਨਾਂ ਲਿਖੋ।

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਜਲਵਾਯੂ ਤੇ ਮੌਸਮ ਵਿੱਚ ਕੀ ਅੰਤਰ ਹੈ, ਸਪੱਸ਼ਟ ਕਰੋ।
2. ਕੌਰੀਔਲਿਸ ਸ਼ਕਤੀ ਜਾਂ ਫ਼ੈਰਲ ਦਾ ਨਿਯਮ ਕੀ ਹੈ, ਸਪਸ਼ਟ ਕਰੋ।
3. ਭਾਰਤੀ ਵਰਖਾ ਅਨਿਯਮਤ ਤੇ ਅਨਿਸਚਤ ਹੈ, ਸਪੱਸ਼ਟ ਕਰੋ।
4. ਵਾਯੂ ਵੇਗ ਮਾਪਕ ਤੇ ਵਾਯੂ ਵੇਗ ਸੂਚਕ ਵਿੱਚ ਅੰਤਰ ਸਪੱਸ਼ਟ ਕਰੋ।
5. ਭਾਰਤ ਵਿੱਚ ਸਰਦੀਆਂ ਦੀ ਰੁੱਤੇ ਵਰਖਾ ਸੰਬੰਧੀ ਨੋਟ ਲਿਖੋ।
6. ਪਰਬਤੀ ਵਰਖਾ ਸਿਰਫ਼ ਪਹਾੜੀ ਇਲਾਕੇ ਵਿੱਚ ਹੁੰਦੀ ਹੈ ? ਸਥਿਤੀ ਸਪੱਸ਼ਟ ਕਰੋ।
7. ਹੇਠ ਲਿਖਿਆਂ 'ਤੇ ਨੋਟ ਲਿਖੋ :
 (*i*) ਜੈੱਟ ਸਟਰੀਮ
 (*ii*) ਸਮਤਾਪ ਰੇਖਾਵਾਂ
 (*iii*) ਸੁੱਕੀ-ਗਿਲੀ ਗੋਲੀ ਥਰਮਾਮੀਟਰ
8. 'ਕੁਦਰਤੀ ਆਫਤਾਂ ਸਮੇਂ ਜਾਨੀ-ਮਾਲੀ ਨੁਕਸਾਨ ਹੁੰਦਾ ਹੈ' ਵਿਚ ਜਾਨੀ-ਮਾਲੀ ਕੀ ਹੈ ?

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਕਿਸੇ ਸਥਾਨ ਦੀ ਜਲਵਾਯੂ ਕਿਨ੍ਹਾਂ ਤੱਤਾਂ ਉੱਤੇ ਨਿਰਭਰ ਕਰਦੀ ਹੈ, ਵਿਆਖਿਆ ਕਰੋ।
2. ਵਰਖਾ ਕਿੰਨੇ ਪ੍ਰਕਾਰ ਦੀ ਹੁੰਦੀ ਹੈ, ਵਿਸਥਾਰ ਨਾਲ ਲਿਖੋ।
3. ਮੌਨਸੂਨ ਪੌਣਾਂ ਦੀਆਂ ਅਰਬ ਸਾਗਰ ਸ਼ਾਖ ਤੇ ਬੰਗਾਲ ਦੀ ਖਾੜੀ ਸ਼ਾਖ ਬਾਰੇ ਦੱਸੋ।
4. ਜਲਵਾਯੂ ਦੀ ਜਾਣਕਾਰੀ ਲਈ ਕਿਹੜੇ ਯੰਤਰ ਵਰਤੇ ਜਾਂਦੇ ਹਨ, ਸੰਖੇਪ 'ਚ ਲਿਖੋ।
5. ਕੁਦਰਤੀ ਆਫ਼ਤਾਂ ਦਾ ਆਮ ਜੀਵਨ 'ਤੇ ਕੀ ਬੁਰਾ ਪ੍ਰਭਾਵ ਪੈ ਸਕਦਾ ਹੈ ?

❖ ❖ ❖

5 ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਨ

(Natural Vegetation and Wild Life)

ਧਰਤੀ ਇੱਕ ਅਦਭੁੱਤ ਤੇ ਨਿਵੇਕਲਾ (Strange and unique) ਗ੍ਰਹਿ ਹੈ ਜਿਸ ਦੇ ਉੱਪਰ ਜੀਵਨ ਹੈ। ਧਰਤੀ ਦੇ ਚਾਰ ਖੇਤਰ ਜਾਂ ਮੰਡਲ-ਥਲਮੰਡਲ, ਵਾਯੂਮੰਡਲ, ਜਲਮੰਡਲ ਅਤੇ ਜੀਵਨਮੰਡਲ (Biosphere) ਹਨ। ਜੀਵਮੰਡਲ ਧਰਤੀ ਦਾ ਉਹ ਮੰਡਲ ਹੈ ਜਿਥੇ ਕਈ ਤਰ੍ਹਾਂ ਦੇ ਜੀਵ ਵਸਦੇ ਹਨ। ਇਹ ਇੱਕ ਸੌੜਾ ਪ੍ਰੰਤੂ ਗੁੰਝਲਦਾਰ ਖੰਡ ਹੈ। ਇਸ ਮੰਡਲ ਦੀ ਹੋਂਦ ਉਥੇ ਹੈ ਜਿਥੇ ਬਾਕੀ ਦੇ ਤਿੰਨ ਮੰਡਲ ਆਪਸ ਵਿੱਚ ਮਿਲਦੇ ਹਨ। ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਜਾਂ ਜੀਵਨ ਇਸੇ ਮੰਡਲ ਵਿੱਚ ਮਿਲਦਾ ਹੋਣ ਕਰਕੇ, ਇਹ ਮੰਡਲ ਅਸਲ ਵਿੱਚ ਸਾਡੇ ਲਈ ਬਹੁਤ ਮਹੱਤਵ ਰੱਖਦਾ ਹੈ। ਜੀਵਮੰਡਲ ਦੇ ਜੀਵਾਂ ਦੇ ਅਕਾਰ ਇੱਕ ਛੋਟੇ ਜਿਹੇ ਬੈਕਟੀਰੀਆ ਤੋਂ ਲੈ ਕੇ ਵੱਡੇ ਹਾਥੀ, ਵੇਲ ਮੱਛੀ ਅਤੇ ਬਹੁਤ ਉੱਚੇ ਰੁੱਖਾਂ ਤੱਕ ਹੁੰਦਾ ਹੈ। ਇਹਨਾਂ ਸਾਰੇ ਤਰ੍ਹਾਂ ਦੇ ਜੀਵਾਂ ਨੂੰ ਮੁੱਖ ਤੌਰ ਤੇ ਦੋ ਸ਼੍ਰੇਣੀਆਂ-ਬਨਸਪਤੀ ਜਗਤ ਅਤੇ ਪਾਣੀ ਜਗਤ ਵਿਚ ਸ਼੍ਰੇਣੀ-ਬੱਧ ਕੀਤਾ ਗਿਆ ਹੈ। ਕਿਸੇ ਖੇਤਰ ਜਾਂ ਕਿਸੇ ਸਮੇਂ ਵਿੱਚ ਮੌਜੂਦ ਸਾਰੇ ਪ੍ਰਾਣੀਆਂ ਨੂੰ 'ਫੌਨਾ' (Fauna) ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਕਿਸੇ ਖੇਤਰ ਜਾਂ ਸਮੇਂ ਦੀ ਸਾਰੀ ਬਨਸਪਤੀ ਨੂੰ 'ਫ਼ਲੋਰਾ' (Flora) ਦਾ ਨਾਮ ਦਿੱਤਾ ਜਾਂਦਾ ਹੈ।



ਇੱਕ ਖੇਤਰ ਦੇ ਸਾਰੇ ਪ੍ਰਾਣੀ ਅਤੇ ਪੌਦੇ ਆਪਸ ਵਿੱਚ ਬਹੁਤ ਨੇੜਲੇ ਢੰਗ ਨਾਲ ਜੁੜੇ ਹੁੰਦੇ ਹਨ। ਉਹ ਇੱਕ ਦੂਜੇ ਤੇ ਇੰਨੇ ਨਿਰਭਰ ਹੁੰਦੇ ਹਨ ਕਿ ਉਹਨਾਂ ਦੇ ਇੱਕ ਦੂਜੇ ਤੋਂ ਬਿਨਾ ਰਹਿਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਇੱਕ ਖੇਤਰ ਵਿੱਚ ਇਹ ਪ੍ਰਾਣੀਆਂ ਅਤੇ ਪੌਦਿਆਂ ਦੀਆਂ ਸਾਰੀਆਂ ਇੱਕ ਦੂਜੇ ਤੇ ਨਿਰਭਰ ਜਾਤੀਆਂ, ਇੱਕੋ ਹੀ ਈਕੋਸਿਸਟਮ ਬਣਾਉਂਦੀਆਂ ਹਨ। ਮਨੁੱਖ ਵੀ ਇਸ ਈਕੋਸਿਸਟਮ ਦਾ ਹਿੱਸਾ ਹੁੰਦੇ ਹਨ।

ਕੁਦਰਤੀ ਬਨਸਪਤੀ ਜਾਂ ਜੰਗਲ ਉਹ ਰੁੱਖ ਪੌਦੇ ਹੁੰਦੇ ਹਨ ਜਿਨ੍ਹਾਂ ਉੱਪਰ ਮਨੁੱਖ ਦਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕੋਈ ਪ੍ਰਭਾਵ ਨਹੀਂ ਹੁੰਦਾ। ਇਸ ਤਰ੍ਹਾਂ ਦੀ ਬਨਸਪਤੀ ਕੁਦਰਤੀ ਤੌਰ ਤੇ ਆਪਣੇ ਆਪ ਹੀ ਉਸ ਥਾਂ ਦੇ ਜਲਵਾਯੂ ਅਨੁਸਾਰੀ ਉਗਦੀ ਹੈ ਅਤੇ ਪ੍ਰਾਣੀਆਂ ਦੇ ਜੀਵਨ ਵਿੱਚ ਸਹਾਈ ਹੁੰਦੀ ਹੈ।

ਕੀ ਤੁਸੀਂ ਜਾਣਦੇ ਹੋ ?

ਭਾਰਤੀ ਜੰਗਲ ਸਰਵੇਖਣ ਵਿਭਾਗ (Forest Survey of India)


ਸਾਧਨਾਂ ਦਾ ਅਨੁਮਾਨ ਲਗਾਉਣ ਵਾਲਾ ਇੱਕ ਪ੍ਰਮੁੱਖ ਕੌਮੀ ਅਦਾਰਾ ਹੈ ਜਿਸ ਦਾ ਹੈੱਡਕੁਆਰਟਰ ਦੇਹਰਾਦੂਨ ਅਤੇ ਚਾਰ ਖੇਤਰੀ ਦਫ਼ਤਰ ਸ਼ਿਮਲਾ, ਕੋਲਕਾਤਾ, ਨਾਗਪੁਰ ਅਤੇ ਬੇਂਗਲੁਰੂ ਵਿੱਚ ਹਨ। ਇਸ ਅਦਾਰੇ ਦੇ ਮੁੱਖ ਕੰਮ-ਜੰਗਲਾਂ ਦੇ ਨਕਸ਼ੇ ਬਨਾਉਣਾ, ਡਾਟਾ ਪ੍ਰੋਸੈਸਿੰਗ ਅਤੇ ਟਰੇਨਿੰਗ ਆਦਿ ਹਨ।



ਭਾਰਤ ਦੇ ਜੰਗਲ ਸਰਵੇਖਣ ਵਿਭਾਗ ਦਾ ਦਫਤਰ ਦੇਹਰਾਦੂਨ

ਸੰਸਾਰ ਦੇ ਸਾਰੇ ਖੇਤਰਾਂ ਵਿੱਚ ਕੁਦਰਤੀ ਬਨਸਪਤੀ ਇੱਕੋ ਕਿਸਮ ਦੀ ਨਹੀਂ ਹੈ ਸਗੋਂ ਇਹ ਅਲੱਗ-ਅਲੱਗ ਖੇਤਰਾਂ ਵਿੱਚ ਭਿੰਨ-ਭਿੰਨ ਹੈ। ਕੁਦਰਤੀ ਬਨਸਪਤੀ ਦੇ ਸਬੰਧ ਵਿੱਚ ਵੱਡੇ ਪੱਧਰ ਤੇ ਵਖਰੇਵਾਂ ਮਿਲਦਾ ਹੈ। ਉਦਾਹਰਣ ਦੇ ਤੌਰ 'ਤੇ ਮਾਰੂਥਲ ਖੰਡ ਦੀ ਕੁਦਰਤੀ ਬਨਸਪਤੀ, ਊਸ਼ਣ ਖੰਡ ਦੀ ਕੁਦਰਤੀ ਬਨਸਪਤੀ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਹੈ। ਕੁਦਰਤੀ ਬਨਸਪਤੀ ਵਿੱਚ ਖੇਤਰੀ ਭਿੰਨਤਾਵਾਂ ਲਈ ਜ਼ਿੰਮੇਵਾਰ ਭੂਗੋਲਿਕ ਤੱਤ ਹੇਠਾਂ ਦਿੱਤੇ ਗਏ ਹਨ।

1. ਭੂਮੀ (Land)
2. ਮਿੱਟੀ (Soil)
3. ਤਾਪਮਾਨ (Temperature)
4. ਸੂਰਜ ਦੀ ਰੋਸ਼ਨੀ ਦੀ ਮਿਆਦ (Duration of Sunlight)
5. ਵਰਖਾ (Rainfall)



1. ਭੂਮੀ ਜਾਂ ਧਰਾਤਲ (Land or Relief)—ਭੂਮੀ ਜਾਂ ਧਰਾਤਲ ਦਾ ਕੁਦਰਤੀ ਬਨਸਪਤੀ ਦੀ ਕਿਸਮ ਉਤੇ ਬਹੁਤ ਡੂੰਘਾ ਪ੍ਰਭਾਵ ਹੁੰਦਾ ਹੈ। ਸਮੁੰਦਰੀ ਤਲ ਤੋਂ ਉੱਚਾਈ ਦੇ ਵਧਣ ਨਾਲ ਜਾਂ ਭੂਮੀ ਦੀ ਕਿਸਮ ਦੇ ਬਦਲਾਅ ਨਾਲ ਬਨਸਪਤੀ ਦੀ ਕਿਸਮ ਵਿੱਚ ਵੀ ਤਬਦੀਲੀ ਆ ਜਾਂਦੀ ਹੈ। ਮੈਦਾਨਾਂ ਵਿੱਚ ਘਾਹ ਜਾਂ ਪੱਤਝੜੀ ਰੁੱਖਾਂ ਤੋਂ ਲੈ ਕੇ ਉੱਚੇ ਪਹਾੜਾਂ ਵਿੱਚ ਚੀਲ ਜਾਂ ਸਪਰੂਸ ਦੇ ਰੁੱਖ ਉਗਦੇ ਹਨ।

2. ਮਿੱਟੀ (Soil)—ਮਿੱਟੀ ਇੱਕ ਅਜਿਹਾ ਮਾਧਿਅਮ ਹੈ ਜਿਸ ਵਿੱਚ ਬਨਸਪਤੀ ਉਗਦੀ ਹੈ। ਮਿੱਟੀ ਦੀ ਕਿਸਮ ਲਗਭਗ ਅੰਤਲੀ ਹੱਦ ਤੱਕ ਬਨਸਪਤੀ ਦੀ ਕਿਸਮ ਨੂੰ ਪ੍ਰਭਾਵਤ ਕਰਦੀ ਹੈ। ਉਦਾਹਰਣ ਦੇ ਤੌਰ 'ਤੇ ਖੁਸ਼ਕ ਅਤੇ ਰੇਤਲੀ ਕਿਸਮ ਦੀ ਮਿੱਟੀ ਵਿੱਚ ਬੋਹਰ ਅਤੇ ਕੰਡੇਦਾਰ ਝਾੜੀਆਂ ਆਦਿ ਹੀ ਪੈਦਾ ਹੁੰਦੀਆਂ ਹਨ ਜਦੋਂ ਕਿ ਡੂੰਘੀਆਂ ਅਤੇ ਚੰਗੀ ਤਰ੍ਹਾਂ ਵਿਕਸਤ ਮਿੱਟੀ ਵਿੱਚ, ਵਧੀਆ ਕਿਸਮ ਦੀ ਭਾਵ ਵਖਰੇਵਿਆਂ ਭਰੀ ਬਨਸਪਤੀ ਉੱਗਦੀ ਹੈ। ਡੈਲਟਾਈ ਕਿਸਮ ਦੀ ਅੱਛੀ ਮਿੱਟੀ ਵਿੱਚ ਬਹੁਤ ਸੰਘਣੀ ਕਿਸਮ ਦੀ ਬਨਸਪਤੀ ਪੈਦਾ ਹੁੰਦੀ ਹੈ। ਜਿਹਨਾਂ ਮਿੱਟੀਆਂ ਵਿੱਚ ਜੈਵਿਕ ਮਾਤਰਾ ਜ਼ਿਆਦਾ ਹੁੰਦੀ ਹੈ ਉਹਨਾਂ ਵਿੱਚ ਕੀਮਤੀ ਕਿਸਮ ਦੀ ਬਨਸਪਤੀ ਪਲਦੀ ਹੈ।

3. ਤਾਪਮਾਨ (Temperature)—ਕਿਸੇ ਇਲਾਕੇ ਦਾ ਤਾਪਮਾਨ ਵੀ ਕੁਦਰਤੀ ਬਨਸਪਤੀ ਦੇ ਵਾਧੇ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਬਹੁਤ ਉੱਚੇ ਅਤੇ ਬਹੁਤ ਨੀਵੇਂ ਤਾਪਮਾਨ ਪੌਦਿਆਂ ਦੇ ਵਿਕਾਸ ਵਿੱਚ ਨਾਂਹ-ਪੱਖੀ ਰੋਲ ਅਦਾ ਕਰਦੇ ਹਨ।

4. ਸੂਰਜ ਦੀ ਰੋਸ਼ਨੀ ਦੀ ਮਿਆਦ (Duration of Sunlight)—ਧੁੱਪ ਦੀ ਮਿਆਦ ਕਿਸੇ ਪੌਦੇ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਰੋਲ ਨਿਭਾਉਂਦੀ ਹੈ ਕਿਉਂਕਿ ਪੌਦੇ ਸੂਰਜ ਦੀ ਰੋਸ਼ਨੀ ਵਿੱਚ ਆਪਣਾ ਭੋਜਨ ਤਿਆਰ ਕਦੇ ਹਨ। ਇਸ ਵਿਧੀ ਨੂੰ ਪ੍ਰਕਾਸ਼ ਸੰਸਲੇਸ਼ਣ (Photosynthesis) ਕਿਹਾ ਜਾਂਦਾ ਹੈ। ਇਸ ਲਈ ਸੂਰਜ ਦੀ ਰੋਸ਼ਨੀ ਜਿੰਨੇ ਲੰਬੇ ਸਮੇਂ ਲਈ ਉਪਲਬਧ ਹੋਵੇਗੀ, ਬਨਸਪਤੀ ਦਾ ਵਿਕਾਸ ਉਨ੍ਹਾਂ ਹੀ ਤੇਜ਼ ਹੋਵੇਗਾ। ਪਰਬਤੀ ਢਲਾਣਾਂ, ਜਿਨ੍ਹਾਂ ਉੱਤੇ ਧੁੱਪ ਪੈਂਦੀ ਹੈ, ਉਥੇ ਸੰਘਣੀ ਬਨਸਪਤੀ ਹੁੰਦੀ ਹੈ ਜਦੋਂ ਕਿ ਧੁੱਪ ਤੋਂ ਵਾਂਝੀਆਂ ਢਲਾਣਾਂ ਜਾਂ ਤਾਂ ਬਨਸਪਤੀ ਤੋਂ ਸੱਖਣੀਆਂ ਹੋਣਗੀਆਂ ਜਾਂ ਬਨਸਪਤੀ ਬਹੁਤ ਹੀ ਘੱਟ ਹੋਵੇਗੀ।

ਕੁਝ ਕਰਨ ਵਾਸਤੇ

ਆਪਣੀ ਪਸੰਦ ਦਾ ਇੱਕ ਪੌਦਾ ਲਗਾਓ ਅਤੇ ਇਸ ਨੂੰ ਸਮੇਂ-ਸਮੇਂ ਤੇ ਪਾਣੀ ਦਿੰਦੇ ਰਹੋ। ਇਸ ਵਿੱਚ ਕੁਝ ਖਾਦ ਵੀ ਪਾਓ ਤੇ ਇਸ ਦੇ ਵਾਧੇ ਨੂੰ ਨੋਟ ਕਰੋ।

5. ਵਰਖਾ (Rainfall)—ਪੌਦੇ ਦੇ ਵਿਕਾਸ ਲਈ, ਪਾਣੀ ਇੱਕ ਬਹੁਤ ਹੀ ਜ਼ਰੂਰੀ ਤੱਤ ਹੈ। ਇਸ ਲਈ ਜ਼ਿਆਦਾ ਵਰਖਾ ਵਾਲੇ ਖੇਤਰਾਂ ਵਿੱਚ ਬੜੀ ਸੰਘਣੀ ਕਿਸਮ ਦੀ ਕੁਦਰਤੀ ਬਨਸਪਤੀ ਹੁੰਦੀ ਹੈ ਜਦੋਂ ਕਿ ਘੱਟ ਵਰਖਾ ਵਾਲੇ ਮਾਰੂਥਲੀ ਖੇਤਰਾਂ ਵਿੱਚ ਕੁਦਰਤੀ ਬਨਸਪਤੀ ਦਾ ਵਿਕਾਸ ਬਹੁਤ ਘੱਟ ਹੁੰਦਾ ਹੈ। ਭੂ-ਮੱਧ ਖੰਡ ਜਿਥੇ ਵਰਖਾ ਅਤੇ ਤਾਪਮਾਨ ਸਾਰਾ ਸਾਲ ਹੀ ਉੱਚੇ ਰਹਿੰਦੇ ਹਨ, ਬਹੁਤ ਹੀ ਸੰਘਣੀ ਕਿਸਮ ਦੀ ਕੁਦਰਤੀ ਬਨਸਪਤੀ ਦਾ ਵਿਕਾਸ ਹੁੰਦਾ ਹੈ।

ਭਾਰਤ ਦੀ ਕੁਦਰਤੀ ਬਨਸਪਤੀ ਜਾਂ ਜੰਗਲਾਂ ਦੀਆਂ ਕਿਸਮਾਂ (Types of Natural Vegetation) :

ਭਾਰਤ ਦੀ ਕੁਦਰਤੀ ਬਨਸਪਤੀ ਜਾਂ ਜੰਗਲਾਂ ਨੂੰ ਮੁੱਖ ਤੌਰ ਤੇ ਅਸੀਂ ਹੇਠ ਲਿਖੀਆਂ ਪੰਜ ਸ਼੍ਰੇਣੀਆਂ ਵਿੱਚ ਵੰਡਦੇ ਹਾਂ—

1. ਊਸ਼ਣ ਸਦਾ ਬਹਾਰ ਜੰਗਲ (Tropical Evergreen Forests)
2. ਊਸ਼ਣ ਪੱਤਝੜੀ ਜਾਂ ਮੌਨਸੂਨੀ ਜੰਗਲ (Tropical Deciduous or Monsoon Forests)
3. ਝਾੜੀਆਂ ਅਤੇ ਕੰਡੇਦਾਰ ਜੰਗਲ (The Scrubs and Thorny Forests)
4. ਜਵਾਰੀ ਜਾਂ ਮੈਂਗਰੂਵ ਜੰਗਲ (Tidal of Mangrove Forests)
5. ਪਰਬਤੀ ਜੰਗਲ (Mountainous Forests)



1. ਊਸ਼ਣ ਸਦਾ ਬਹਾਰ ਜੰਗਲ (Tropical Evergreen Forests)—ਇਹ ਉਹ ਜੰਗਲ ਹਨ ਜਿਨ੍ਹਾਂ ਦੇ ਰੁੱਖਾਂ ਦੇ ਸਾਰੇ ਪੱਤੇ ਇਕੱਠੇ ਨਹੀਂ ਝੜਦੇ ਜਿਸ ਕਾਰਨ ਅਜਿਹੀ ਬਨਸਪਤੀ ਦੇ ਰੁੱਖ ਸਾਰਾ ਸਾਲ ਹਰੇ ਹੀ ਨਜ਼ਰ ਆਉਂਦੇ ਹਨ। ਇਹੀ ਕਾਰਨ ਹੈ ਕਿ ਉਹਨਾਂ ਨੂੰ ਸਦਾ ਬਹਾਰ ਜੰਗਲ ਕਿਹਾ ਜਾਂਦਾ ਹੈ ਅਜਿਹੇ ਰੁੱਖ ਊਸ਼ਣ ਖੰਡ ਵਿੱਚ ਮਿਲਦੇ ਹਨ, ਸੰਘਣੀ ਜੰਗਲਾਂ ਦੇ ਰੂਪ ਵਿੱਚ ਹੁੰਦੇ ਹਨ ਤੇ ਗਰਮ ਅਤੇ ਤਰ ਭਾਗਾਂ ਵਿੱਚ ਮਿਲਦੇ ਹਨ ਜਿਥੇ

ਸਲਾਨਾ ਵਰਖਾ 200 ਤੋਂ 300 ਸੈਂਟੀਮੀਟਰ ਜਾਂ ਇਸ ਤੋਂ ਜ਼ਿਆਦਾ ਹੁੰਦੀ ਹੈ। ਇਸ ਕਿਸਮ ਦੇ ਜੰਗਲਾਂ ਨੂੰ 'ਵਰਖਾ ਜੰਗਲ' ਵੀ ਕਿਹਾ ਜਾਂਦਾ ਹੈ। ਇਹਨਾਂ ਜੰਗਲਾਂ ਦੇ ਦਰੱਖਤ 60 ਮੀਟਰ ਤੱਕ ਜਾਂ ਇਸ ਤੋਂ ਵੀ ਜ਼ਿਆਦਾ ਉੱਚੇ ਜਾ ਸਕਦੇ ਹਨ। ਪੰਛੀ ਝਾਤ ਤੋਂ ਇਹ ਜੰਗਲ ਇੱਕ ਛੱਤਰ (Canopy) ਦੀ ਤਰ੍ਹਾਂ ਲੱਗਦੇ ਹਨ। ਇਹਨਾਂ ਦਰੱਖਤਾਂ ਦੇ ਹੇਠਾਂ ਪੈਦਾ ਹੋਏ ਛੋਟੇ-ਛੋਟੇ ਪੌਦੇ (Ferns) ਬੈਂਤ ਦੇ ਪੌਦੇ, ਬਾਂਸ ਦੇ ਰੁੱਖ, ਚੜ੍ਹਨ ਵਾਲੀਆਂ ਵੇਲਾਂ ਅਤੇ ਕਈ ਹੋਰ ਕਿਸਮ ਦੇ ਪੌਦੇ ਬੜੇ ਤਾਕਤਵਰ ਤੇ ਆਪਸ ਵਿੱਚ ਉਲਝੇ ਉਗਦੇ ਹਨ ਜਿਹੜੇ ਕਿ ਜੰਗਲਾਂ ਨੂੰ 'ਹਨੇਰੇ ਵਾਲੇ' ਅਤੇ ਮੁਸ਼ਕਲ ਨਾਲ ਪਹੁੰਚਣ ਵਾਲੇ ਭਾਵ ਅੜਿੱਕਿਆਂ ਭਰੇ ਬਣਾ ਦਿੰਦੇ ਹਨ। ਇਹਨਾਂ ਵਿੱਚ ਉੱਗਣ ਵਾਲੇ ਦਰੱਖਤਾਂ ਵਿੱਚ ਮਹੋਗਨੀ, ਐਬਨੀ, ਰੋਜ਼ਵੁੱਡ, ਟਾਹਲੀ, ਬਾਂਸ, ਰਬੜ, ਸਿਨਕੋਨਾ ਅਤੇ ਮੈਗਨੋਲੀਆ ਆਦਿ ਸ਼ਾਮਲ ਹਨ। ਸਿਕੋਨਾ ਰੁੱਖ ਦੀ ਛਿੱਲ ਕੁਨੀਨ ਦੀ ਦਵਾਈ ਬਨਾਉਣ ਲਈ ਵਰਤੀ ਜਾਂਦੀ ਹੈ ਜਿਸ ਦਾ ਇਸਤੇਮਾਲ ਮਲੇਰੀਆ ਬੁਖਾਰ ਨੂੰ ਠੀਕ ਕਰਨ ਲਈ ਕੀਤਾ ਜਾਂਦਾ ਹੈ। ਇਹਨਾਂ ਜੰਗਲਾਂ ਦੀ ਲੱਕੜ ਵੱਖ-ਵੱਖ ਤਰ੍ਹਾਂ ਦੇ ਮਕਸਦ ਵਾਸਤੇ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ ਪਰੰਤੂ ਇਹਨਾਂ ਰੁੱਖਾਂ ਦੀ ਕਟਾਈ ਅਤੇ ਢੁਆਈ ਇਸ ਮੁਸ਼ਕਲ ਅਤੇ ਘਾਟੇਵੰਦ ਸੌਦਾ ਬਣਾ ਦਿੰਦੀ ਹੈ।


ਇਸ ਕਿਸਮ ਦੇ ਜੰਗਲ ਪੱਛਮੀ ਘਾਟ ਦੀਆਂ ਪੱਛਮੀ ਢਲਾਣਾਂ, ਤਾਮਿਲਨਾਡੂ ਤੱਟ, ਉੱਤਰ-ਪੂਰਬੀ ਭਾਰਤ ਦੀਆਂ ਪਹਾੜੀਆਂ, ਉੜੀਸਾ ਅਤੇ ਪੱਛਮੀ ਬੰਗਾਲ ਦੇ ਕੁੱਝ ਹਿੱਸਿਆਂ, ਲਕਸ਼ਦੀਪ ਅਤੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿੱਚ ਮਿਲਦੇ ਹਨ। ਇਹ ਸੰਘਣੇ ਜੰਗਲ ਜਾਨਵਰਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਲਈ 'ਘਰ' ਦਾ ਕੰਮ ਕਰਦੇ ਹਨ। ਬਾਂਦਰ, ਲੰਗੂਰ, ਹਿਰਲ, ਗੈਂਡਾ ਆਦਿ ਜਾਨਵਰ ਇਹਨਾਂ ਜੰਗਲਾਂ ਵਿੱਚ ਆਮ ਮਿਲਦੇ ਹਨ।

2. ਊਸ਼ਣ ਪੱਤਝੜੀ ਜਾਂ ਮੌਨਸੂਨੀ ਜੰਗਲ (Tropical Deciduous or Monsoon Forests)—ਇਸ ਕਿਸਮ ਦੇ ਜੰਗਲ 70 ਤੋਂ 200 ਸੈਂਟੀਮੀਟਰ ਵਰਖਾ ਪ੍ਰਾਪਤ ਕਰਨ ਵਾਲੇ ਖੇਤਰਾਂ ਵਿੱਚ ਉੱਗਦੇ ਹਨ। ਇਹਨਾਂ ਜੰਗਲਾਂ ਦੇ ਰੁੱਖ, ਮੌਸਮ ਦੇ ਹਿਸਾਬ ਨਾਲ ਪੱਤੇ ਝਾੜ ਦਿੰਦੇ ਹਨ। ਇਹ ਜੰਗਲ ਸਦਾਬਹਾਰ ਜੰਗਲ ਜਿੰਨੇ ਹਰੇ ਅਤੇ ਸੰਘਣੇ ਤਾਂ ਨਹੀਂ ਹੁੰਦੇ ਪਰੰਤੂ ਫਿਰ ਵੀ ਕਾਫੀ ਸੰਘਣੇ ਹੁੰਦੇ ਹਨ। ਇਹ ਜੰਗਲ ਉਹਨਾਂ ਖੇਤਰਾਂ ਦੀ ਪੈਦਾਵਾਰ ਹਨ ਜਿਥੇ ਮੌਨਸੂਨ ਤੋਂ ਬਾਅਦ ਖੁਸ਼ਕ ਮੌਸਮ ਆਉਂਦਾ ਹੈ। ਇਹ ਦਰੱਖਤ ਖੁਸ਼ਕ ਮੌਸਮ ਵਿੱਚ ਕੁਦਰਤੀ ਤੌਰ 'ਤੇ ਆਪਣੇ ਪੱਤੇ ਇਸ ਲਈ ਝਾੜ ਦਿੰਦੇ ਹਨ ਤਾਂ ਕਿ ਜ਼ਿਆਦਾ ਵਾਸ਼ਪੀਕਰਣ ਤੋਂ ਬਚਿਆ ਜਾ ਸਕੇ।

ਵਰਖਾ ਦੀ ਮਾਤਰਾ ਦੇ ਆਧਾਰ 'ਤੇ ਇਹਨਾਂ ਜੰਗਲਾਂ ਨੂੰ ਅੱਗੇ ਹੋਰ ਦੋ ਕਿਸਮਾਂ—ਤਰ ਅਤੇ ਖੁਸ਼ਕ ਪੱਤਝੜੀ ਜੰਗਲਾਂ ਵਿੱਚ ਵੰਡਿਆ ਗਿਆ ਹੈ। ਤਰ ਪੱਤਝੜੀ ਜੰਗਲ 100 ਤੋਂ 200 ਸੈਂਟੀਮੀਟਰ ਵਰਖਾ ਵਾਲੇ ਖੇਤਰਾਂ ਵਿੱਚ ਹੁੰਦੇ ਹਨ ਅਤੇ ਆਮ ਤੌਰ 'ਤੇ ਉੱਤਰ ਪੂਰਬੀ ਰਾਜਾਂ, ਪੱਛਮੀ ਘਾਟ, ਸ਼ਿਵਾਲਿਕ ਪਹਾੜੀਆਂ ਦੇ ਪੂਰਬੀ ਪਾਸੇ ਓਡੀਸ਼ਾ ਅਤੇ ਛਤੀਸਗੜ੍ਹ ਦੇ ਭਾਗਾਂ ਵਿੱਚ ਮਿਲਦੇ ਹਨ। ਇਹਨਾਂ ਜੰਗਲਾਂ ਵਿੱਚ ਆਮ ਤੌਰ 'ਤੇ ਪਾਏ ਜਾਣ ਵਾਲੇ ਰੁੱਖਾਂ ਵਿੱਚ ਟੀਕ, ਸਾਲ, ਸੰਦਲਵੁਡ, ਦਿਓਦਾਰ, ਟਾਹਲੀ, ਖੈਰ ਆਦਿ ਸ਼ਾਮਲ ਹਨ, ਜਿਹਨਾਂ ਦਾ ਵਧੀਆ ਵਪਾਰਕ ਮੁੱਲ ਪੈਂਦਾ ਹੈ। ਦੂਜੇ ਪਾਸੇ ਖੁਸ਼ਕ ਪੱਤਝੜੀ ਜੰਗਲ ਉਹਨਾਂ ਖੇਤਰਾਂ ਵਿੱਚ ਪਾਏ ਜਾਂਦੇ ਜਿਥੇ ਵਰਖਾ 70 ਤੋਂ 100 ਸੈਂਟੀਮੀਟਰ ਦੇ ਵਿਚਾਲੇ ਹੁੰਦੀ ਹੈ ਅਤੇ ਆਮ ਕਰਕੇ ਦੱਖਣੀ ਪਠਾਰ ਅਤੇ ਉੱਤਰੀ ਮੈਦਾਨਾਂ ਦੇ ਕੁਝ ਭਾਗਾਂ ਵਿੱਚ ਮਿਲਦੇ ਹਨ। ਪਿੱਪਲ, ਨਿੰਮ, ਟੀਕ, ਸਾਲ, ਸਫੈਦਾ ਆਦਿ ਦੇ ਦਰੱਖਤ ਇਹਨਾਂ ਜੰਗਲਾਂ ਵਿੱਚ ਉੱਗਦੇ ਹਨ। ਸ਼ੇਰ, ਚੀਤਾ, ਹਾਥੀ, ਹਿਰਨ ਆਦਿ ਜਾਨਵਰੀ ਇਹਨਾਂ ਇਲਾਕਿਆਂ ਦੇ ਜੰਗਲਾਂ ਵਿੱਚ ਮਿਲਦੇ ਹਨ।

ਕੀ ਤੁਸੀਂ ਜਾਣਦੇ ਹੋ ?

ਸਟੇਟ ਆਫ਼ ਫੌਰੈਸਟ ਰਿਪੋਰਟ 2017 ਦੇ ਅਨੁਸਾਰ 7,08,273 ਕਿਲੋਮੀਟਰ ਜੰਗਲਾਂ ਅਧੀਨ ਹੈ। ਅਸਲ ਵਿੱਚ ਭਾਰਤ 21.53% ਪ੍ਰਤੀਸ਼ਤ ਹਿੱਸਾ ਹੀ ਜੰਗਲਾਂ ਹੇਠ ਹੈ।



3. ਝਾੜੀਆਂ ਅਤੇ ਕੰਡੇਦਾਰ ਜੰਗਲ (The Scrubs and Thorny Forests)—ਇਸ ਕਿਸਮ ਦੇ ਜੰਗਲ ਉਹਨਾਂ ਖੇਤਰਾਂ ਵਿੱਚ ਪਾਏ ਮਿਲਦੇ ਹਨ, ਜਿਥੇ ਸਲਾਨਾ ਵਰਖਾ 70 ਸੈਂਟੀਮੀਟਰ ਜਾਂ ਇਸ ਤੋਂ ਵੀ ਘੱਟ ਹੁੰਦੀ ਹੈ। ਅਜਿਹੇ ਇਲਾਕੇ ਵਿੱਚ ਉੱਗਣ ਵਾਲੇ ਰੁੱਖ ਅਕਾਰ ਵਿੱਚ ਛੋਟੇ ਅਤੇ ਦੂਰ-ਦੂਰ ਉੱਗਦੇ ਹਨ। ਮਿੱਟੀ ਵਿੱਚੋਂ ਪਾਣੀ ਪ੍ਰਾਪਤ ਕਰਨ ਲਈ ਇਹਨਾਂ ਰੁੱਖਾਂ ਦੀਆਂ ਜੜ੍ਹਾਂ ਕਾਫੀ ਡੂੰਘੀਆਂ ਹੁੰਦੀਆਂ ਹਨ ਤੇ ਪੱਤੇ ਛੋਟੇ ਅਤੇ ਕੰਡਿਆਲੀ ਕਿਸਮ ਦੇ ਹੁੰਦੇ ਹਨ ਜਿਸ ਨਾਲ ਇਹਨਾਂ ਤੋਂ ਵਾਸ਼ਪੀਕਰਨ ਘੱਟ ਹੁੰਦਾ ਹੈ। ਇਹਨਾਂ ਪੌਦਿਆਂ ਦੇ ਤਣਿਆਂ ਵਿੱਚ ਪਾਣੀ ਜਮ੍ਹਾਂ ਰਹਿੰਦਾ ਹੈ। ਕਿੱਕਰ, ਖਜੂਰ, ਖੈਰ, ਥੋਹਰ ਅਤੇ ਹੋਰ ਕੰਡੇਦਾਰ ਪੌਦੇ ਆਦਿ ਇਥੇ ਉੱਗਦੇ ਹਨ।

ਇਸ ਕਿਸਮ ਦੇ ਜੰਗਲ ਰਾਜਸਥਾਨ, ਪੰਜਾਬ, ਹਰਿਆਣਾ, ਗੁਜਰਾਤ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਭਾਗਾਂ ਵਿੱਚ ਮਿਲਦੇ ਹਨ। ਆਮ ਕਰਕੇ ਊਠ, ਸ਼ੇਰ, ਬੱਬਰ ਸ਼ੇਰ, ਚੂਹੇ, ਖਰਗੋਸ਼ ਆਦਿ ਜਾਨਵਰ ਅਜਿਹੀ ਕਿਸਮ ਦੇ ਜੰਗਲਾਂ ਵਿੱਚ ਮਿਲ ਜਾਂਦੇ ਹਨ।

4. ਜਵਾਰੀ ਜਾਂ ਮੈਂਗਰੂਵ ਜੰਗਲ (Tidal for Mangrove Forests)—ਇਸ ਕਿਸਮ ਦੇ ਜੰਗਲ ਦਰਿਆਵਾਂ ਦੇ ਡੈਲਟਿਆਂ ਦੇ ਇਲਾਕੇ ਵਿੱਚ ਅਤੇ ਸਮੁੰਦਰੀ ਤੱਟਾਂ ਦੇ ਨਾਲ-ਨਾਲ ਮਿਲਦੇ ਹਨ ਜਿਥੇ ਜਵਾਰ-ਭਾਟਿਆਂ ਦਾ ਪ੍ਰਭਾਵ ਪੈਂਦਾ ਹੈ। ਗੰਗਾ-ਬ੍ਰਹਮਪੁੱਤਰ, ਮਹਾਂਨਦੀ, ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ ਨਦੀਆਂ ਦੇ ਡੈਲਟਿਆਂ ਵਿੱਚ ਇਸ ਕਿਸਮ ਦੇ ਜੰਗਲ ਮਿਲ ਜਾਂਦੇ ਹਨ। ਇਸ ਕਿਸਮ ਦੇ ਜੰਗਲ ਸੰਘਣੇ ਹੁੰਦੇ ਹਨ ਅਤੇ ਤਾਜ਼ੇ ਜਾਂ ਨਮਕੀਨ ਪਾਣੀਆਂ ਵਿੱਚ ਰਹਿ ਸਕਦੇ ਹਨ।

ਗੰਗਾ ਅਤੇ ਬ੍ਰਹਮਪੁੱਤਰ ਦਰਿਆਵਾਂ ਦੇ ਡੈਲਟਾ ਖੇਤਰ ਵਿੱਚ ਮਿਲਣ ਵਾਲੇ ਜੰਗਲਾਂ ਨੂੰ 'ਸੁੰਦਰਬਨ' ਦਾ ਨਾਮ ਦਿੱਤਾ ਗਿਆ ਹੈ ਕਿਉਂਕਿ ਇਹਨਾਂ ਜੰਗਲਾਂ ਵਿੱਚ 'ਸੁੰਦਰੀ' ਕਿਸਮ ਦੇ ਰੁੱਖ ਬਹੁਤਾਤ ਵਿੱਚ ਮਿਲਦੇ ਹਨ। ਸੁੰਦਰੀ ਦੇ ਰੁੱਖ ਸਾਡੀ ਵਰਤੋਂ ਵਾਸਤੇ ਹੰਡਣਸਾਰ ਕਿਸਮ ਦੀ ਲੱਕੜੀ ਪ੍ਰਦਾਨ ਕਰਦੇ ਹਨ। ਤਾੜ ਅਤੇ ਨਾਰੀਅਲ, ਇਹਨਾਂ ਜੰਗਲਾਂ ਵਿੱਚ ਮਿਲਣ ਵਾਲੇ ਦੂਜੀ ਕਿਸਮ ਦੇ ਰੁੱਖ ਹਨ। ਰੋਆਇਲ ਬੰਗਾਲ ਟਾਈਗਰ (ਸ਼ੇਰ) ਇਹਨਾਂ ਜੰਗਲਾਂ ਵਿੱਚ ਮਿਲਣ ਵਾਲਾ ਸੰਸਾਰ ਪ੍ਰਸਿੱਧ ਜਾਨਵਰ ਹੈ।

5. ਪਰਬਤੀ ਜੰਗਲ (Mountanous Forests)—ਸਮੁੰਦਰੀ ਤਲ ਤੋਂ ਉਚਾਈ ਦੇ ਵੱਧਣ ਨਾਲ ਅਤੇ ਤਾਪਮਾਨ ਵਿੱਚ ਗਿਰਾਵਟ ਆਉਣ ਨਾਲ ਪਰਬਤੀ ਭਾਗਾਂ ਵਿੱਚ ਬਨਸਪਤੀ ਦੀ ਕਿਸਮ ਵੀ ਬਦਲ ਜਾਂਦੀ ਹੈ। ਕੁਦਰਤੀ ਬਨਸਪਤੀ ਵਿੱਚ ਊਸ਼ਣ ਪੱਤਝੜੀ ਤੋਂ ਅਲਪਾਈਨ ਕਿਸਮ ਤੱਕ ਦਾ ਬਦਲਾਓ ਆ ਜਾਂਦਾ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਊਸ਼ਣ ਪੱਤਝੜੀ ਜੰਗਲਾਂ ਵਿੱਚ ਸਦਾਬਹਾਰ ਅਖਰੋਟ, ਓਕ ਅਤੇ ਚੀਲ ਦੇ ਰੁੱਖ ਮਿਲਦੇ ਹਨ। ਸਮੁੰਦਰੀ ਤਲ ਤੋਂ 1500 ਤੋਂ 3200 ਮੀਟਰ ਤੱਕ ਦੀ ਉਚਾਈ ਵਿੱਚ ਸਾਨੂੰ 'ਕੋਣਧਾਰੀ ਜੰਗਲ' ਮਿਲਦੇ ਹਨ ਜਿੱਥੇ ਸਪਰੂਸ, ਫਰ, ਦਿਆਰ ਅਤੇ ਚੀਲ ਆਦਿ ਦੇ ਰੁੱਖ ਹੁੰਦੇ ਹਨ। ਜੇਕਰ ਅਸੀਂ ਥੋੜਾ ਜਿਹੀ ਹੋਰ ਉਚਾਈ ਤੇ ਜਾਂਦੇ ਹਾਂ ਤਾਂ ਘਾਹ ਅਤੇ ਝਾੜੀਆਂ ਆਦਿ ਮਿਲਦੇ ਹਨ। ਇਸ ਤੋਂ ਹੋਰ ਅੱਗੇ ਸਦਾ ਰਹਿਣ ਵਾਲੀ ਬਰਫ਼ ਦਾ ਖੇਤਰ ਆ ਜਾਂਦਾ ਹੈ।

ਯਾਕ, ਹਿਰਨ, ਬਾਰਾਂਸਿੰਗਾ, ਬਰਫ਼ ਵਿੱਚ ਰਹਿਣ ਵਾਲਾ ਚੀਤਾ, ਭਾਲੂ, ਜੰਗਲੀ ਭੇਡਾਂ ਅਤੇ ਬੱਕਰੀਆਂ ਆਦਿ ਪਰਬਤੀ ਜੰਗਲਾਂ ਵਿੱਚ ਆਮ ਤੌਰ ਤੇ ਮਿਲਣ ਵਾਲੇ ਜਾਨਵਰ ਹਨ।

ਕੀ ਤੁਸੀਂ ਜਾਣਦੇ ਹੋ ?

ਕੋਣਧਾਰੀ ਜੰਗਲਾਂ ਦੇ ਦਰੱਖਤ ਨੁਕੀਲੇ ਅਤੇ ਲੰਬੇ ਹੁੰਦੇ ਹਨ ਜਿਹਨਾਂ ਦੇ ਪੱਤੇ ਸੂਈਆਂ ਵਰਗੇ ਤਿੱਖੇ ਹੁੰਦੇ ਹਨ ਤਾਂ ਕਿ ਉਹ ਖੁਸ਼ਕ ਅਤੇ ਬਰਫ਼ੀਲੀਆਂ ਵਾਯੂਮੰਡਲ ਹਾਲਤਾਂ ਦਾ ਸਾਹਮਣਾ ਕਰ ਸਕਣ। ਇਹਨਾਂ ਜੰਗਲਾਂ ਵਿੱਚ ਚੀਲ, ਦਿਆਰ ਅਤੇ ਸਪਰੂਸ ਵਰਗੇ ਦਰੱਖਤ ਮਿਲਦੇ ਹਨ ਜਿਹੜੇ ਬਹੁਤ ਅੱਛੀ ਕਿਸਮ ਦੀ ਨਰਮ ਲੱਕੜੀ ਪ੍ਰਦਾਨ ਕਰਦੇ ਹਨ। ਇਹ ਲੱਕੜ ਵਧੀਆ ਕਿਸਮ ਦਾ ਫ਼ਰਨੀਚਰ ਤਿਆਰ ਕਰਨ ਅਤੇ ਹੋਰ ਉਦਯੋਗਿਕ ਕੰਮਾਂ ਵਿੱਚ ਵਰਤੀ ਜਾਂਦੀ ਹੈ। ਇਸ ਲਈ ਆਰਥਿਕ ਪੱਖ ਤੋਂ ਇਹ ਕੋਣਧਾਰੀ ਜੰਗਲ ਬਹੁਤ ਕੀਮਤੀ ਹਨ।

ਪੰਜਾਬ ਦੀ ਕੁਦਰਤੀ ਬਨਸਪਤੀ ਤੇ ਇੱਕ ਝਾਤ :


ਕਿਸੇ ਇਲਾਕੇ ਦੀ ਬਨਸਪਤੀ ਮੁੱਖ ਤੌਰ ਤੇ ਉਥੋਂ ਦੇ ਧਰਾਤਲ, ਜਲਵਾਯੂ ਅਤੇ ਮਿੱਟੀ ਦੀਆਂ ਕਿਸਮਾਂ 'ਤੇ ਨਿਰਭਰ ਕਰਦੀ ਹੈ। ਪੰਜਾਬ ਦਾ ਜਲਵਾਯੂ ਮਹਾਂਦੀਪੀ ਮੌਨਸੂਨ ਕਿਸਮ (Continental Monsoonal Type) ਦੀ ਹੈ। ਇਥੋਂ ਦਾ ਜ਼ਿਆਦਾਤਰ ਭਾਗ ਮੈਦਾਨੀ ਹੈ ਪਰੰਤੂ ਛੋਟੀਆਂ ਪਹਾੜੀਆਂ (ਸ਼ਿਵਾਲਿਕ ਪਰਬਤ) ਅਤੇ ਰੇਤ ਦੇ ਟਿੱਬਿਆਂ ਵਾਲਾ ਮੈਦਾਨ ਆਦਿ ਕੁਝ ਕੁ ਵਖਰੇਵੇਂ ਮਿਲਦੇ ਹਨ। ਰਾਜ ਦੇ ਅਲੱਗ-ਅਲੱਗ ਭਾਗਾਂ ਵਿੱਚ ਮਿੱਟੀ ਦੀਆਂ ਕਈ ਕਿਸਮਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਕੁਝ ਮੁੱਖ ਕਿਸਮਾਂ ਹੇਠ ਲਿਖੀਆਂ ਹਨ—

1. ਜਲੋਢੀ ਜਾਂ ਦਰਿਆਈ ਮਿੱਟੀ (Alluvial or River Soil)
2. ਰੇਤਲੀ ਮਿੱਟੀ (Sandy Soil)
3. ਚੀਕਣੀ ਮਿੱਟੀ (Clayey Soil)

4. ਦੋਮੱਟ ਮਿੱਟੀ (Loamy Soil)

5. ਪਹਾੜੀ ਮਿੱਟੀ ਜਾਂ ਕੰਢੀ ਦੀ ਮਿੱਟੀ (Hill Soil or Kandi Soil)

6. ਸੋਡਿਕ ਅਤੇ ਖਾਰੀ ਮਿੱਟੀ (Sodic and Saline Soil)



ਇਹ ਭਾਂਤ-ਭਾਂਤ ਦੀਆਂ ਮਿੱਟੀਆਂ ਅਤੇ ਜਲਵਾਯੂ ਵੰਨ-ਸਵੰਨੀ ਬਨਸਪਤੀ ਪੈਦਾ ਕਰਦੇ ਹਨ। ਇਹ ਅਲੱਗ-ਅਲੱਗ ਤਰਾਂ ਦੀ ਬਨਸਪਤੀ ਕੁਦਰਤੀ ਵੀ ਹੋ ਸਕਦੀ ਹੈ ਅਤੇ ਮਨੁੱਖ ਦੁਆਰਾ ਉਗਾਈ ਗਈ ਵੀ ਹੋ ਸਕਦੀ ਹੈ। ਕੁਝ ਸਦੀਆਂ ਪਹਿਲਾਂ ਪੰਜਾਬ ਵਿੱਚ ਕੁਦਰਤੀ ਬਨਸਪਤੀ ਜਾਂ ਜੰਗਲ ਬਹੁਤਾਤ ਵਿੱਚ ਪਾਏ ਜਾਂਦੇ ਸਨ ਪਰੰਤੂ ਦਰੱਖਤਾਂ ਦੀ ਲਗਾਤਾਰ ਕਟਾਈ, ਪਸ਼ੂਆਂ ਦੀ ਜ਼ਿਆਦਾ ਚਰਾਈ (Overgrazing) ਅਤੇ ਸਖਤ ਕਾਨੂੰਨ ਦੀ ਅਣਹੋਂਦ ਨੇ ਇਸਦੇ ਰਕਬੇ ਨੂੰ ਤੇਜ਼ੀ ਨਾਲ ਘਟਾਇਆ ਹੈ। ਅੰਗਰੇਜ਼ਾਂ ਵੱਲੋਂ ਵੀਹਵੀਂ ਸਦੀ ਵਿੱਚ ਕੁਦਰਤੀ ਬਨਸਪਤੀ ਨੂੰ ਬਚਾਉਣ ਲਈ ਕੁਝ ਕਦਮ ਉਠਾਏ ਗਏ। ਜੰਗਲਾਂ ਦੀ ਹੱਦਬੰਦੀ ਕੀਤੀ ਗਈ ਅਤੇ

ਪਸ਼ੂਆਂ ਦੀ ਚਰਾਈ 'ਤੇ ਵੀ ਰੋਕ ਲਗਾਈ ਗਈ। ਭਾਰਤ ਦੇਸ਼ ਅਜ਼ਾਦ ਹੋਣ ਤੋਂ ਬਾਅਦ, ਪੰਜਾਬ ਦੋ ਹਿੱਸਿਆਂ— ਪੱਛਮੀ ਤੇ ਪੂਰਬੀ ਪੰਜਾਬ ਵਿੱਚ ਵੰਡਿਆ ਗਿਆ। ਖੇਤੀਬਾੜੀ ਦੇ ਵਿਸਥਾਰ ਵਾਸਤੇ ਬਨਸਪਤੀ ਨੂੰ ਸਾਫ਼ ਕਰਕੇ ਜ਼ਮੀਨ ਨੂੰ ਖੇਤੀ ਯੋਗ ਬਣਾਇਆ ਗਿਆ ਤਾਂ ਜੋ ਲੋਕਾਂ ਲਈ ਲੋੜੀਂਦਾ ਅਨਾਜ ਪੈਦਾ ਕੀਤਾ ਜਾ ਸਕੇ।

ਸਾਲ 1966 ਵਿੱਚ ਪੰਜਾਬ ਦੇ ਪੁਨਰਗਠਨ ਕਾਰਨ ਵੀ ਜ਼ਿਆਦਾਤਰ ਜੰਗਲੀ ਇਲਾਕਾ ਹਿਮਾਚਲ ਪ੍ਰਦੇਸ਼ ਵਿੱਚ ਚਲਾ ਗਿਆ। ਫਿਰ ਸਮੇਂ ਦੇ ਨਾਲ-ਨਾਲ ਰਾਜ ਵਿੱਚ ਖੇਤੀਬਾੜੀ ਦੇ ਵਿਕਾਸ, ਸ਼ਹਿਰੀਕਰਣ, ਉਦਯੋਗੀਕਰਨ ਅਤੇ ਮਨੁੱਖ ਦੀ ਹੋਰ ਲੋੜਾਂ ਕਾਰਨ ਕੁਦਰਤੀ ਬਨਸਪਤੀ ਜਾਂ ਜੰਗਲਾਂ ਦਾ ਹੋਰ ਵੀ ਘੱਟਦਾ ਗਿਆ। ਇਸ ਵੇਲੇ ਪੰਜਾਬ ਦੇ ਕੁਲ ਖੇਤਰਫਲ ਦਾ ਸਿਰਫ 6.07 ਪ੍ਰਤੀਸ਼ਤ ਹਿੱਸਾ ਹੀ ਬਨਸਪਤੀ ਜਾਂ ਜੰਗਲਾਂ ਹੇਠ ਹੈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਇਹ ਸਾਰੀ ਬਨਸਪਤੀ, ਕੁਦਰਤੀ ਬਨਸਪਤੀ ਨਹੀਂ ਹੈ ਬਲਕਿ ਇਸਦਾ ਕਾਫੀ ਹਿੱਸਾ ਮਨੁੱਖ ਦੁਆਰਾ ਉਗਾਇਆ ਜਾਂ ਬਦਲਿਆ ਗਿਆ ਹੈ। ਪੰਜਾਬ ਦੀ ਇਹ ਬਨਸਪਤੀ ਜਾਂ ਜੰਗਲਾਂ ਦਾ ਕੁਝ ਹਿੱਸਾ ਸਰਕਾਰੀ ਅਤੇ ਬਾਕੀ ਪ੍ਰਾਈਵੇਟ ਹੈ। ਪੰਜਾਬ ਦਾ ਜ਼ਿਆਦਾਤਰ ਖੇਤਰ ਮੈਦਾਨੀ ਹੋਣ ਕਰਕੇ ਬਨਸਪਤੀ ਵਿੱਚ ਜ਼ਿਆਦਾ ਭਿੰਨਤਾ ਨਹੀਂ ਪਾਈ ਜਾਂਦੀ ਪਰੰਤੂ ਫਿਰ ਵੀ ਅਲੱਗ-ਅਲੱਗ ਭਾਗਾਂ ਵਿੱਚ ਧਰਾਤਲ, ਜਲਵਾਯੂ ਅਤੇ ਮਿੱਟੀ ਦੀਆਂ ਕਿਸਮਾਂ ਵਿੱਚ ਵਖਰੇਵੇਂ ਹੋਣ ਕਰਕੇ ਪੰਜਾਬ ਦੀ ਕੁਦਰਤੀ ਬਨਸਪਤੀ/ਜੰਗਲਾਂ ਨੂੰ ਮੁੱਖ ਤੌਰ ਤੇ ਹੇਠ ਲਿਖੀਆਂ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ—

1. ਹਿਮਾਲਿਆ ਪ੍ਰਕਾਰ ਦੀ ਸਿੱਲੀ ਸ਼ੀਤ-ਊਸ਼ਣ ਬਨਸਪਤੀ (Himalayan Type Moist Temperate Vegetation)—ਇਸ ਪ੍ਰਕਾਰ ਦੀ ਬਨਸਪਤੀ ਪੰਜਾਬ ਦੇ ਉੱਤਰੀ ਹਿੱਸੇ ਵਿੱਚ ਜ਼ਿਲ੍ਹਾ ਪਠਾਨਕੋਟ ਦੀ ਧਾਰ ਕਲਾਂ ਤਹਿਸੀਲ ਵਿੱਚ ਮਿਲਦੀ ਹੈ। ਇਹ ਹਿੱਸਾ ਪੰਜਾਬ ਦੇ ਬਾਕੀ ਭਾਗਾਂ ਨਾਲੋਂ ਉਚਾਈ 'ਤੇ ਹੈ ਅਤੇ ਇਥੇ ਵਰਖਾ ਵੀ ਜ਼ਿਆਦਾ ਹੁੰਦੀ ਹੈ। ਇਸ ਖੇਤਰ ਵਿੱਚ ਘੱਟ-ਉਚਾਈ ਵਾਲੇ ਚੀਲ ਦੇ ਰੁੱਖ ਵਧੇਰੇ ਮਿਲਦੇ ਹਨ। ਬਾਂਸ, ਸ਼ਹਿਤੂਤ, ਟਾਹਲੀ, ਅੰਬ, ਪਹਾੜੀ ਕਿੱਕਰ ਆਦਿ ਇਥੇ ਪੈਦਾ ਹੋਣ ਵਾਲੇ ਹੋਰ ਮਹੱਤਵਪੂਰਨ ਰੁੱਖ ਹਨ।

2. ਉਪ ਊਸ਼ਣ ਚੀਲ ਬਨਸਪਤੀ (Sub Tropical Pine Vegetation)—ਅਜਿਹੀ ਕਿਸਮ ਦੀ ਬਨਸਪਤੀ ਮੁੱਖ ਤੌਰ 'ਤੇ ਪਠਾਨਕੋਟ ਜ਼ਿਲ੍ਹੇ ਦੀ ਪਠਾਨਕੋਟ ਤਹਿਸੀਲ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੀਆਂ ਮੁਕੇਰੀਆਂ, ਦਸੂਹਾ ਅਤੇ ਹੁਸ਼ਿਆਰਪੁਰ ਤਹਿਸੀਲਾਂ ਦੀਆਂ ਉੱਚੀਆਂ ਢਲਾਣਾਂ 'ਤੇ ਮਿਲਦੀ ਹੈ। ਇਥੇ ਮਿਲਣ ਵਾਲੀ ਚੀਲ ਜ਼ਿਆਦਾ ਵਧੀਆ ਕਿਸਮ ਦੀ ਨਹੀਂ ਹੈ ਅਤੇ ਚੀਲ ਦੇ ਰੁੱਖ ਵੀ ਟਾਵੇਂ-ਟਾਵੇਂ ਹੀ ਮਿਲਦੇ ਹਨ। ਇਸ ਖੇਤਰ ਦੇ ਹੇਠਲੇ ਭਾਗਾਂ ਵਿੱਚ ਖੈਰ, ਸ਼ਹਿਤੂਤ, ਟਾਹਲੀ ਅਤੇ ਹੋਰ ਰਲੇ ਮਿਲੇ ਕਿਸਮਾਂ ਦੇ ਰੁੱਖ ਮਿਲਦੇ ਹਨ।

3. ਉਪ ਊਸ਼ਣ ਝਾੜੀਦਾਰ ਪਹਾੜੀ ਬਨਸਪਤੀ (Sub Tropical Scrub Hill Vegetation)—ਪਠਾਨਕੋਟ ਜ਼ਿਲੇ ਦੇ ਬਾਕੀ ਬਚੇ ਭਾਗਾਂ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਤੇ ਰੂਪਨਗਰ ਦੇ ਪੂਰਬੀ ਭਾਗਾਂ ਵਿੱਚ ਜ਼ਿਆਦਾਤਰ ਝਾੜੀਦਾਰ ਪਹਾੜੀ ਬਨਸਪਤੀ ਪਾਈ ਜਾਂਦੀ ਹੈ। ਅੱਜ ਤੋਂ ਚਾਰ-ਪੰਜ ਸਦੀਆਂ ਪਹਿਲਾਂ ਇਸ ਖੇਤਰ ਵਿੱਚ ਸੰਘਣੇ ਜੰਗਲ ਹੁੰਦੇ ਸਨ ਪਰ ਦਰੱਖਤਾਂ ਦੀ ਅੰਨੇਵਾਹ ਕਟਾਈ ਪਸ਼ੂਆਂ ਦੀ ਜ਼ਿਆਦਾ ਚਰਾਈ (Overgrazing), ਮਿੱਟੀ ਦੇ ਰੁੜਨ ਅਤੇ ਜੰਗਲਾਂ ਦੀ ਅੱਗ ਨੇ ਸੰਘਣੀ ਕੁਦਰਤੀ ਬਨਸਪਤੀ ਨੂੰ ਝਾੜੀਦਾਰ ਬਨਸਪਤੀ ਵਿੱਚ ਤਬਦੀਲ ਕਰ ਦਿੱਤਾ। ਇੱਥੇ ਝਾੜੀਦਾਰ ਬਨਸਪਤੀ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਰਲੇ ਮਿਲੇ ਰੁੱਖ ਮਿਲਦੇ ਹਨ ਜਿਹਨਾਂ ਵਿੱਚ ਖੈਰ, ਟਾਹਲੀ, ਸ਼ਹਿਤੂਤ, ਕਿੱਕਰ, ਨਿੰਮ, ਡੇਕ (ਧਰੇਕ), ਬਾਂਸ, ਸਿੰਬਲ ਅਤੇ ਅਮਲਤਾਸ ਆਦਿ। ਇਥੇ ਉੱਗਣ ਵਾਲਾ ਲੰਬੀ ਕਿਸਮ ਦਾ ਘਾਹ (ਸਰਕੰਡਾ), ਕਾਗਜ਼ ਅਤੇ ਰੱਸੀਆਂ ਦੇ ਨਿਰਮਾਣ ਵਿੱਚ ਵਰਤਿਆ ਜਾਂਦਾ ਹੈ।

4. ਊਸ਼ਣ-ਖੁਸ਼ਕ ਪੱਤਝੜੀ ਬਨਸਪਤੀ (Tropical Dry Deciduous Vegetation)—ਇਸ ਕਿਸਮ ਦੀ ਬਨਸਪਤੀ ਪੰਜਾਬ ਦੇ ਗਰਮ ਅਤੇ ਖੁਸ਼ਕ ਇਲਾਕਿਆਂ ਵਿੱਚ ਮਿਲਦੀ ਹੈ। ਰਾਜ ਦੇ ਲਹਿਰਦਾਰ ਤੇ ਉੱਚੇ

ਨੀਵੇਂ ਮੈਦਾਨ, ਕੰਡੀ ਇਲਾਕਿਆਂ ਦੇ ਮੈਦਾਨ ਅਤੇ ਮੱਧਵਰਤੀ ਮੈਦਾਨਾਂ ਵਿੱਚ ਮੁੱਖ ਤੌਰ 'ਤੇ ਖੁਸ਼ਕ ਪੱਤਝੜੀ ਕਿਸਮ ਦੀ ਬਨਸਪਤੀ ਮਿਲਦੀ ਹੈ। ਕਦੀ ਇਸ ਖੇਤਰ ਵਿੱਚ ਵੀ ਸੰਘਣੀ ਕਿਸਮ ਦੀ ਬਨਸਪਤੀ ਹੋਇਆ ਕਰਦੀ ਸੀ। ਸੰਘਣੀ ਬਨਸਪਤੀ ਦੇ ਛੋਟੇ-ਵੱਡੇ ਟੁਕੜੇ ਵੀ ਮਿਲਦੇ ਸਨ ਜਿਨ੍ਹਾਂ ਨੂੰ ਸਥਾਨਕ ਲੋਕ 'ਝੰਗੀ', 'ਬੀੜ' ਜਾਂ 'ਝਿੜੀ' ਦਾ ਨਾਮ ਦਿੰਦੇ ਸਨ। ਐਸ.ਏ.ਐਸ. ਨਗਰ ਅਤੇ ਪਟਿਆਲਾ ਵਿੱਚ ਰੁੱਖਾਂ ਦੇ ਸੰਘਣੇ ਝੁੰਡ ਜਾਂ ਇਲਾਕੇ ਜਿਨ੍ਹਾਂ ਨੂੰ 'ਬੀੜ' ਕਿਹਾ ਜਾਂਦਾ ਹੈ, ਮਿਲਦੇ ਸਨ। ਇਹਨਾਂ ਵਿੱਚੋਂ ਕੁਝ ਜਿਵੇਂ ਛੱਤ ਬੀੜ, ਬੀੜ ਭਾਦਸੋਂ, ਬੀੜ ਮੋਤੀ ਬਾਗ, ਬੀੜ ਭੁਨਰਹੇੜੀ ਆਦਿ ਦੇ ਨਾਂ ਵਰਣਯੋਗ ਹਨ। ਇਸ ਖੇਤਰ ਵਿੱਚ ਮਿਲਣ ਵਾਲੇ ਰੁੱਖਾਂ ਵਿੱਚੋਂ ਟਾਹਲੀ, ਨਿੰਮ, ਪਿੱਪਲ, ਬੋਹੜ, ਕਿੱਕਰ, ਅੰਬ, ਨਿੰਬੂ ਜਾਤੀ ਦੇ ਰੁੱਖ ਪ੍ਰਮੁੱਖ ਹਨ। ਇਸ ਖੇਤਰ ਵਿੱਚ ਮਿਲਦੀਆਂ ਖਾਲੀ ਥਾਵਾਂ 'ਤੇ ਸਫ਼ੈਦਾ ਤੇ ਪੌਪੂਲਰ ਦੇ ਪੌਦੇ ਲਗਾ ਕੇ ਕੁਦਰਤੀ ਬਨਸਪਤੀ ਦੀ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

5. ਊਸ਼ਣ ਕੰਡੇਦਾਰ ਬਨਸਪਤੀ (Tropical Thorny Vegetation)—ਇਹੋ ਜਿਹੀ ਕਿਸਮ ਦੀ ਬਨਸਪਤੀ ਵਧੇਰੇ ਕਰਕੇ ਪੰਜਾਬ ਦੇ ਘੱਟ ਵਰਖਾ ਵਾਲੇ ਦੱਖਣੀ ਜ਼ਿਲ੍ਹਿਆਂ ਵਿੱਚ ਪਾਈ ਜਾਂਦੀ ਹੈ। ਮਾਨਸਾ, ਬਠਿੰਡਾ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਜ਼ਿਆਦਾਤਰ ਭਾਗਾਂ ਅਤੇ ਫ਼ਿਰੋਜ਼ਪੁਰ ਤੇ ਫ਼ਰੀਦਕੋਟ ਜ਼ਿਲਿਆਂ ਦੇ ਮੱਧ-ਦੱਖਣੀ ਭਾਗਾਂ ਵਿੱਚ ਕੰਡੇਦਾਰ ਬਨਸਪਤੀ ਬਹੁਤਾਤ ਵਿੱਚ ਮਿਲਦੀ ਹੈ। ਇਸ ਖੇਤਰ ਦੇ ਕਈ ਵੱਡੇ ਹਿੱਸੇ ਬਨਸਪਤੀ ਤੋਂ ਸੱਖਣੇ ਵੀ ਹਨ। ਕੰਡੇਦਾਰ ਝਾੜੀਆਂ ਅਤੇ ਥੋਹਰ (Cactus) ਤੋਂ ਇਲਾਵਾ ਟਾਹਲੀ, ਕਿੱਕਰ, ਜੰਡ ਆਦਿ ਇਥੇ ਮਿਲਣ ਵਾਲੇ ਹੋਰ ਦਰੱਖਤ ਹਨ।

ਕੁਦਰਤੀ ਬਨਸਪਤੀ ਵਾਤਾਵਰਣ ਦੀ ਕਿਸਮ ਨੂੰ ਸੁਧਾਰਨ ਵਿੱਚ ਅਹਿਮ ਭੂਮਿਕਾ ਤਾਂ ਨਿਭਾਉਂਦੀ ਹੀ ਹੈ, ਇਸਦੇ ਨਾਲ-ਨਾਲ ਕਿਸੇ ਦੇਸ਼ ਜਾਂ ਰਾਜ ਦੀ ਆਰਿਥਕਤਾ ਨੂੰ ਵੀ ਮਜ਼ਬੂਤ ਕਰਦੀ ਹੈ। ਕੁਦਰਤੀ ਬਨਸਪਤੀ ਜਾਂ ਜੰਗਲਾਂ ਨੂੰ ਮਨੁੱਖੀ ਸਮਾਜ ਦੇ ਫੇਫੜੇ (Lungs) ਕਿਹਾ ਜਾਂਦਾ ਹੈ। ਕੁਦਰਤੀ ਸੰਤੁਲਨ ਦੇ ਲਿਹਾਜ਼ ਨਾਲ ਕਿਸੇ ਦੇਸ਼ ਜਾਂ ਰਾਜ ਦਾ ਇੱਕ ਤਿਹਾਈ 33% ਹਿੱਸਾ ਜੰਗਲਾਂ ਜਾਂ ਕੁਦਰਤੀ ਬਨਸਪਤੀ ਹੇਠ ਹੋਣਾ ਚਾਹੀਦਾ ਹੈ ਪ੍ਰੰਤੂ ਪੰਜਾਬ ਦੀ ਸਥਿਤੀ ਇਸ ਮਾਮਲੇ ਵਿੱਚ ਮਜ਼ਬੂਤ ਨਹੀਂ ਹੈ। ਸਟੇਟ ਆਫ ਫੋਰੇਸਟ ਰਿਪੋਰਟ 2017 ਦੇ ਅਨੁਸਾਰ ਪੰਜਾਬ ਵਿੱਚ 66 ਵਰਗ ਕਿਲੋਮੀਟਰ ਜੰਗਲ ਦਾ ਇਜ਼ਾਫਾ ਹੋਇਆ ਹੈ। ਰਾਜ ਦੇ ਕੁੱਲ ਭੂਗੋਲਿਕ ਖੇਤਰਫਲ ਵਿੱਚੋਂ ਕੇਵਲ 3.65% ਪ੍ਰਤੀਸ਼ਤ ਇਲਾਕਾ ਹੀ ਕੁਦਰਤੀ ਬਨਸਪਤੀ ਹੇਠ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦਾ 1,837 ਵਰਗ ਕਿਲੋਮੀਟਰ ਰਕਬਾ ਹੀ ਜੰਗਲਾਂ ਹੇਠ ਹੈ। ਇਸ ਵਿਚੋਂ ਵੀ ਮਹਿਜ਼ 1,385 ਵਰਗ ਕਿਲੋਮੀਟਰ ਰਕਬਾ ਸਰਕਾਰੀ ਜੰਗਲਾਂ ਹੇਠ ਅਤੇ 1,673 ਵਰਗ ਕਿਲੋਮੀਟਰ ਪ੍ਰਾਈਵੇਟ ਜੰਗਲਾਂ ਹੇਠ ਹੈ। ਰੂਪਨਗਰ ਜ਼ਿਲ੍ਹੇ ਦਾ 37.19 ਪ੍ਰਤੀਸ਼ਤ ਖੇਤਰਫਲ ਕੁਦਰਤੀ ਬਨਸਪਤੀ ਜਾਂ ਜੰਗਲ ਹਨ ਜੋ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵੱਧ ਹੈ।


Forest cover up, Hoshiarpur, Gurdaspur dists top gainers

Our forest cover is the lowest in the country in terms of geographical area and percentage of land under green cover, but our efforts in past few years have shown positive results.

ਦੂਜੇ ਪਾਸੇ ਮਾਨਸਾ ਜ਼ਿਲ੍ਹਾ ਜਿਥੇ ਕੇਵਲ 1.26 ਪ੍ਰਤੀਸ਼ਤ ਖੇਤਰ ਹੀ ਜੰਗਲ ਹੇਠ ਹੈ, ਇਸ ਮਾਮਲੇ ਵਿੱਚ ਇਹੀ ਪੰਜਾਬ ਦਾ ਸਭ ਤੋਂ ਪਛੜਿਆ ਹੋਇਆ ਜ਼ਿਲ੍ਹਾ ਹੈ।

ਪੰਜਾਬ ਵਿੱਚ ਕੁਦਰਤੀ ਬਨਸਪਤੀ ਦੀ ਘਾਟ ਨੂੰ, ਵੱਡੇ ਪੱਧਰ 'ਤੇ ਪੌਦੇ ਜਾਂ ਰੁੱਖ ਲਗਾ ਕੇ ਕੁਝ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਸਾਲ 2011-12 ਵਿੱਚ ਕੁਲ 1 ਕਰੋੜ 35 ਹਜ਼ਾਰ ਪੌਦੇ ਰਾਜ ਵਿੱਚ ਲਗਾਏ ਗਏ। ਪੰਜਾਬ ਦੇ ਵਣਾਂ ਤੋਂ 2011-12 ਵਿੱਚ 15 ਕਰੋੜ ਰੁਪਏ ਦੇ ਮੁੱਲ ਦੀ 50,000 ਕਿਊਬਕ ਮੀਟਰ ਇਮਾਰਤੀ ਲੱਕੜੀ ਪ੍ਰਾਪਤ ਹੋਏ ਜਦੋਂਕਿ ਇੱਕ ਕਰੋੜ ਤੀਹ ਲੱਖ ਦੇ ਬਾਂਸ, ਬੈਂਤ, ਚਾਰਾ ਘਾਹ ਅਤੇ ਹੋਰ ਪਦਾਰਥ ਵੇਚੇ ਗਏ। ਜੰਗਲਾਂ ਦੀ ਸਾਂਭ-ਸੰਭਾਲ ਅਤੇ ਪ੍ਰਬੰਧ ਲਈ ਜੰਗਲਾਤ ਵਿਭਾਗ ਵੀ ਕਾਇਮ ਕੀਤਾ ਹੋਇਆ ਹੈ ਜਿਸ ਵਿੱਚ ਲੱਗਭਗ 6500 ਮੁਲਾਜ਼ਮ ਕੰਮ ਕਰ ਰਹੇ ਹਨ।

ਕੁਦਰਤੀ ਬਨਸਪਤੀ ਜਾਂ ਜੰਗਲ ਜੋ ਮਨੁੱਖਾਂ ਲਈ ਜਾਂ ਕਿਸੇ ਅਰਥ ਵਿਵਸਥਾ ਲਈ ਵਰਦਾਨ ਸਾਬਤ ਹੁੰਦੇ ਹਨ, ਨੂੰ ਬਚਾਉਣ ਅਤੇ ਹੋਰ ਵਿਕਸਤ ਕਰਨ ਦੀ ਬਹੁਤ ਸਖਤ ਲੋੜ ਹੈ। ਸਾਨੂੰ ਪਤਾ ਹੈ ਕਿ ਇਸ ਖੇਤਰ ਵਿੱਚ ਪੰਜਾਬ ਦੀ ਮੌਜੂਦਾ ਸਥਿਤੀ ਅੱਛੀ ਨਹੀਂ ਹੈ ਕਿਉਂਕਿ 6.07 ਪ੍ਰਤੀਸ਼ਤ ਹਿੱਸੇ 'ਤੇ ਹੀ ਕੁਦਰਤੀ ਬਨਸਪਤੀ ਜਾਂ ਜੰਗਲ ਮਿਲਦੇ ਹਨ। ਭੂਮੀ ਦਾ ਬਾਕੀ ਹਿੱਸਾ, ਖੇਤੀਬਾੜੀ, ਉਦਯੋਗ, ਸੜਕਾਂ ਤੇ ਰੇਲ ਮਾਰਗ, ਨਹਿਰਾਂ, ਪਿੰਡਾ ਅਤੇ ਸ਼ਹਿਰਾਂ ਆਦਿ ਦੇ ਵਾਧੇ (ਇਜ਼ਾਫ਼ੇ) ਲਈ ਵਰਤਿਆ ਜਾ ਰਿਹਾ ਹੈ। ਜਨਸੰਖਿਆ ਦੇ ਹਿਸਾਬ ਨਾਲ ਪੰਜਾਬ ਦਾ ਖੇਤਰਫ਼ਲ ਵੀ ਘੱਟ ਹੈ ਜਿਸ ਕਰਕੇ ਵੱਸੋਂ ਘਣਤਾ, ਦੇਸ਼ ਦੀ ਔਸਤ ਦੇ ਮੁਕਾਬਲਤਨ ਜ਼ਿਆਦਾ ਹੈ। ਰਾਜ ਦੀ ਵਸੋਂ ਅਤੇ ਪ੍ਰਦੂਸ਼ਣ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਲਈ ਬਨਸਪਤੀ ਹੇਠ ਰਕਬਾ ਵਧਾਉਣ ਦੀ ਬਹੁਤ ਲੋੜ ਹੈ। ਇਸ ਮਦਦ ਲਈ ਖੇਤੀਬਾੜੀ ਲਈ ਵਰਤੀ ਜਾ ਰਹੀ ਜ਼ਮੀਨ ਤਾਂ ਜੰਗਲਾਂ ਹੇਠ ਨਹੀਂ ਲਿਆਂਦੀ ਜਾ ਸਕਦੀ ਪ੍ਰੰਤੂ ਵੱਧ ਤੋਂ ਵੱਧ ਰੁੱਖ ਤਾਂ ਲਗਾਏ ਹੀ ਜਾ ਸਕਦੇ ਹਨ। ਇਹ ਭਲੇ ਦਾ ਕੰਮ ਸਰਕਾਰ, ਗੈਰ ਸਰਕਾਰੀ ਸੰਸਥਾਵਾਂ ਜਾਂ ਸਾਡੇ ਸਾਰੀਆਂ ਦੇ ਪੱਧਰ ਤੇ ਕੀਤਾ ਜਾਣਾ ਬਣਦਾ ਹੈ। ਸਕੂਲ ਪੱਧਰ ਤੋਂ ਹੀ ਵਿਦਿਆਰਥੀਆਂ ਨੂੰ ਇਸ ਕੰਮ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ ਅਤੇ ਰੁੱਖ ਲਗਾਉਣ ਅਤੇ ਉਹਨਾਂ ਦੀ ਸਾਂਭ ਸੰਭਾਲ ਦੀ ਪ੍ਰੇਰਣਾ ਦਿੱਤੀ ਜਾਣੀ ਚਾਹੀਦੀ ਹੈ। ਜੰਗਲ ਖੇਤੀ ਜਾਂ ਸਮਾਜਿਕ ਜੰਗਲਾਤ ਉਤਪਾਦਲ (Social Froestry) ਨੂੰ ਪੂਰੇ ਉਤਸ਼ਾਹ ਨਾਲ ਅਪਨਾਉਣ ਚਾਹੀਦਾ ਹੈ। ਸੜਕਾਂ, ਰੇਲ ਮਾਰਗਾਂ, ਨਹਿਰਾਂ, ਦਰਿਆਵਾਂ ਦੇ ਨਾਲ-ਨਾਲ ਸਾਂਝੀਆਂ ਜਾਂ ਖਾਲੀ ਜਿੱਥੇ-ਜਿੱਥੇ ਵੀ ਸੰਭਵ ਹੋ ਸਕੇ, ਯੋਜਨਾ ਬੱਧ ਤਰੀਕੇ ਨਾਲ ਢੁਕਵੇਂ ਦਰਖੱਤ ਲਗਾਉਣੇ ਚਾਹੀਦੇ ਹਨ। ਸਕੂਲ, ਦਫ਼ਤਰ ਜਾਂ ਹੋਰ ਸਰਕਾਰੀ ਅਦਾਰਿਆਂ ਵਿੱਚ ਲਗਾਏ ਗਏ ਪੌਦੇ ਜਾਂ ਦਰੱਖਤ ਇਹਨਾਂ ਥਾਵਾਂ ਦੀ ਸੁੰਦਰਤਾ ਵਿੱਚ ਵਾਧਾ ਕਰਨਗੇ। ਕਹਿਣ ਤੋਂ ਭਾਵ ਇਹ ਹੈ ਕਿ ਵੱਧ ਤੋਂ ਵੱਧ ਦਰੱਖਤ ਲਗਾ ਕੇ ਹੀ, ਅਸੀਂ ਆਪਣੀਆਂ ਲੱਕੜ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਾਂ ਅਤੇ ਆਪਣੇ ਵਾਤਾਵਰਣ ਨੂੰ ਸਾਫ਼ ਅਤੇ ਸ਼ੁੱਧ ਰੱਖ ਸਕਦੇ ਹਾਂ।

ਜੰਗਲਾਂ ਦਾ ਮਹੱਤਵ

ਮਨੁੱਖ ਵਾਸਤੇ ਜੰਗਲਾਂ ਦਾ ਅਹਿਮ ਮਹੱਤਵ ਹੈ। ਇਹ ਕਈ ਤਰੀਕਿਆਂ ਨਾਲ ਮਨੁੱਖ ਦੀ ਸਹਾਇਤਾ ਕਰਦੇ ਹਨ। ਜੰਗਲਾਂ ਦੇ ਲਾਭਾਂ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ :—

1. ਜੰਗਲ ਕਈ ਤਰ੍ਹਾਂ ਦੀ ਲੱਕੜ ਪ੍ਰਦਾਨ ਕਰਦੇ ਹਨ ਜਿਹੜੀ ਅਲੱਗ-ਅਲੱਗ ਕੰਮਾਂ ਲਈ ਵਰਤੀ ਜਾਂਦੀ ਹੈ ਜਿਵੇਂ ਕਿ ਫ਼ਰਨੀਚਰ ਬਣਾਉਣ ਲਈ, ਕਾਗਜ਼ ਬਣਾਉਣ ਲਈ, ਕਈ ਹੋਰ ਉਦਯੋਗਾਂ ਵਿੱਚ ਬਾਲਣ ਆਦਿ ਲਈ।

2. ਜੰਗਲ ਵਰਖਾ ਕਰਵਾਉਣ ਵਿੱਚ ਸਹਾਈ ਹੁੰਦੇ ਹਨ।

3. ਜੰਗਲ ਭੌਂ-ਖੁਰਣ ਅਤੇ ਹੜ੍ਹਾਂ ਉੱਪਰ ਕੰਟਰੋਲ ਕਰਨ ਵਿੱਚ ਸਹਾਇਤਾ ਕਰਦੇ ਹਨ ਕਿਉਂਕਿ ਰੁੱਖਾਂ ਦੀਆਂ ਜੜ੍ਹਾਂ ਮਿੱਟੀ ਦੇ ਕਣਾਂ ਨੂੰ ਜਕੜ ਕੇ ਰੱਖਦੀਆਂ ਹਨ।

4. ਜੰਗਲ ਦੱਰਖਤ ਤੋਂ ਜਲਵਾਸ਼ਪ ਹਵਾ ਵਿੱਚ ਜਾਂਦੇ ਰਹਿੰਦੇ ਹਨ ਜਿਸ ਨਾਲ ਹਵਾ ਦਾ ਤਾਪਮਾਨ ਠੰਢਾ ਰਹਿੰਦਾ ਹੈ।

5. ਜੰਗਲ ਬਹੁਤ ਵੱਡ ਮਾਤਰਾ ਵਿੱਚ ਕਾਰਬਨਡਾਇਆਕਸਾਈਡ ਵਰਤਦੇ ਹਨ ਅਤੇ ਹਵਾ ਵਿੱਚ ਆਕਸੀਜਨ ਛੱਡਦੇ ਹਨ ਜਿਹੜੀ ਜਾਨਵਰਾਂ ਅਤੇ ਮਨੁੱਖਾਂ ਨੂੰ ਜੀਵਨ ਦਿੰਦੀ ਹੈ।

6. ਜੰਗਲ ਜੀਵਾਂ ਨੂੰ ਆਪਣੇ ਵੱਲ ਖਿੱਚਦੇ ਹਨ ਅਤੇ ਉਹਨਾਂ ਨੂੰ ਖਾਣ ਵਾਸਤੇ ਭੋਜਨ ਅਤੇ ਰਹਿਣ ਵਾਸਤੇ ਠਾਹਰ (Habitat) ਪ੍ਰਦਾਨ ਕਰਦੇ ਹਨ।

7. ਜੰਗਲ, ਸੂਰਜ ਦੀ ਚਮਕ, ਆਵਾਜ਼ ਪ੍ਰਦੂਸ਼ਣ ਅਤੇ ਪੌਣਾਂ ਦੀ ਰਫ਼ਤਾਰ ਨੂੰ ਘੱਟ ਕਰਨ ਵਿੱਚ ਮਦੱਦ ਕਰਦੇ ਹਨ।

8. ਜੰਗਲ, ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਕਰਨ ਵਿੱਚ ਸਹਾਈ ਹੁੰਦੇ ਹਨ।

9. ਜੰਗਲ ਵਿੱਚ ਕਈ ਤਰ੍ਹਾਂ ਦੀਆਂ ਔਸ਼ਧਿਕ ਜੜ੍ਹੀ-ਬੂਟੀਆਂ ਅਤੇ ਪੌਦੇ ਮਿਲਦੇ ਹਨ ਜਿਹੜੇ ਨਵੀਆਂ ਦਵਾਈਆਂ ਦੀ ਖੋਜ ਕਰਨ ਲਈ ਸਾਇੰਸਦਾਨਾਂ ਵਾਸਤੇ ਬਹੁਤ ਸਹਾਈ ਸਿੱਧ ਹੁੰਦੇ ਹਨ।

10. ਆਮ ਤੌਰ 'ਤੇ ਜੰਗਲ ਸਾਡੇ ਵਾਤਾਵਰਨ ਨੂੰ ਸਿਹਤਮੰਦ ਅਤੇ ਸੁੰਦਰ ਬਣਾਉਣ ਵਿੱਚ ਮੱਦਦਗਾਰ ਸਾਬਤ ਹੁੰਦੇ ਹਨ।

ਜੰਗਲਾਂ ਦੀ ਸਾਂਭ-ਸੰਭਾਲ (Conservation of Forests)


ਮਨੁੱਖ ਦੇ ਜੀਵਨ ਵਿੱਚ, ਜੰਗਲ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਮੌਜੂਦਾ ਹਾਲਾਤ ਵਿੱਚ ਸੰਸਾਰ ਵਿਚੋਂ ਜੰਗਲਾਂ ਦਾ ਬਹੁਤ ਤੇਜ਼ੀ ਨਾਲ ਖਾਤਮਾ ਹੋ ਰਿਹਾ ਹੈ। ਮਨੁੱਖ ਦੀਆਂ ਅਸੀਮ ਲੋੜਾਂ ਨੂੰ ਪੂਰਾ ਕਰਨ ਲਈ ਬੜੇ ਵੱਡੇ ਪੈਮਾਨੇ 'ਤੇ ਜੰਗਲਾਂ ਨੂੰ ਕੱਟਿਆ ਜਾ ਰਿਹਾ ਹੈ। ਕਈ ਵਾਰ ਜੰਗਲਾਂ ਵਿੱਚ ਅੱਗ ਲੱਗਣ ਕਾਰਲ ਵੀ ਧਰਤੀ ਤੋਂ ਹਰਿਆਵਲ ਦਾ ਵਿਨਾਸ਼ ਹੋ ਰਿਹਾ ਹੈ ਲਾਲਚੀ ਮਨੁੱਖ ਆਪਣੀਆਂ ਵਰਤਮਾਨ ਸਮੇਂ ਦੀਆਂ ਲੋੜਾਂ ਨੂੰ ਤਾਂ ਪੂਰਾ ਕਰਨਾ ਚਾਹੁੰਦਾ ਹੈ ਪ੍ਰੰਤੂ ਉਸਨੂੰ ਆਉਣ ਵਾਲੀਆਂ ਪੀੜ੍ਹੀਆਂ ਦੀ ਕੋਈ ਚਿੰਤਾ ਨਹੀਂ ਹੈ।

ਜੇਕਰ ਅਸੀਂ ਆਪਣੀ ਜ਼ਿੰਦਗੀ ਅਰਾਮ ਨਾਲ ਜਿਊਣਾ ਚਾਹੁੰਦੇ ਹਾਂ ਅਤੇ ਭਵਿੱਖ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਅਜਿਹਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਜੰਗਲਾਂ ਨੂੰ ਬਚਾਉਣਾ ਚਾਹੀਦਾ ਹੈ ਅਤੇ ਇਹਨਾਂ ਦੀ ਸਹੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਪੌਦਿਆਂ ਦੇ ਲਗਾਉਣ ਨੂੰ ਅਸੀਂ ਜੰਗਲ ਲਗਾਉਣਾ (Afforestation) ਕਹਿੰਦੇ ਹਾਂ। ਅਸੀਂ ਬੰਜਰ ਜ਼ਮੀਨ ਜਾਂ ਖੇਤੀ ਤੋਂ ਵਾਝੀਆਂ ਜ਼ਮੀਨਾਂ 'ਤੇ ਪੌਦੇ ਲਗਾ ਕੇ ਉਹਨਾਂ ਨੂੰ ਜੰਗਲਾਂ ਵਿੱਚ ਬਦਲ ਸਕਦੇ ਹਾਂ ਅਤੇ ਸਮਾਜਿਕ ਜੰਗਲਾਤ (Social Forestry), ਖੇਤੀ ਜੰਗਲਾਤ (Agricultural Forestry) ਅਤੇ ਵਪਾਰਕ ਪੱਧਰ 'ਤੇ ਜੰਗਲਾਤ (Commercial Forestry) ਲਗਾ ਕੇ ਜੰਗਲਾਂ ਦੀ ਵਿਗੜਦੀ ਹਾਲਾਤ ਨੂੰ ਸੁਧਾਰ ਸਕਦੇ ਹਾਂ। ਜੰਗਲਾਂ ਦੇ ਮਹੱਤਵ ਅਤੇ ਇਹਨਾਂ ਨੂੰ ਬਚਾਉਣ ਲਈ ਯੋਗਦਾਨ ਬਾਰੇ, ਲੋਕਾਂ ਨੂੰ ਜਾਗ੍ਰਤ ਕਰਨ ਲਈ ਸਰਕਾਰ ਨੂੰ ਪੂਰੇ ਯਤਨ ਕਰਨੇ ਚਾਹੀਦੇ ਹਨ। ਜੰਗਲਾਤ ਵਿਭਾਗ ਦੁਆਰਾ, ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ ਤਾਂ ਜੋ ਕੋਈ ਵੀ ਗ਼ੈਰਕਾਨੂੰਨੀ ਢੰਗ ਨਾਲ ਜਾਂ ਸਹੀ ਵਿਧੀ ਅਪਨਾਉਣ ਤੋਂ ਬਿਨਾਂ ਰੁੱਖਾਂ ਨੂੰ ਕੱਟ ਨਾ ਸਕੇ।

ਜੰਗਲੀ ਜੀਵਨ (Wild Life)

ਕੁਦਰਤੀ ਰਹਾਇਸ਼ਗਾਹਾਂ (Habitat) ਅਰਥਾਤ ਜੰਗਲਾਂ ਵਿੱਚ ਰਹਿ ਰਹੇ ਜਾਨਵਰਾਂ, ਪੰਛੀਆਂ ਅਤੇ ਕੀੜੇ-ਮਕੌੜਿਆਂ ਨੂੰ ਜੰਗਲੀ ਜੀਵਨ ਕਿਹਾ ਜਾਂਦਾ ਹੈ। ਭਾਰਤੀ ਜੰਗਲਾਂ ਦੇ ਧਰਾਤਲ, ਜਲਵਾਯੂ ਹਾਲਤਾਂ ਅਤੇ ਮਿੱਟੀ


ਦੀਆਂ ਕਿਸਮਾਂ ਵਿੱਚ ਭਿੰਨਤਾਵਾਂ ਹੋਣ ਕਾਰਨ, ਇਹ ਕਈ ਕਿਸਮਾਂ ਦੇ ਕੁਦਰਤੀ ਰਹਾਇਸ਼ਗਾਹਾਂ (Natural Habitat) ਪ੍ਰਦਾਨ ਕਰਦੇ ਹਨ, ਜਿਸ ਕਰਕੇ ਦੇਸ਼ ਵਿੱਚ ਕਈ ਕਿਸਮਾਂ ਦਾ ਜੰਗਲੀ ਜੀਵਨ ਮਿਲਦਾ ਹੈ। ਸਾਡੇ ਦੇਸ਼ ਵਿੱਚ ਜਾਨਵਰਾਂ ਦੀਆਂ 89 ਹਜ਼ਾਰ ਤੋਂ ਵੀ ਜ਼ਿਆਦਾ ਪ੍ਰਜਾਤੀਆਂ ਹਨ ਜਿਹੜਾ ਕਿ ਸੰਸਾਰ ਦੀਆਂ ਕੁੱਲ ਜਾਨਵਰ ਪ੍ਰਜਾਤੀਆਂ ਦਾ ਲਗਭਗ 6.5 ਪ੍ਰਤੀਸ਼ਤ ਹੈ। ਦੇਸ਼ ਵਿੱਚ ਮੱਛੀਆਂ ਦੀਆ 2,546 ਪ੍ਰਜਾਤੀਆਂ, ਪੰਛੀਆਂ ਦੀਆਂ 2,000 ਪ੍ਰਜਾਤੀਆਂ, ਰੀਂਗਣ ਵਾਲੀਆਂ 458 ਪ੍ਰਜਾਤੀਆਂ ਅਤੇ ਕੀੜੇ-ਮਕੌੜਿਆਂ ਦੀਆਂ 60,000 ਤੋਂ ਵੀ ਜ਼ਿਆਦਾ ਪ੍ਰਜਾਤੀਆਂ ਮਿਲਦੀਆਂ ਹਨ।



ਭਾਰਤ ਦੀ ਧਰਤੀ ਤੇ ਸਭ ਤੋਂ ਵੱਡਾ ਥਣਧਾਰੀ ਪ੍ਰਾਣੀ ਹਾਥੀ ਹੈ। ਇਹ ਜ਼ਿਆਦਾਤਰ ਅਸਾਮ, ਪੱਛਮੀ ਬੰਗਾਲ, ਕਰਨਾਟਕ, ਕੇਰਲ ਅਤੇ ਮੱਧ ਭਾਰਤ ਦੇ ਜੰਗਲਾਂ ਵਿੱਚ ਮਿਲ ਜਾਂਦੇ ਹਨ। ਇੱਕ ਸਿੰਙ ਵਾਲਾ ਗੈਂਡਾ ਜਿਹੜਾ ਕਿ ਦੂਜਾ ਵੱਡਾ ਥਣਧਾਰੀ ਪ੍ਰਾਣੀ ਹੈ, ਦੀ ਗਿਣਤੀ ਬਹੁਤ ਤੇਜ਼ੀ ਨਾਲ ਘੱਟ ਰਹੀ ਹੈ। ਭਾਰਤ ਵਿੱਚ ਹੁਣ

1,500 ਤੋਂ ਵੀ ਘੱਟ ਗੈਂਡੇ ਰਹਿ ਗਏ ਹਨ ਜਿਹੜੇ ਕੇਵਲ ਅਸਾਮ ਅਤੇ ਪੱਛਮੀ ਬੰਗਾਲ ਵਿੱਚ ਮਿਲਦੇ ਹਨ। 'ਅਰਨਾ' ਜਾਂ ਜੰਗਲੀ ਮੱਝ, ਅਸਾਮ ਅਤੇ ਛਤੀਸਗੜ੍ਹ ਦੇ ਬਸਤਰ ਜ਼ਿਲ੍ਹੇ ਵਿੱਚ ਮਿਲਦਾ ਹੈ। 'ਗੌਰ' ਜਾਂ ਜੰਗਲੀ ਬਲਦ ਮੱਧ ਭਾਰਤ ਦੇ ਜੰਗਲਾਂ ਵਿੱਚ ਮਿਲਦਾ ਹੈ।

ਭਾਰਤ ਵਿੱਚ ਲਗਭਗ 3,000 ਸ਼ੇਰ ਹਨ ਜਿਹੜੇ ਮੁੱਖ ਤੌਰ 'ਤੇ ਪੂਰਬੀ ਹਿਮਾਲਿਆ ਦੀਆਂ ਪਹਾੜੀਆਂ ਦੇ ਜੰਗਲਾਂ ਅਤੇ ਪ੍ਰਾਇਦੀਪ ਭਾਰਤ ਦੇ ਕੁਝ ਭਾਗਾਂ ਵਿੱਚ ਮਿਲਦੇ ਹਨ। ਯਾਕ ਜਿਸ ਨੂੰ ਬਰਫ਼ ਦਾ ਬਲਦ ਕਿਹਾ ਜਾਂਦਾ ਹੈ, ਲੱਦਾਖ ਵਿੱਚ ਮਿਲਦਾ ਹੈ ਅਤੇ ਇਸ ਨੂੰ ਭਾਰ ਢੋਣ ਵਾਲੇ ਜਾਨਵਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ। ਜੰਗਲੀ ਭੇਡਾਂ ਅਤੇ ਬੱਕਰੀਆਂ ਹਿਮਾਲਿਆ ਦੇ ਜੰਗਲਾਂ ਵਿੱਚ ਮਿਲਦੀਆਂ ਹਨ। ਹਿਰਨ ਅਤੇ ਬਾਰਾਸਿੰਗਾ ਵੀ ਭਾਰਤੀ ਜੰਗਲਾਂ ਵਿੱਚ ਆਮ ਘੁੰਮਦੇ ਫਿਰਦੇ ਦਿਖਾਈ ਦਿੰਦੇ ਹਨ। 'ਥੰਮਨ' ਇੱਕ ਬਹੁਤ ਹੀ ਸੁੰਦਰ ਕਿਸ ਦਾ ਹਿਰਨ ਹੈ ਜਿਸ ਤੋਂ 'ਕਸਤੂਰੀ' ਪ੍ਰਾਪਤ ਹੁੰਦੀ ਹੈ, ਮਨੀਪੁਰ ਦੇ ਜੰਗਲਾਂ ਵਿੱਚ ਪਾਇਆ ਜਾਂਦਾ ਹੈ। ਬਾਂਦਰਾਂ ਅਤੇ ਲੰਗੂਰਾਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਲਗਭਗ ਸਾਰੇ ਜੰਗਲੀ ਭਾਗਾਂ ਵਿੱਚ ਮਿਲਦੀਆਂ ਹਨ।



'ਚਿੰਕਾਰਾ' ਜਾਂ ਛੱਲੇਦਾਰ ਸਿੰਗਾਂ ਵਾਲਾ ਹਿਰਨ, ਕਾਲਾ ਹਿਰਨ ਜਾਂ ਭਾਰਤੀ ਹਿਰਨ, ਨੀਲ ਗਾਂ ਜਾਂ ਨੀਲਾ ਬਲਦ, ਚਾਰ ਸਿੰਗਾਂ ਵਾਲਾ ਹਿਰਨ, ਜੰਗਲੀ ਕੁੱਤਾ, ਲੂੰਬੜ, ਗਿੱਦੜ, ਲੱਕੜ ਬੱਗਾ, ਨਿਓਲਾ, ਚਮਗਾਦੜ, ਗੁਲਹਿਰੀ ਆਦਿ ਕੋਈ ਹੋਰ ਦੂਜੇ ਜਾਨਵਰ ਹਨ, ਜੋ ਭਾਰਤੀ ਜੰਗਲਾਂ ਵਿੱਚ ਮਿਲਦੇ ਹਨ।

ਮਗਰਮੱਛ, ਘੜਿਆਲ, ਕੱਛੂਕੰਮੇ ਵੀ ਦਰਿਆਵਾਂ, ਝੀਲਾਂ ਅਤੇ ਤੱਟੀ ਭਾਗਾਂ ਵਿੱਚ ਮਿਲਦੇ ਹਨ। ਭਾਰਤ ਵਿੱਚ ਕਈ ਕਿਸਮਾਂ ਦੇ ਸੱਪ ਵੀ ਮਿਲਦੇ ਹਨ।

ਭਾਰਤ, ਪੰਛੀਆਂ ਤੇ ਜੀਵਾਂ ਵਿੱਚ ਵੀ ਬਹੁਤ ਅਮੀਰ ਹੈ। ਇਥੇ ਪੰਛੀਆਂ ਦੀਆਂ ਲਗਭਗ 2,000 ਪ੍ਰਜਾਤੀਆਂ ਹਨ। ਜ਼ਿਆਦਤਰ ਪੰਛੀ ਭਾਰਤੀ ਮੂਲ ਦੇ ਹਨ ਪਰ ਬਹੁਤ ਸਾਰੇ, ਕਈ ਹੋਰ ਖੇਤਰਾਂ ਨਾਲ ਵੀ ਸਬੰਧ ਰਖਦੇ ਹਨ। ਬੱਤਖਾਂ, ਸਾਰਸ, ਅਬਾਬੀਲ ਅਤੇ ਫਲਾਈ ਕੈਚਰਜ਼ ਆਦਿ ਪੰਛੀ ਸਰਦੀਆਂ ਵਿੱਚ ਮੱਧ ਏਸ਼ੀਆ ਤੋਂ ਭਾਰਤ ਦੀਆਂ ਝੀਲਾਂ ਅਤੇ ਸਰੋਵਰਾਂ ਤੇ ਪਰਵਾਸੀ ਪੰਛੀਆਂ ਦੇ ਤੌਰ 'ਤੇ ਆਉਂਦੇ ਹਨ।

ਮੋਰ ਭਾਰਤ ਦਾ ਕੌਮੀ ਪੰਛੀ ਹੈ। ਇਸ ਦੇ ਸ਼ਾਨਦਾਰ ਖੰਭ, ਭਾਰਤ ਦੇ ਪੰਛੀ ਜੀਵਨ ਦੇ ਰੰਗ ਅਤੇ ਧਨ ਦਾ ਪ੍ਰਗਟਾਵਾ ਕਰਦੇ ਹਨ।

(ਓ) ਸਰਦੀਆਂ ਦੇ ਮੌਸਮ ਵਿੱਚ ਆਉਣ ਵਾਲੇ ਪਰਵਾਸੀ ਪੰਛੀ :

1. ਸਾਇਬੇਰੀਆਈ ਸਾਰਸ
2. ਗਰੇਟਰ ਫਲੈਮਿੰਗੋ
3. ਰੱਫ਼
4. ਕਾਲੇ ਖੰਭਾਂ ਵਾਲੀ ਸਟਿਲਟ
5. ਆਮ ਟੀਲ
6. ਆਮ ਗਰੀਨਸਾਰਕ
7. ਰੋਜ਼ੀ ਪੈਲੀਕਨ
8. ਗਡਵਾਲ
9. ਸਟਾਲਿੰਗ
10. ਲੌਂਗ ਬਿਲਡ ਪਿਪਿਟ ਆਦਿ



ਸਾਰਸ




ਫਲੇਮਿੰਗੋ



ਵਾਗਟੇਲ


(ਅ) ਗਰਮੀਆਂ ਦੇ ਮੌਸਮ ਵਿਚ ਭਾਰਤ ਵਿਚ ਆਉਣ ਵਾਲੇ ਪਰਵਾਸੀ ਪੰਛੀ :—

1. ਕੂੰਬ ਡੱਕ
2. ਬਲੂ ਚੀਕਡ ਬੀ ਈਟਰ
3. ਬਲੂ ਟੇਲਡ ਬੀ ਈਟਰ
4. ਕੁਕੂ (ਕੋਇਲ)
5. ਏਸ਼ਿਆਈ ਕੋਇਲ
6. ਬਲੈਕ ਕਾਰਊਨਡ ਨਾਈਟ ਹੈਰੋਨ
7. ਯੂਰੇਸ਼ੀਅਨ ਗੋਲਫਨ ਓਰੀਓਲ



ਜੰਗਲੀ ਜੀਵਾਂ ਦੀ ਸੁਰੱਖਿਆ

ਤੇਜ਼ੀ ਨਾਲ ਘੱਟ ਰਹੇ ਜੰਗਲੀ ਰਕਬੇ ਨੇ ਦੇਸ਼ ਦੇ ਜੰਗਲੀ ਜੀਵਨ ਉੱਤੇ ਬਹੁਤ ਬੁਰੀ ਤਰ੍ਹਾਂ ਅਸਰ ਪਾਇਆ ਹੈ। ਕਈ ਜੰਗਲੀ ਜੀਵਾਂ ਦੀਆਂ ਪ੍ਰਜਾਤੀਆਂ ਦੀ ਗਿਣਤੀ ਬਹੁਤ ਘੱਟ ਗਈ ਹੈ ਤੇ ਕਈ ਖ਼ਤਰੇ ਵਾਲੇ ਸੂਚੀ ਵਿੱਚ, ਕਈ ਖ਼ਤਮ ਹੋਣ ਦੇ ਕੰਢੇ' ਤੇ ਹਨ ਜਦ ਕਿ ਕਈ ਪ੍ਰਜਾਤੀਆਂ ਅਲੋਪ ਹੋ ਚੁੱਕੀਆਂ ਹਨ। ਇਹ ਇੱਕ ਬਹੁਤ ਹੀ ਗੰਭੀਰ ਸਮੱਸਿਆ ਹੈ ਜੋ ਕੁਦਰਤੀ ਵਾਤਾਵਰਨ ਦੇ ਸੰਤੁਲਨ ਨੂੰ ਹਿਲਾ ਦੇਵੇਗੀ। ਇਸ ਕਰਦੇ ਜੀਵਾਂ ਦੀ ਸੁਰੱਖਿਆ ਲਈ ਛੇਤੀ ਹੀ ਕਦਮ ਉਠਾਉਣੇ ਚਾਹੀਦੇ ਹਨ।



ਜੰਗਲੀ ਜੀਵਾਂ ਲਈ ਭਾਰਤੀ ਬੋਰਡ (Indian Board for Wild Life) ਦਾ ਗਠਨ 1952 ਵਿੱਚ ਹੋਇਆ। ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ ਸੰਭਾਲ ਬਾਰੇ ਭਾਰਤ ਸਰਕਾਰ ਨੂੰ ਸਲਾਹ ਦੇਣਾ, ਕੌਮੀ ਪਾਰਕਾਂ ਜੰਗਲੀ ਜੀਵ ਪਨਾਹਗਾਹਾਂ ਅਤੇ ਜੰਗਲੀ ਜੀਵ ਬਾਗਾਂ ਦਾ ਨਿਰਮਾਣ ਕਰਨਾ ਅਤੇ ਲੋਕਾਂ ਵਿੱਚ ਜੰਗਲੀ ਜੀਵਾਂ ਦੀ ਸਾਂਭ ਸੰਭਾਲ ਬਾਰੇ ਜਾਗ੍ਰਿਤੀ ਪੈਦਾ ਕਰਨਾ ਆਦਿ ਇਸ ਬੋਰਡ ਦੇ ਮੰਤਵ ਸਨ। ਜੰਗਲੀ ਜੀਵ ਸੁੱਰਖਿਆ ਕਾਨੂੰਨ (The Wildlife Protection Act 1972), ਖਤਮ ਹੋਣ ਦੇ ਖਤਰੇ ਵਾਲੀਆਂ ਪ੍ਰਜਾਤੀਆਂ ਦੇ ਬਚਾਅ ਅਤੇ ਸਾਂਭ-ਸੰਭਾਲ ਵਾਸਤੇ ਵਧੀਆ ਕਾਨੂੰਨ ਹੈ। ਬਹਤੁ ਸਾਰੇ ਪ੍ਰੋਜੈਕਟਾਂ ਜਿਵੇਂ ਕਿ ਸ਼ੇਰ ਪ੍ਰੋਜੈਕਟ, ਹਾਥੀ ਪ੍ਰੋਜੈਕਟ, ਗੈਂਡਾ-ਪ੍ਰੋਜੈਕਟ, ਓਪਰੇਸ਼ਨ ਮਗਰਮੱਛ, ਪ੍ਰੋਜੈਕਟ ਗ੍ਰੇਡ ਇੰਡੀਅਨ ਬਸਟਰਡ ਆਦਿ ਜੰਗਲੀ ਜੀਵਾਂ ਨੂੰ ਬਚਾਉਣ ਲਈ ਸ਼ੁਰੂ ਕੀਤੇ ਗਏ ਹਨ।

ਰਾਖਵੇਂ ਜੀਵ ਮੰਡਲ (Biosphere Reserves) ਬਹੁ-ਮੰਤਵੀ ਸੁੱਰਖਿਅਤ ਖੇਤਰ ਹਨ ਜਿਹਨਾਂ ਦਾ ਕੰਮ ਪ੍ਰਤੀਨਿਥ ਈਕੋਸਿਸਟਮ ਵਿੱਚ, ਵਿਰਸੇ ਦੀ ਅਨੇਕਤਾ ਨੂੰ ਸੰਭਾਲ ਕੇ ਰੱਖਣਾ ਹੈ।

ਹੁਣ ਤੱਕ 18 ਅਜਿਹੇ ਰਾਖਵੇਂ ਜੀਵ-ਮੰਡਲ, ਜੰਗਲੀ ਜੀਵਾਂ ਨੂੰ ਆਪਣੀ 'ਕੁਦਰਤੀ ਰਹਾਇਸ਼ਗਾਹ' ਵਿੱਚ ਹੀ ਸੁੱਰਖਿਅਤ ਰੱਖਣ ਲਈ ਬਣਾਏ ਜਾ ਚੁੱਕੇ ਹਨ। ਸਰਕਾਰ ਦੁਆਰਾ ਜੰਗਲੀ ਜੀਵਾਂ ਦੇ ਬਚਾਅ ਅਤੇ ਸਾਂਭ-ਸੰਭਾਲ ਲਈ 103 ਕੌਮੀ ਪਾਰਕ ਅਤੇ 544 ਜੰਗਲੀ ਜੀਵ ਪਨਾਹਗਾਹਾਂ ਬਣਾਈਆਂ ਗਈਆਂ ਹਨ।

ਜੰਗਲੀ ਜੀਵਾਂ ਨੂੰ ਸੰਭਾਲਣ ਦੇ ਤਰੀਕੇ :—

ਜੰਗਲੀ ਜੀਵ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹਨ। ਇਸ ਕਰਕੇ ਜੰਗਲੀ ਜੀਵਾਂ ਨੂੰ ਬਚਾਉਣਾ ਅਤੇ ਸੰਭਾਲਣਾ ਮਨੁੱਖ ਦਾ ਇਖਲਾਕੀ ਫ਼ਰਜ਼ ਬਣਦਾ ਹੈ। ਹੇਠ ਲਿਖੇ ਤਰੀਕੇ ਜੰਗਲੀ ਜੀਵਾਂ ਦੀ ਸੰਭਾਲ ਲਈ ਕਾਰਗਰ ਸਿੱਧ ਹੋ ਸਕਦੇ ਹਨ—

1. ਹੋਰ ਕੌਮੀ ਪਾਰਕ ਅਤੇ ਜੰਗਲੀ ਜੀਵ ਪਨਾਹਗਾਹਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ।

2. ਸਾਡੇ ਕੌਮ ਪਾਰਕਾਂ ਅਤੇ ਜੰਗਲੀ ਜੀਵ ਪਨਾਹਗਾਹਾਂ ਵਿੱਚ ਜੰਗਲੀ ਜੀਵਾਂ ਲਈ ਪ੍ਰਬੰਧ ਅੱਛਾ ਹੋਣਾ ਚਾਹੀਦਾ ਹੈ।

3. ਸ਼ਿਕਾਰ ਕਰਨ ਤੇ ਲਗਾਈ ਗਈ ਪਾਬੰਦੀ ਸਖ਼ਤੀ ਨਾਲ ਲਾਗੂ ਹੋਣੀ ਚਾਹੀਦੀ ਹੈ।


4. ਸ਼ਿਕਾਰੀ ਅਤੇ ਚਰਵਾਹਿਆਂ ਵਜੋਂ ਰੁਜ਼ਗਾਰ ਕਰਨ ਵਾਲੇ ਲੋਕਾਂ ਨੂੰ ਜੰਗਲ ਵਿੱਚ ਦਾਖਲ ਹੋਣ ਦੀ ਆਗਿਆ ਨਾ ਦਿੱਤੀ ਜਾਵੇ।

5. ਖਤਮ ਹੋਣ ਦੇ ਖ਼ਤਰੇ ਵਾਲੀਆਂ ਪ੍ਰਜਾਤੀਆਂ ਅਤੇ ਜੋ ਪ੍ਰਜਾਤੀਆਂ ਖਤਮ ਹੋਣ ਦੇ ਕਿਨਾਰੇ ਹਨ ਉਹਨਾਂ ਨੂੰ ਬਚਾਉਣ ਲਈ ਖਾਸ ਧਿਆਨ ਦਿੱਤਾ ਜਾਵੇ।

6. ਜੰਗਲੀ ਜੀਵਾਂ ਨੂੰ ਬਚਾਉਣ ਲਈ ਬਹੁਤ ਵੱਡੇ ਪੱਧਰ ਦੇ ਪ੍ਰਬੰਧਕੀ, ਤਕਨੀਕੀ ਅਤੇ ਕਾਨੂੰਨ ਨਿਰਮਾਣ ਸਬੰਧੀ ਕਦਮ ਉਠਾਉਣ ਦੀ ਜ਼ਰੂਰਤ ਹੈ।

7. ਜੰਗਲੀ ਜੀਵਾਂ ਦੀ ਵਧੀਆ ਸਿਹਤ ਵਾਤੇ ਕੌਮੀ ਪਾਰਕਾਂ ਅਤੇ ਜੰਗਲੀ ਜੀਵ ਪਨਾਹਗਾਹਾਂ ਵਿੱਚ ਲੋੜੀਦੀਆਂ ਮੈਡੀਕਲ ਸਹੂਲਤਾਂ ਮੁੰਹਈਆ ਕਰਵਾਈਆਂ ਜਾਣ।

8. ਲੋਕਾਂ ਵਿੱਚ ਜੰਗਲੀ ਜੀਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੈਮੀਨਾਰਾਂ, ਵਰਕਸ਼ਾਖਾਂ ਅਤੇ ਨੁਮਾਇਸ਼ਾਂ ਦਾ ਪ੍ਰਬੰਧ ਕੀਤਾ ਜਾਵੇ।



ਭਾਰਤ ਦੇ ਔਸ਼ਧਿਕ ਦਵਾਈਆਂ ਵਿੱਚ ਵਰਤੇ ਜਾਣ ਵਾਲੇ ਪੌਦੇ :

ਆਯੁਰਵੇਦ ਇਲਾਜ ਭਾਰਤ ਵਿੱਚ ਬਹੁਤ ਪ੍ਰਚਲਤ ਹੈ। ਭਿੰਨ-ਭਿੰਨ ਪ੍ਰਕਾਰ ਦੇ ਪੌਦਿਆਂ, ਦਰੱਖਤਾਂ ਅਤੇ ਜੜੀ-ਬੂਟੀਆਂ ਦੇ ਫਲਾਂ, ਫੁੱਲਾਂ, ਜੜ੍ਹਾਂ ਅਤੇ ਤਣਿਆਂ ਤੋਂ ਹਜ਼ਾਰਾਂ ਤਰ੍ਹਾਂ ਦੀਆਂ ਦਵਾਈਆਂ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਕੁਝ ਔਸ਼ਧਿਕ ਪੌਦੇ ਅਤੇ ਉਹਨਾਂ ਦੀ ਵਰਤੋਂ ਹੇਠਾਂ ਦਿੱਤੇ ਗਏ ਹਨ :—

ਆਂਵਲਾ (ਔਲਾ) : ਇਹ ਵਿਟਾਮਿਨ ਸੀ ਨਾਲ ਭਰਪੂਰ ਹੈ। ਇਹ ਪਾਚਨ ਸ਼ਕਤੀ ਨੂੰ ਸੁਧਾਰਦਾ ਹੈ। ਇਸ ਨੂੰ ਖਾਂਸੀ, ਸ਼ੂਗਰ ਅਤੇ ਕਬਜ਼ ਦੂਰ ਕਰਨ ਵਾਸਤੇ ਵਰਤਿਆ ਜਾਂਦਾ ਹੈ।

ਸਰਪ ਗੰਧਾ : ਇਹ ਖ਼ੂਨ ਦੇ ਦੌਰੇ ਵਿੱਚ ਸੁਧਾਰ ਕਰਦੀ ਹੈ।

ਨਿੰਮ : ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਵਰਤੋਂ ਹੁੰਦੀ ਹੈ। ਸੰਸਕ੍ਰਿਤ ਵਿੱਚ ਇਸ ਨੂੰ ਅਕਸਰ 'ਸਰਵਰੋਗ ਨਿਵਾਰਕ' ਕਿਹਾ ਜਾਂਦਾ ਹੈ। ਇਸ ਤੋਂ ਸਾਬਣ, ਸ਼ੈਂਪੂ, ਕਰੀਮਾਂ, ਟੂਥਪੇਸਟ, ਮਲ੍ਹਮ ਆਦਿ ਬਣਾਉਣ ਲਈ ਵਰਤਿਆ ਜਾਂਦਾ ਹੈ।

ਤੁਲਸੀ : ਖਾਂਸੀ, ਜ਼ੁਕਾਮ ਅਤੇ ਬੁਖ਼ਾਰ ਦੀ ਸੂਰਤ ਵਿੱਚ ਵਰਤੀ ਜਾਂਦੀ ਹੈ।

ਬਿਲ : ਕਬਜ਼ ਅਤੇ ਦਸਤ ਠੀਕ ਕਰਨ ਲਈ ਵਰਤੋਂ ਕੀਤੀ ਜਾਂਦੀ ਹੈ।

ਚੰਦਨ : ਪੁਰਾਣੀਆਂ ਸਾਹ ਦੀਆਂ ਬਿਮਾਰੀਆਂ ਅਤੇ ਚਮੜੀ ਦੀਆਂ ਬਿਮਾਰੀਆਂ ਠੀਕ ਕਰਨ ਲਈ ਵਰਤੀ ਜਾਂਦੀ ਹੈ।

ਸਿਨਕੋਨਾ : ਪੌਦੇ ਦੀ ਛਿਲ ਤੋਂ ਕੁਨੀਨ ਬਣਾਈ ਜਾਂਦੀ ਹੈ ਜੋ ਮਲੇਰੀਆ ਨੂੰ ਠੀਕ ਕਰਨ ਲਈ ਇਸਤੇਮਾਲ ਕੀਤੀ ਜਾਂਦੀ ਹੈ।

ਜਾਮਣ : ਇਸ ਦਾ ਫਲ ਪਾਚਨ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਗੁਠਲੀਆਂ ਸ਼ੂਗਰ ਕੰਟਰੋਲ ਕਰਨ ਲਈ ਵਰਤੀਆਂ ਜਾਂਦੀਆਂ ਹਨ।



ਸੰਖੇਪ ਸਾਰ (Summary)

- ਧਰਤੀ ਉਤੇ ਜੀਵਨ ਚਾਰ ਮੰਡਲਾਂ ਕਾਰਨ ਹੀ ਸੰਭਵ ਹੈ—ਜੀਵ ਮੰਡਲ, ਥਲ ਮੰਡਲ, ਜਲ ਮੰਡਲ, ਵਾਯੂ ਮੰਡਲ।
- ਧਰਤੀ ਉਤੇ ਮੌਜੂਦ ਬਨਸਪਤੀ ਜਗਤ ਨੂੰ Flora ਤੇ ਪ੍ਰਾਣੀ ਨੂੰ Fauna ਕਿਹਾ ਜਾਂਦਾ ਹੈ।
- ਮਨੁੱਖ ਤੇ ਚਾਰੋ ਮੰਡਲਾਂ ਦਾ ਇੱਕ ਦੂਜੇ ਤੇ ਨਿਰਭਰ ਹੋਣਾ ਹੀ Ecosystem ਕਹਾਉਂਦਾ ਹੈ।
- ਬਨਸਪਤੀ ਵਿੱਚ ਭਿੰਨਤਾ ਲਈ-ਭੂਮੀ, ਮਿੱਟੀ, ਤਾਪਮਾਨ, ਸੂਰਜੀ ਰੌਸ਼ਨੀ ਤੇ ਵਰਖਾ ਆਦਿ ਤੱਤ ਜ਼ਿੰਮੇਵਾਰ ਹਨ।
- ਭਾਰਤ ਵਿੱਚ ਮੋਟੇ ਤੌਰ 'ਤੇ ਪੰਜ ਪ੍ਰਕਾਰ ਦੀ ਕੁਦਰਤੀ ਬਨਸਪਤੀ ਮਿਲਦੀ ਹੈ।
- ਪੰਜਾਬ ਵਿੱਚ 6 ਪ੍ਰਕਾਰ ਦੀ ਮਿੱਟੀ ਤੇ 5 ਪ੍ਰਕਾਰ ਦੀ ਬਨਸਪਤੀ ਮਿਲਦੀ ਹੈ।
- ਪੰਜਾਬ ਨੂੰ ਆਪਣੇ ਕੁਦਰਤੀ ਸਾਧਨਾਂ ਦੀ ਰੱਖਿਆ ਦੀ ਬਹੁਤ-ਬਹੁਤ ਲੋੜ ਹੈ।
- ਪੌਦੇ ਲਗਾਉਣ ਦੇ ਕੰਮ ਨੂੰ Afforestation ਕਿਹਾ ਜਾਂਦਾ ਹੈ।
- ਜੰਗਲੀ ਜੀਵਨ ਪੂਰੀ ਤਰ੍ਹਾਂ ਹੀ ਜੰਗਲਾਂ ਉਤੇ ਨਿਰਭਰ ਹੈ।
- ਪ੍ਰਵਾਸੀ ਪੰਛੀ ਕਿਸੇ ਵੀ ਧਰਤੀ ਲਈ ਬਹੁ-ਕੀਮਤੀ ਮਹਿਮਾਨ ਹੁੰਦੇ ਹਨ।
- ਦੇਸ਼ ਵਿੱਚ 14 ਰਾਖਵੇਂ ਜੰਗਲ, 89 ਕੌਮੀ ਪਾਰਕ ਤੇ 490 ਜੀਵ ਪਨਾਹਗਾਹਾਂ ਹਨ।
- ਨਿੰਮ, ਬਿਲ, ਜਾਮਣ, ਚੰਦਨ, ਤੁਲਸੀ, ਸਿਨਕੋਨਾ, ਆਂਵਲਾ ਆਦਿ ਭਾਰਤੀ ਔਸ਼ਧਿਕ ਪੌਦੇ ਹਨ।



ੳ ਨਕਸ਼ਾ ਕਾਰਜ (Map Work)

1. ਭਾਰਤ ਦੇ ਰੇਖਾ ਚਿੱਤਰ (ਖਾਕੇ) ਵਿੱਚ ਭਰੋ :

 (*i*) ਕੁਦਰਤੀ ਬਨਸਪਤੀ ਦੀਆਂ ਕੋਈ ਤਿੰਨ ਕਿਸਮਾਂ ਦੇ ਇਲਾਕੇ।

 (*ii*) ਕੋਈ ਪੰਜ ਰਾਜਾਂ ਵਿੱਚ ਕੌਮੀ ਪਾਰਕ

 (*iii*) ਪੰਜਾਬ ਦੀਆਂ ਸੁਰੱਖਿਅਤ ਜਲਗਾਹਾਂ (ਪੰਜਾਬ ਦੇ ਖਾਕੇ ਵਿੱਚ)

2. ਹੇਠਾਂ ਦਿੱਤੀਆਂ ਗਈਆਂ ਤਸਵੀਰਾਂ ਦੇ ਰੁੱਖ ਪਛਾਣ ਕੇ ਬਨਸਪਤੀ ਦੀ ਕਿਸਮ ਦਾ ਨਾਂ ਲਿਖੋ।

 (*i*) 

 (*ii*) 

3. ਆਪਣੇ ਇਲਾਕੇ ਦੇ 10 ਰੁੱਖਾਂ, 5 ਜਾਨਵਰਾਂ ਤੇ 5 ਪੰਛੀਆਂ ਦੀਆਂ ਤਸਵੀਰਾਂ ਚਾਰਟ ਤੇ ਚਿਪਕਾਓ ਤੇ ਨਾਂ ਲਿਖੋ।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਪੌਦੇ ਦੀ ਤੋਂ ਵਿਧੀ ਰਾਹੀਂ ਆਪਣਾ ਭੋਜਨ ਤਿਆਰ ਕਰਦੇ ਹਨ।
2. ਪੰਜਾਬ ਦਾ ਵਰਗ ਕਿਲੋਮੀਟਰ ਇਲਾਕਾ ਵਣਾਂ ਹੇਠ ਹੈ ਜੋ ਫੀਸਦੀ ਬਣਦਾ ਹੈ।
3. ਮੰਡਲ ਵਿੱਚ ਬਨਸਪਤੀ ਉਗਦੀ ਹੈ ਤੇ ਦੀ ਕਿਸਮ ਉੱਤੇ ਅਸਰ ਪਾਉਂਦੀ ਹੈ।
4. ਧਰਤੀ ਦਾ ਉਹ ਮੰਡਲ ਕਿਹੜਾ ਹੈ ਜਿਸ ਵਿੱਚ ਜੀਵਨ ਹੈ ?

5. ਇਨ੍ਹਾਂ ਵਿੱਚੋਂ ਕਿਹੜੇ ਜਿਲ੍ਹੇ ਵਿੱਚ ਸਭ ਤੋਂ ਵੱਧ ਜੰਗਲ ਮਿਲਦੇ ਹਨ ?
6. ਚਿੰਕਾਰਾ ਕਿਹੜੇ ਜਾਨਵਰ ਦੀ ਇੱਕ ਕਿਸਮ ਹੈ ?
7. ਬੀੜ ਕੀ ਹੁੰਦੀ ਹੈ ?
8. ਉਪ ਊਸ਼ਣ ਝਾੜੀਦਾਰ ਬਨਸਪਤੀ ਵਿੱਚ ਮਿਲਦੇ ਘਾਹ ਦਾ ਨਾਮ ਲਿਖੋ ?
9. ਪੰਜਾਬ ਦੇ ਕੁਲ ਖੇਤਰਫ਼ਲ ਦਾ ਕਿੰਨੇ ਫੀਸਦੀ ਰਕਬਾ ਵਣ ਹੇਠ ਹੈ ?
10. ਝਾੜੀਆਂ ਤੇ ਕੰਡੇਦਾਰ ਜੰਗਲੀ ਇਲਾਕਿਆਂ ਵਿੱਚ ਕਿਹੜੇ ਜਾਨਵਰ ਮਿਲਦੇ ਹਨ ?

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਫ਼ਲੋਰਾ ਤੇ ਫੌਨਾ ਕੀ ਹਨ ? ਸਪਸ਼ਟ ਕਰੋ।
2. ਵਣਾਂ ਦੀ ਰੱਖਿਆ ਕਿਉਂ ਜ਼ਰੂਰੀ ਹੈ, ਲਿਖਕੇ ਸਮਝਾਓ।
3. ਸਦਾਬਹਾਰ ਵਣਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ।
4. ਪੰਜਾਬ ਦੀ ਕੁਦਰਤੀ ਬਨਸਪਤੀ ਨਾਲ ਜਾਣ ਪਛਾਣ ਕਰਵਾਓ।
5. ਔਲਾ, ਤੁਲਸੀ ਤੇ ਸਿਨਕੋਨਾ ਤੋਂ ਕੀ ਲਾਭ ਹੋ ਸਕਦੇ ਹਨ, ਲਿਖੋ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਕੁਦਰਤੀ ਬਨਸਪਤੀ ਮਨੁੱਖੀ ਸਮਾਜ ਦੇ ਫੇਫੜੇ ਹੁੰਦੇ ਹੈ, ਕਿਵੇਂ ?
2. ਕੁਦਰਤੀ ਬਨਸਪਤੀ ਨੂੰ ਕਿਹੜੇ ਭੂਗੋਲਿਕ ਤੱਤ ਪ੍ਰਭਾਵਿਤ ਕਰਦੇ ਹਨ ?
3. ਭਾਰਤੀ ਜੰਗਲਾਂ ਨੂੰ ਜਲਵਾਯੂ ਦੇ ਆਧਾਰ ਤੇ ਵੰਡੋ ਤੇ ਰੁੱਖਾਂ ਦੇ ਨਾਮ ਵੀ ਲਿਖੋ।
4. ਪੰਜਾਬ ਦੀ ਕੁਦਰਤੀ ਬਨਸਪਤੀ ਦੀ ਵੰਡ ਬਾਰੇ ਚਾਨਣਾ ਪਾਓ।
5. ਜੰਗਲੀ ਜੀਵਨ ਤੇ ਉਸਦੀ ਸੁਰੱਖਿਆ ਵਿਧੀਆਂ ਬਾਰੇ ਵਿਸਥਾਰ ਨਾਲ ਦੱਸੋ।

❖ ❖ ❖



Bird arrivals at state wetlands remain constant at 1.25 lakh

Know the wetlands

Bird arrivals per year

6

ਜਨਸੰਖਿਆ ਜਾਂ ਵਸੋਂ

(Population)

ਮਨੁੱਖ ਨੂੰ ਉੱਤਮ ਪ੍ਰਾਣੀ ਮੰਨਿਆ ਜਾਂਦਾ ਹੈ ਜਿਹੜਾ ਇਸ ਗ੍ਰਹਿ ਤੋਂ ਕਈ ਕਿਸਮ ਦੇ ਵਿਕਾਸ ਦੇ ਕਾਰਜ ਕਰਦਾ ਹੈ। ਇਸ ਧਰਤੀ ਉੱਤੇ ਜੋ ਵੀ ਸਾਧਨ ਮੌਜੂਦ ਹਨ ਉਹਨਾਂ ਸਾਰਿਆਂ ਦੀ ਵਰਤੋਂ ਮਨੁੱਖਾਂ ਦੁਆਰਾ ਹੀ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਉਦੇਸ਼ ਮਨੁੱਖ ਦੇ ਜੀਵਨ ਨੂੰ ਸੌਖਾ ਤੇ ਅਰਾਮਦਾਇਕ ਬਨਾਉਣਾ ਹੈ। ਮਨੁੱਖ ਤੋਂ ਬਿਨ੍ਹਾਂ ਇਹ ਸਾਧਨ ਅਣਵਰਤੇ ਰਹਿ ਜਾਂਦੇ ਹਨ 'ਤੇ ਇਹਨਾਂ ਦੀ ਕੋਈ ਮਹੱਤਤਾ ਪ੍ਰਤੱਖ ਰੂਪ ਵਿੱਚ ਨਜ਼ਰ ਨਹੀਂ ਆਉਂਦੀ। ਮਨੁੱਖੀ ਸਾਧਨ ਦਾ ਵਿਕਾਸ ਹੀ ਹੋਰ ਸਾਧਨਾਂ ਦੇ ਵਿਕਾਸ ਦਾ ਧੁਰਾ ਹੈ। ਇਸ ਕਰਕੇ ਜਨਸੰਖਿਆ ਦਾ ਅਧਿਐਨ, ਜਿਹੜਾ ਮੁਢਲੇ ਤੌਰ 'ਤੇ ਮਨੁੱਖਾਂ ਦੇ ਹਰੇਕ ਪੱਖ ਨੂੰ ਸ਼ਾਮਲ ਕਰਦਾ ਹੈ, ਭੂਗੋਲ ਦਾ ਮਹੱਤਵਪੂਰਨ ਵਿਸ਼ਾ-ਵਸਤੂ ਹੈ। ਇਸ ਅਧਿਆਇ ਵਿੱਚ ਅਸੀਂ ਜਨਸੰਖਿਆ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਬਾਰੇ ਪੜ੍ਹਾਂਗੇ :-



ਜਨਸੰਖਿਆ ਦਾ ਅਕਾਰ (Size of Population) : ਸਾਲ 2016 ਵਿੱਚ ਸੰਸਾਰ ਦੀ ਅਨੁਮਾਨਤ ਜਨਸੰਖਿਆ 7 ਬਿਲੀਅਨ 422 ਮਿਲੀਅਨ (7 ਅਰਬ 42 ਕਰੋੜ 26 ਲੱਖ) ਤੋਂ ਵੱਧ ਤੇ ਭਾਰਤ ਦੀ ਇਕ ਅਰਬ 32 ਕਰੋੜ 68 ਲੱਖ ਤੋਂ ਵੱਧ ਸੀ। ਜਨਸੰਖਿਆ ਦੀ ਸੰਸਾਰਕ ਵੰਡ ਇੱਕ ਸਮਾਨ ਨਹੀਂ ਹੈ, ਕਈ ਦੇਸ਼ਾਂ ਦੀ ਜਨਸੰਖਿਆ ਜ਼ਿਆਦਾ ਅਤੇ ਕਈਆਂ ਦੀ ਘੱਟ ਹੈ। ਭਾਰਤ ਦਾ ਭੂਗੋਲਿਕ ਖੇਤਰਫਲ 3.287 ਮਿਲੀਅਨ (32 ਲੱਖ 87 ਹਜ਼ਾਰ) ਵਰਗ ਕਿਲੋਮੀਟਰ ਹੈ ਅਤੇ ਖੇਤਰਫਲ ਪੱਖੋਂ ਇਹ ਸੰਸਾਰ ਵਿੱਚ ਸੱਤਵਾਂ ਸਥਾਨ ਰੱਖਦਾ ਹੈ। ਇਹ ਇੱਕ ਹੈਰਾਨੀਜਨਕ ਤੱਥ ਹੈ ਕਿ ਭਾਰਤ, ਸੰਸਾਰ ਦੇ 2.4 ਪ੍ਰਤੀਸ਼ਤ ਖੇਤਰਫਲ ਨਾਲ ਸੰਸਾਰ ਦੀ ਕੁੱਲ ਵੱਸੋਂ ਦਾ 16 ਪ੍ਰਤੀਸ਼ਤ ਤੋਂ ਜ਼ਿਆਦਾ ਹਿੱਸਾ ਸਮਾਈ ਬੈਠਾ ਹੈ। ਮਰਦਮਸ਼ੁਮਾਰੀ 2011 ਦੇ ਅੰਕੜਿਆਂ ਅਨੁਸਾਰ, ਆਬਾਦੀ ਪੱਖੋਂ ਚੀਨ ਤੋਂ ਬਾਅਦ ਭਾਰਤ ਦਾ ਸੰਸਾਰ ਵਿੱਚ ਦੂਜਾ ਸਥਾਨ ਹੈ ਅਤੇ ਇਸ ਦੀ ਜਨਸੰਖਿਆ 1,21,05,69573 ਵਿਅਕਤੀ ਸੀ। ਸਾਲ 2001 ਦੀ ਜਨਗਣਨਾ (ਮਰਦਮਸ਼ੁਮਾਰੀ) ਅਨੁਸਾਰ ਭਾਰਤ ਦੀ ਆਬਾਦੀ 1,02,87,37436 ਵਿਅਕਤੀ ਸੀ। ਇਨ੍ਹਾਂ ਸਾਲਾਂ (2001–2011) ਦੇ ਦੌਰਾਨ ਜਨਸੰਖਿਆ ਵਿੱਚ ਸ਼ੁੱਧ ਵਾਧਾ 18,19,59458 ਵਿਅਕਤੀ ਅਤੇ 17.7 ਪ੍ਰਤੀਸ਼ਤ ਦਾ ਦਹਾਕਾ ਵਾਧਾ (Decadal growth) ਹੋਇਆ। ਭਾਰਤ ਦੀ ਜਨਸੰਖਿਆ ਵਿੱਚ ਦਸ ਸਾਲਾਂ (2001–2011) ਦੌਰਾਨ ਹੋਇਆ ਸ਼ੁੱਧ ਵਾਧਾ (Absolute growth), ਬ੍ਰਾਜ਼ੀਲ ਦੀ ਵੱਸੋਂ ਤੋਂ ਥੋੜ੍ਹਾ ਜਿਹਾ ਹੀ ਘੱਟ ਹੈ ਜਦ ਕਿ ਬ੍ਰਾਜ਼ੀਲ ਆਬਾਦੀ ਪੱਖੋਂ ਸੰਸਾਰ ਵਿੱਚ ਪੰਜਵੇਂ ਨੰਬਰ ਤੇ ਆਉਂਦਾ ਹੈ। ਇਸ ਵੇਲੇ ਸੰਸਾਰ ਦੇ ਲਗਭਗ ਛੇ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਭਾਰਤੀ ਹੈ।


ਦੇਸ਼ ਵਿੱਚ ਪੁਰਸ਼ਾਂ ਦੀ ਗਿਣਤੀ 62,31,21,843 ਔਰਤਾਂ ਦੀ ਗਿਣਤੀ 58,74,47,730 ਦੇ ਮੁਕਾਬਲੇ ਜ਼ਿਆਦਾ ਹੈ।


ਕੀ ਤੁਸੀਂ ਜਾਣਦੇ ਹੋ ?


ਜਨਗਣਨਾ ਜਾਂ ਮਰਦਮਸ਼ੁਮਾਰੀ : ਸਰਕਾਰੀ ਤੌਰ 'ਤੇ ਹਰ ਦਸ ਸਾਲ ਬਾਅਦ ਕੀਤੀ ਜਾਂਦੀ ਜਨਸੰਖਿਆ ਦੀ ਗਿਣਤੀ ਨੂੰ ਜਨਗਣਨਾ ਜਾਂ ਮਰਦਮਸ਼ੁਮਾਰੀ (Census) ਕਿਹਾ ਜਾਂਦਾ ਹੈ। ਇਸ ਵਿੱਚ ਜਨਸੰਖਿਆ ਦੇ ਵੱਖ-ਵੱਖ ਪਹਿਲੂਆਂ ਜਿਵੇਂ ਉਮਰ, ਸਾਖਰਤਾ, ਲਿੰਗ ਆਦਿ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਭਾਰਤ ਵਿੱਚ ਜਨਗਣਨਾ ਸੰਨ 1872 ਤੋਂ ਕੀਤੀ ਜਾ ਰਹੀ ਹੈ ਅਤੇ 2011 ਦੀ ਜਨਗਣਨਾ ਲੜੀ ਵਿੱਚ 15ਵੀਂ ਜਨਗਣਨਾ ਸੀ। ਇਸ ਜਨਗਣਨਾ ਵਿੱਚ ਕੁੱਲ 22000 ਮਿਲੀਅਨ (22 ਅਰਬ) ਰੁਪਏ ਦਾ ਖਰਚਾ ਹੋਇਆ, 27 ਲੱਖ ਅਧਿਕਾਰੀਆਂ ਨੂੰ ਕੰਮ 'ਤੇ ਲਗਾਇਆ ਗਿਆ ਅਤੇ 8000 ਮੀਟਰਕ ਟਨ ਕਾਗਜ਼ ਦਾ ਇਸਤੇਮਾਲ ਹੋਇਆ। ਇਸ ਤੋਂ ਪਤਾ ਲਗਦਾ ਹੈ ਕਿ ਜਨਗਣਨਾ ਵਿੱਚ ਕਿੰਨਾ ਖਰਚ ਹੁੰਦਾ ਹੈ ਤੇ ਕਿੰਨੇ ਲੋਕ ਇਸ ਕੰਮ ਵਿੱਚ ਲਗਾਏ ਜਾਂਦੇ ਹਨ। ਇਸ ਸਭ ਨੂੰ ਧਿਆਨ ਰਖਦਿਆਂ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਜਦੋਂ ਜਨਗਣਨਾਂ ਕਰਨ ਲਈ ਕੋਈ ਵਿਅਕਤੀ ਆਉਂਦਾ ਹੈ ਤਾਂ ਉਸ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ ਤਾਂ ਕਿ ਰਾਸ਼ਟਰੀ ਖਰਚ ਦਾ ਸਹੀ ਇਸਤੇਮਾਲ ਹੋ ਸਕੇ।

ਜਨਸੰਖਿਆ ਦੀ ਵੰਡ (Distribution of Population) :- ਦੇਸ਼ ਵਿੱਚ ਜਨਸੰਖਿਆ ਦੀ ਵੰਡ ਇਕਸਾਰ ਨਹੀਂ ਹੈ। ਕਈ ਰਾਜਾਂ ਵਿੱਚ ਦੂਜੇ ਰਾਜਾਂ ਦੇ ਮੁਕਾਬਲੇ ਵੱਸੋਂ ਸੰਘਣੀ ਹੈ। ਉੱਤਰ ਪ੍ਰਦੇਸ਼ ਜਿਸ ਦੀ ਜਨਸੰਖਿਆ 19,95,81,477 ਵਿਅਕਤੀ, ਦੇਸ਼ ਵਿੱਚ ਪਹਿਲੇ ਨੰਬਰ ਉੱਤੇ ਅਤੇ ਮਹਾਂਰਾਸ਼ਟਰ 11,23,72,972 ਵਿਅਕਤੀਆਂ ਦੀ ਗਿਣਤੀ ਨਾਲ ਦੇਸ਼ ਵਿੱਚ ਦੂਜੇ ਨੰਬਰ ਤੇ ਹੈ। ਭਾਰਤ ਦੇ ਪੰਜ ਰਾਜਾਂ-ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਬਿਹਾਰ, ਪੱਛਮੀ ਬੰਗਾਲ ਅਤੇ ਆਂਧਰਾ ਪ੍ਰਦੇਸ਼ ਵਿੱਚ ਦੇਸ਼ ਦੀ ਲੱਗਭੱਗ 50 ਪ੍ਰਤੀਸ਼ਤ ਅਬਾਦੀ ਰਹਿੰਦੀ ਹੈ। ਸਿੱਕਮ ਜਿਸ ਦੀ ਅਬਾਦੀ ਕੇਵਲ, 6,07,688 ਵਿਅਕਤੀ ਹੈ, ਭਾਰਤ ਦਾ ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ ਹੈ। ਕੇਂਦਰੀ

(64,429 ਵਿਅਕਤੀ) ਅਬਾਦੀ ਦੇ ਹਿਸਾਬ ਨਾਲ ਕਰਮਵਾਰ ਪਹਿਲਾ ਅਤੇ ਆਖਰੀ ਸਥਾਨ ਰੱਖਦੇ ਹਨ। ਅਬਾਦੀ ਪੱਖੋਂ ਪੰਜਾਬ ਦਾ ਭਾਰਤ ਵਿੱਚ ਪੰਦਰਵਾਂ ਸਥਾਨ ਹੈ ਜਿਸਦੀ ਜਨਸੰਖਿਆ 2,77,43,338 ਵਿਅਕਤੀ ਹੈ।





ਪੰਜਾਬ
PUNJAB
ਕੁੱਲ ਜਨਸੰਖਿਆ (ਹਜ਼ਾਰਾਂ ਵਿੱਚ) 2011
Total Population (in thousands) 2011
PUNJAB-27743
ਕੈਟਾਗਰੀ
CATEGORIES
685 ਤੋਂ ਘੱਟ (BELOW) ਬਹੁਤ ਘੱਟ VERY LOW
684 - 986 ਘੱਟ LOW
987 - 1583 ਦਰਮਿਆਨਾ MEDIUM
1584 - 2027 ਵੱਧ HIGH
2028 ਤੋਂ ਜ਼ਿਆਦਾ (AND ABOVE) ਬਹੁਤ ਵੱਧ VERY HIGH
Legend
International Boundary
State Boundary
Distrct Boundary


ਪੰਜਾਬ
PUNJAB
ਜਨਸੰਖਿਆ ਘਣਤਾ ਪ੍ਰਤੀ ਵਰਗ ਕਿਲੋਮੀਟਰ 2011
Density of Population Per Sq. Km 2011
PUNJAB-551
ਕਪੂਰਥਲਾ 645
ਗੁਰਦਾਸਪੁਰ 938
ਹੁਸ਼ਿਆਰਪੁਰ 469
ਤਰਨ ਤਾਰਨ 464
ਜਲੰਧਰ 496
ਐਸ.ਬੀ.ਐਸ. ਨਗਰ 478
ਰੂਪਨਗਰ 505
ਐਸ.ਏ.ਐਸ. ਨਗਰ 509
ਚੰਡੀਗੜ੍ਹ
ਫਤਹਿਗੜ੍ਹ ਸਾਹਿਬ 509
ਲੁਧਿਆਣਾ 979
ਮੋਗਾ 444
ਫਰੀਦਕੋਟ 424
ਫਿਰੋਜ਼ਪੁਰ 382
ਸ੍ਰੀ ਮੁਕਤਸਰ ਸਾਹਿਬ 346
ਬਠਿੰਡਾ 414
ਬਰਨਾਲਾ 402
ਪਟਿਆਲਾ 570
ਸੰਗਰੂਰ 457
ਮਾਨਸਾ 350
ਸ਼੍ਰੇਣੀਆਂ
CATEGORIES
350 ਤੋਂ ਘੱਟ (BELOW) ਬਹੁਤ ਘੱਟ VERY LOW
381 - 449 ਘੱਟ LOW
450 - 508 ਦਰਮਿਆਨਾ MEDIUM
509 - 649 ਵੱਧ HIGH
650 ਤੋਂ ਜ਼ਿਆਦਾ (AND ABOVE) ਬਹੁਤ ਵੱਧ VERY HIGH
Legend
International Boundary
State Boundary
District Boundary

ਸੰਸਾਰ ਜਨਸੰਖਿਆ ਦਿਵਸ (World Population Day) :- ਹਰ ਸਾਲ 11 ਜੁਲਾਈ ਨੂੰ ਮਨਾਇਆ ਜਾਂਦਾ ਹੈ।



ਵੱਸੋਂ ਘਣਤਾ (Density of Population) :- ਵੱਸੋਂ ਘਣਤਾ ਤੋਂ ਭਾਵ ਇੱਕ ਵਰਗ ਕਿਲੋਮੀਟਰ ਰਕਬੇ ਵਿੱਚ ਰਹਿ ਰਹੇ ਵਿਅਕਤੀਆਂ ਤੋਂ ਹੈ। ਕਿਸੇ ਖਾਸ ਇਲਾਕੇ ਵਿੱਚ ਜਨਸੰਖਿਆ ਦੇ ਸੰਘਣੇਪਣ ਨੂੰ ਦਰਸਾਉਣ ਦਾ ਇਹ ਇੱਕ ਮੱਤਵਪੂਰਣ ਸੂਚਕ ਹੈ। ਜਨਗਣਨਾ 2011 ਦੇ ਜਨਸੰਖਿਆ ਅੰਕੜਿਆਂ ਅਨੁਸਾਰ ਭਾਰਤ ਦੀ ਵੱਸੋਂ ਘਣਤਾ 382 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਜਿਹੜੀ ਕਿ 2001 ਦੀ ਜਨਗਣਨਾ ਅਨੁਸਾਰ 325 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਸੀ। ਪੰਜਾਬ ਰਾਜ ਦੀ ਵੱਸੋਂ ਘਣਤਾ ਵੀ 484 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ (2001) ਤੋਂ ਵੱਧ ਕੇ 551 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੋ ਗਈ ਹੈ ਇਸ ਤੋਂ ਇਲਾਵਾ ਬਿਹਾਰ (1106), ਪੱਛਮੀ ਬੰਗਾਲ (1028), ਕੇਰਲ (860), ਉੱਤਰ ਪ੍ਰਦੇਸ਼ (829) ਆਦਿ ਰਾਜ ਜ਼ਿਆਦਾ ਵਸੋਂ ਘਣਤਾ ਵਾਲੇ ਅਤੇ ਅਰੁਣਾਚਲ ਪ੍ਰਦੇਸ਼ (17), ਮਿਜ਼ੋਰਮ (52), ਸਿੱਕਮ (86), ਨਾਗਾਲੈਂਡ (119) ਆਦਿ ਭਾਰਤ ਦੇ ਬਹੁਤ ਹੀ ਘੱਟ ਵੱਸੋਂ ਘਣਤਾ ਵਾਲੇ ਰਾਜ ਹਨ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ (46 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ) ਅਤੇ ਦਿੱਲੀ (11297 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ) ਅਬਾਦੀ ਪੱਖੋਂ ਕ੍ਰਮਵਾਰ ਸਭ ਤੋਂ ਘੱਟ ਅਤੇ ਸਭ ਤੋਂ ਜ਼ਿਆਦਾ ਸੰਘਣੀ ਅਬਾਦੀ ਵਾਲੇ ਪ੍ਰਦੇਸ਼ ਹਨ।


ਭਾਰਤ
INDIA
ਲਿੰਗ ਅਨੁਪਾਤ 2011
Sex Ratio 2011
INDIA-943
PUNJAB-895
ਜੰਮੂ ਅਤੇ ਕਸ਼ਮੀਰ
889
ਹਿਮਾਚਲ ਪ੍ਰਦੇਸ਼
972
ਪੰਜਾਬ
895
ਉਤਰਾਖੰਡ
963
ਚੰਡੀਗੜ੍ਹ
879
ਰਾਜਸਥਾਨ
928
ਉੱਤਰ ਪ੍ਰਦੇਸ਼
912
ਬਿਹਾਰ
918
ਸਿੱਕਿਮ
ਅਰੁਣਾਚਲ ਪ੍ਰਦੇਸ਼
938
ਆਸਾਮ
ਨਾਗਾਲੈਂਡ
ਮਿਜ਼ੋਰਮ
ਤ੍ਰਿਪੁਰਾ
ਮੇਘਾਲਿਆ
ਮਣੀਪੁਰ
ਝਾਰਖੰਡ
949
ਪੱਛਮੀ ਬੰਗਾਲ
950
ਗੁਜਰਾਤ
919
ਮੱਧ ਪ੍ਰਦੇਸ਼
931
ਉੜੀਸਾ
979
ਮਹਾਂਰਾਸ਼ਟਰ
929
ਆਂਧਰਾ ਪ੍ਰਦੇਸ਼
993
ਕਰਨਾਟਕਾ
973
ਤਾਮਿਲਨਾਡੂ
ਪਾਂਡੀਚਰੀ
ਕੇਰਲਾ
1084
ਲਕਸ਼ਦੀਪ
ਅੰਡੇਮਾਨ ਤੇ ਨਿਕੋਬਾਰ
ਕੈਟਾਗਰੀ
CATEGORIES
ਬਹੁਤ ਘੱਟ VERY LOW
ਘੱਟ LOW
ਦਰਮਿਆਨਾ MEDIUM
ਵੱਧ HIGH
ਬਹੁਤ ਵੱਧ VERY HIGH
Legend
State Boundary

$$\text{ਵੱਸੋਂ ਘਣਤਾ} = \frac{\text{ਕੁੱਲ ਅਬਾਦੀ}}{\text{ਕੁਲ ਖੇਤਰਫਲ}}$$

ਪੰਜਾਬ ਵਿੱਚ ਲੁਧਿਆਣਾ (978 ਵਿਅਕਤੀ ਪ੍ਰਤੀ ਵਰਗਾਂ ਕਿਲੋਮੀਟਰ) ਅਤੇ ਅੰਮ੍ਰਿਤਸਰ (928 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ) ਵੱਸੋਂ ਘਣਤਾ ਵਿੱਚ ਮੋਹਰੀ ਜ਼ਿਲ੍ਹੇ ਹਨ।

ਭਾਰਤ ਦੀ ਵੱਸੋਂ ਘਣਤਾ 1951-2011

ਜਨਗਣਨਾ ਦਾ ਸਾਲ	ਵੱਸੋ ਘਣਤਾ (ਵਿਅਕਤੀ ਪ੍ਰਤੀ ਵਰਗ ਕਿਲੋਮੀਟਰ)
1951	117
1961	142
1971	177
1981	216
1991	267
2001	325
2011	382

ਜਨਗਣਨਾ 2011 ਅਨੁਸਾਰ ਭਾਰਤ ਦੇ ਜ਼ਿਲ੍ਹਿਆਂ ਦਾ ਸਥਾਨ (ਜਨਸੰਖਿਆ ਅਨੁਸਾਰ)

ਪਹਿਲੇ ਦੋ ਸਥਾਨ		ਹੇਠਲੇ ਦੋ ਸਥਾਨ	
ਜ਼ਿਲ੍ਹੇ ਦਾ ਨਾਮ	ਜਨਸੰਖਿਆ	ਜ਼ਿਲ੍ਹੇ ਦਾ ਨਾਮ	ਜਨਸੰਖਿਆ
1. ਥਾਣੇ (ਮਹਾਂਰਾਸ਼ਟਰ)	1,10,60,148 ਵਿਅਕਤੀ	1. ਦਿਬਾਂਗ ਘਾਟੀ (ਅਰੁਨਾਚਲ ਪ੍ਰਦੇਸ਼)	8,004 ਵਿਅਕਤੀ
2. ਉੱਤਰ ਚੌਬੀਸ ਪਰਗਨਾ (ਪੱਛਮੀ ਬੰਗਾਲ)	1,00,09,781	2. ਅਨਜਾਅ (ਅਰੁਨਾਚਲ ਪ੍ਰਦੇਸ਼)	21,167 ਵਿਅਕਤੀ

ਵਸੋਂ ਵਾਧਾ (Population Growth) :

ਕਿਸੇ ਇਲਾਕੇ ਜਾਂ ਦੇਸ਼ ਵਿੱਚ ਵਿਅਕਤੀਆਂ ਦੀ ਗਿਣਤੀ ਸਥਿਰ ਨਹੀਂ ਰਹਿੰਦੀ ਸਗੋਂ ਇਹ ਸਮੇਂ ਦੇ ਨਾਲ-ਨਾਲ ਬਦਲਦੀ ਰਹਿੰਦੀ ਹੈ। ਇਸ ਲਈ ਕਿਸੇ ਇਲਾਕੇ ਵਿੱਚ, ਇੱਕ ਖਾਸ ਸਮੇਂ ਦੌਰਾਨ, ਵਿਅਕਤੀਆਂ ਦੀ ਗਿਣਤੀ ਵਿੱਚ ਆਏ ਬਦਲਾਅ ਨੂੰ ਵਸੋਂ ਵਾਧਾ ਕਿਹਾ ਜਾਂਦਾ ਹੈ। ਇਹ ਬਦਲਾਅ ਜਨਮ ਦਰ ਜਾਂ ਮੌਤ ਦਰ ਵਿੱਚ ਤਬਦੀਲੀ ਕਾਰਨ ਜਾਂ ਲੋਕਾਂ ਦੇ ਪਰਵਾਸ ਕਰਕੇ ਹੋ ਸਕਦਾ ਹੈ। ਵਸੋਂ ਵਾਧਾ ਧਨਾਤਮਕ (Positive) ਜਾਂ

ਰਿਣਾਤਮਕ (Negative) ਵੀ ਹੋ ਸਕਦਾ ਹੈ। ਜੇਕਰ ਇੱਕ ਇਲਾਕੇ ਵਿੱਚ ਇੱਕ ਖਾਸ ਸਮੇਂ ਉੱਥੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ, ਤਾਂ ਵਸੋਂ ਵਾਧਾ ਧਨਾਤਮਕ ਹੋਵੇਗਾ। ਇਹ ਰਿਣਾਤਮਕ ਵੀ ਹੋ ਸਕਦਾ ਹੈ, ਜੇਕਰ ਇੱਕ ਖੇਤਰ ਵਿੱਚ ਇੱਕ ਖਾਸ ਸਮੇਂ ਦੌਰਾਨ ਜਨਸੰਖਿਆ ਵਿੱਚ ਘਾਟਾ ਹੋਇਆ ਹੋਵੇ।

- ਜਨਮ ਦਰ :- ਇੱਕ ਸਾਲ ਵਿੱਚ ਇੱਕ ਹਜ਼ਾਰ ਵਿਅਕਤੀਆਂ ਪਿੱਛੇ ਜਿਉਂਦੇ ਬੱਚਿਆਂ ਦਾ ਜਨਮ ਲੈਣਾ।
- ਮੌਤ ਦਰ :- ਇੱਕ ਸਾਲ ਵਿੱਚ ਇੱਕ ਹਜ਼ਾਰ ਵਿਅਕਤੀਆਂ ਪਿੱਛੇ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ।
- ਕੁਦਰਤੀ ਵਾਧਾ ਦਰ :- ਇੱਕ ਸਾਲ ਵਿੱਚ ਜਨਮ ਅਤੇ ਮੌਤ ਦਰ ਵਿੱਚ ਅੰਤਰ।

ਵੱਸੋਂ ਵਾਧੇ ਨੂੰ ਸ਼ੁੱਧ ਗਿਣਤੀ ਜਾ ਪ੍ਰਤੀਸ਼ਤਤਾ ਵਿੱਚ ਬਿਆਨ ਕੀਤਾ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਸਾਲ 2001 ਵਿੱਚ ਭਾਰਤ ਦੀ ਜਨਸੰਖਿਆ 10,2,87,37,436 ਵਿਅਕਤੀ ਸੀ ਜਿਹੜੀ ਵੱਧ ਕੇ ਸਾਲ 2011 ਵਿੱਚ 1,21,0569, 573 ਵਿਅਕਤੀ ਹੋ ਗਈ। ਦਸਾਂ ਸਾਲਾਂ ਵਿੱਚ ਜਨਸੰਖਿਆ ਵਿੱਚ ਸ਼ੁੱਧ ਵਾਧਾ 18,19,59,458 ਵਿਅਕਤੀ ਦਾ ਹੋਇਆ ਹੈ। ਇਸ ਵਾਧੇ ਨੂੰ ਪ੍ਰਤੀਸ਼ਤਤਾ ਵਿੱਚ ਵੀ ਦਿਖਾਇਆ ਜਾ ਸਕਦਾ ਹੈ ਜਿਵੇਂ ਕਿ ਹੇਠਾਂ ਦਿੱਤਾ ਗਿਆ ਹੈ –

ਵਸੋਂ ਵਾਧਾ ਪ੍ਰਤੀਸ਼ਤ = 18,19,59,458/1,02,87,37,436 × 100 = 17.68%


ਇਸ ਲਈ ਦਹਾਕਾ ਵਸੋਂ ਵਾਧਾ = 17.68%

ਪੰਜਾਬ ਰਾਜ ਵਿੱਚ ਦਸ ਸਾਲਾਂ (2001–2011) ਦੇ ਸਮੇਂ ਦੌਰਾਨ ਵਸੋਂ ਵਾਧਾ 13.9 ਪ੍ਰਤੀਸ਼ਤ ਹੋਇਆ ਜਦੋਂ ਕਿ ਇਸ ਤੋਂ ਪਹਿਲਾਂ ਦਹਾਕੇ (1991–2001) ਦੌਰਾਨ ਇਹ ਵਸੋਂ ਵਾਧਾ 20.10 ਪ੍ਰਤੀਸ਼ਤ ਸੀ। ਇਹ ਇੱਕ ਵਧੀਆ ਸੂਚਕ ਹੈ। ਨਾਗਾਲੈਂਡ ਵਿੱਚ ਦਸ ਸਾਲਾਂ (2001–2011) ਦੇ ਸਮੇਂ ਦੌਰਾਨ ਇਹ ਵਾਧਾ – 0.47% ਰਿਣਾਤਮਕ ਦੇਖਿਆ ਗਿਆ ਹੈ। ਜ਼ਿਆਦਾ ਜਨਸੰਖਿਆ ਜਾਂ ਵਸੋਂ ਵਾਧੇ ਲਈ ਹੇਠ ਲਿਖੇ ਕੁਝ ਤੱਤ ਜ਼ਿੰਮੇਵਾਰ ਹਨ :-

- ਉੱਚੀ ਜਨਮ ਦਰ ਅਤੇ ਘਟਦੀ ਮੌਤ ਦਰ
- ਵਿਆਹ ਦੀ ਸਰਵ ਵਿਆਪਕਤਾ
- ਲੜਕੀਆਂ ਦੇ ਛੋਟੀ ਉਮਰ ਵਿੱਚ ਵਿਆਹ
- ਆਰਥਿਕ ਪਛੜੇਵਾਂ ਅਤੇ
- ਦੇਸ਼ ਦੀਆਂ ਜਲਵਾਯੂ ਹਾਲਤਾਂ।

ਜਨਗਣਨਾ - 2011

ਦੇਸ਼ ਦੀਆਂ ਪ੍ਰਸ਼ਾਸਕੀ ਇਕਾਈਆਂ	
ਰਾਜ/ਕੇਂਦਰੀ ਸ਼ਾਸਤ ਪ੍ਰਦੇਸ਼	35
ਜ਼ਿਲ੍ਹੇ	707 (2016)
ਉਪ-ਜ਼ਿਲ੍ਹੇ	5924
ਕਸਬੇ/ਸ਼ਹਿਰ	7933
ਪਿੰਡ	6,40,930




ਉਮਰ ਅਤੇ ਲਿੰਗ ਰਚਨਾ (Age and Gender Composition) :

ਉਮਰ ਰਚਨਾ ਤੋਂ ਭਾਵ ਹੈ ਕਿ ਕਿਸੇ ਇਲਾਕੇ, ਰਾਜ ਜਾਂ ਦੇਸ਼ ਦੀ ਜਨਸੰਖਿਆ ਨੂੰ ਅਲੱਗ-ਅਲੱਗ ਉਮਰ-ਗੁੱਟਾਂ ਵਿੱਚ ਵੰਡਣਾ। ਇਹਨਾਂ ਅਲੱਗ-ਅਲੱਗ ਉਮਰ ਗੁੱਟਾਂ ਦੀਆਂ ਅਲੱਗ-ਅਲੱਗ ਲੋੜਾਂ ਅਤੇ ਸਮਰੱਥਾ ਹੁੰਦੀ ਹੈ। ਇਸ ਲਈ ਭਵਿੱਖਤ ਯੋਜਨਾ ਦੀ ਨਜ਼ਰ ਤੋਂ ਇਹ ਗੁੱਟਤਾ ਬਹੁਤ ਮਹੱਤਵਪੂਰਨ ਹੁੰਦੀ ਹੈ। ਆਮ ਤੌਰ ਤੇ ਦੇਸ਼ ਦੀ ਸਾਰੀ ਜਨਸੰਖਿਆ ਨੂੰ ਤਿੰਨ ਮਹੱਤਵਪੂਰਨ ਗੁੱਟਾਂ ਵਿੱਚ ਵੰਡਿਆ ਜਾਂਦਾ ਹੈ- ਬੱਚੇ, ਨੌਜਵਾਨ ਅਤੇ ਬਿਰਧ ਵਿਅਕਤੀ। 0-14 ਸਾਲ ਦੇ ਵਿਅਕਤੀ ਨੂੰ ਬੱਚਾ ਗੁੱਟ, 15-64 ਸਾਲ ਦੇ ਵਿਅਕਤੀਆਂ ਨੂੰ ਬਾਲਗ ਜਾਂ ਕਾਮਾ-ਗੁੱਟ ਅਤੇ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਬਿਰਧ ਗੁੱਟ ਵਿੱਚ ਰੱਖਿਆ ਜਾਂਦਾ ਹੈ। ਬੱਚੇ ਅਤੇ ਬਿਰਧ ਵਿਅਕਤੀਆਂ ਨੂੰ ਜ਼ਿਆਦਾਤਰ ਨਾ-ਕੰਮ ਕਰਨ ਵਾਲੇ ਗਰੁੱਪ ਵਿੱਚ ਗਿਣਿਆ ਜਾਂਦਾ ਹੈ ਜਦੋਂ ਕਿ ਬਾਲਗ ਲੋਕ ਬੱਚਿਆਂ ਅਤੇ ਬਜ਼ੁਰਗਾਂ ਲਈ ਕੰਮ ਕਰਦੇ ਹਨ। ਦੂਜੇ ਸ਼ਬਦਾਂ ਵਿੱਚ ਬੱਚੇ ਅਤੇ ਬਜ਼ੁਰਗ ਆਪਣੀਆਂ ਲੋੜਾਂ ਵਾਸਤੇ ਬਾਲਗਾਂ ਉੱਤੇ ਨਿਰਭਰ ਕਰਦੇ ਸਨ।


ਬਾਲਗਾਂ ਅਤੇ ਬੱਚੇ, ਬਿਰਧ ਲੋਕਾਂ ਵਿਚਾਲੇ ਅਨੁਪਾਤ ਨੂੰ ਨਿਰਭਰਤਾ ਅਨੁਪਾਤ ਕਿਹਾ ਜਾਂਦਾ ਹੈ। ਨਿਰਭਰਤਾ ਅਨੁਪਾਤ ਨੂੰ ਜਾਨਣ ਲਈ ਬੱਚਿਆਂ ਅਤੇ ਬਿਰਧਾਂ ਦੀ ਗਿਣਤੀ ਨੂੰ ਬਾਲਗਾਂ ਦੀ ਗਿਣਤੀ ਨਾਲ ਭਾਗ ਕੀਤਾ ਜਾਂਦਾ ਹੈ ਅਤੇ 100 ਨਾਲ ਗੁਣਾ ਕੀਤਾ ਜਾਂਦਾ ਹੈ। ਇਹ ਅਨੁਪਾਤ ਆਰਥਿਕ ਤੌਰ ਤੇ ਚੁਸਤ ਅਤੇ ਨਿਰਭਰ ਜਨਸੰਖਿਆ ਦੇ ਆਪਸੀ ਸੰਬੰਧਾਂ ਨੂੰ ਪ੍ਰਗਟ ਕਰਦੀ ਹੈ। ਜਨਸੰਖਿਆ ਦਾ ਉਮਰ ਰਚਨਾ ਦੇ ਅਧਾਰ ਤੇ ਅਧਿਐਨ, ਭਵਿੱਖ ਦੀ ਯੋਜਨਾ ਬਣਾਉਣ ਲਈ ਬਹੁਤ ਸਹਾਈ ਹੁੰਦਾ ਹੈ।

$$\text{ਨਿਰਭਰਤਾ ਅਨੁਪਾਤ} = \frac{\text{ਬੱਚਿਆਂ (0–14 ਸਾਲ) ਦੀ ਸੰਖਿਆ + ਬਿਰਧਾਂ ਦੀ ਸੰਖਿਆ (65 ਸਾਲ ਤੋਂ ਉਪਰ)}}{\text{ਬਾਲਗਾਂ ਦੀ ਸੰਖਿਆ (15–64 ਸਾਲ)}} \times 100$$

ਕਿਸੇ ਰਾਜਾਂ ਦੇਸ਼ ਦੀ ਜਨਸੰਖਿਆ ਸਿੱਖਿਆ ਵਿੱਚ ਲਿੰਗ ਰਚਨਾ ਦਾ ਵਿਸ਼ਲੇਸ਼ਣ ਇੱਕ ਬਹੁਤ ਅਹਿਮ ਭੂਮਿਕਾ ਅਦਾ ਕਰਦਾ ਹੈ। ਲਿੰਗ ਰਚਨਾ ਨੂੰ ਲਿੰਗ ਅਨੁਪਾਤ ਰਾਹੀਂ ਦਰਸਾਇਆ ਜਾਂਦਾ ਹੈ। ਇੱਕ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਨੂੰ ਲਿੰਗ ਅਨੁਪਾਤ ਰਾਹੀਂ ਦਰਸਾਇਆ ਜਾਂਦਾ ਹੈ। ਕਿਸੇ ਸਮਾਜ ਵਿੱਚ ਔਰਤ ਦੇ ਸਮਾਜਿਕ ਪੱਧਰ ਨੂੰ ਮਾਪਣ ਦਾ ਪੈਮਾਨਾ ਹੈ 'ਲਿੰਗ ਅਨੁਪਾਤ'। ਭਾਰਤ ਵਿੱਚ ਲਿੰਗ ਅਨੁਪਾਤ ਹਮੇਸ਼ਾ ਹੀ ਨੀਵਾਂ ਰਿਹਾ ਹੈ।



Census Year	Gender Ratio (Females per 1000 Males)
1951	946
1961	941
1971	930
1981	934
1991	929
2001	933
2011	940




ਉੱਪਰ ਦਿੱਤੀ ਸੂਚੀ (ਟੇਬਲ) ਤੋਂ ਬੜੀ ਅਸਾਨੀ ਨਾਲ ਪਤਾ ਚੱਲ ਰਿਹਾ ਹੈ ਕਿ ਸਾਡੇ ਦੇਸ਼ ਵਿੱਚ ਲਿੰਗ ਅਨੁਪਾਤ ਕਦੇ ਵੀ ਬਿਲਕੁਲ ਸਹੀ ਨਹੀਂ ਰਿਹਾ। ਪ੍ਰੰਤੂ ਜੇਕਰ ਅਸੀਂ ਪਿਛਲੇ ਤਿੰਨ ਦਹਾਕਿਆਂ ਨੂੰ ਧਿਆਨ ਪੂਰਵਕ ਦੇਖੀਏ ਤਾਂ ਇਹ ਸਾਫ਼ ਪਤਾ ਲੱਗਦਾ ਹੈ ਕਿ ਲਿੰਗ ਅਨੁਪਾਤ ਵਿੱਚ ਲਗਾਤਾਰ ਸੁਧਾਰ ਹੋ ਰਿਹਾ ਹੈ ਜਿਹੜਾ ਕਿ ਇੱਕ ਚੰਗਾ ਸੰਕੇਤ ਹੈ।


ਭਾਰਤ ਦੇ ਕੇਰਲ ਰਾਜ ਵਿੱਚ ਲਿੰਗ ਅਨੁਪਾਤ 1084 ਹੈ ਜੋ ਕਿ ਸਭ ਰਾਜਾਂ ਤੋਂ ਜ਼ਿਆਦਾ ਹੈ। ਕੇਂਦਰੀ ਸ਼ਾਸਤ ਪ੍ਰਦੇਸ਼ ਪੁੱਡੂਚੇਰੀ (1037) ਲਿੰਗ ਅਨੁਪਾਤ ਨਾਲ ਭਾਰਤ ਵਿੱਚ ਦੂਜੇ ਨੰਬਰ 'ਤੇ ਹੈ। ਭਾਰਤ ਦੇ ਰਾਜਾਂ ਵਿੱਚੋਂ ਪੰਜਾਬ (895) ਅਤੇ ਹਰਿਆਣਾ (879) ਵਿੱਚ ਲਿੰਗ ਅਨੁਪਾਤ ਸਭ ਤੋਂ ਨੀਵਾਂ ਹੈ। ਕੇਂਦਰੀ ਸ਼ਾਸਤ ਪ੍ਰਦੇਸ਼ ਦਮਨ ਅਤੇ ਦਿਊ ਵਿੱਚ ਲਿੰਗ ਅਨੁਪਾਤ ਦੀ ਹਾਲਤ ਬਹੁਤ ਮਾੜੀ ਹੈ ਜਿਹੜਾ ਕੇਵਲ 618 ਹੀ ਹੈ। ਭਾਰਤ ਵਿੱਚ 0-6 ਸਾਲ ਵਰਗ ਦਾ ਬੱਚਾ ਲਿੰਗ ਅਨੁਪਾਤ (Child Sex Ratio) 2011 ਦੀ ਜਨਗਣਨਾ ਅਨੁਸਾਰ 919 ਹੈ। ਪੰਜਾਬ ਰਾਜ ਵਿੱਚ ਬੱਚਾ ਲਿੰਗ ਅਨੁਪਾਤ 846 (2011) ਹੈ, ਜਿਹੜਾ ਕਿ ਸਾਲ 2001 ਦੀ ਜਨਗਣਨਾ ਅਨੁਸਾਰ 798 ਸੀ।

ਪੰਜਾਬ ਨੂੰ ਭਾਵੇਂ ਘੱਟ ਲਿੰਗ ਅਨੁਪਾਤ ਵਾਲੇ ਰਾਜਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਪਰ ਫਿਰ ਵੀ ਇੱਕ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਪਹਿਲੇ ਦਹਾਕਿਆਂ ਨਾਲੋਂ ਪੰਜਾਬ ਨੇ 'ਆਮ ਲਿੰਗ ਅਨੁਪਾਤ' ਅਤੇ ਬੱਚਾ 'ਲਿੰਗ ਅਨੁਪਾਤ' ਵਿੱਚ ਸੁਧਾਰ ਲਿਆਂਦਾ ਹੈ।

ਜਨਸੰਖਿਆ ਬਦਲਾਅ :- ਪਰਵਾਸ, ਜਨਸੰਖਿਆ ਬਦਲਾਅ ਨੂੰ ਨਿਰਧਾਰਿਤ ਕਰਨ ਵਾਲੇ ਤੱਤ ਦੇ ਤੌਰ 'ਤੇ :-

ਇੱਕ ਅਰਸੇ ਦੌਰਾਨ ਕਿਸੇ ਜਗ੍ਹਾ ਦੀ ਜਨਸੰਖਿਆ ਹਰ ਸਮੇਂ ਇੱਕੋ ਜਿਹੀ ਨਹੀਂ ਰਹਿੰਦੀ। ਇੱਕ ਖਾਸ ਸਮੇਂ ਦੇ ਦੌਰਾਨ ਇੱਕ ਇਲਾਕੇ ਵਿੱਚ ਰਹਿਣ ਵਾਲੇ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਜਾਂ ਘਾਟਾ ਹੋ ਸਕਦਾ ਹੈ। ਜਨਸੰਖਿਆ ਦੇ ਬਦਲਾਅ (ਵਾਧਾ ਜਾਂ ਘਾਟਾ) ਲਈ ਮੁੱਖ ਤੌਰ ਤੇ ਤਿੰਨ ਕਾਰਕ ਜ਼ਿੰਮੇਵਾਰ ਹਨ। ਇਹ ਕਾਰਕ ਹਨ-ਜਨਮ ਸ਼ਕਤੀ (ਜਨਮ ਦਰ), ਨਾਸ਼ਵਾਨਤਾ (ਮੌਤ ਦਰ) ਅਤੇ ਪਰਵਾਸ (migration)। ਜਨਸੰਖਿਆ ਦੇ ਕਿਸੇ ਇੱਕ ਭੂਗੋਲਿਕ ਇਕਾਈ ਤੋਂ ਦੂਸਰੀ ਵੱਲ ਨੂੰ ਜਾਣ ਦੇ ਹਿਸਾਬ ਨਾਲ ਗਤੀਸ਼ੀਲਤਾ ਦੀ ਕਿਸਮ ਨੂੰ ਪਰਵਾਸ (migration) ਕਹਿੰਦੇ ਹਨ। ਇਹ ਗਤੀਸ਼ੀਲਤਾ ਅਸਥਾਈ ਜਾਂ ਸਥਾਈ ਕਿਸਮ ਦੀ ਹੋ ਸਕਦੀ ਹੈ। ਬਾਹਰੋਂ ਆ ਕੇ ਵਸਣਾ (In-migration) ਜਾਂ ਬਾਹਰ ਜਾ ਕੇ ਵਸਣਾ (Out-migration) ਵੀ ਹੋ ਸਕਦਾ ਹੈ। ਆ ਕੇ ਵਸਣ ਵਿੱਚ ਲੋਕ ਇੱਕ ਜਗ੍ਹਾ ਤੋਂ ਆ ਕੇ ਵੱਸਦੇ ਹਨ ਅਤੇ ਜਾ ਕੇ ਵੱਸਣ ਵਿੱਚ ਇੱਕ ਜਗ੍ਹਾਂ ਤੋਂ ਦੂਰ ਚਲੇ ਜਾਂਦੇ ਹਨ। ਪਰਵਾਸ ਅੰਤਰਦੇਸੀ (internal) ਜਾਂ ਅੰਤਰਰਾਸ਼ਟਰੀ (international) ਵੀ ਹੋ ਸਕਦਾ ਹੈ। ਜਨਸੰਖਿਆ ਦੇ ਇੱਕ ਦੇਸ਼ ਤੋਂ ਦੂਜੇ ਦੇਸ਼ ਨੂੰ ਜਾਣ ਨੂੰ ਅੰਤਰਰਾਸ਼ਟਰੀ ਪਰਵਾਸ ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ ਬਹੁਤ ਸਾਰੇ ਭਾਰਤੀ ਲੋਕ ਯੂ.ਐੱਸ.ਏ., ਕੈਨੇਡਾ, ਆਸਟਰੇਲੀਆ ਅਤੇ ਹੋਰ ਯੂਰਪੀ ਦੇਸ਼ਾਂ ਨੂੰ ਜਾ ਰਹੇ ਹਨ। ਬਹੁਤ ਸਾਰੇ ਲੋਕ ਏਸ਼ੀਆ, ਯੂਰਪ, ਅਫਰੀਕਾ ਅਤੇ ਖਾਸ ਕਰਕੇ ਗੁਆਂਢੀ ਦੇਸ਼ਾਂ ਨੇਪਾਲ, ਪਾਕਿਸਤਾਨ, ਅਫਗਾਨਿਸਤਾਨ ਅਤੇ ਸ਼੍ਰੀਲੰਕਾ ਤੋਂ ਥੋੜ੍ਹਾ ਪਹਿਲਾਂ ਭਾਰਤ ਆਏ ਹਨ। ਅੰਤਰਦੇਸੀ ਪਰਵਾਸ ਤੋਂ ਭਾਵ ਇੱਕ ਰਾਜ ਤੋਂ ਦੂਜੇ ਰਾਜਾਂ ਜਾਂ ਰਾਜ ਦੇ ਅੰਦਰ ਅੰਦਰ ਪਰਵਾਸ ਤੋਂ ਹੈ। ਲੋਕ ਅਲੱਗ-ਅਲੱਗ ਕਾਰਨਾਂ ਕਰਕੇ ਇੱਕ ਰਾਜ ਤੋਂ ਦੂਜੇ ਰਾਜ ਜਾਂ ਰਾਜ ਦੇ ਅੰਦਰ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਪਰਵਾਸ ਕਰਦੇ ਹਨ।




ਭਾਰਤ
INDIA
ਲਿੰਗ ਅਨੁਪਾਤ 2011
Sex Ratio 2011
INDIA-943
PUNJAB-895
ਜੰਮੂ ਅਤੇ ਕਸ਼ਮੀਰ
889
ਹਿਮਾਚਲ ਪ੍ਰਦੇਸ਼
972
ਪੰਜਾਬ
895
ਹਰਿਆਣਾ
879
ਉੱਤਰਾਖੰਡ
963
ਰਾਜਸਥਾਨ
928
ਉੱਤਰ ਪ੍ਰਦੇਸ਼
912
ਬਿਹਾਰ
918
ਸਿੱਕਿਮ
ਅਰੁਣਾਚਲ ਪ੍ਰਦੇਸ਼
938
ਅਸਾਮ
ਨਾਗਾਲੈਂਡ
931
ਮਣੀਪੁਰ
ਤ੍ਰਿਪੁਰਾ
ਮੇਘਾਲਿਆ
ਮਿਜ਼ੋਰਮ
ਝਾਰਖੰਡ
949
ਪੱਛਮੀ ਬੰਗਾਲ
950
ਗੁਜਰਾਤ
919
ਮੱਧ ਪ੍ਰਦੇਸ਼
931
ਛੱਤੀਸਗੜ੍ਹ
ਉੜੀਸਾ
979
ਦਮਨ ਅਤੇ ਦਿਉ
ਦਾਦਰ ਅਤੇ ਨਗਰ ਹਵੇਲੀ
ਮਹਾਂਰਾਸ਼ਟਰ
929
ਆਂਧਰਾ ਪ੍ਰਦੇਸ਼
993
ਤੇਲੰਗਾਨਾ
973
ਪਾਂਡੀਚਰੀ
ਤਾਮਿਲਨਾਡੂ
ਕੇਰਲਾ
ਲਕਸ਼ਦੀਪ
ਅੰਡੇਮਾਨ ਅਤੇ ਨਿਕੋਬਾਰ
ਕੈਟਾਗਰੀ
CATEGORIES
ਬਹੁਤ ਘੱਟ VERY LOW
ਘੱਟ LOW
ਦਰਮਿਆਨਾ MEDIUM
ਵੱਧ HIGH
ਬਹੁਤ ਵੱਧ VERY HIGH
Legend
State Boundary

ਪਰਵਾਸ ਦੇ ਕੁਝ ਕਾਰਨ ਹੇਠ ਲਿਖੇ ਹੋ ਸਕਦੇ ਹਨ :-

1. ਖੇਤੀਬਾੜੀ ਕਰਨ ਲਈ ਜ਼ਮੀਨ ਦੀ ਭਾਲ (Search for better agriculture)
2. ਰੁਜ਼ਗਾਰ ਦੀ ਭਾਲ (Search for employment)
3. ਕਮਾਈ ਦੀ ਆਸ (Expectation about earning)
4. ਧਾਰਮਿਕ ਸੁਤੰਤਰਤਾ (Religious freedom)
5. ਰਾਜਨੀਤਿਕ ਸੁਤੰਤਰਤਾ (Political freedom)
6. ਧੱਕੇ ਨਾਲ ਪਰਵਾਸ (Forced migration)
7. ਅੱਛੀਆਂ ਸਹੂਲਤਾਂ ਵਾਸਤੇ ਪਿੰਡ ਤੋਂ ਸ਼ਹਿਰ ਨੂੰ ਪਰਵਾਸ (Urbanisation for better condition)
8. ਵਿਆਹ ਕਾਰਨ ਪਰਵਾਸ (Migration on bases of marriage)

ਇੱਕ ਵਿਅਕਤੀ ਜੇਕਰ ਉੱਥੇ ਨਾ ਜੰਮਿਆ ਹੋਵੇ ਜਿੱਥੇ ਜਨਗਣਨਾ ਲਈ ਉਸ ਦੀ ਗਿਣਤੀ ਹੋ ਰਹੀ ਹੈ, ਤਾਂ ਉਸਨੂੰ ਪਰਵਾਸੀ ਕਿਹਾ ਜਾਂਦਾ ਹੈ ਤੇ ਉਸ ਨੂੰ ਉਸੇ ਜਗ੍ਹਾ ਦੀ ਜਨਸੰਖਿਆ ਵਿੱਚ ਹੀ ਗਿਣਿਆ ਜਾਂਦਾ ਹੈ ਜਿੱਥੇ ਉਹ ਰਹਿ ਰਿਹਾ ਹੋਵੇ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਜਨਸੰਖਿਆ ਦੇ ਬਦਲਾਅ ਵਿੱਚ, ਪਰਵਾਸ ਇੱਕ ਮਹੱਤਵਪੂਰਨ ਨਿਰਧਾਰਕ (determinant) ਹੈ।

ਪੰਜਾਬ ਵਿੱਚ ਪਰਵਾਸੀ ਮਜ਼ਦੂਰ (Migrant Labour in Punjab) :

ਪੰਜਾਬ ਦਾ ਖੇਤਰਫਲ 50,362 ਵਰਗ ਕਿਲੋਮੀਟਰ ਹੈ ਅਤੇ ਇਹ ਦੇਸ਼ ਦੇ ਸਭ ਤੋਂ ਵੱਧ ਵਿਕਸਤ ਰਾਜਾਂ ਵਿੱਚ ਸ਼ਾਮਲ ਰਿਹਾ ਹੈ। ਕੁਝ ਉਦਯੋਗਿਕ ਸ਼ਹਿਰਾਂ ਦੇ ਨਾਲ-ਨਾਲ ਮੁੱਢਲੇ ਤੌਰ 'ਤੇ ਇਹ ਇੱਕ ਖੇਤੀ ਵਿਕਸਤ ਰਾਜ ਹੈ। ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਗੋਬਿੰਦਗੜ੍ਹ ਅਤੇ ਐੱਸ.ਏ.ਐੱਸ. ਨਗਰ, ਪੰਜਾਬ ਦੇ ਉਦਯੋਗਿਕ ਤੌਰ ਤੇ ਵਿਕਸਤ ਸ਼ਹਿਰਾਂ ਵਿੱਚ ਸ਼ਾਮਲ ਹਨ। ਆਪਣੀ ਅਰਥ ਵਿਵਸਥਾ ਨੂੰ ਵਿਕਸਤ ਕਰਨ ਲਈ ਰਾਜ ਨੂੰ ਬਹੁਤ ਮਜ਼ਦੂਰਾਂ ਦੀ ਲੋੜ ਹੈ। ਉਦਾਹਰਨ ਦੇ ਤੌਰ 'ਤੇ ਖੇਤੀਬਾੜੀ ਲਈ, ਉਦਯੋਗਾਂ ਲਈ ਅਤੇ ਹੋਰ ਵਿਕਾਸ ਪ੍ਰੋਜੈਕਟਾਂ ਲਈ ਪੱਕੇ ਤੌਰ 'ਤੇ ਅਤੇ ਅਸਥਾਈ ਤੌਰ 'ਤੇ ਮਜ਼ਦੂਰਾਂ ਦੀ ਜ਼ਰੂਰਤ ਪੈਂਦੀ ਹੈ। ਮਜ਼ਦੂਰਾਂ ਦੀ ਇਸ ਬਹੁਤ ਵੱਡੀ ਲੋੜ ਨੂੰ ਰਾਜ ਵਿੱਚੋਂ ਹੀ ਪੂਰਾ ਨਹੀਂ ਕੀਤਾ ਜਾ ਸਕਦਾ।

ਇਹ ਇੱਕ ਵੱਡੇ ਪੱਧਰ 'ਤੇ ਮੰਨਿਆ ਹੋਇਆ ਵਿਚਾਰ ਹੈ ਕਿ ਪਰਵਾਸ ਅਤੇ ਆਰਥਿਕ ਵਿਕਾਸ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ। ਪੰਜਾਬ ਰਾਜ ਨੂੰ, ਇਸ ਦੇ ਆਰਥਿਕ ਵਿਕਾਸ ਵਾਸਤੇ ਸਿੱਖੇ ਹੋਏ (skilled) ਅਤੇ ਨਾ-ਸਿੱਖੇ (unskilled) ਹੋਏ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਹੈ। ਦੂਜੇ ਪਾਸੇ ਗਰੀਬ ਘਰਾਂ ਅਤੇ ਗਰੀਬ ਇਲਾਕਿਆਂ ਦੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਲੋੜ ਹੁੰਦੀ ਹੈ। ਪੰਜਾਬ ਵਿੱਚ ਮਜ਼ਦੂਰਾਂ ਦੀ ਲੋੜ ਭਾਰਤ ਦੇ ਅਲੱਗ-ਅਲੱਗ ਰਾਜਾਂ ਤੋਂ ਪਰਵਾਸ ਰਾਹੀਂ ਪੂਰੀ ਹੁੰਦੀ ਹੈ। ਹਰੀ ਕ੍ਰਾਂਤੀ ਦੇ ਸ਼ੁਰੂ ਹੋਣ ਤੋਂ ਲੈ ਕੇ ਪੰਜਾਬ ਨੂੰ ਲਗਾਤਾਰ ਕਾਫ਼ੀ ਵੱਡੀ ਗਿਣਤੀ ਵਿੱਚ ਪਰਵਾਸੀ ਕਾਮੇ ਮਿਲ ਰਹੇ ਹਨ। ਪਰਵਾਸੀ ਕਾਮਿਆਂ ਦੀ ਗਿਣਤੀ ਜਿਹੜੀ ਕਿ ਸਾਲ 1981 ਵਿੱਚ 8,72,377 ਸੀ ਤੋਂ ਵੱਧ ਕੇ ਸਾਲ 2011 ਵਿੱਚ 21,30,262 ਵਿਅਕਤੀ ਹੋ ਗਈ ਸੀ ਜੋ ਰਾਜ ਦੀ ਕੁੱਲ ਜਨਸੰਖਿਆ ਦਾ 8.7 ਪ੍ਰਤੀਸ਼ਤ ਤੋਂ ਵੀ ਵੱਡਾ ਹਿੱਸਾ ਸੀ।




ਪੰਜਾਬ ਨੂੰ ਜਿਹਨਾਂ ਰਾਜਾਂ ਤੋਂ ਪਰਵਾਸੀ ਕਾਮੇ ਪ੍ਰਾਪਤ ਹੁੰਦੇ ਹਨ, ਉਹਨਾਂ ਵਿੱਚ ਬਿਹਾਰ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਜੰਮੂ-ਕਸ਼ਮੀਰ ਸ਼ਾਮਲ ਹਨ। ਇਹਨਾਂ ਅੱਠ ਰਾਜਾਂ ਵਿੱਚ ਜ਼ਿਆਦਾਤਰ ਪਰਵਾਸੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਬਿਹਾਰ ਤੋਂ ਆਉਂਦੇ ਹਨ। ਪੰਜਾਬ ਦੇ ਕੁੱਲ ਪਰਵਾਸੀ ਮਜ਼ਦੂਰਾਂ ਵਿੱਚੋਂ ਸੰਨ 2001 ਵਿੱਚ ਸ਼ਹਿਰਾਂ ਵਿੱਚ ਕੰਮ ਕਰਨ ਵਾਲੇ 40 ਪ੍ਰਤੀਸ਼ਤ ਕਾਮੇ ਉੱਤਰ ਪ੍ਰਦੇਸ਼ ਤੋਂ ਆਏ ਸਨ ਪਰ ਸੰਨ 2011 ਵਿੱਚ ਇਹ ਨਫ਼ਰੀ ਕੁੱਝ ਘਾਟੀ ਹੈ। ਰਾਜ ਵਿੱਚ ਕੁਝ ਪਰਵਾਸੀ ਕਾਮੇ ਨੇਪਾਲ ਤੋਂ ਵੀ ਆਉਂਦੇ ਹਨ।


ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਰਾਜ ਵਿੱਚ ਛੇ ਮਹੀਨਿਆਂ ਤੋਂ ਘੱਟ ਰਹਿਣ ਵਾਲੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਜਨਗਣਨਾ ਵਿੱਚ ਨਹੀਂ ਹੁੰਦੀ ਜਿਸ ਕਰਕੇ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਦੀ ਸਹੀ ਅਨੁਮਾਨ ਨਹੀਂ ਲਗਦਾ। ਰਾਜ ਦੇ ਲਗ-ਭਗ ਹਰੇਕ ਹਿੱਸੇ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਦੇਖਿਆ ਜਾ ਸਕਦਾ ਹੈ। ਲੁਧਿਆਣਾ, ਅੰਮ੍ਰਿਤਸਰ, ਗੋਬਿੰਦਗੜ੍ਹ, ਜਲੰਧਰ ਅਤੇ ਐੱਸ.ਏ.ਐੱਸ. ਨਗਰ ਵਰਗੇ ਸ਼ਹਿਰਾਂ ਵਿੱਚ ਇਹਨਾਂ ਪਰਵਾਸੀ ਮਜ਼ਦੂਰਾਂ ਦੀ ਕਾਫੀ ਗਿਣਤੀ ਮਿਲਦੀ ਹੈ। ਉਪਰੋਕਤ ਵਿਆਖਿਆ ਤੋਂ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਪਰਵਾਸੀ ਮਜ਼ਦੂਰਾਂ ਦੀ ਮਹੱਤਤਾ ਬਾਰੇ ਵੀ ਪਤਾ ਚਲਦਾ ਹੈ।

Religious group	Population 1951%	Population 1961%	Population 1971%	Population 1981%	Population 1991%	Population 2001%	Population 2011%
Hinduism	84.10%	83.45%	82.73%	82.30%	81.53%	80.46%	79.80%
Islam	9.80%	10.69%	11.21%	11.75%	12.61%	13.43%	14.23%
Christianity	2.30%	2.44%	2.60%	2.44%	2.32%	2.34%	2.30%
Sikhism	1.79%	1.79%	1.89%	1.92%	1.94%	1.87%	1.72%
Buddhism	0.74%	0.74%	0.70%	0.70%	0.77%	0.77%	0.70%
Jainism	0.46%	0.46%	0.48%	0.47%	0.40%	0.41%	0.37%
Zoroastrianism	0.13%	0.09%	0.09%	0.09%	0.08%	0.06%	n/a
Other religions / No religion	0.43%	0.43%	0.41%	0.42%	0.44%	0.72%	0.90%

ਸਾਖਰਤਾ (Literacy)

ਸਾਖਰਤਾ ਦਰ, ਦੇਸ਼ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਦਾ ਇੱਕ ਮਹੱਤਵਪੂਰਨ ਸੰਕੇਤ ਹੈ। ਸਾਖਰਤਾ ਦਰ ਅਤੇ ਵਿੱਦਿਅਕ ਵਿਕਾਸ, ਜਨਮ ਸ਼ਕਤੀ (Fertility) ਨਾਸ਼ਵਾਨਤਾ (mortality) ਅਤੇ ਪਰਵਾਸ (migration) ਵਰਗੇ ਜਨਸੰਖਿਆ ਦੇ ਸੰਕੇਤਾਂ ਨੂੰ ਅਸਰ ਪਾਉਣ ਵਾਲੇ ਮੁੱਖ ਤੱਤ ਹਨ। ਸਾਖਰਤਾ ਜ਼ਿੰਦਗੀ ਦੀ ਗੁਣਵੱਤਾ ਨੂੰ ਸੁਧਾਰਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ। ਕਿਸੇ ਵਿਅਕਤੀ ਲਈ ਪੜ੍ਹੇ-ਲਿਖੇ ਹੋਣ ਤੋਂ ਪਹਿਲਾਂ ਸਾਖਰ ਹੋਣਾ ਜ਼ਰੂਰੀ ਹੈ। ਜਨਗਣਨਾ ਦੇ ਮੰਤਵ ਲਈ ਇੱਕ ਸਾਖਰ ਵਿਅਕਤੀ ਉਹ ਹੈ- ਜੋ ਕਿਸੇ ਭਾਸ਼ਾ ਨੂੰ ਲਿਖ-ਪੜ੍ਹ ਅਤੇ ਸਮਝ ਸਕਦਾ ਹੈ। ਸਾਲ 1991 ਦੀ ਜਨਗਣਨਾ ਅਨੁਸਾਰ ਇਹ ਫੈਸਲਾ ਕੀਤਾ ਗਿਆ ਸੀ ਕਿ ਸੱਤ ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਨੂੰ ਅਨਪੜ੍ਹਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ ਅਤੇ ਇਹ ਫੈਸਲਾ 2001 ਅਤੇ 2011 ਦੀਆਂ ਜਨਗਣਨਾ ਵਿੱਚ ਲਾਗੂ ਕੀਤਾ ਗਿਆ। ਸਾਖਰਤਾ ਦਰ ਨੂੰ ਗਿਆਤ ਕਰਨ ਦਾ ਫਾਰਮੂਲਾ ਹੇਠਾਂ ਦਿੱਤਾ ਗਿਆ ਹੈ –





ਸਾਖਰਤਾ ਦਰ = ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ/ਕੁੱਲ ਆਬਾਦੀ × 100

ਜਨਗਣਨਾ 2011 ਦੇ ਜਨਸੰਖਿਆ ਦੇ ਅੰਕੜਿਆਂ ਅਨੁਸਾਰ ਦੇਸ਼ ਦੀ ਸਾਖਰਤਾ ਦਰ 73 ਪ੍ਰਤੀਸ਼ਤ ਹੈ ਜਿਹੜੀ ਕਿ 2001 ਵਿੱਚ 64.8 ਪ੍ਰਤੀਸ਼ਤ ਸੀ। ਮਰਦਾਂ ਅਤੇ ਔਰਤਾਂ ਦੀ ਸਾਖਰਤਾ ਦਰ ਕ੍ਰਮਵਾਰ 80.9

ਪ੍ਰਤੀਸ਼ਤ ਅਤੇ 64.6 ਪ੍ਰਤੀਸ਼ਤ ਹੈ। ਦੇਸ਼ ਵਿੱਚ ਸਭ ਤੋਂ ਵੱਧ ਸਾਖਰਤਾ ਦਰ ਕੇਰਲ (94%) ਵਿੱਚ ਹੈ ਅਤੇ ਇਸ ਤੋਂ ਬਾਅਦ ਮਿਜ਼ੋਰਮ (91.3), ਗੋਆ (88.7%) ਅਤੇ ਤ੍ਰਿਪੁਰਾ (87.2%) ਆਉਂਦੇ ਹਨ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਲਕਸ਼ਦੀਪ (91.8%) ਸਾਖਰਤਾ ਦਰ ਨਾਲ ਪਹਿਲੇ ਨੰਬਰ 'ਤੇ ਹੈ ਅਤੇ ਇਸ ਤੋਂ ਬਾਅਦ ਦਮਨ ਅਤੇ ਦਿਉ (87.1%) ਦਾ ਦੂਸਰਾ ਸਥਾਨ ਹੈ। ਸਾਖਰਤਾ ਦਰ ਵਿੱਚ ਪੰਜਾਬ (75.8%) ਦਾ ਦੇਸ਼ ਵਿੱਚ ਚੌਦਵਾਂ ਸਥਾਨ ਹੈ। ਬਿਹਾਰ (81.8%) ਦੇਸ਼ ਵਿੱਚ ਸਭ ਰਾਜਾਂ ਤੋਂ ਪਿੱਛੇ ਹੈ। ਪੰਜਾਬ ਰਾਜ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ (84.6%) ਸਾਖਰਤਾ ਵਿੱਚ ਸਭ ਤੋਂ ਅੱਗੇ ਅਤੇ ਜ਼ਿਲ੍ਹਾ ਮਾਨਸਾ (61.8%) ਸਭ ਤੋਂ ਪਿੱਛੇ ਹੈ।

ਭਾਰਤ ਵਿੱਚ ਔਰਤਾਂ ਦੀ ਸਾਖਰਤਾ ਦਰ 53.7% (2001) ਤੋਂ ਵੱਧ ਕੇ ਸਾਲ 2011 ਵਿੱਚ 64.6% ਹੋ ਗਈ ਹੈ। ਕੇਰਲ ਰਾਜ ਔਰਤਾਂ ਦੀ 92.1% ਸਾਖਰਤਾ ਦਰ ਨਾਲ ਭਾਰਤ ਵਿੱਚ ਸਭ ਤੋਂ ਮੋਹਰੀ ਰਾਜ ਹੈ ਜਦ ਕਿ ਰਾਜਸਥਾਨ ਔਰਤਾਂ ਦੀ 52.1% ਸਾਖਰਤਾ ਦਰ ਨਾਲ ਸਭ ਤੋਂ ਪਿਛਲਾ ਰਾਜ ਹੈ। ਜਿਹੜੇ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਔਰਤਾਂ ਦੀ ਸਾਥਰਤਾ ਦਰ ਕੌਮੀ ਔਸਤ 64.6% ਤੋਂ ਘੱਟ ਹੈ, ਉਹਨਾਂ ਵਿੱਚ ਓਡੀਸ਼ਾ, ਛੱਤੀਸਗੜ੍ਹ, ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਅਰੁਨਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਝਾਰਖੰਡ, ਬਿਹਾਰ ਅਤੇ ਰਾਜਸਥਾਨ ਸ਼ਾਮਲ ਹਨ।

ਪਿਛਲੇ ਦਸ ਸਾਲਾਂ (2001–2011) ਦੌਰਾਨ ਕੁੱਲ ਵਧੇ ਸਾਖਰ ਵਿਅਕਤੀਆਂ ਵਿੱਚੋਂ, ਸਾਖਰ ਔਰਤਾਂ ਦੀ ਗਿਣਤੀ, ਸਾਖਰ ਮਰਦਾਂ ਨਾਲੋਂ ਜ਼ਿਆਦਾ ਹੈ।

ਦਸ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ–ਕੇਰਲ, ਲਕਸ਼ਦੀਪ, ਮਿਜ਼ੋਰਮ, ਗੋਆ, ਦਮਨ ਅਤੇ ਦਿਉ, ਪੁੱਡੂਚੇਰੀ, ਚੰਡੀਗੜ੍ਹ, ਦਿੱਲੀ ਅਤੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਨੇ 85 ਪ੍ਰਤੀਸ਼ਤ ਤੋਂ ਵੱਧ ਸਾਖਰਤਾ ਦਰ ਪ੍ਰਾਪਤ ਕਰ ਲਈ ਹੈ। ਇਹ ਨਿਸ਼ਾਨਾ ਭਾਰਤ ਦੇ ਯੋਜਨਾ ਕਮਿਸ਼ਨ ਵੱਲੋਂ ਸਾਲ 2011–12 ਵਿੱਚ ਪ੍ਰਾਪਤ ਕਰਨਾ ਮਿੱਥਿਆ ਗਿਆ ਸੀ।


ਸਮੁੱਚੇ ਤੌਰ 'ਤੇ ਭਾਰਤ ਦੀ ਕੌਮੀ ਸਾਖਰਤਾ ਦਰ ਅਤੇ ਔਰਤਾਂ ਦੀ ਸਾਖਰਤਾ ਦਰ ਵਿੱਚ ਵਾਧਾ ਹੋਇਆ ਹੈ। ਇਹ ਸਰਕਾਰ ਦੀਆਂ ਸਹੀ ਦਿਸ਼ਾ ਵਿੱਚ ਕੋਸ਼ਿਸ਼ਾਂ ਅਤੇ ਸਰਵ ਸਿੱਖਿਆ ਅਭਿਆਨ ਵਰਗੇ ਪ੍ਰੋਜੈਕਟਾਂ ਨਾਲ ਹੀ ਸੰਭਵ ਹੋ ਸਕਿਆ ਹੈ।

ਸਿਹਤ (Health)

ਸਿਹਤ ਕਿਸੇ ਵਿਅਕਤੀ ਦੀ ਉਹ ਹਾਲਤ ਹੈ ਜਿਸ ਵਿੱਚ ਉਸ ਨੂੰ ਕੋਈ ਬਿਮਾਰੀ ਨਾ ਹੋਵੇ ਅਤੇ ਉਹ ਬਿਲਕੁਲ ਤੰਦਰੁਸਤ ਹੋਵੇ। ਲੋਕਾਂ ਦੀ ਚੰਗੀ ਸਿਹਤ ਤੋਂ ਦੇਸ਼ ਦੀ ਸਿਹਤ ਬਾਰੇ ਪਤਾ ਲਗਦਾ ਹੈ। ਇਹ ਦੇਸ਼ ਦੇ ਕੁੱਲ ਵਿਕਾਸ ਦਾ ਇੱਕ ਵਧੀਆ ਸੰਕੇਤ ਹੈ ਅਤੇ ਜਨਸੰਖਿਆ ਰਚਨਾ ਦਾ ਇੱਕ ਮਹੱਤਵਪੂਰਨ ਪਹਿਲੂ ਹੈ।

ਵਰਤਮਾਨ ਸਿਹਤ ਹਾਲਤ ਦੀ ਜੇਕਰ ਪਿਛਲੇ ਦਹਾਕਿਆਂ ਦੇ ਸਿਹਤ ਹਾਲਾਤ ਨਾਲ ਤੁਲਨਾ ਕਰੀਏ ਤਾਂ ਬਿਨਾਂ ਸ਼ੱਕ ਹੁਣ ਦੇ ਸਿਹਤ ਹਾਲਾਤ ਵਿੱਚ ਸੁਧਾਰ ਹੋਇਆ ਹੈ। ਇਹ ਪ੍ਰਾਪਤੀ ਸਿਹਤ ਵਿੱਚ ਸੁਧਾਰ ਲਿਆਉਣ ਵਾਲੀਆਂ ਸਕੀਆਂ ਅਤੇ ਕੋਸ਼ਿਸ਼ਾਂ ਨਾਲ ਸੰਭਵ ਹੋਈ ਹੈ। ਇਸ ਵੇਲੇ ਲਗਪਗ ਹਰੇਕ ਵਿਅਕਤੀ, ਸਰਕਾਰ ਦੁਆਰਾ ਮੁਹੱਈਆ ਕਰਵਾਈਆਂ ਗਈਆਂ ਸਿਹਤ ਸਹੂਲਤਾਂ ਤੱਕ ਆਸਾਨੀ ਨਾਲ ਪਹੁੰਚ ਕਰ ਸਕਦਾ ਹੈ। ਜਨਸੰਖਿਆ ਵਿੱਚ ਵਾਧੇ ਦੇ ਨਾਲ–ਨਾਲ ਹਸਪਤਾਲਾਂ, ਡਿਸਪੈਂਸਰੀਆਂ ਅਤੇ ਡਾਕਟਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਗਿਆ ਹੈ। ਮੌਤ ਦਰ ਸਾਲ 1951 ਵਿੱਚ 25 ਪ੍ਰਤੀ ਹਜ਼ਾਰ ਵਿਅਕਤੀ ਤੋਂ ਘੱਟ ਕੇ ਸਾਲ 2011 ਵਿੱਚ 7.9 ਪ੍ਰਤੀ ਹਜ਼ਾਰ ਵਿਅਕਤੀ ਹੋ ਗਈ ਅਤੇ ਔਸਤ ਉਮਰ ਵੀ 60 ਸਾਲਾਂ ਵਿੱਚ (1951–


2011), 36.7 ਸਾਲ ਤੋਂ ਵੱਧ ਕੇ 65.2 ਸਾਲ ਹੋ ਗਈ ਹੈ। ਬੱਚੇ ਦੇ ਜਨਮ ਸਮੇਂ ਦੀਆਂ ਸਹੂਲਤਾਂ ਵਿੱਚ ਕਾਫ਼ੀ ਸੁਧਾਰ ਹੋਇਆ ਹੈ। ਸਿਹਤ ਵਾਸਤੇ ਰੱਖਿਆ ਜਾਂਦਾ ਬਜਟ ਹਰ ਸਾਲ ਵਧਾਇਆ ਜਾਂਦਾ ਹੈ। ਪੰਜਾਬ ਰਾਜ ਦੇ ਲੋਕਾਂ ਦੀ ਸਿਹਤ ਦੀ ਰੂਪ-ਰੇਖਾ ਭਾਰਤ ਦੇ ਲੋਕਾਂ ਦੇ ਮੁਕਾਬਲੇ ਨੂੰ ਕਾਫ਼ੀ ਚੰਗੀ ਹੈ। ਭਾਰਤ ਵਿੱਚ ਹਾਲੇ ਵੀ ਲੋਕ ਮਾੜੀ ਖੁਰਾਕ ਦੇ ਸ਼ਿਕਾਰ ਹਨ। ਬਹੁਤ ਸਾਰੇ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਅਤੇ ਹੋਰ ਮੁੱਢਲੀਆਂ ਸਹੂਲਤਾਂ ਵੀ ਪ੍ਰਾਪਤ ਨਹੀਂ ਹਨ। ਪ੍ਰਤੀ ਵਿਅਕਤੀ ਘੱਟ ਆਮਦਨ ਅਤੇ ਵੱਡੇ ਪਰਿਵਾਰ ਵਰਗੇ ਤੱਤ ਲੋਕਾਂ ਦੀ ਮਾੜੀ ਸਿਹਤ ਲਈ ਜ਼ਿੰਮੇਵਾਰ ਹਨ। ਸਾਰਿਆਂ ਲਈ ਚੰਗੀ ਸਿਹਤ ਦਾ ਟੀਚਾ ਪ੍ਰਾਪਤ ਕਰਨ ਵਾਸਤੇ ਹਾਲੇ ਵੀ ਸਰਕਾਰੀ ਪੱਧਰ 'ਤੇ ਬਹੁਤ ਕੁਝ ਕਰਨ ਦੀ ਲੋੜ ਹੈ।



ਕਿੱਤਿਆਂ ਅਨੁਸਾਰ ਜਨਸੰਖਿਆ ਦੀ ਰਚਨਾ (Occupational Structure of Population) :

ਕਿੱਤਿਆਂ ਅਨੁਸਾਰ ਜਨਸੰਖਿਆ ਦੀ ਰਚਨਾ ਦਾ ਮਤਲਬ ਹੈ ਕਿ ਲੋਕਾਂ ਦਾ ਉਹਨਾਂ ਦੇ ਕੰਮਾਂ ਜਾਂ ਰੋਜ਼ੀ ਰੋਟੀ ਕਮਾਉਣ ਲਈ ਜੋ ਆਰਥਿਕ ਕਿਰਿਆ ਕਰਦੇ ਹਨ, ਦੇ ਅਨੁਸਾਰ ਵਰਗੀਕਰਣ। ਮੁੱਖ ਤੌਰ 'ਤੇ ਆਰਥਿਕ ਕਿਰਿਆਵਾਂ ਨੂੰ ਅਸੀਂ ਤਿੰਨ ਖੇਤਰਾਂ ਜਾਂ ਵਰਗਾਂ ਵਿੱਚ ਵੰਡਦੇ ਹਾਂ ਜਿਹੜੇ ਕਿ ਪ੍ਰਾਇਮਰੀ, ਸੈਕੰਡਰੀ ਅਤੇ ਟਰਜ਼ਰੀ ਸੈਕਟਰ ਅਖਵਾਉਂਦੇ ਹਨ। ਪ੍ਰਾਇਮਰੀ ਸੈਕਟਰ ਵਿੱਚ ਖੇਤੀਬਾੜੀ, ਪਸ਼ੂ ਪਾਲਣ, ਮੱਛੀ ਪਾਲਣ, ਖਾਣਾਂ ਵਿੱਚ ਕੰਮ ਕਰਨਾ, ਜੰਗਲਾਤ ਦੇ ਕੰਮ ਆਦਿ ਵਰਗੀਆਂ ਮੁੱਢਲੀਆਂ ਕਿਰਿਆਵਾਂ ਸ਼ਾਮਿਲ ਹਨ। ਨਿਰਮਾਣ ਕਿਰਿਆ, ਉਤਪਾਦਨ ਕਰਨਾ, ਫੈਕਟਰੀਆਂ ਆਦਿ ਕਿਰਿਆਵਾਂ ਸੈਕੰਡਰੀ ਸੈਕਟਰ ਵਿੱਚ ਆਉਂਦੀਆਂ ਹਨ। ਹਰ ਕਿਸਮ ਦੀਆਂ ਸੇਵਾਵਾਂ ਨੂੰ ਟਰਸ਼ਰੀ ਸੈਕਟਰ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਆਮ ਤੌਰ ਤੇ 15 ਤੋਂ 59 ਸਾਲ ਦੇ ਵਿਅਕਤੀਆਂ ਨੂੰ ਦੇਸ਼ ਦੇ ਕਾਮਿਆਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਬੱਚੇ ਅਤੇ ਬਜ਼ੁਰਗ, ਕੰਮ ਕਰਨ ਵਾਲੇ ਲੋਕਾਂ ਤੇ ਨਿਰਭਰ ਕਰਦੇ ਹਨ।

ਭਾਰਤੀ ਜਨਸੰਖਿਆ ਦਾ ਇੱਕ ਵੱਡਾ ਭਾਗ ਪ੍ਰਾਇਮਰੀ ਸੈਕਟਰ ਵਿੱਚ ਲੱਗਾ ਹੋਇਆ ਹੈ। ਪੁਰਾਤਨ ਸਮੇਂ ਤੋਂ ਇੱਕ ਖੇਤੀਬਾੜੀ ਅਰਥਚਾਰਾ (Economy) ਹੋਣ ਕਰਕੇ ਦੇਸ਼ ਦੀ 53% ਤੋਂ ਜ਼ਿਆਦਾ ਜਨਸੰਖਿਆ ਕੇਵਲ ਖੇਤੀ ਦੇ ਕਿੱਤੇ ਵਿੱਚ ਲੱਗੀ ਹੋਈ ਹੈ। ਸੈਕੰਡਰੀ ਅਤੇ ਟਰਸ਼ਰੀ ਸੈਕਟਰਾਂ ਵਿੱਚ ਕ੍ਰਮਵਾਰ 13% ਅਤੇ 20% ਦੇ ਲਗਪਗ ਜਨਸੰਖਿਆ ਰੁੱਝੀ ਹੋਈ ਹੈ। ਤਕਨੀਕੀ ਸਿੱਖਿਆ ਦੇ ਪ੍ਰਸਾਰ ਅਤੇ ਸੈਕੰਡਰੀ ਅਤੇ ਟਰਸ਼ਰੀ ਸੈਕਟਰਾਂ ਵਿੱਚ ਵਿਕਾਸ ਹੋਣ ਨਾਲ, ਸਮੇਂ ਦੇ ਨਾਲ-ਨਾਲ ਖੇਤੀਬਾੜੀ ਤੋਂ ਜਨਸੰਖਿਆ ਦਾ ਦਬਾਅ ਘੱਟ ਰਿਹਾ ਹੈ। ਫੈਕਟਰੀਆਂ ਵਿੱਚ ਤੇਜ਼ੀ ਨਾਲ ਵਾਧਾ, ਤੇਜ਼ੀ ਨਾਲ ਫੈਲ ਰਹੇ ਸ਼ਹਿਰੀਕਰਨ ਅਤੇ ਸੇਵਾਵਾਂ, ਸੈਕਟਰ ਦੇ ਵਿਕਾਸ ਕਰਕੇ, ਕਾਮਿਆਂ ਨੂੰ ਰਵਾਇਤੀ ਪ੍ਰਾਇਮਰੀ ਕਿਰਿਆਵਾਂ ਦੇ ਮੁਕਾਬਲੇ ਸੈਕੰਡਰੀ ਅਤੇ ਟਰਸ਼ਰੀ ਸੈਕਟਰ ਵਿੱਚ ਚੰਗੇ ਮੌਕੇ ਮਿਲ ਰਹੇ ਹਨ।



ਕਿਸ਼ੋਰ-ਨਿਵੇਕਲੀਆਂ ਲੋੜਾਂ ਵਾਲਾ ਪਰ ਅਣਗੌਲਿਆ ਗਰੁੱਪ (Adolescents as under served population group with special needs) :

ਕਿਸ਼ੋਰ ਅਵਸਥਾ, ਜ਼ਿੰਦਗੀ ਦੀ ਉਹ ਮੱਧ ਅਵਸਥਾ ਹੈ ਜਦੋਂ ਇੱਕ ਵਿਅਕਤੀ ਨਾ ਤਾਂ ਬੱਚਾ ਹੁੰਦਾ ਹੈ ਅਤੇ ਨਾ ਹੀ ਬਾਲਗਾਂ ਵਿੱਚ ਗਿਣਿਆ ਜਾਂਦਾ ਹੈ। ਇਸ ਸਮੇਂ ਦੇ ਦੌਰਾਨ ਮਨੁੱਖ (ਨਰ ਤੇ ਮਾਦਾ ਦੋਵੇਂ) ਵਿੱਚ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ। ਕਿਸ਼ੋਰਾਂ ਨੂੰ 10 ਤੋਂ 19 ਸਾਲ ਦੀ ਉਮਰ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਕੁੱਲ ਜਨਸੰਖਿਆ ਦਾ ਲੱਗਪੱਗ 22 ਹਿੱਸਾ ਇਸ ਸ਼੍ਰੇਣੀ ਨਾਲ ਹੀ ਸੰਬੰਧ ਰੱਖਦਾ ਹੈ। ਇਸ ਕਿਸ਼ੋਰ ਅਵਸਥਾ ਨੂੰ ਇੱਕ ਵਿਅਕਤੀ ਦੀ ਜ਼ਿੰਦਗੀ ਵਿੱਚ ਨਿਸ਼ਚਿਤ ਸਮੇਂ ਦੀ ਬਜਾਏ ਇੱਕ ਪੜਾਅ ਮੰਨਿਆ ਜਾਂਦਾ ਹੈ। ਕਈ ਪੱਖਾਂ ਤੋਂ ਇਸ ਨੂੰ ਵਿਕਾਸ ਦੇ ਪੜਾਅ ਮੰਨਿਆ ਗਿਆ ਹੈ। ਸੈਕੰਡਰੀ ਲਿੰਗ ਚਿੰਨ੍ਹਾਂ ਤੋਂ ਪ੍ਰਜਣਨ ਸ਼ੁਝ ਤੱਕ, ਦਿਮਾਗੀ ਵਿਕਾਸ ਅਤੇ ਬਾਲਗ ਪਛਾਣ ਅਤੇ ਪੂਰਨ ਸਮਾਜਿਕ-ਆਰਥਿਕ ਅਤੇ ਭਾਵੁਕ ਨਿਰਭਰਤਾ ਤੋਂ ਤੁਲਨਾਤਮਕ ਆਜ਼ਾਦੀ ਆਦਿ ਲੱਛਣ ਇਸ ਅਵਸਥਾ ਵਿੱਚ ਮਿਲਦੇ ਹਨ। ਇੱਥੇ ਇੱਕ ਪੱਖ ਖਾਸ ਤੌਰ 'ਤੇ ਨੋਟ ਕਰਨ ਵਾਲਾ ਹੈ ਕਿ ਸਾਰੇ ਕਿਸ਼ੋਰ ਇੱਕੋ ਜਿਹੇ ਨਹੀਂ ਹੁੰਦੇ। ਉਹਨਾਂ ਦੀਆਂ ਜ਼ਰੂਰਤਾਂ ਲਿੰਗ, ਵਿਕਾਸ ਦੇ ਪੜਾਅ, ਜ਼ਿੰਦਗੀ ਦੇ ਹਾਲਾਤ ਅਤੇ ਉਹਨਾਂ ਦੇ ਵਾਤਾਵਰਨ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਨੁਸਾਰ ਬਦਲਦੀਆਂ ਹਨ। ਇਹ ਬੜੇ ਦੁੱਖ ਦੀ ਗੱਲ ਹੈ ਕਿ ਆਬਾਦੀ ਦੇ ਇੰਨੇ ਵੱਡੇ ਗਰੁੱਪ ਨੂੰ ਸਹੀ ਤਰੀਕੇ ਨਾਲ ਸੰਭਾਲਿਆ ਨਹੀਂ ਜਾ ਰਿਹਾ ਤੇ ਇਹ ਇਸ ਵੇਲੇ ਤੱਕ ਦਾ ਸਭ ਤੋਂ ਵੱਧ ਅਣਗੌਲਿਆ ਗਰੁੱਪ ਹੈ।

ਸਰੀਰਕ ਤਬਦੀਲੀਆਂ ਅਤੇ ਲੋੜਾਂ ਦੇ ਅਨੁਸਾਰ ਕਿਸ਼ੋਰ ਅਵਸਥਾ ਨੂੰ ਸ਼ੁਰੂਆਤੀ (10-14 ਸਾਲ), ਵਿਚਕਾਰਲੇ (15-17 ਸਾਲ) ਅਤੇ ਬਾਅਦ ਵਾਲੇ (18-19 ਸਾਲ) ਦੌਰਾਂ (periods) ਵਿੱਚ ਵੰਡਿਆ ਜਾ ਸਕਦਾ ਹੈ। ਕਿਸ਼ੋਰਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਜਿਵੇਂ ਕਿ ਮਾੜੀ ਖੁਰਾਕ, ਖੂਨ ਦੀ ਕਮੀ, ਵਾਧੇ ਵਿੱਚ ਰੁਕਾਵਟ, ਜਲਦੀ ਜਾਂ ਬਾਲ ਵਿਆਹ, ਬਾਲ ਮਜ਼ਦੂਰੀ, ਕਿਸ਼ੋਰ ਗਰਭਧਾਰਨ, ਸਕੂਲਾਂ ਤੋਂ ਹੱਟਣਾ, ਨਸ਼ੀਲੀਆਂ ਦਵਾਈਆਂ ਦੀ ਵਰਤੋਂ, ਹਿੰਸਾ, ਉਦਾਸੀ, ਆਤਮ ਹੱਤਿਆ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਸ਼ੋਰਾਂ ਨੂੰ ਨਿਵੇਕਲੀਆਂ ਲੋੜਾਂ ਵਾਲਾ ਜਨਸੰਖਿਆ ਗੁੱਟ ਵੀ ਆਖਿਆ ਜਾਂਦਾ ਹੈ। ਅਲੱਗ-ਅਲੱਗ ਪੱਧਰ 'ਤੇ ਉਹਨਾਂ ਦੀਆਂ ਜ਼ਰੂਰਤਾਂ ਇਸ ਤਰ੍ਹਾਂ ਹਨ—


- ਬਹੁਤ ਅੱਛੀ ਜਾਂ ਸੰਤੁਲਤ ਖੁਰਾਕ
- ਮਾਪਿਆਂ ਅਤੇ ਸਮਾਜ ਵੱਲੋਂ ਪਿਆਰ ਅਤੇ ਸਨੇਹ
- ਪਸੰਦੀਦੇ ਵਾਤਾਵਰਨ ਵਿੱਚ ਸਹੀ ਵਿੱਦਿਆ
- ਸਿਹਤ ਅਤੇ ਸਰੀਰਕ ਵਿਕਾਸ ਅਤੇ ਅਲੱਗ-ਅਲੱਗ ਪੱਧਰ 'ਤੇ ਆਉਂਦੀਆਂ ਹੋਰ ਮੁਸ਼ਕਲਾਂ ਦੇ ਬਾਰੇ ਅਗਵਾਈ।
- ਸਕੂਲ ਤੋਂ ਹੱਟਣਾ ਅਤੇ ਨਸ਼ੀਲੀਆਂ ਦਵਾਈਆਂ ਤੋਂ ਬਚਾਅ
- ਉਹਨਾਂ ਦੇ ਚੰਗੇਰੇ ਭਵਿੱਖ ਸੰਬੰਧੀ ਸਲਾਹ 'ਤੇ ਲਗਾਤਾਰ ਸੇਧ

ਕੌਮੀ ਜਨਸੰਖਿਆ ਨੀਤੀ 2000 (National Population Policy 2000) ਵਿੱਚ ਵੀ ਕਿਸ਼ੋਰਾਂ ਦੀ ਬਿਹਤਰੀ ਲਈ ਕੁਝ ਟੀਚੇ ਮਿੱਥੇ ਗਏ ਸਨ। ਕਿਸ਼ੋਰ ਕਿਸੇ ਦੇਸ਼ ਦਾ ਅਸਲ ਭਵਿੱਖ ਹਨ ਅਤੇ ਇਸ ਲਈ ਸਮਾਜ ਦੇ ਅੱਛੇ ਵਤੀਰੇ ਦੇ ਹੱਕਦਾਰ ਹਨ। ਸਮਾਜ ਦੇ ਸਾਰੇ ਅੰਗਾਂ ਦੀ ਭਮਿਕਾ ਬਹੁਤ ਮਹੱਤਵਪਰਨ ਹੈ। ਮਾਂ-ਬਾਪ

ਆਪਣੇ ਬੱਚਿਆਂ ਦੀ ਬਹੁਤ ਅੱਛੇ ਤਰੀਕੇ ਨਾਲ ਮੱਦਦ ਕਰ ਸਕਦੇ ਹਨ। ਉਹ ਆਪਣੇ ਬੱਚਿਆਂ ਦੇ ਵਿਕਾਸ, ਪੜ੍ਹਾਈ ਅਤੇ ਭਵਿੱਖ ਵਾਸਤੇ ਇੱਕ ਸੁਰੱਖਿਅਤ ਅਤੇ ਵਧੀਆ ਵਾਤਾਵਰਨ ਪ੍ਰਦਾਨ ਕਰ ਸਕਦੇ ਹਨ। ਅਧਿਆਪਕ ਉਹਨਾਂ ਨੂੰ ਸਮਾਜ ਦੇ ਜ਼ਿੰਮੇਵਾਰ ਅਤੇ ਕੀਮਤੀ ਅੰਗ ਬਣਾਉਣ ਵਿੱਚ ਸਹਾਈ ਹੋ ਸਕਦੇ ਹਨ। ਸਮਾਜ ਦੇ ਸਮਾਜਿਕ, ਧਾਰਮਿਕ, ਵਿੱਦਿਅਕ ਅਤੇ ਹੋਰ ਕਿਸਮਾਂ ਦੇ ਆਗੂ ਉਹਨਾਂ ਨੂੰ ਸਹੀ ਰਸਤਾ ਦਿਖਾ ਸਕਦੇ ਹਨ ਤਾਂ ਕਿ ਉਹ ਦੇਸ਼ ਦੇ ਸੱਭਿਅਕ ਨਾਗਰਿਕ ਬਣ ਸਕਣ। ਸੇਵਾਵਾਂ ਪ੍ਰਦਾਨ ਕਰਨ ਵਾਲਿਆਂ, ਹਮਉਮਰਾਂ ਅਤੇ ਮੀਡੀਆ ਨੂੰ ਵੀ ਕਿਸ਼ੋਰਾਂ ਨੂੰ ਉੱਤਮ ਕਿਸਮ ਦੇ ਮਨੁੱਖੀ ਸਾਧਨਾਂ ਵਿੱਚ ਵਿਕਸਤ ਕਰਨ ਲਈ ਇੱਕ ਵਧੀਆ ਰੋਲ ਅਦਾ ਕਰਨਾ ਚਾਹੀਦਾ ਹੈ।


ਪੰਜਾਬ ਦੀ ਵਸੋਂ (Population of Punjab) :

ਪੰਜਾਬ ਦਾ ਖੇਤਰਫਲ 50,362 ਵਰਗ ਕਿਲੋਮੀਟਰ ਹੈ ਜੋਕਿ ਭਾਰਤ ਦੇ ਕੁੱਲ ਰਕਬੇ ਦਾ ਸਿਰਫ 1.5 ਪ੍ਰਤੀਸ਼ਤ ਹਿੱਸਾ ਹੈ ਪ੍ਰੰਤੂ ਇਥੇ ਭਾਰਤ ਦੀ 2.3 ਪ੍ਰਤੀਸ਼ਤ ਵਸੋਂ ਨਿਵਾਸ ਕਰਦੀ ਹੈ। ਜਨਸੰਖਿਆ ਦੇ ਹਿਸਾਬ ਨਾਲ ਪੰਜਾਬ ਦੇਸ਼ ਦੇ ਸਾਰੇ ਰਾਜਾਂ ਵਿੱਚੋਂ ਪੰਦਰਵੇਂ ਸਥਾਨ 'ਤੇ ਹੈ। ਸਾਲ 2011 ਦੀ ਜਨਗਣਨਾ ਅਨੁਸਾਰ ਰਾਜ ਦੀ ਕੁੱਲ ਜਨਸੰਖਿਆ 2,77,43,338 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਅਤੇ ਇਹ ਜ਼ਿਲ੍ਹਾ ਜਨਸੰਖਿਆ ਅਤੇ ਵਸੋਂ ਘਣਤਾ ਦੋਹਾਂ ਦੇ ਹਿਸਾਬ ਨਾਲ ਪੰਜਾਬ ਵਿੱਚ ਪਹਿਲੇ ਨੰਬਰ 'ਤੇ ਹੈ। ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ ਅਤੇ ਫਿਰੋਜ਼ਪੁਰ ਜ਼ਿਲ੍ਹੇ ਜਨਸੰਖਿਆ ਦੇ ਹਿਸਾਬ ਨਾਲ ਕ੍ਰਮਵਾਰ ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨ 'ਤੇ ਆਉਂਦੇ ਹਨ। ਪੰਜਾਬ ਦਾ ਲਿੰਗ ਅਨੁਪਾਤ (Gender Ratio) ਪਿਛਲੇ ਦਸ ਸਾਲਾਂ (2001–2011) ਵਿੱਚ 876 ਤੋਂ ਵਧ ਕੇ 895 ਹੋ ਗਿਆ ਹੈ ਅਤੇ ਸਾਖਰਤਾ ਦਰ (Literacy Rate) 75.8 ਪ੍ਰਤੀਸ਼ਤ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਖਰਤਾ ਦਰ 84.16 ਪ੍ਰਤੀਸ਼ਤ ਹੈ ਜੋਕਿ ਪੰਜਾਬ ਦੇ ਕੁਲ ਜ਼ਿਲ੍ਹਿਆਂ ਵਿੱਚੋਂ ਪਹਿਲੇ ਸਥਾਨ 'ਤੇ ਹੈ। ਹੁਣ ਅਸੀਂ ਪੰਜਾਬ ਵਸੋਂ ਦੇ ਕੁਝ ਹੋਰ ਪਹਿਲੂਆਂ ਬਾਰੇ ਵੀ ਵਿਚਾਰ ਕਰਾਂਗੇ।



ਵਸੋਂ ਵੰਡ (Distribution of Population)

ਪੰਜਾਬ ਦੇ 12,581 ਪਿੰਡ ਅਤੇ 217 ਛੋਟੇ-ਵੱਡੇ ਸ਼ਹਿਰ ਹਨ ਜਿਥੇ ਸਾਲ 2011 ਵਿੱਚ ਜਨਗਣਨਾ ਕੀਤੀ ਗਈ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਰਾਜ ਵਿੱਚ ਵਸੋਂ ਵੰਡ ਇਕ ਸਮਾਨ ਨਹੀਂ ਹੈ। ਕੁਝ ਹਿੱਸਿਆਂ ਵਿੱਚ ਜ਼ਿਆਦਾ ਅਤੇ ਬਾਕੀ ਵਿੱਚ ਘੱਟ ਵਸੋਂ ਹੈ। ਪੰਜਾਬ ਦੇ ਸ਼ਹਿਰ ਅਤੇ ਕਸਬੇ ਵੱਧ ਵਸੋਂ ਵਾਲੇ ਕੇਂਦਰ ਹਨ ਜਦਕਿ ਪੇਂਡੂ ਇਲਾਕਿਆਂ ਵਿੱਚ ਘੱਟ ਵਸੋਂ ਪਾਈ ਜਾਂਦੀ ਹੈ। ਇੱਥੇ ਹੀ ਬੱਸ ਨਹੀਂ, ਪਿੰਡ ਤੇ ਸ਼ਹਿਰਾਂ ਦੇ ਪੱਧਰ 'ਤੇ ਵੀ ਜਨਸੰਖਿਆ ਦੀ ਗਿਣਤੀ ਵਿੱਚ ਬਹੁਤ ਵਖਰੇਵੇਂ ਮਿਲਦੇ ਹਨ। ਲੁਧਿਆਣਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਦੀ ਆਬਾਦੀ ਕ੍ਰਮਵਾਰ 16 ਲੱਖ ਅਤੇ 11 ਲੱਖ ਤੋਂ ਵੀ ਜ਼ਿਆਦਾ ਹੈ। ਦੂਜੇ ਪਾਸੇ ਕਈ ਅਜਿਹੇ ਸ਼ਹਿਰ ਹਨ ਜਿਨ੍ਹਾਂ ਦੀ ਅਬਾਦੀ ਸਿਰਫ ਹਜ਼ਾਰਾਂ ਵਿੱਚ ਹੀ ਹੈ। ਇਸੇ ਤਰ੍ਹਾਂ ਕਈ ਪਿੰਡਾਂ ਦੀ ਅਬਾਦੀ ਬਹੁਤ ਜ਼ਿਆਦਾ ਅਤੇ ਕਈਆਂ ਦੀ ਬਹੁਤ ਘੱਟ ਹੈ। ਪੰਜਾਬ ਦੇ ਅਲੱਗ-ਅਲੱਗ ਜ਼ਿਲ੍ਹਿਆਂ ਵਿੱਚ ਵਸੋਂ ਘਣਤਾ (Density of Population) ਵੱਖੋ-ਵੱਖਰੀ ਹੈ। ਵਸੋਂ ਘਣਤਾ ਦੇ ਅਧਾਰ 'ਤੇ ਰਾਜ ਨੂੰ ਚਾਰ ਖੇਤਰਾਂ ਵਿੱਚ ਵੰਡਿਆ ਜਾ ਸਕਦਾ ਹੈ—



1. ਘੱਟ ਵਸੋਂ ਘਣਤਾ ਵਾਲੇ ਖੇਤਰ (Low Population Density Region)

2. ਸਧਾਰਨ ਵਸੋਂ ਘਣਤਾ ਵਾਲੇ ਖੇਤਰ (Moderate Population Density Region)

3. ਜਿਆਦਾ ਵੱਸੋਂ ਘਣਤਾ ਵਾਲੇ ਖੇਤਰ (High Population Density Region)

4. ਬਹੁਤ ਜ਼ਿਆਦਾ ਵਸੋਂ ਘਣਤਾ ਵਾਲੇ ਖੇਤਰ (Very high Population Density Region)

1. ਘੱਟ ਵਸੋਂ ਘਣਤਾ ਵਾਲੇ ਖੇਤਰ—ਇਸ ਸ਼੍ਰੇਣੀ ਵਿੱਚ ਉਹ ਜ਼ਿਲ੍ਹੇ ਸ਼ਾਮਲ ਹਨ ਜਿਨ੍ਹਾਂ ਦੀ ਵਸੋਂ ਘਣਤਾ 400 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਜਾਂ ਇਸ ਤੋਂ ਵੀ ਘੱਟ ਹੈ। ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ ਅਤੇ ਮਾਨਸਾ ਘੱਟ ਵਸੋਂ ਘਣਤਾ ਵਾਲੇ ਤਿੰਨ ਜ਼ਿਲੇ ਹਨ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੀ ਵਸੋਂ ਘਣਤਾ 348 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਜੋਕਿ ਪੰਜਾਬ ਦੇ ਬਾਕੀ ਸਾਰੇ ਜ਼ਿਲ੍ਹਿਆਂ ਤੋਂ ਘੱਟ ਹੈ।

2. ਸਾਧਾਰਨ ਵਸੋਂ ਘਣਤਾ ਵਾਲੇ ਖੇਤਰ—ਇਸ ਖੇਤਰ ਵਿੱਚ ਪੰਜਾਬ ਦੇ ਹੁਸ਼ਿਆਰਪੁਰ, ਤਰਨਤਾਰਨ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਫਰੀਦਕੋਟ, ਮੋਗਾ, ਬਠਿੰਡਾ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹੇ ਪੈਂਦੇ ਹਨ। ਇਸ ਖੇਤਰ ਦੀ ਵੱਸੋਂ ਘਣਤਾ 401 ਤੋਂ 500 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ।


3. ਜ਼ਿਆਦਾ ਵਸੋਂ ਘਣਤਾ ਵਾਲੇ ਖੇਤਰ—501 ਤੋਂ 600 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਵਸੋਂ ਘਣਤਾ ਵਾਲੇ ਜ਼ਿਲ੍ਹੇ ਇਸ ਖੇਤਰ ਵਿੱਚ ਪੈਂਦੇ ਹਨ ਜਿਨ੍ਹਾਂ ਵਿੱਚ ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਰੂਪਨਗਰ ਜ਼ਿਲ੍ਹੇ ਸ਼ਾਮਲ ਹਨ।

4. ਬਹੁਤ ਜ਼ਿਆਦਾ ਵਸੋਂ ਘਣਤਾ ਵਾਲੇ ਖੇਤਰ—ਇਸ ਖੇਤਰ ਵਿੱਚ ਉਹ ਜ਼ਿਲ੍ਹੇ, ਜਿਨ੍ਹਾਂ ਦੀ ਵਸੋਂ ਘਣਤਾ 600 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਤੋਂ ਵੱਧ ਹੈ, ਸ਼ਾਮਲ ਕੀਤੇ ਗਏ ਹਨ। ਪੰਜਾਬ ਦੇ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ, ਜ਼ਿਆਦਾ ਵੱਸੋਂ ਘਣਤਾ ਵਾਲੇ ਹਨ। ਲੁਧਿਆਣਾ ਜ਼ਿਲ੍ਹਾ ਜਿਸਦੀ ਕੁੱਲ ਅਬਾਦੀ 34,98,739 ਵਿਅਕਤੀ ਅਤੇ 59.2 ਪ੍ਰਤੀਸ਼ਤ ਲੋਕ ਸ਼ਹਿਰੀ ਹਨ, ਦੀ ਵੱਸੋਂ ਘਣਤਾ ਜੋਕਿ 978 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵੱਧ ਹੈ। ਅੰਮ੍ਰਿਤਸਰ (928), ਸਾਹਿਬਜ਼ਾਦਾ ਅਜੀਤ ਸਿੰਘ ਨਗਰ (909) ਅਤੇ ਜਲੰਧਰ 836 ਜ਼ਿਲ੍ਹੇ ਵੱਸੋਂ ਘਣਤਾ ਨਾਲ ਪੰਜਾਬ ਵਿੱਚ, ਕ੍ਰਮਵਾਰ ਦੂਜੇ, ਤੀਜੇ ਅਤੇ ਚੌਥੇ ਸਥਾਨ ਤੇ ਹਨ।

ਪੇਂਡੂ ਤੇ ਸ਼ਹਿਰੀ ਵਸੋਂ (Urban–Rural Population)–ਪੰਜਾਬ ਦੀ ਕੁੱਲ ਜਨਸੰਖਿਆ ਵਿੱਚੋਂ 1,73,44,192 ਵਿਅਕਤੀ ਪਿੰਡਾਂ ਵਿੱਚ ਅਤੇ 1,03,99,146 ਵਿਅਕਤੀ ਸ਼ਹਿਰਾਂ ਵਿੱਚ ਵਸਦੇ ਹਨ, ਜਿਨ੍ਹਾਂ ਦੀ ਪ੍ਰਤੀਸ਼ਤ ਕ੍ਰਮਵਾਰ 62.5 ਪ੍ਰਤੀਸ਼ਤ ਅਤੇ 37.5 ਪ੍ਰਤੀਸ਼ਤ ਬਣਦੀ ਹੈ। ਪਿਛਲੇ ਦਸ ਸਾਲਾਂ ਵਿੱਚ ਸ਼ਹਿਰੀ ਵਸੋਂ 33.9 ਪ੍ਰਤੀਸ਼ਤ (2001 ਤੋਂ ਵੱਧ ਕੇ 37.5 ਪ੍ਰਤੀਸ਼ਤ (2011) ਹੋ ਗਈ ਹੈ। ਸ਼ਹਿਰਾਂ ਵਿੱਚ ਪੜ੍ਹਾਈ-ਲਿਖਾਈ ਅਤੇ ਕੰਮ-ਕਾਰ ਦੇ ਜ਼ਿਆਦਾ ਮੌਕੇ ਅਤੇ ਵਧੀਆ ਸਹੂਲਤਾਂ ਸ਼ਹਿਰੀਕਰਨ ਦੇ ਵਿਕਾਸ ਲਈ ਜ਼ਿੰਮੇਵਾਰ ਤੱਤ ਹਨ। ਪਿਛਲੇ ਦਸ ਸਾਲਾਂ ਵਿੱਚ (2001-2011) ਸ਼ਹਿਰੀਕਰਨ ਦਾ ਸਭ ਤੋਂ ਵੱਧ ਵਿਕਾਸ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਹੋਇਆ ਹੈ। ਇਥੋਂ ਦੀ ਕੁਲ ਵਸੋਂ ਦਾ 54.8 ਪ੍ਰਤੀਸ਼ਤ ਲੋਕ ਸ਼ਹਿਰ ਵਿੱਚ ਰਹਿੰਦੇ ਹਨ ਜਿਹੜੀ ਕਿ ਸਾਲ 2001 ਵਿੱਚ ਸਿਰਫ਼ 38.3 ਪ੍ਰਤੀਸ਼ਤ ਹੀ ਸੀ। ਦੂਜੇ ਪਾਸੇ ਦੇਖੀਏ ਤਾਂ ਤਰਨਤਾਰਨ ਜ਼ਿਲ੍ਹੇ ਦੀ ਸਭ ਤੋਂ ਘੱਟ ਵਸੋਂ, ਕੇਵਲ 12.7 ਪ੍ਰਤੀਸ਼ਤ ਹੀ ਸ਼ਹਿਰੀ ਹੈ ਜਦਕਿ ਇੱਥੇ ਦੇ 87.3 ਪ੍ਰਤੀਸ਼ਤ ਲੋਕ ਪਿੰਡਾਂ ਵਿੱਚ ਹੀ ਰਹਿੰਦੇ ਹਨ।

ਪੰਜਾਬ ਵੱਸੋਂ : ਲਿੰਗ ਅਧਾਰਤ ਬਣਤਰ (Gender Based Composition of Population)–ਪੰਜਾਬ ਦੀ ਕੁੱਲ ਆਬਾਦੀ ਵਿੱਚ 1,46,39,465 ਮਰਦ (Males) ਅਤੇ 1,310,3873 ਇਸਤਰੀਆਂ (Females) ਹਨ। ਜੇਕਰ ਅਸੀਂ ਮਰਦ ਅਤੇ ਇਸਤਰੀਆਂ ਦੀ ਵਸੋਂ ਦਾ ਅਨੁਪਾਤ ਦੇਖੀਏ ਤਾਂ ਇਹ 895 ਬਣਦਾ ਹੈ ਜਿਸ ਨੂੰ

ਅਸੀਂ ਲਿੰਗ ਅਨੁਪਾਤ (Gender Ratio or Sex Ratio) ਕਹਿੰਦੇ ਹਾਂ। ਇਸਦਾ ਮਤਲਬ ਇਹ ਹੈ ਕਿ ਰਾਜ ਦੇ 1000 ਮਰਦਾਂ ਪਿੱਛੇ ਇਸਤਰੀਆਂ ਦੀ ਗਿਣਤੀ 895 ਹੈ। ਪਿੰਡਾਂ ਵਿੱਚ ਇਹ ਅਨੁਪਾਤ 907 ਹੈ ਜਦਕਿ ਪੰਜਾਬ ਦੇ ਸ਼ਹਿਰਾਂ ਵਿੱਚ 875 ਹੈ ਜੋਕਿ ਕਾਫ਼ੀ ਘੱਟ ਹੈ। ਸਾਲ 2001 ਦੀ ਜਨਗਣਨਾ ਅਨੁਸਾਰ ਰਾਜ ਦਾ ਲਿੰਗ ਅਨੁਪਾਤ 876 ਸੀ। ਬੇਸ਼ੱਕ 3 ਲਿੰਗ ਅਨੁਪਾਤ ਵਿੱਚ ਪਿਛਲੇ ਦਸ ਸਾਲਾਂ (2001–2011) ਦੇ ਸਮੇ ਦੌਰਾਨ 19 (ਇਸਤਰੀਆਂ) ਦਾ ਵਾਧਾ ਹੋਇਆ ਹੈ ਪਰ ਹਾਲੇ ਵੀ ਇਸ ਵਿੱਚ ਵਾਧੇ ਦੀ ਬਹੁਤ ਲੋੜ ਹੈ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਲਿੰਗ ਅਨੁਪਾਤ 961 ਹੈ ਜੋਕਿ ਹੋਰ ਸਾਰੇ ਜ਼ਿਲਿਆਂ ਤੋਂ ਵੱਧ ਹੈ। ਸ਼ਹੀਦ ਭਗਤ ਸਿੰਘ ਨਗਰ (954) ਦੂਜੇ ਨੰਬਰ ਤੇ, ਜਲੰਧਰ (915) ਅਤੇ ਰੂਪਨਗਰ (915) ਲਿੰਗ ਅਨੁਪਾਤ ਨੰਬਰ 'ਤੇ ਹਨ। ਸਭ ਤੋਂ ਘੱਟ ਲਿੰਗ



ਅਨੁਪਾਤ ਵਾਲੇ ਜ਼ਿਲੇ ਬਠਿੰਡਾ (868), ਫਤਿਹਗੜ੍ਹ ਸਾਹਿਬ (871), ਲੁਧਿਆਣਾ (49 ਇਸਤਰੀਆਂ) ਅਤੇ ਸ਼ਹੀਦ ਭਗਤ ਸਿੰਘ ਨਗਰ (40 ਇਸਤਰੀਆਂ) ਵਿੱਚ ਹੋਇਆ ਹੈ ਜਦਕਿ ਸਭ ਤੋਂ ਘੱਟ ਵਾਧਾ ਮਾਨਸਾ (03 ਇਸਤਰੀਆਂ) ਅਤੇ ਬਰਨਾਲਾ (04 ਇਸਤਰੀਆਂ) ਜ਼ਿਲ੍ਹਿਆਂ ਵਿੱਚ ਹੋਇਆ ਹੈ। ਇੱਥੇ ਇਹ ਤੱਥ ਵਰਣਨਯੋਗ ਹੈ ਕਿ ਬਠਿੰਡਾ ਜ਼ਿਲ੍ਹੇ ਦੇ ਲਿੰਗ ਅਨੁਪਾਤ ਵਿੱਚ ਵਾਧਾ ਨਹੀਂ ਸਗੋਂ ਘਾਟਾ (–02 ਇਸਤਰੀਆਂ) ਹੋਇਆ ਹੈ ਜੋਕਿ ਪਿਛਲੇ ਦਸ ਸਾਲਾਂ ਦੇ ਸਮੇਂ ਦੌਰਾਨ 870 (2001) ਤੋਂ ਘੱਟ ਕੇ 868 (2011) ਹੋ ਗਿਆ ਹੈ। ਪ੍ਰੰਤੂ ਇਥੇ ਇਹ ਵੀ ਦੱਸਣਾ ਮਹੱਤਵਪੂਰਨ ਹੋਵੇਗਾ ਕਿ ਪੰਜਾਬ ਵਿੱਚ ਪਿਛਲੇ ਦਸ ਸਾਲਾਂ (2001–2011) ਦੇ ਸਮੇਂ ਦੌਰਾਨ ਬੱਚਿਆਂ (0–6 ਸਾਲ) ਦੇ ਲਿੰਗ ਅਨੁਪਾਤ ਵਿੱਚ 48 (ਲੜਕੀਆਂ) ਦਾ ਵਾਧਾ ਹੋਇਆ ਹੈ। ਸਾਲ 2001 ਵਿੱਚ 0–6 ਸਾਲ ਦੇ ਬੱਚਿਆਂ ਦਾ ਲਿੰਗ ਅਨੁਪਾਤ 798 ਸੀ, ਜਿਹੜਾ ਸਾਲ 2011 ਵਿੱਚ ਵੱਧ ਕੇ 846 ਹੋ ਗਿਆ ਜੋਕਿ ਲਿੰਗ ਅਨੁਪਾਤ ਦੇ ਸੁਧਾਰ ਦੀ ਦਿਸ਼ਾ ਵਿੱਚ ਇੱਕ ਸ਼ਲਾਘਾਯੋਗ ਸੂਚਕ ਹੈ।

ਪੰਜਾਬ ਵਸੋਂ : ਕਾਰੋਬਾਰੀ ਬਣਤਰ (Occupational Structure of Population)–ਪੰਜਾਬ ਇੱਕ ਖੇਤੀ ਪ੍ਰਧਾਨ ਰਾਜ ਹੈ ਇਸ ਲਈ ਇਥੋਂ ਦੀ ਜ਼ਿਆਦਾਤਰ ਵਸੋਂ ਖੇਤੀਬਾੜੀ ਅਤੇ ਇਸਦੇ ਸਹਾਇਕ ਧੰਦਿਆਂ ਵਿੱਚ ਲੱਗੀ ਹੋਈ ਹੈ। ਸਾਲ 2011 ਦੀ ਜਨਗਣਨਾ ਦੇ ਅਨੁਸਾਰ ਪੰਜਾਬ ਦੇ ਕੁਲ ਕਾਮਿਆਂ (Workers) ਦਾ 35.5 ਪ੍ਰਤੀਸ਼ਤ ਹਿੱਸਾ ਖੇਤੀਬਾੜੀ ਅਤੇ ਇਸ ਦੇ ਨਾਲ ਸੰਬੰਧਤ ਧੰਦਿਆਂ ਵਿੱਚ ਲੱਗਾ ਹੋਇਆ ਹੈ ਅਤੇ 3.9 ਪ੍ਰਤੀਸ਼ਤ ਕਾਮੇ ਘਰੇਲੂ ਉਦਯੋਗਾਂ ਵਿੱਚ ਕੰਮ ਕਰ ਰਹੇ ਹਨ। ਬਾਕੀ 60.5 ਪ੍ਰਤੀਸ਼ਤ ਕਾਮੇ ਹੋਰ ਅਨੇਕਾਂ ਤਰ੍ਹਾਂ ਦੇ ਅਲੱਗ–ਅਲੱਗ ਕਿੱਤਿਆਂ ਵਿੱਚ ਲੱਗੇ ਹੋਏ ਹਨ। ਮੁਕਤਸਰ (58.9 ਪ੍ਰਤੀਸ਼ਤ) ਅਤੇ ਮਾਨਸਾ (59.8 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਕਾਮਿਆਂ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ, ਖੇਤੀਬਾੜੀ ਦੇ ਕੰਮ ਵਿੱਚ ਲੱਗੀ ਹੋਈ ਹੈ। ਦੂਜੇ ਪਾਸੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (17.6 ਪ੍ਰਤੀਸ਼ਤ) ਅਤੇ ਲੁਧਿਆਣਾ (18.7 ਪ੍ਰਤੀਸ਼ਤ) ਜ਼ਿਲ੍ਹਿਆਂ ਦੇ ਸਭ ਤੋਂ ਘੱਟ ਕਾਮੇ ਖੇਤੀਬਾੜੀ ਵਿੱਚ ਲੱਗੇ ਹੋਏ ਹਨ ਜਾਂ ਇੰਜ ਕਹਿ ਲਓ ਕਿ ਉਹ ਜ਼ਿਆਦਾਤਰ ਉਦਯੋਗ, ਸੇਵਾਵਾਂ ਜਾਂ ਹੋਰ ਪ੍ਰਾਈਵੇਟ ਕੰਮਾਂ ਵਿੱਚ ਲੱਗੇ ਹੋਏ ਹਨ। ਜਲੰਧਰ ਜ਼ਿਲ੍ਹੇ ਦੇ ਵੀ 76.15 ਪ੍ਰਤੀਸ਼ਤ ਕਾਮੇ ਗੈਰ ਖੇਤੀਬਾੜੀ ਧੰਦਿਆਂ ਵਿੱਚ ਲੱਗੇ ਹੋਏ ਹਨ। ਮੋਹਾਲੀ (ਐੱਸ.ਏ.ਐੱਸ. ਨਗਰ), ਜਲੰਧਰ ਅਤੇ ਲੁਧਿਆਣਾ ਤਿੰਨੋਂ ਸ਼ਹਿਰ ਹੀ ਪੰਜਾਬ ਰਾਜ ਦੇ ਮੁੱਖ ਉਦਯੋਗਿਕ ਕੇਂਦਰ ਹਨ। ਪੰਜਾਬ ਦੇ ਬਹੁਤ ਸਾਰੇ ਲੋਕ, ਸੰਸਾਰ ਦੇ ਕਈ ਦੇਸ਼ਾਂ ਵਿੱਚ ਨੌਕਰੀ ਜਾਂ ਰੁਜ਼ਗਾਰ ਵਾਸਤੇ ਭਟਕਦੇ ਹਨ। ਇਸ ਲਈ ਪੰਜਾਬ ਵਿੱਚ ਰੁਜ਼ਗਾਰ ਦੇ ਸਾਧਨਾਂ ਦੇ ਵਿਕਾਸ ਦੀ ਸਖਤ ਲੋੜ ਹੈ ਜਿਸ ਵਾਸਤੇ ਸਰਕਾਰ ਨੂੰ ਇਸ ਦਿਸ਼ਾ ਵਿੱਚ ਲੋੜੀਂਦੇ ਕਦਮ ਉਠਾਉਣੇ ਚਾਹੀਦੇ ਹਨ।

ਕੌਮੀ ਜਨਸੰਖਿਆ ਨੀਤੀ 2000 (National Population Policy 2000)–ਕੌਮੀ ਜਨਸੰਖਿਆ ਨੀਤੀ 2000 ਦੇ ਫੌਰੀ ਅਤੇ ਲੰਬੇ ਸਮੇਂ ਦੇ ਉਦੇਸ਼ਾਂ ਵਿੱਚ ਅਧੂਰੀਆਂ ਸਹੂਲਤਾਂ, ਗਰਭ ਨਿਰੋਧਕ ਅਤੇ ਸਿਹਤ ਦੇਣ ਵਾਲੀਆਂ ਸਹੂਲਤਾਂ ਆਦਿ ਨੂੰ ਪੂਰਾ ਕਰਨਾ, ਮਨੁੱਖੀ ਸਾਧਨਾਂ ਦਾ ਵਿਕਾਸ ਕਰਨਾ ਅੰਤਰ–ਖੰਡੀ ਸੰਚਾਲਨ ਨੀਤੀਆਂ ਦਾ ਲਾਗੂ ਕਰਨਾ ਯਕੀਨੀ ਬਨਾਉਣਾ ਅਤੇ ਸਾਲ 2045 ਤੱਕ ਸਥਿਰ ਜਨਸੰਖਿਆ ਦਾ ਟੀਚਾ ਪ੍ਰਾਪਤ ਕਰਨਾ ਆਦਿ ਸ਼ਾਮਿਲ ਕੀਤਾ ਗਿਆ।


ਕੌਮੀ ਜਨਸੰਖਿਆ ਨੀਤੀ ਦੇ ਨਿਸ਼ਾਨੇ 'ਤੇ 14 ਸਾਲ ਦੀ ਉਮਰ ਤੱਕ ਮੁਫ਼ਤ ਅਤੇ ਲਾਜ਼ਮੀ ਵਿੱਦਿਆ ਦੇਣਾ, ਸਕੂਲ ਵਿੱਚੋਂ ਹਟਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ 'ਤੇ ਘੱਟ ਕਰਨਾ ਵੀ ਸ਼ਾਮਲ ਹਨ। ਇਸਨੇ ਬਾਲ ਮੌਤ ਦਰ ਨੂੰ 1000 ਜਨਮਾਂ ਪਿੱਛੇ 30 ਘੱਟ ਕਰਨ, ਮਾਤਾ ਮਰਨ ਦਰ ਅਨੁਪਾਤ

ਨੂੰ ਇੱਕ ਲੱਖ ਜਨਮ ਪਿੱਛੇ 100 ਤੋਂ ਘੱਟ ਕਰਨ, ਲੜਕੀਆਂ ਦੇ ਵੱਡੀ ਉਮਰ ਵਿੱਚ (ਅਠਾਰਾਂ ਸਾਲ ਤੋਂ ਪਹਿਲਾਂ ਨਹੀਂ) ਵਿਆਹ ਕਰਨ, ਛੋਟੇ ਪਰਿਵਾਰ ਦੇ ਸਿਧਾਂਤ ਨੂੰ ਅਪਨਾਉਣ, 80 ਪ੍ਰਤੀਸ਼ਤ ਜਨਮ ਸੰਸਥਾਵਾਂ ਵਿੱਚ ਕਰਵਾਉਣ ਅਤੇ 100 ਪ੍ਰਤੀਸ਼ਤ ਜਨਮ ਟਰੇਂਡ ਵਿਅਕਤੀਆਂ ਦੁਆਰਾ ਕਰਵਾਉਣ 'ਤੇ ਜ਼ੋਰ ਦਿੱਤਾ।

ਦੇਸ਼ ਅਤੇ ਰਾਜ ਦੀਆਂ ਸਰਕਾਰਾਂ ਆਪਣੇ-ਆਪਣੇ ਪੱਧਰ ਤੇ ਕੌਮੀ ਜਨਸੰਖਿਆ ਨੀਤੀ 2000 ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਪੂਰਾ ਜ਼ੋਰ ਲਗਾ ਰਹੀਆਂ ਹਨ। ਕੁੱਲ ਜਨਮ ਸ਼ਕਤੀ ਦਰ, ਮਾਤਾ ਮਰਨਸ਼ੀਲਤਾ ਦਰ ਅਤੇ ਬਾਲ ਮੌਤ ਦਰਾਂ ਵਿੱਚ ਕਮੀ ਆਈ ਹੈ। ਦੇਸ਼ ਦੇ ਲਿੰਗ ਅਨੁਪਾਤ (2001-2011) ਅਤੇ ਲੋਕਾਂ ਦੀਆਂ ਸਿਹਤ ਸਹੂਲਤਾਂ ਵਿੱਚ ਸੁਧਾਰ ਹੋਇਆ ਹੈ।

ਮਾਦਾ-ਭਰੂਣ ਹੱਤਿਆ


ਮਾਦਾ-ਭਰੂਣ ਹੱਤਿਆ-ਇੱਕ ਚਿੰਤਾਜਨਕ ਵਿਸ਼ਾ (Female Foeticide – A worrisome Situation)– ਔਰਤਾਂ ਦੇ ਹੱਕਾਂ ਦੀ ਸ਼ਰੇਆਮ ਉਲੰਘਣਾ ਕਰਨ ਵਾਲੇ ਕੁਝ ਲਿੰਗ-ਅਨੁਪਾਤ ਦੱਖਣ ਅਤੇ ਪੂਰਬ ਏਸ਼ਿਆਈ ਦੇਸ਼ਾਂ ਭਾਰਤ ਅਤੇ ਚੀਨ ਵਿੱਚ ਮਿਲੇ ਹਨ। ਭਾਰਤ ਦੇ ਰਾਜ ਪੰਜਾਬ ਵਿੱਚ ਲਿੰਗ ਅਨੁਪਾਤ ਕ੍ਰਮਵਾਰ 943 ਅਤੇ 895 ਹੈ। ਬਾਲ ਲਿੰਗ-ਅਨੁਪਾਤ (0-6 ਸਾਲ) ਭਾਰਤ ਅਤੇ ਪੰਜਾਬ ਵਿੱਚ ਕ੍ਰਮਵਾਰ 919 ਅਤੇ 846 ਹੈ ਜਿਹੜਾ ਕਿ ਖਤਰੇ ਵਾਲੀ ਹਾਲਤ ਦਾ ਸੰਕੇਤ ਹੈ। ਇਹ ਅੰਕੜੇ, ਲਿੰਗ ਨਾ-ਬਰਾਬਰੀ ਅਤੇ ਮਰਦ ਜਨਸੰਖਿਆ ਦੇ ਦਬਾਅ ਬਾਰੇ ਬਿਲਕੁਲ ਸਾਫ ਦੱਸਦੇ ਹਨ।



ਇਹ ਪੱਖਪਾਤੀ ਲਿੰਗ ਅਨੁਪਾਤ ਬਾਲੜੀਆਂ ਨੂੰ ਮਾਰਨ ਦਾ ਹੀ ਨਤੀਜਾ ਹੈ। ਬਾਲ ਲੜਕੀਆਂ ਨੂੰ ਉਹਨਾਂ ਦੇ ਜਨਮ ਸਮੇਂ ਜਾਂ ਉਸ ਤੋਂ ਬਾਅਦ ਮਾਰਨ ਦੀ ਪ੍ਰਵਿਰਤੀ ਭਾਰਤ ਵਿੱਚ ਆਮ ਰਹੀ ਹੈ। ਲੜਕੀਆਂ ਨੂੰ ਮਾਰਨ

ਵਾਸਤੇ ਅਲੱਗ-ਅਲੱਗ ਤਰੀਕੇ ਜਿਵੇਂ ਕਿ ਸਾਹ ਘੁੱਟ ਕੇ ਮਾਰਨਾ, ਭੁੱਖਿਆਂ ਰੱਖ ਕੇ ਮਾਰਨਾ, ਬਿਸਤਰੇ ਵਿੱਚ ਕੁਚਲ ਦੇਣਾ ਜਾਂ ਜ਼ਹਿਰ ਦੇਣਾ ਆਦਿ ਵਰਤੇ ਜਾਂਦੇ ਰਹੇ ਹਨ। ਪ੍ਰੰਤੂ ਵਰਤਮਾਨ ਸਮੇਂ ਵਿੱਚ ਝੁਕਾਅ ਲੜਕੀ ਨੂੰ ਮਾਰਨ ਤੋਂ ਮਾਦਾ ਭਰੂਣ ਹੱਤਿਆ ਵਿੱਚ ਬਦਲ ਗਿਆ ਹੈ। ਮਾਦਾ ਭਰੂਣ-ਹੱਤਿਆ ਦਾ ਅਰਥ ਹੈ, ਲੜਕੀ ਨੂੰ ਜਨਮ ਤੋਂ ਪਹਿਲਾਂ ਹੀ ਕੁੱਖ ਵਿੱਚ ਮਾਰ ਦੇਣਾ। ਲੜਕੀਆਂ ਦੇ ਇਹ ਕਤਲ, ਲਿੰਗ ਨਿਰਧਾਰਤ ਕਰਨ ਵਾਲੇ ਟੈੱਸਟਾਂ ਦੀ ਨਵੀਂ ਤਕਨਾਲੋਜੀ ਨਾਲ ਸ਼ੁਰੂ ਹੋਏ ਹਨ। ਜ਼ਿਆਦਾਤਰ ਲਿੰਗ ਨਿਰਧਾਰਤ ਕਰਨ ਵਾਲੇ ਟੈੱਸਟਾਂ ਵਿੱਚ ਅਮਨੀਸੈਂਟੇਸਿਜ਼ (ammnicentesis) ਆਮ ਤੌਰ 'ਤੇ ਵਰਤਿਆ ਜਾਂਦਾ ਹੈ। ਇਹ ਅਣਜੰਮੇ ਬੱਚੇ ਵਿੱਚ ਕਿਸੇ ਤਰ੍ਹਾਂ ਦੀ ਕੋਈ ਅਸਧਾਰਨਤਾ ਦੀ ਜਾਂਚ ਕਰਨ ਵਾਸਤੇ ਵਰਤਿਆ ਜਾਂਦਾ ਹੈ। ਪ੍ਰੰਤੂ ਕੁਝ ਸਾਲਾਂ ਤੋਂ ਇਸ ਨੂੰ ਭਰੂਣ ਦਾ ਲਿੰਗ ਨਿਰਧਾਰਣ ਕਰਨ ਲਈ ਵਰਤਿਆ ਜਾ ਰਿਹਾ ਹੈ, ਜਿਹੜਾ ਕਿ ਮਾਦਾ ਭਰੂਣ-ਹੱਤਿਆ ਦਾ ਕਾਰਨ ਬਣਿਆ ਹੈ। ਇਸ ਸਮਾਜਿਕ ਬੁਰਾਈ ਦੀਆਂ ਜੜ੍ਹਾਂ ਹੇਠ ਲਿਖੇ ਕਾਰਨਾਂ ਵਿੱਚ ਪਈਆਂ ਹਨ—

1. ਜਾਇਦਾਦ ਦੇ ਉੱਤਰਾਧਿਕਾਰੀ ਅਤੇ ਅੰਤਮ ਰਸਮਾਂ ਕਰਨ ਲਈ ਪੁੱਤਰੀ ਨਾਲੋਂ ਪੁੱਤਰ ਨੂੰ ਪਹਿਲ ਦੇਣੀ।
2. ਔਰਤਾਂ ਵਿੱਚ ਪੜ੍ਹਾਈ ਦੀ ਘਾਟ ਇਸ ਸਮਾਜਿਕ ਬੁਰਾਈ ਨੂੰ ਹੋਰ ਵਧਾਉਂਦੀ ਹੈ।
3. ਲੜਕੀਆਂ ਦੇ ਵਿਆਹ ਤੇ ਹੋਣ ਵਾਲਾ ਕਾਫੀ ਵੱਡਾ ਖਰਚਾ।
4. ਲੜਕੀਆਂ ਲਈ ਸਮਾਜਿਕ ਸੁਰੱਖਿਆ ਦੀ ਘਾਟ ਅਤੇ ਦੂਜੇ ਪਾਸੇ ਮਾਂ-ਬਾਪ ਜਿਨ੍ਹਾਂ ਦੀਆਂ ਸਿਰਫ ਲੜਕੀਆਂ ਹੀ ਹਨ ਉਹ ਵੀ ਆਪਣੇ ਆਪ ਨੂੰ ਅਸੁਰੱਖਿਅਤ ਹੀ ਮਹਿਸੂਸ ਕਰਦੇ ਹਨ।
5. ਦਾਜ ਦੀ ਮੰਗ ਜਾਂ ਲਾੜੇ ਦੀ ਕੀਮਤ।
6. ਵਿਆਹ ਤੋਂ ਬਾਅਦ ਆਉਣ ਵਾਲੀਆਂ ਮੁਸ਼ਕਲਾਂ ਜਿਵੇਂ ਤਲਾਕ ਆਦਿ।
7. ਸਮਾਜ ਵਿਚ ਆਮ ਵਿਚਰਦਿਆਂ ਲੜਕੀਆਂ ਨਾਲ ਮਾੜਾ ਸਲੂਕ।



ਜੇਕਰ ਮਾਦਾ ਭਰੂਣ ਹੱਤਿਆ ਵਰਗੀ ਸਮਾਜਿਕ ਬੁਰਾਈ ਸਮਾਜ ਵਿੱਚ ਚਲਦੀ ਰਹੀ ਤਾਂ ਇਹ ਬਹੁਤ ਤੇਜ਼ੀ ਨਾਲ ਮਰਦਾਂ ਅਤੇ ਔਰਤਾਂ ਵਿੱਚ ਅਸੰਤੁਲਨ ਪੈਦਾ ਕਰ ਦੇਵੇਗੀ। ਇਸ ਦੇ ਨਾਲ ਪਹਿਲਾਂ ਹੀ ਚਲ

ਰਹੇ ਜੁਰਮਾਂ ਜਿਵੇਂ ਨਜਾਇਜ਼ ਸੰਬੰਧ, ਲਿੰਗੀ ਹਮਲੇ, ਬਹੁ-ਪਤੀ ਪ੍ਰਥਾ, ਵੇਸਵਾ ਪ੍ਰਥਾ ਤੇ ਸਮਾਜ ਦੀ ਅਣਮਨੁੱਖਤਾ ਆਦਿ ਵਿੱਚ ਹੋਰ ਵਾਧਾ ਹੋਵੇਗਾ। ਇਸ ਲਈ ਇਸ ਸਮਾਜਿਕ ਬੁਰਾਈ ਤੇ ਜਿੰਨੀ ਜਲਦੀ ਸੰਭਵ ਹੋਵੇ, ਕੰਟਰੋਲ ਕਰ ਲੈਣਾ ਚਾਹੀਦਾ ਹੈ। ਹੇਠਾਂ ਦਿੱਤੇ ਕੁਝ ਤਰੀਕੇ ਇਸ ਬੁਰਾਈ ਵਿੱਚੋਂ ਬਾਹਰ ਨਿਕਲਣ ਲਈ ਮਦਦ ਕਰਨਗੇ—

1. ਲੜਕੀਆਂ ਨੂੰ ਮਾਰਨ ਅਤੇ ਮਾਦਾ ਭਰੂਣ ਹੱਤਿਆ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਬਾਹਰ ਨਿਕਲਣ ਲਈ, ਸਰਕਾਰ ਦੁਆਰਾ ਬਣਾਏ ਗਏ ਕਾਨੂੰਨ ਸਖਤੀ ਨਾਲ ਲਾਗੂ ਹੋਣੇ ਚਾਹੀਦੇ ਹਨ।

2. ਕਸੂਰਵਾਰ ਡਾਕਟਰਾਂ, ਨਰਸਾਂ ਅਤੇ ਹੋਰ ਸੰਬੰਧਤਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

3. ਦਾਜ ਲੈਣ ਅਤੇ ਦੇਣ ਦੇ ਸੰਬੰਧ ਵਿੱਚ ਸਖਤ ਕਾਨੂੰਨ ਬਣਾਏ ਜਾਣ ਅਤੇ ਇਸ ਦੇ ਸਿੱਧੇ ਅਤੇ ਅਸਿੱਧੇ ਚਲਨ ਲਾਗੂ ਕੀਤੇ ਜਾਣ।

4. ਲੜਕੀਆਂ ਅਤੇ ਉਹ ਮਾਪੇ ਜਿਨ੍ਹਾਂ ਦੀਆਂ ਸਿਰਫ਼ ਧੀਆਂ ਹੀ ਹਨ, ਵਾਸਤੇ ਆਰਥਿਕ ਤੌਰ 'ਤੇ ਲਾਭ ਦੇਣ ਵਾਲੀਆਂ ਸਕੀਮਾਂ ਲਾਗੂ ਕਰਨੀਆਂ ਚਾਹੀਦੀਆਂ ਹਨ। ਇਹ ਉਹਨਾਂ ਨੂੰ ਇਕ ਤਰ੍ਹਾਂ ਦੀ ਸਮਾਜਿਕ ਸੁਰੱਖਿਆ ਪ੍ਰਦਾਨ ਕਰੇਗਾ।

5. ਧਾਰਮਿਕ, ਵਿੱਦਿਅਕ ਅਤੇ ਹੋਰ ਗੈਰ ਸਰਕਾਰੀ ਸੰਸਥਾਵਾਂ, ਮਾਦਾ ਭਰੂਣ ਹੱਤਿਆ, ਦਾਜ ਅਤੇ ਲੜਕੀਆਂ ਨਾਲ ਪੱਖਪਾਤ ਆਦਿ ਦੇ ਵਿਰੁੱਧ ਪ੍ਰਚਾਰ ਕਰਕੇ ਬਹੁਤ ਵਧੀਆ ਭੂਮਿਕਾ ਅਦਾ ਕਰ ਸਕਦੀਆਂ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਾਡੀ ਸਰਕਾਰ ਨੇ ਇਸ ਸਮਾਜਿਕ ਬੁਰਾਈ ਨਾਲ ਲੜਨ ਲਈ ਬਹੁਤ ਸਾਰੇ ਕਦਮ ਚੁੱਕੇ ਹਨ। ਪੰਜਾਬ ਸਰਕਾਰ ਨੇ ਵੀ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸੰਬੰਧਿਤ ਲੜਕੀਆਂ ਲਈ ਵਿਆਹ ਤੇ ਸ਼ਗਨ ਸਕੀਮ ਸ਼ੁਰੂ ਕੀਤੀ ਹੈ। ਕੁੱਝ ਕਦਮਾਂ ਕਰਕੇ ਹੀ ਲਿੰਗ ਅਨੁਪਾਤ (0-6 ਸਾਲ) ਵਿੱਚ ਕ੍ਰਮਵਾਰ 876 ਅਤੇ 798 (ਸਾਲ 2001) ਤੋਂ 895 ਅਤੇ 846 (ਸਾਲ 2011) ਦਾ ਵਾਧਾ ਹੋਇਆ ਹੈ।

ਸਿੱਟਾ (Conclusion)

ਸਾਡੇ ਦੇਸ਼ ਵਿੱਚ ਇੱਕ ਪਾਸੇ ਕੰਜਕਾਂ ਦੀ ਪੂਜਾ ਹੁੰਦੀ ਹੈ ਅਤੇ ਦੂਜੇ ਪਾਸੇ ਉਸ ਕੋਲੋਂ ਜਿਊਣ ਦਾ ਹੱਕ ਵੀ ਖੋਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੂੰਤੂ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਲਿੰਗ ਅਧਾਰਤ ਪਹਿਲਾਂ (Gender based prirites) ਤੋਂ ਛੁਟਕਾਰਾ ਪਾਉਣਾ ਪਵੇਗਾ ਅਤੇ ਬੱਚਿਆਂ ਨੂੰ ਬਿਨਾਂ ਕਿਸੇ ਲਿੰਗੀ ਭੇਦਭਾਵ ਦੇ, ਕੁਦਰਤ ਦਾ ਤੋਹਫਾ ਸਮਝਣਾ ਪਵੇਗਾ। ਭਵਿੱਖ ਵਿੱਚ ਔਰਤਾਂ ਤੋਂ ਬਿਨਾਂ ਸਮਾਜ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਇਸ ਲਈ ਔਰਤਾਂ ਦੇ ਪ੍ਰਤੀ ਮਾੜੀਆਂ ਧਾਰਨਾਵਾਂ ਨੂੰ ਬਦਲਣ ਦੀ ਲੋੜ ਹੈ। ਦੋਸ਼ੀਆਂ ਨੂੰ ਸਜ਼ਾ ਦੇ ਕੇ ਕਾਨੂੰਨ ਨੂੰ ਸਖ਼ਤੀ ਨਾਲ ਲਾਗੂ ਕਰਨਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਕਿ ਔਰਤ ਜਾਤੀ ਦੁਰਲੱਭ ਬਣ ਜਾਏ, ਸਾਨੂੰ ਮਾਦਾ ਭਰੂਣ ਹੱਤਿਆ ਅਤੇ ਜਬਰੀ ਗਰਭਪਾਤ ਵਰਗੇ ਸ਼ਰਮਨਾਕ ਅਤੇ ਗੈਰ ਕਾਨੂੰਨੀ ਕੰਮਾਂ ਦਾ ਅੰਤ ਕਰਨਾ ਪਵੇਗਾ।

ਸੰਖੇਪ ਸਾਰ (Summary)

- ਸੰਸਾਰ ਦੀ ਅਨੁਮਾਨਤ ਜਨਸੰਖਿਆ 7 ਅਰਬ 43 ਕਰੋੜ 26 ਲੱਖ ਵਿਅਕਤੀਆਂ ਤੋਂ ਵੱਧ ਹੈ।
- ਭਾਰਤ ਦੀ ਅਨੁਮਾਨਤ ਜਨਸੰਖਿਆ 1 ਅਰਬ 32 ਕਰੋੜ 68 ਲੱਖ ਵਿਅਕਤੀਆਂ ਤੋਂ ਵੱਧ ਹੈ।
- ਭਾਰਤ ਦਾ ਖੇਤਰਫ਼ਲ ਸੰਸਾਰ ਦਾ 2.4 ਫੀਸਦੀ ਤੇ ਵਸੋਂ 16 ਫੀਸਦੀ ਤੋਂ ਵੱਧ ਹੈ।
- ਆਬਾਦੀ ਪੱਖੋਂ ਉੱਤਰ ਪ੍ਰਦੇਸ਼, ਮਹਾਂਰਾਸ਼ਟਰ ਤੇ ਬਿਹਾਰ ਦੇਸ਼ ਦੇ ਮੋਹਰੀ ਰਾਜ ਹਨ।
- ਪੰਜਾਬ ਦੀ ਵਸੋਂ 2 ਕਰੋੜ 77 ਲੱਖ 43 ਹਜ਼ਾਰ ਤੋਂ ਵੱਧ ਹੈ ਅਤੇ ਦੇਸ਼ ਵਿੱਚ 15ਵਾਂ ਸਥਾਨ ਹੈ।
- ਵਸੋਂ ਘਣਤਾ ਵਿੱਚ ਲੁਧਿਆਣਾ ਤੇ ਅੰਮ੍ਰਿਤਸਰ ਮੋਹਰੀ ਸੂਬੇ ਹਨ, ਪੰਜਾਬ ਦਾ 14ਵਾਂ ਸਥਾਨ ਹੈ।
- ਪੰਜਾਬ ਵਿੱਚ 121581 ਪਿੰਡ ਤੇ 217 ਸ਼ਹਿਰ ਹਨ ਤੇ ਜ਼ਿਲਾ ਤਰਨਤਾਰਨ ਸਭ ਤੋਂ ਘੱਟ ਵਸੋਂ ਸ਼ਹਿਰੀ ਹੈ।
- ਜ਼ਿਲ੍ਹਿਆਂ ਸ੍ਰੀ ਮੁਕਤਸਰ ਸਾਹਿਬ ਤੇ ਮਾਨਸਾ ਦੇ ਵਧੇਰੇ ਲੋਕ ਖੇਤੀ ਦੇ ਕੰਮ ਵਿੱਚ ਲੱਗੇ ਹਨ ਜਦੋਂ ਕਿ ਲੁਧਿਆਣਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੇ ਜਲੰਧਰ ਆਦਿ ਦੇ ਜ਼ਿਲ੍ਹਿਆਂ ਦੇ ਘੱਟ ਲੋਕ ਖੇਤੀ ਦੇ ਕੰਮ ਵਿੱਚ ਜੁਟੇ ਹਨ।



ੳ ਨਕਸ਼ਾ ਕਾਰਜ (Map Work)

1. ਸਭ ਤੋਂ ਵੱਧ ਜਨਸੰਖਿਆ ਵਾਲਾ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼।
2. ਸਭ ਤੋਂ ਘੱਟ ਜਨਸੰਖਿਆ ਵਾਲਾ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼।
3. ਪ੍ਰਤੀ ਵਰਗ ਕਿਲੋਮੀਟਰ 1000 ਤੋਂ ਵੱਧ ਵਸੋਂ ਘਣਤਾ ਵਾਲੇ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼।
4. ਪ੍ਰਤੀ ਵਰਗ ਕਿਲੋਮੀਟਰ 100 ਤੋਂ ਘੱਟ ਵਸੋਂ ਘਣਤਾ ਵਾਲੇ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼।

ਅ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਤੋਂ ਇੱਕ ਵਾਕ ਵਿੱਚ ਦਿਓ :

1. ਪੰਜਾਬ ਦੀ ਵਸੋਂ ਦੀ ਕਾਰੋਬਾਰੀ ਬਣਤਰ ਦਾ ਚਾਰਟ ਅਧਿਆਪਕ ਦੀ ਸਹਾਇਤਾ ਨਾਲ ਤਿਆਰ ਕਰੋ ਤੇ ਜਮਾਤ ਦੇ ਕਮਰੇ ਵਿੱਚ ਲਾਓ।
2. ਪੰਜਾਬ ਦੀ ਵਸੋਂ ਦਾ ਜ਼ਿਲੇਵਾਰ ਲਿੰਗ ਅਨੁਪਾਤ ਦੀ ਸੂਚੀ ਤਿਆਰ ਕਰੋ ਅਤੇ ਇਸ ਸੰਬੰਧੀ ਅਧਿਆਪਕ ਜੀ ਨਾਲ ਚਰਚਾ ਕਰੋ।
3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੀ ਲੰਬਾਈ ਵਿੱਚ ਦਿਓ।
4. ਇਨ੍ਹਾਂ ਵਿੱਚੋਂ ਕਿਹੜੇ ਰਾਜ ਦੀ ਵਸੋਂ ਘਣਤਾ 2011 ਦੀ ਜਨਗਣਨਾ ਅਨੁਸਾਰ ਸਭ ਤੋਂ ਵੱਧ ਹੈ ?
 (*i*) ਉੱਤਰ ਪ੍ਰਦੇਸ਼ (*ii*) ਬਿਹਾਰ
 (*iii*) ਬੰਗਾਲ (*iv*) ਕੇਰਲ

2. ਇੱਕ ਸਥਾਨ ਤੋਂ ਨਵੀਂ ਥਾਂ ਜਾ ਕੇ ਵਸਣ ਦੀ ਕਿਰਿਆ ਨੂੰ ਕੀ ਕਿਹਾ ਜਾਂਦਾ ਹੈ ?

(*i*) ਆਵਾਸ (*ii*) ਸੁਤੰਤਰਤਾ

(*iii*) ਸ਼ਹਿਰੀਕਰਨ (*iv*) ਪਰਵਾਸ

3. ਸੰਨ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੇ ਕਿੰਨੇ ਫੀਸਦੀ ਕਾਮੇ ਖੇਤੀ ਤੇ ਸੰਬੰਧਿਤ ਕਿੱਤਿਆਂ ਵਿੱਚ ਹਨ ?

(*i*) 35.5 (*ii*) 40.5

(*ii*) 30.5 (*iv*) 27.5

4. ਮਾਦਾ ਭਰੂਣ ਹੱਤਿਆ ਤੋਂ ਕੀ ਭਾਵ ਹੈ ?
5. ਦੇਸ਼ ਦਾ ਸਮਾਜਿਕ ਤੇ ਆਰਥਿਕ ਵਿਕਾਸ ਪਤਾ ਕਰਨ ਲਈ ਜ਼ਰੂਰੀ ਤੱਤ ਕਿਹੜੇ-ਕਿਹੜੇ ਹਨ ?
6. ਕਿਸੇ ਥਾਂ ਦੀ ਵਸੋਂ ਵਾਧਾ ਫ਼ੀਸਦੀ ਕਿਵੇਂ ਪਤਾ ਕੀਤੀ ਜਾਂਦੀ ਹੈ ?
7. ਵਿਸ਼ਵ ਜਨਸੰਖਿਆ ਦਿਵਸ ਕਦੋਂ ਮਨਾਇਆ ਜਾਂਦਾ ਹੈ ?

ੲ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

1. ਜਨਸੰਖਿਆ ਪੱਖੋਂ ਭਾਰਤ ਦੀ ਸੰਸਾਰ ਵਿੱਚ ਸਥਿਤੀ ਉੱਤੇ ਇੱਕ ਨੋਟ ਲਿਖੋ।
2. ਪੰਜਾਬ ਦਾ ਇੱਕ ਵਾਸੀ, ਵਸੋਂ ਘਣਤਾ, ਲਿੰਗ ਅਨੁਪਾਤ ਤੇ ਸਾਖਰਤਾ ਦੇ ਪੱਖੋਂ ਕਿੰਨਵੇਂ ਸਥਾਨ ਤੇ ਹੋਵੇਗਾ ?
3. ਪਰਵਾਸ ਦੇ ਕੀ-ਕੀ ਮੁੱਖ ਕਾਰਨ ਹੋ ਸਕਦੇ ਹਨ ?
4. ਸਾਜਰਤਾ ਦਰ ਕਿਵੇਂ ਪਤਾ ਲਗਦੀ ਹੈ ? ਸਾਜਰਤਾ ਪੱਖੋਂ ਪੰਜਾਬ ਕਿਹੜੇ ਮੁੱਖ ਰਾਜਾਂ ਤੋਂ ਪਛੜਿਆ ਹੋਇਆ ਹੈ ?
5. ਪੰਜਾਬ ਦੀ ਪੇਂਡੂ ਸ਼ਹਿਰੀ ਵਸੋਂ ਵੰਡ 'ਤੇ ਨੋਟ ਲਿਖੋ।
6. ਕੌਮੀ ਜਨਸੰਖਿਆ ਨੀਵੀ 200 ਤੋਂ ਜਾਣੂ ਕਰਵਾਓ।

ਸ ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤ੍ਰਿਤ ਉੱਤਰ ਦਿਓ :

1. ਕਿਸ਼ੋਰ ਉਮਰ ਦੇ ਵਰਗ ਨੂੰ ਕੀ-ਕੀ ਨਿਵੇਕਲੀਆਂ ਔਕੜਾਂ ਹੋ ਸਕਦੀਆਂ ਹਨ ?
2. ਵਸੋਂ ਪਰਵਾਸ ਸੰਬੰਧੀ ਭਾਰਤ ਤੇ ਪੰਜਾਬ ਦੀਆਂ ਸਥਿਤੀਆਂ ਦੀ ਚਰਚਾ ਕਰੋ।
3. ਭਾਰਤੀ ਵਸੋਂ ਦੀ ਘਣਤਾ ਅਨੁਸਾਰ ਵੰਡ ਕਰੋ।
4. ਸਿਹਤ ਤੇ ਕਿੱਤਿਆਂ ਪੱਖੋਂ ਭਾਰਤੀ ਵਸੋਂ ਬਾਰੇ ਚਰਚਾ ਕਰੋ।

❖ ❖ ❖

1 ਇੱਕ ਪਿੰਡ ਦੀ ਕਹਾਣੀ

ਅਰਥਸ਼ਾਸਤਰ ਅਤੇ ਇਸ ਦੀਆਂ ਮੁੱਢਲੀਆਂ ਧਾਰਨਾਵਾਂ ਜਿਨ੍ਹਾਂ ਦਾ ਅਰਥਸ਼ਾਸਤਰ ਵਿੱਚ ਵਿਸ਼ੇਸ਼ ਅਰਥ ਹੁੰਦਾ ਹੈ, ਬਾਰੇ ਜਾਨਣਾ, ਇਸ ਪਾਠ ਦਾ ਮੰਤਵ ਹੈ। ਭਾਰਤ ਦੇ ਇੱਕ ਪਿੰਡ ਦੀ ਕਾਲਪਨਿਕ ਕਹਾਣੀ ਰਾਹੀਂ ਉਤਪਾਦਨ ਦੇ ਕਾਰਕਾਂ ਦੀ ਸਹਾਇਤਾ ਨਾਲ ਪਿੰਡਾਂ ਵਿੱਚ ਕੀਤੀਆਂ ਜਾਂਦੀਆਂ ਉਤਪਾਦਨ ਗਤੀਵਿਧੀਆਂ ਬਾਰੇ ਵੀ ਇਸ ਪਾਠ ਵਿੱਚ ਅਸੀਂ ਪੜ੍ਹਾਂਗੇ।

ਪਿਆਰੇ ਵਿਦਿਆਰਥੀਓ, ਤੁਸੀਂ ਜਾਣਦੇ ਹੀ ਹੋ ਕਿ ਰੋਜ਼ਾਨਾ ਜੀਵਨ ਵਿੱਚ ਸਾਨੂੰ ਕਿੰਨੀਆਂ ਵਸਤੂਆਂ ਦੀ ਲੋੜ ਪੈਂਦੀ ਹੈ। ਉਦਾਹਰਣ ਵਜੋਂ, ਸਾਨੂੰ ਆਪਣੀ ਭੁੱਖ ਨੂੰ ਸੰਤੁਸ਼ਟ ਕਰਨ ਲਈ ਭੋਜਨ, ਆਪਣੇ ਸਰੀਰ ਨੂੰ ਢੱਕਣ ਲਈ ਕੱਪੜੇ, ਰਹਿਣ ਵਾਸਤੇ ਘਰ, ਆਵਾਜਾਈ ਲਈ ਵਾਹਨ, ਮਨੋਰੰਜਨ ਲਈ ਟੈਲੀਵਿਜ਼ਨ, ਰੇਡੀਓ ਆਦਿ ਦੀ ਲੋੜ ਹੁੰਦੀ ਹੈ। ਉਹ ਵਸਤੂਆਂ ਅਤੇ ਸੇਵਾਵਾਂ ਜੋ ਸਾਡੀਆਂ ਲੋੜਾਂ ਪੂਰੀਆਂ ਕਰਦੀਆਂ ਹਨ, ਨੂੰ ਸਾਧਨ

> ਅਰਥਸ਼ਾਸਤਰ ਮਨੁੱਖੀ ਵਰਤਾਰੇ ਦਾ ਉਹ ਵਿਗਿਆਨ ਹੈ, ਜਿਸ ਦਾ ਸੰਬੰਧ ਦੁਰਲੱਭ ਸਾਧਨਾਂ ਦਾ ਪ੍ਰਯੋਗ ਅਜਿਹੇ ਢੰਗ ਨਾਲ ਕਰਨ ਤੋਂ ਹੈ, ਜਿਸ ਨਾਲ ਉਪਭੋਗਤਾ ਅਧਿਕਤਮ ਸੰਤੁਸ਼ਟੀ ਪ੍ਰਾਪਤ ਕਰ ਸਕੇ, ਉਤਪਾਦਕ ਅਧਿਕਤਮ ਲਾਭ ਪ੍ਰਾਪਤ ਕਰ ਸਕੇ ਅਤੇ ਸਮਾਜ ਆਪਣੀ ਭਲਾਈ ਅਧਿਕਤਮ ਕਰ ਸਕੇ।



ਚਿੱਤਰ 1.1 ਵਸਤੂਆਂ ਅਤੇ ਸੇਵਾਵਾ

(means) ਕਿਹਾ ਜਾਂਦਾ ਹੈ। ਸਾਡੀ ਇੱਕ ਲੋੜ ਪੂਰੀ ਹੋਣ ਤੇ ਦੂਜੀ ਨਵੀਂ ਲੋੜ ਪੈਦਾ ਹੋ ਜਾਂਦੀ ਹੈ। ਸਾਡੀਆਂ ਲੋੜਾਂ ਅਸੀਮਤ ਹਨ, ਪਰ ਸਾਡੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਲੇ ਸਾਧਨ ਸੀਮਤ ਹਨ। ਮਨੁੱਖ ਨੂੰ ਇਹ ਨਿਰਧਾਰਿਤ ਕਰਨਾ ਪੈਂਦਾ ਹੈ ਕਿ ਉਹ ਉਪਲੱਬਧ ਸਾਧਨਾਂ ਨਾਲ ਆਪਣੀਆਂ ਵੱਧ ਤੋਂ ਵੱਧ ਲੋੜਾਂ ਨੂੰ ਕਿਵੇਂ ਪੂਰਾ ਕਰ ਸਕੇ। ਉਦਾਹਰਣ ਵਜੋਂ; ਘਰ ਵਿੱਚ ਦੁੱਧ ਦੀ ਮਾਤਰਾ ਸੀਮਤ ਹੁੰਦੀ ਹੈ, ਪਰ ਸਾਨੂੰ ਦੁੱਧ ਨਾਲ ਬਣੀਆਂ ਹੋਰ ਚੀਜ਼ਾਂ ਜਿਵੇਂ- ਦਹੀਂ, ਲੱਸੀ, ਮੱਖਣ, ਪਨੀਰ, ਮਠਿਆਈ ਆਦਿ ਦੀ ਵੀ ਲੋੜ ਹੁੰਦੀ ਹੈ। ਅਸੀਂ ਆਪਣੇ ਸੀਮਤ ਸਾਧਨ 'ਦੁੱਧ' ਦੀ ਵਰਤੋਂ ਇਸ ਤਰ੍ਹਾਂ ਕਰਦੇ ਹਾਂ ਕਿ ਸਾਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋਵੇ। ਪੂਰਾ ਦਿਨ ਅਸੀਂ ਆਪਣੀਆਂ ਇਹਨਾਂ ਲੋੜਾਂ ਦੀ ਸੰਤੁਸ਼ਟੀ ਲਈ ਯਤਨ ਕਰਦੇ ਰਹਿੰਦੇ ਹਾਂ।

ਮਨੁੱਖ ਵੱਲੋਂ ਸੀਮਤ ਸਾਧਨਾਂ ਨਾਲ ਅਸੀਮਤ ਲੋੜਾਂ ਦੀ ਪੂਰਤੀ ਕਰਨ ਵਾਲੇ ਵਿਵਹਾਰ ਦੇ ਅਧਿਐਨ ਨੂੰ ਅਰਥਸ਼ਾਸਤਰ ਕਿਹਾ ਜਾਂਦਾ ਹੈ।

ਪਾਠ ਨੂੰ ਜਾਰੀ ਰੱਖਣ ਤੋਂ ਪਹਿਲਾਂ ਅਸੀਂ ਕੁਝ ਧਾਰਨਾਵਾਂ ਜਿਨ੍ਹਾਂ ਦਾ ਅਰਥਸ਼ਾਸਤਰ ਵਿੱਚ ਵਿਸ਼ੇਸ਼ ਅਰਥ ਹੁੰਦਾ ਹੈ, ਬਾਰੇ ਪੜ੍ਹਾਂਗੇ।

1.0 ਅਰਥਸ਼ਾਸਤਰ ਦੀਆਂ ਮੁੱਢਲੀਆਂ ਧਾਰਨਾਵਾਂ (Basic Concepts)

i. **ਵਸਤਾਂ (Goods)** - ਵਸਤਾਂ, ਉਹ ਛੂਹਣ ਯੋਗ ਚੀਜ਼ਾਂ ਹਨ ਜੋ ਮਨੁੱਖੀ ਲੋੜਾਂ ਨੂੰ ਸੰਤੁਸ਼ਟ ਕਰਦੀਆਂ ਹਨ। ਦੂਸਰੇ ਸ਼ਬਦਾਂ ਵਿੱਚ, ਕੋਈ ਵੀ ਚੀਜ਼ ਜਿਸ ਵਿੱਚ ਮਨੁੱਖੀ ਲੋੜ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਹੁੰਦੀ ਹੈ ਉਹ ਵਸਤੂ ਕਹਾਉਂਦੀ ਹੈ, ਜਿਵੇਂ ; ਰੇਡਿਓ, ਪੱਖਾ, ਮੋਬਾਇਲ ਫੋਨ ਆਦਿ।

ii. **ਸੇਵਾਵਾਂ (Services)** - ਅਰਥ ਸ਼ਾਸਤਰ ਵਿੱਚ ਵਸਤੂਆਂ ਤੋਂ ਇਲਾਵਾ ਸੇਵਾਵਾਂ ਵੀ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਦੀਆਂ ਹਨ। ਇਹਨਾਂ ਦੀ ਕੋਈ ਭੌਤਿਕਤਾ ਨਹੀਂ ਹੁੰਦੀ, ਜਿਵੇਂ-ਅਧਿਆਪਕ ਦੁਆਰਾ ਪੜ੍ਹਾਉਣਾ, ਡਾਕਟਰ ਦੁਆਰਾ ਇਲਾਜ਼ ਕਰਨਾ ਆਦਿ।

iii. **ਉਪਯੋਗਤਾ/ਤੁਸ਼ਟੀਗੁਣ (Utility)** - ਕਿਸੇ ਵਸਤੂ ਜਾਂ ਸੇਵਾ ਵਿੱਚ ਮਨੁੱਖ ਦੀਆਂ ਲੋੜਾਂ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਨੂੰ ਉਪਯੋਗਤਾ/ਤੁਸ਼ਟੀਗੁਣ ਕਹਿੰਦੇ ਹਨ। ਉਦਾਹਰਨ ਵਜੋਂ, ਰੋਟੀ ਨਾਲ ਭੁੱਖ ਨੂੰ ਮਿਟਾਉਣ ਅਤੇ ਪਾਣੀ ਨਾਲ ਪਿਆਸ ਨੂੰ ਬੁਝਾਉਣ ਦੀ ਸਮਰੱਥਾ ਉਪਯੋਗਤਾ ਹੈ।

iv. **ਕੀਮਤ (Price)** - ਕੀਮਤ ਤੋਂ ਭਾਵ ਵਸਤੂ ਜਾਂ ਸੇਵਾ ਦੇ ਮੁੱਲ ਤੋਂ ਹੈ ਜਿਸ ਨੂੰ ਮੁਦਰਾ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ। ਜਿਵੇਂ- ਅਸੀ ਇੱਕ ਘੜੀ ਨੂੰ ₹ 500 ਵਿੱਚ ਖਰੀਦਦੇ ਹਾਂ । ਇਸ ਤਰ੍ਹਾਂ ਘੜੀ ਦੀ ਕੀਮਤ ₹ 500 ਹੈ।

v. **ਧਨ (Wealth)** - ਅਜਿਹੀਆਂ ਸਾਰੀਆਂ ਵਸਤੂਆਂ ਅਤੇ ਸੇਵਾਵਾਂ, ਜਿਨ੍ਹਾਂ ਦੀ ਉਪਯੋਗਤਾ ਨੂੰ ਮਾਨਣ ਲਈ ਅਸੀ ਕੀਮਤ ਦਿੰਦੇ ਹਾਂ, ਨੂੰ ਧਨ ਕਿਹਾ ਜਾਂਦਾ ਹੈ, ਜਿਵੇਂ- ਕਿਤਾਬ, ਪੈੱਨ, ਕਮੀਜ਼, ਅਧਿਆਪਕ ਵਲੋਂ ਵਿਦਿਆਰਥੀਆਂ ਨੂੰ ਪੜ੍ਹਾਉਣਾ ਆਦਿ ਧਨ ਹਨ ਕਿਉਂਕਿ ਇਹਨਾਂ ਵਸਤੂਆਂ ਅਤੇ ਸੇਵਾਵਾਂ ਦਾ ਮੁੱਲ ਹੁੰਦਾ ਹੈ।

vi. ਮੁਦਰਾ (Money) - ਤੁਸੀਂ ਸਾਰੇ ਮੁਦਰਾ ਨੂੰ ਜਾਣਦੇ ਹੀ ਹੋ ਅਤੇ ਇਸਨੂੰ ਹਰ ਰੋਜ਼ ਵਰਤਦੇ ਹੋ, ਜਿਵੇਂ ਤੁਸੀਂ ₹ 10 ਦਾ ਪੈੱਨ ਖਰੀਦਿਆ ਜਾਂ ₹ 5 ਦਾ ਇੱਕ ਕੱਪ ਚਾਹ ਦਾ ਪੀਤਾ ਜਾਂ ਤੁਹਾਡੇ ਪਿਤਾ ਨੇ ਸਕੂਲ ਫੀਸ ਲਈ ਸਕੂਲ ਨੂੰ ₹ 200 ਦਾ ਚੈੱਕ ਦਿੱਤਾ ਰੁਪਏ, ਸਿੱਕੇ ਅਤੇ ਚੈੱਕ ਮੁਦਰਾ ਦੇ ਵੱਖ-ਵੱਖ ਰੂਪ ਹਨ। ਮੁਦਰਾ ਸਰਕਾਰ ਵੱਲੋਂ ਪ੍ਰਮਾਣਿਤ ਉਸ ਵਸਤੂ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਵਟਾਂਦਰੇ ਦੇ ਮਾਧਿਅਮ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਵੱਖ ਵੱਖ ਦੇਸ਼ਾਂ ਵਿੱਚ ਮੁਦਰਾਂ ਦੇ ਵੱਖ ਵੱਖ ਨਾ ਹਨ। ਉਦਾਹਰਨ ਵਜੋਂ; ਭਾਰਤ ਵਿੱਚ ਰੁਪਏ, ਅਮਰੀਕਾ ਅਤੇ ਕਨੇਡਾ ਵਿੱਚ ਡਾਲਰ ਅਤੇ ਇੰਗਲੈਂਡ ਵਿੱਚ ਪੌਂਡ ਆਦਿ। ਮੁਦਰਾ ਦੀਆਂ ਵਿਸ਼ੇਸਤਾਵਾਂ ਹੇਠ ਲਿਖੇ ਅਨੁਸਾਰ ਹਨ :-



ਚਿੱਤਰ 1.2 ਵੱਖ ਵੱਖ ਦੇਸ਼ਾਂ ਦੀਆਂ ਮੁਦਰਾ

a. ਮੁਦਰਾ ਵਟਾਂਦਰੇ ਦਾ ਮਾਧਿਅਮ ਹੈ।

b. ਇਹ ਮੁੱਲ ਦੀ ਪ੍ਰਮਾਣਿਕ ਇਕਾਈ ਹੈ।

c. ਭਵਿੱਖ ਵਿੱਚ ਕੀਤੇ ਜਾਣ ਵਾਲੇ ਭੁਗਤਾਨ ਦਾ ਮਾਧਿਅਮ ਹੈ।

d. ਸਰਕਾਰ ਵੱਲੋਂ ਇਸ ਨੂੰ ਮਾਨਤਾ ਦਿੱਤੀ ਜਾਂਦੀ ਹੈ।

e. ਮੁਦਰਾ ਨੂੰ ਕਿਸੇ ਵੀ ਥਾਂ ਲੈ ਕੇ ਜਾਇਆ ਜਾ ਸਕਦਾ ਹੈ।

vii. ਮੰਗ (Demand) - ਮੰਗ ਇੱਕ ਵਸਤੂ ਦੀ ਉਸ ਮਾਤਰਾ ਨੂੰ ਦਰਸਾਉਂਦੀ ਹੈ ਜਿਸ ਨੂੰ ਉਪਭੋਗੀ ਇੱਕ ਨਿਸ਼ਚਿਤ ਸਮੇ ਤੇ ਹਰ ਸੰਭਵ ਕੀਮਤ ਤੇ ਖਰੀਦਣ ਦੇ ਯੋਗ ਅਤੇ ਇੱਛੁਕ ਹੁੰਦਾ ਹੈ,ਜਿਵੇ, ਜਦੋਂ ਇੱਕ ਵਿਅਕਤੀ ₹1 ਪ੍ਰਤੀ ਚਾਕਲੇਟ ਕੀਮਤ ਤੇ ਪੰਜ ਚਾਕਲੇਟ ਖਰੀਦਣ ਲਈ ਤਿਆਰ ਹੁੰਦਾ ਹੈ ਤਾਂ ਮੰਗ 5 ਚਾਕਲੇਟ ਹੈ। ਜਦੋਂ ਉਹ ਵਿਅਕਤੀ ₹2 ਪ੍ਰਤੀ ਚਾਕਲੇਟ ਤੇ ₹3 ਚਾਕਲੇਟ ਖਰੀਦਦਾ ਹੈ ਤਾਂ ਮੰਗ ਤਿੰਨ ਚਾਕਲੇਟ ਹੈ। ਇਸ ਤਰ੍ਹਾਂ ਜਦੋਂ ਵਸਤੂਆਂ ਦੀ ਕੀਮਤ ਜ਼ਿਆਦਾ ਹੁੰਦੀ ਹੈ ਤਾਂ ਬਾਜ਼ਾਰ ਵਿੱਚ ਉਸ ਵਸਤੂ ਦੀ ਮੰਗ ਘੱਟ ਹੁੰਦੀ ਹੈ ਅਤੇ ਜਦੋਂ ਵਸਤੂਆਂ ਦੀ ਕੀਮਤ ਘੱਟ ਜਾਂਦੀ ਹੈ ਤਾਂ ਉਹਨਾਂ ਦੀ ਮੰਗ ਵੱਧ ਜਾਂਦੀ ਹੈ।

viii. **ਪੂਰਤੀ (Supply)** - ਪੂਰਤੀ ਤੋਂ ਭਾਵ ਵਸਤੂ ਦੀ ਉਹ ਮਾਤਰਾ ਹੈ। ਜਿਹੜੀ ਇੱਕ ਵਿਕਰੇਤਾ ਇੱਕ ਨਿਸ਼ਚਿਤ ਸਮੇਂ ਤੇ ਨਿਸ਼ਚਿਤ ਕੀਮਤਾਂ ਤੇ ਵੇਚਣ ਲਈ ਤਿਆਰ ਹੈ। ਉਦਾਹਰਣ ਵਜੋਂ ਇੱਕ ਵਿਕਰੇਤਾ ਕੋਲ 50 ਚਾਕਲੇਟ ਹਨ। ਜਦੋਂ ਕੀਮਤ ₹ 5 ਪ੍ਰਤੀ ਚਾਕਲੇਟ ਹੁੰਦੀ ਹੈ ਤਾਂ ਵਿਕਰੇਤਾ ਕੋਈ ਵੀ ਚਾਕਲੇਟ ਵੇਚਣਾ ਨਹੀਂ ਚਾਹੁੰਦਾ। ਪਰ ਜਦੋਂ ਕੀਮਤ ਵੱਧ ਕੇ ₹10 ਪ੍ਰਤੀ ਚਾਕਲੇਟ ਹੁੰਦੀ ਹੈ ਤਾਂ ਵਿਕਰੇਤਾ 10 ਚਾਕਲੇਟ ਵੇਚਣ ਲਈ ਤਿਆਰ ਹੁੰਦਾ ਹੈ। ਇਸ ਲਈ ਪੂਰਤੀ 10 ਚਾਕਲੇਟ ਹੋਵੇਗੀ। ਜਦੋਂ ਕੀਮਤ ਵੱਧ ਕੇ ₹20 ਪ੍ਰਤੀ ਚਾਕਲੇਟ ਹੁੰਦੀ ਹੈ ਤਾਂ ਵਿਕ੍ਰੇਤਾ 30 ਚਾਕਲੇਟ ਵੇਚਦਾ ਹੈ ਇਸ ਲਈ ਪੂਰਤੀ 30 ਚਾਕਲੇਟ ਹੋਵੇਗੀ। ਜਦੋਂ ਵਸਤੂਆਂ ਦੀ ਕੀਮਤ ਜ਼ਿਆਦਾ ਹੁੰਦੀ ਹੈ ਤਾਂ ਉਤਪਾਦਕ ਜਾਂ ਵਿਕਰੇਤਾ ਜ਼ਿਆਦਾ ਤੋਂ ਜ਼ਿਆਦਾ ਵਸਤੂਆਂ ਬਾਜ਼ਾਰ ਵਿੱਚ ਵੇਚਣ ਲਈ ਲਿਆਉਂਦਾ ਹੈ ਅਤੇ ਵਸਤੂਆਂ ਦੀ ਘੱਟ ਕੀਮਤ ਤੇ ਵਿਕਰੇਤਾ ਵਸਤੂਆਂ ਦੀ ਪੂਰਤੀ ਘੱਟ ਕਰ ਦਿੰਦਾ ਹੈ।

ix. **ਬਾਜ਼ਾਰ/ਮੰਡੀ (Market)** - ਆਮ ਬੋਲਚਾਲ ਦੀ ਭਾਸ਼ਾ ਵਿੱਚ ਬਾਜ਼ਾਰ ਤੋਂ ਭਾਵ ਹੈ ਉਹ ਥਾਂ ਜਿੱਥੇ ਖ਼ਰੀਦਦਾਰ ਅਤੇ ਵਿਕ੍ਰੇਤਾ ਆਪਸ ਵਿੱਚ ਮਿਲਦੇ ਹਨ ਅਤੇ ਵਸਤੂ ਖ਼ਰੀਦਦੇ ਤੇ ਵੇਚਦੇ ਹਨ। ਪਰੰਤੂ ਅਰਥਸ਼ਾਸਤਰ ਵਿੱਚ ਬਾਜ਼ਾਰ ਦਾ ਅਰਥ ਹੈ ਇਕ ਅਜਿਹਾ ਪ੍ਰਬੰਧ ਜਿਥੇ ਕਿਸੇ ਵਸਤੂਆਂ ਦੇ ਖ਼ਰੀਦਦਾਰ ਅਤੇ ਵਿਕਰੇਤਾ ਆਪਸ ਵਿੱਚ ਸੰਪਰਕ ਕਰਕੇ ਵਸਤਾਂ ਨੂੰ ਵੇਚਦੇ ਅਤੇ ਖ਼ਰੀਦਦੇ ਹਨ। ਇਹ ਜ਼ਰੂਰੀ ਨਹੀਂ ਕਿ ਉਹ ਇੱਕ ਦੂਸਰੇ ਦੇ ਸਾਹਮਣੇ ਹੋ ਕੇ ਖ੍ਰਰੀਦ/ ਵੇਚ ਕਰਨ, ਸਗੋਂ ਉਹ ਕਿਸੇ ਵੀ ਤਰੀਕੇ ਨਾਲ ਇੱਕ ਦੂਸਰੇ ਦੇ ਸਪੰਰਕ ਵਿੱਚ ਆ ਕੇ ਖ਼ਰੀਦ/ਵੇਚ ਕਰ ਸਕਦੇ ਹਨ, ਜਿਵੇਂ- ਟੈਲੀਫੋਨ, ਈ-ਮੇਲ, ਆਨ-ਲਾਈਨ ਆਦਿ ਰਾਹੀਂ ਕਿਸੇ ਤਰ੍ਹਾਂ ਵੀ ਸਪੰਰਕ ਕਰ ਸਕਦੇ ਹਨ। ਅਜੋਕੇ ਸਮੇਂ ਵਿੱਚ ਆਨ-ਲਾਈਨ ਖਰੀਦਦਾਰੀ ਦਾ ਰੁਝਾਨ ਬਹੁਤ ਵੱਧ ਗਿਆ ਹੈ।

x. **ਲਾਗਤ (Cost)** - ਵਸਤੂ ਦੇ ਉਤਪਾਦਨ ਤੋਂ ਲੈ ਕੇ ਵਿਕਰੀ ਕਰਨ ਤੱਕ ਮੁਦਰਾ ਦੇ ਰੂਪ ਵਿੱਚ ਜੋ ਰਾਸ਼ੀ ਖਰਚ ਕੀਤੀ ਜਾਂਦੀ ਹੈ ਉਸਨੂੰ ਲਾਗਤ ਕਿਹਾ ਜਾਂਦਾ ਹੈ। ਉਦਾਹਰਣ ਵਜੋਂ, ਉਤਪਾਦਕ ਨੂੰ ਵਸਤੂਆਂ ਦੇ ਉਤਪਾਦਨ ਤੋਂ ਲੈ ਕੇ ਉਹਨਾਂ ਨੂੰ ਬਾਜ਼ਾਰ ਵਿੱਚ ਵੇਚਣ ਤੱਕ ਬਹੁਤ ਸਾਰੇ ਖਰਚੇ ਜਿਵੇਂ, ਕੱਚਾ ਮਾਲ ਖਰੀਦਣਾ, ਮਜ਼ਦੂਰੀ ਦੇਣੀ, ਬਿਜਲੀ ਦਾ ਖਰਚ ਆਦਿ ਲਾਗਤ ਦੇ ਰੂਪ ਵਿੱਚ ਖਰਚ ਕਰਨੇ ਪੈਂਦੇ ਹਨ।

xi. **ਆਮਦਨ (Income)** - ਵਸਤੂਆਂ ਦੀ ਵਿਕਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਦੇ ਬਦਲੇ ਇਕ ਵਿਅਕਤੀ ਨੂੰ ਜੋ ਰਾਸ਼ੀ ਪ੍ਰਾਪਤ ਹੁੰਦੀ ਹੈ ਉਸਨੂੰ ਆਮਦਨ ਕਹਿੰਦੇ ਹਨ। ਉਦਾਹਰਣ ਵਜੋਂ, ਇਕ ਫਰਮ ਹਰ ਰੋਜ਼ 100 ਕਮੀਜ਼ਾਂ ਤਿਆਰ ਕਰਦੀ ਹੈ। 100 ਰੁਪਏ ਕੀਮਤ ਨਾਲ ਪ੍ਰਤੀ ਕਮੀਜ਼ ਵੇਚਣ ਉਪਰੰਤ ਫਰਮ ਨੂੰ ₹10,000 ਪ੍ਰਾਪਤ ਹੁੰਦੇ ਹਨ। ਅਰਥਸ਼ਾਸਤਰ ਵਿੱਚ ਇਹ ₹ 10,000 ਦੀ ਰਕਮ ਫਰਮ ਦੀ ਆਮਦਨ ਹੈ। ਜੇਕਰ ਇੱਕ ਮਜ਼ਦੂਰ ਸਾਰਾ ਦਿਨ ਮਜ਼ਦੂਰੀ ਕਰਕੇ ਮਾਲਕ ਤੋਂ ₹400 ਪ੍ਰਾਪਤ ਕਰਦਾ ਹੈ ਤਾਂ ਮਜ਼ਦੂਰ ਦੀ ਆਮਦਨ ₹ 400 ਹੈ।

xii. ਆਰਥਿਕ ਕਿਰਿਆਵਾਂ (Economic Activities) - ਹਰ ਮਨੁੱਖ ਸੀਮਤ ਸਾਧਨਾਂ ਨਾਲ ਆਪਣੀਆਂ ਅਸੀਮਤ ਲੋੜਾਂ ਨੂੰ ਪੂਰੀਆਂ ਕਰਨ ਲਈ ਕੁਝ ਕਿਰਿਆਵਾਂ ਕਰਦਾ ਹੈ। ਇਹਨਾਂ ਕਿਰਿਆਵਾਂ ਨੂੰ ਆਰਥਿਕ ਕਿਰਿਆਵਾਂ ਕਿਹਾ ਜਾਂਦਾ ਹੈ। ਇਹ ਕਿਰਿਆਵਾਂ ਧਨ ਕਮਾਉਣ ਦੇ ਉਦੇਸ਼ ਲਈ ਕੀਤੀਆਂ ਜਾਂਦੀਆਂ ਹਨ, ਉਦਾਹਰਣ ਵਜੋ, ਇੱਕ ਅਧਿਆਪਕ ਦੁਆਰਾ ਸਕੂਲ ਵਿੱਚ ਪੜ੍ਹਾਉਣਾ, ਡਾਕਟਰ ਦੁਆਰਾ ਮਰੀਜ਼ਾਂ ਦਾ ਇਲਾਜ ਕਰਨਾ ਆਦਿ। ਅਧਿਆਪਕ ਅਤੇ ਡਾਕਟਰ ਵਲੋਂ ਆਪਣੀਆਂ ਸੇਵਾਵਾਂ ਦੇ ਬਦਲੇ ਧਨ ਕਮਾਇਆ ਜਾ ਰਿਹਾ ਹੈ। ਆਰਥਿਕ ਕਿਰਿਆਵਾਂ ਦਾ ਸੰਬੰਧ ਧਨ ਦੇ ਉਪਭੋਗ, ਉਤਪਾਦਨ, ਵਟਾਂਦਰਾ ਅਤੇ ਵੰਡ ਤੋਂ ਹੁੰਦਾ ਹੈ।

ਪ੍ਰੋ: ਬੋਲਡਿੰਗ (Prof. Boulding) ਨੇ ਆਰਥਿਕ ਕਿਰਿਆਵਾ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ:-



xiii. ਅਣ-ਆਰਥਿਕ ਕਿਰਿਆਵਾਂ (Non-Economic Activities) - ਅਣ–ਆਰਥਿਕ ਕਿਰਿਆਵਾਂ ਉਹ ਕਿਰਿਆਵਾਂ ਹਨ ਜਿਨ੍ਹਾਂ ਦਾ ਉਦੇਸ਼ ਧਨ ਨੂੰ ਪ੍ਰਾਪਤ ਕਰਨਾ ਨਹੀਂ ਹੁੰਦਾ । ਇਹ ਕਿਰਿਆਵਾਂ ਦੇਸ਼ ਭਗਤੀ, ਪਰਿਵਾਰ ਕਲਿਆਣ, ਸਮਾਜ ਸੇਵਾ, ਸਿਹਤ, ਮਨੋਰੰਜਨ ਆਦਿ ਨਾਲ ਸੰਬੰਧਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੀਤੀਆਂ ਜਾਂਦੀਆਂ ਹਨ। ਉਹਨਾਂ ਨੂੰ ਮੁਦਰਾ ਦੇ ਮਾਪਦੰਡ ਰਾਹੀਂ ਨਹੀਂ ਮਾਪਿਆ ਜਾਂਦਾ ।ਉਦਾਹਰਣ ਵਜੋਂ ਇਕ ਅਧਿਆਪਕ ਦੁਆਰਾ ਆਪਣੇ ਪੁੱਤਰ ਨੂੰ ਪੜ੍ਹਾਉਣਾ, ਇੱਕ ਡਾਕਟਰ ਦੁਆਰਾ ਆਪਣੇ ਬੱਚੇ ਦਾ ਇਲਾਜ ਕਰਨਾ ਆਦਿ।

ਵਿਦਿਆਰਥੀਓ, ਮੁੱਢਲੀਆਂ ਧਾਰਨਾਵਾਂ ਜਾਨਣ ਤੋਂ ਬਾਅਦ ਹੁਣ ਅਸੀਂ ਉਤਪਾਦਨ, ਜੋ ਕਿ ਇੱਕ ਮੁੱਖ ਆਰਥਿਕ ਕਿਰਿਆ ਹੈ, ਬਾਰੇ ਪੜ੍ਹਾਂਗੇ।

1.1 ਉਤਪਾਦਨ

ਉਤਪਾਦਨ ਉਹ ਆਰਥਿਕ ਕਿਰਿਆ ਹੈ ਜਿਸਦੇ ਰਾਹੀਂ ਵਸਤਾਂ ਅਤੇ ਸੇਵਾਵਾਂ ਦੀ ਉਪਯੋਗਤਾ ਜਾਂ ਮੁੱਲ ਵਿੱਚ ਵਾਧਾ ਕੀਤਾ ਜਾਂਦਾ ਹੈ। ਉਤਪਾਦਨ ਦਾ ਮੁੱਖ ਉਦੇਸ਼ ਇਹੋ ਜਿਹੀਆਂ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਨਾ ਹੈ ਜਿਨ੍ਹਾਂ ਦੀ ਸਾਨੂੰ ਲੋੜ ਹੈ।ਉਦਾਹਰਣ ਵਜੋਂ, ਇੱਕ ਤਰਖਾਣ ਲੱਕੜੀ ਤੋਂ ਮੇਜ, ਕੁਰਸੀ, ਸੋਫਾ ਸੈਟ ਆਦਿ ਬਣਾਉਂਦਾ ਹੈ; ਘੁਮਿਆਰ ਮਿੱਟੀ ਤੋਂ ਭਾਂਡੇ ਬਣਾਉਦਾ ਹੈ; ਲੁਹਾਰ ਲੋਹੇ ਦੇ ਔਜ਼ਾਰ ਬਣਾਉਂਦਾ ਹੈ; ਹਲਵਾਈ ਦੁੱਧ, ਮੈਦੇ, ਵੇਸਣ ਤੋਂ ਕਈ ਪ੍ਰਕਾਰ ਦੀਆਂ ਮਿਠਾਈਆਂ ਤਿਆਰ ਕਰਦਾ ਹੈ ਆਦਿ। ਇਹਨਾਂ

ਕਿਰਿਆਵਾਂ ਵਿੱਚ ਲੱਕੜ, ਮਿੱਟੀ, ਲੋਹਾ, ਦੁੱਧ, ਮੈਦਾ,ਵੇਸਣ ਆਦਿ ਵਸਤੂਆਂ ਦੀ ਉਪਯੋਗਤਾ ਅਤੇ ਕੀਮਤਾਂ ਵਿੱਚ ਵਾਧਾ ਹੋਇਆ ਅਤੇ ਇਸ ਸਾਰੀ ਕਿਰਿਆ ਨੂੰ ਉਤਪਾਦਨ ਕਿਹਾ ਜਾਂਦਾ ਹੈ।

1.2 ਉਤਪਾਦਨ ਦੇ ਸਾਧਨ

ਵਸਤੂਆਂ ਦੇ ਉਤਪਾਦਨ ਦੇ ਲਈ ਚਾਰ ਉਤਪਾਦਨ ਕਾਰਕਾਂ ਜਾਂ ਸਾਧਨਾਂ ਦੀ ਲੋੜ ਹੁੰਦੀ ਹੈ- **ਭੂਮੀ, ਕਿਰਤ, ਪੂੰਜੀ ਅਤੇ ਉੱਦਮੀ**। ਭੂਮੀ ਇਕ ਕੁਦਰਤੀ ਸਾਧਨ ਹੈ। ਕਿਰਤ ਇੱਕ ਮਨੁੱਖੀ ਸਾਧਨ ਹੈ। ਪੂੰਜੀ ਅਜਿਹਾ ਸਾਧਨ ਹੈ ਜੋ ਭੂਮੀ ਅਤੇ ਕਿਰਤ ਦੇ ਮਿਸ਼ਰਨ ਦਾ ਨਤੀਜਾ ਹੈ। ਉੱਦਮੀ ਉਹ ਮਨੁੱਖੀ ਸਾਧਨ ਹੈ ਜੋ ਬਾਕੀ ਸਾਧਨਾਂ ਨੂੰ ਇਕੱਠਾ ਕਰਕੇ ਉਤਪਾਦਨ ਕਰਨ ਦਾ ਜੋਖ਼ਿਮ ਉਠਾਉਂਦਾ ਹੈ।



ਚਿੱਤਰ 1.3 ਉਤਪਾਦਨ ਦੇ ਸਾਧਨ

ਵਿਦਿਆਰਥੀਓ, ਹੁਣ ਅਸੀਂ ਉਤਪਾਦਨ ਅਤੇ ਇਸਦੇ ਸਾਧਨਾਂ ਨੂੰ ਭਾਰਤ ਦੇ ਇੱਕ ਪਿੰਡ ਦੀ ਇੱਕ ਕਾਲਪਨਿਕ ਕਹਾਣੀ ਰਾਹੀਂ ਪੜ੍ਹਾਂਗੇ।

ਇਹ ਪਿੰਡ ਪੰਜਾਬ ਵਿੱਚ ਸਥਿਤ ਹੈ ਜੋ ਕਿ ਆਲੇ-ਦੁਆਲੇ ਦੇ ਪਿੰਡਾਂ ਅਤੇ ਕਸਬਿਆਂ ਨਾਲ ਭਲੀ-ਭਾਂਤੀ ਛੋਟੀਆਂ ਸੜਕਾਂ ਰਾਹੀਂ ਜੁੜਿਆ ਹੋਇਆ ਹੈ। ਇਹਨਾਂ ਸੜਕਾਂ ਤੇ ਬੈਲ-ਗੱਡੀਆਂ, ਤੂੜੀ ਅਤੇ ਗੰਨਿਆਂ ਨਾਲ ਲੱਦੇ ਟ੍ਰੈਕਟਰਾਂ-ਟਰਾਲੀਆਂ ਸਮੇਤ ਹਰ ਤਰ੍ਹਾਂ ਦੇ ਵਾਹਨ, ਜਿਵੇਂ ਕਿ ਬੱਸਾਂ, ਕਾਰਾਂ, ਮੋਟਰਸਾਈਕਲ ਆਦਿ ਦੇਖੇ ਜਾ ਸਕਦੇ ਹਨ।

ਜਿਸ ਪਿੰਡ ਦੀ ਆਪਾਂ ਗੱਲ ਕਰ ਰਹੇ ਹਾਂ ਉਸ ਪਿੰਡ ਵਿੱਚ ਲਗਪਗ 400 ਪਰਿਵਾਰ ਰਹਿੰਦੇ ਹਨ। ਇਸ ਪਿੰਡ ਦੇ ਬਹੁਤੇ ਘਰ ਪੱਕੇ ਹਨ ਉਹਨਾਂ ਕੋਲ ਬਿਜਲੀ ਦੀ ਸਹੂਲਤ ਹੈ। ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਅਤੇ ਇੱਕ ਸਰਕਾਰੀ ਡਿਸਪੈਂਸਰੀ ਵੀ ਹੈ। ਸਰਕਾਰੀ ਡਿਸਪੈਂਸਰੀ ਵਿੱਚ ਇੱਕ ਡਾਕਟਰ, ਨਰਸ ਅਤੇ ਇੱਕ ਸੇਵਾਦਾਰ ਹਨ। ਨੇੜੇ ਦੇ ਇੱਕ ਹੋਰ ਤ ਪਿੰਡ ਵਿੱਚ ਹਾਈ ਤੇ ਸੀਨੀਅਰ ਸੈਕੰਡਰੀ ਸਕੂਲ ਹਨ।



ਚਿੱਤਰ 1.4 ਪਿੰਡ ਦਾ ਦ੍ਰਿਸ਼



ਚਿੱਤਰ 1.5 ਖੇਤੀ : ਪਿੰਡਾਂ ਦੀ ਮੁੱਖ ਕਿਰਿਆ

ਇਸ ਪਿੰਡ ਦੀ ਕਹਾਣੀ ਸਾਨੂੰ ਭਾਰਤ ਦੇ ਜ਼ਿਆਦਾਤਰ ਪਿੰਡਾਂ ਵਿੱਚ ਭਿੰਨ-ਭਿੰਨ ਤਰ੍ਹਾਂ ਦੀਆਂ ਉਤਪਾਦਨ ਸੰਬੰਧੀ ਕਿਰਿਆਵਾਂ ਬਾਰੇ ਦੱਸੇਗੀ।

ਭਾਰਤ ਦੇ ਪਿੰਡਾਂ ਵਿੱਚ ਰਹਿੰਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ਇਸ ਪਿੰਡ ਦਾ ਮੁੱਖ ਧੰਦਾ ਵੀ ਖੇਤੀਬਾੜੀ ਹੈ। ਇਸ ਪਿੰਡ ਦਾ ਵੀ ਮੁੱਖ ਧੰਦਾ ਖੇਤੀਬਾੜੀ ਹੀ ਹੈ। ਇਸ ਪਿੰਡ ਦੇ ਕੰਮ ਕਰਨ ਦੇ ਯੋਗ 80% ਲੋਕ ਆਪਣੀ ਰੋਜ਼ੀ-ਰੋਟੀ ਲਈ ਖੇਤੀ ਉੱਤੇ ਨਿਰਭਰ ਹਨ।

ਜਿਵੇਂ ਹਰ ਉਤਪਾਦਨ ਲਈ ਚਾਰੇ ਕਾਰਕਾਂ (ਭੂਮੀ, ਕਿਰਤ, ਪੂੰਜੀ ਅਤੇ ਉਦਮੀ) ਦੀ ਜ਼ਰੂਰਤ ਹੁੰਦੀ ਹੈ, ਉਸੇ ਤਰ੍ਹਾਂ ਹੀ ਖੇਤੀ ਉਤਪਾਦਨ ਲਈ ਲੋੜੀਂਦੇ ਇਹਨਾਂ ਚਾਰੇ ਕਾਰਕਾਂ ਨੂੰ ਪੜ੍ਹਾਂਗੇ।

1.2.1 ਭੂਮੀ (Land) -

ਖੇਤੀ ਯੋਗ ਭੂਮੀ ਖੇਤੀ ਉਤਪਾਦਨ ਦਾ ਮੁੱਖ ਸਾਧਨ ਹੈ ਅਤੇ ਇਹ ਇੱਕ ਕੁਦਰਤੀ ਦੇਣ ਹੈ। ਪਿੰਡ ਵਿੱਚ ਭੂਮੀ ਦਾ ਖੇਤਰ ਸੀਮਤ ਅਤੇ ਨਿਸ਼ਚਿਤ ਹੈ,ਪਰ ਜਨਸੰਖਿਆ ਹਰ ਸਾਲ ਵੱਧ ਰਹੀ ਹੈ। ਖੇਤੀ ਯੋਗ ਭੂਮੀ ਨੂੰ ਵਧਾਇਆ ਨਹੀਂ ਜਾ ਸਕਦਾ ਹੈ ਕਿਉਂਕਿ ਪਿੰਡ ਦੇ ਨਾਲ ਲਗਦੀ ਜ਼ਮੀਨ ਗੁਆਂਢੀ ਪਿੰਡਾਂ ਦੀ ਹੈ। ਹਾਲਾਂਕਿ ਭੂਮੀ ਸਥਿਰ ਹੈ, ਇਸ ਦੇ ਵੱਖ- ਵੱਖ ਹਿੱਸਿਆਂ ਦੀ ਉਪਜਾਊ ਸ਼ਕਤੀ ਵੱਖੋਂ-ਵੱਖਰੀ ਹੈ।

ਭੂਮੀ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ :

i. ਭੂਮੀ ਕੁਦਰਤ ਵਲੋਂ ਦਿੱਤੀ ਹੋਈ ਅਣਮੁੱਲੀ ਸੁਗਾਤ ਹੈ।

ii. ਭੂਮੀ ਦੀ ਪੂਰਤੀ ਸੀਮਤ ਹੈ।

iii. ਭੂਮੀ ਸਥਿਰ ਹੈ।

ਕੀ ਤੁਸੀਂ ਜਾਣਦੇ ਹੋ ?

ਪੰਜਾਬ ਵਿੱਚ ਭੂਮੀ ਦੀ ਮਾਪਦੰਡ ਇਕਾਈ ਹੈਕਟੇਅਰ ਹੈ। ਇਕ ਹੈਕਟੇਅਰ ਅੱਧੇ ਏਕੜ ਦੇ ਬਰਾਬਰ ਹੈ। ਇਕ ਏਕੜ ਵਿੱਚ 8 ਕਨਾਲ ਹੁੰਦੇ ਹਨ ਅਤੇ ਇੱਕ ਕਨਾਲ ਵਿੱਚ 20 ਮਰਲੇ ਹੁੰਦੇ ਹਨ। ਇੱਕ ਮਰਲਾ 25 ਵਰਗ ਗਜ ਦਾ ਹੁੰਦਾ ਹੈ। ਭਾਰਤ ਦੇ ਦੂਜੇ ਪਿੰਡਾਂ ਵਿੱਚ ਵਿੱਘਾ, ਗੋਇਠਾ ਵਰਗੀਆਂ ਇਕਾਈਆਂ ਵੀ ਪ੍ਰਚਲਿਤ ਹਨ।

ਭੂਮੀ ਦੇ ਇੱਕ ਟੁਕੜੇ ਤੋਂ ਜ਼ਿਆਦਾ ਪੈਦਾਵਾਰ ਕਰਨ ਦੇ ਤਰੀਕੇ :-

ਪਿੰਡ ਦੀ ਸਾਰੀ ਖੇਤੀ ਯੋਗ ਭੂਮੀ, ਖੇਤੀ ਲਈ ਵਰਤੀ ਜਾ ਰਹੀ ਹੈ। ਭੂਮੀ ਦਾ ਕੋਈ ਵੀ ਹਿੱਸਾ ਖ਼ਾਲੀ ਨਹੀਂ ਛੱਡਿਆ ਜਾਂਦਾ । ਇਸ ਪਿੰਡ ਦੇ ਕਿਸਾਨ ਇਕ ਸਾਲ ਵਿੱਚ ਤਿੰਨ ਫਸਲਾਂ ਪੈਦਾ ਕਰਨ ਦੀ ਯੋਗਤਾ ਰੱਖਦੇ ਹਨ ਕਿਉਂਕਿ ਇਥੇ ਸਿੰਚਾਈ ਅਤੇ ਬਿਜਲੀ ਦੀ ਚੰਗੀ ਵਿਵਸਥਾ ਹੈ। ਅਪ੍ਰੈਲ ਦੇ ਮਹੀਨੇ ਵਿੱਚ ਕਣਕ ਦੀ ਵਾਢੀ ਤੋਂ ਬਾਅਦ ਕਿਸਾਨ ਸੂਰਜਮੁਖੀ ਜਾਂ ਮੱਕੀ ਦੀ ਫ਼ਸਲ ਬੀਜਦੇ ਹਨ ਜੋ ਕਿ 60 ਦਿਨਾਂ ਵਿੱਚ ਵੱਢ ਲਈ ਜਾਂਦੀ ਹੈ। ਇਸ ਤੋਂ ਬਾਅਦ ਧਾਨ ਦੀ ਫਸਲ ਬੀਜੀ ਜਾਂਦੀ ਹੈ। ਇਹ ਫ਼ਸਲ ਸਤੰਬਰ – ਅਕਤੂਬਰ ਵਿੱਚ ਵੱਢੀ ਜਾਂਦੀ ਹੈ। ਸਰਦੀ ਦੇ ਮੌਸਮ ਵਿੱਚ ਰੱਬੀ ਫਸਲਾਂ, ਜਿਵੇਂ ਕਿ, ਕਣਕ , ਜੌਂ, ਛੋਲੇ, ਸਰੋਂ ਆਦਿ ਬੀਜੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਭੂਮੀ ਗੰਨੇ ਦੀ ਫ਼ਸਲ ਜਾਂ ਮੌਸਮੀ ਸਬਜ਼ੀਆਂ ਬੀਜਣ ਲਈ ਵਰਤੀ ਜਾਂਦੀ ਹੈ। ਇੱਕ ਸਾਲ ਵਿੱਚ ਭੂਮੀ ਦੇ ਇੱਕ ਟੁਕੜੇ ਉੱਤੇ ਇਕ ਤੋਂ ਜ਼ਿਆਦਾ ਫ਼ਸਲਾਂ ਪੈਦਾ ਕਰਨ ਨੂੰ 'ਬਹੁ –ਫਸਲੀ ਪ੍ਰਨਾਲ਼ੀ' ਕਹਿੰਦੇ ਹਨ। ਇਹ ਭੂਮੀ ਦੇ ਇਕ ਟੁਕੜੇ ਤੇ ਉਪਜ ਵਧਾਉਣ ਦੀ ਸਭ ਤੋਂ ਵੱਧ ਪ੍ਰਚਲਿਤ ਪ੍ਰਣਾਲ਼ੀ ਹੈ। ਅਜਿਹਾ ਬਿਜਲੀ ਨਾਲ ਚੱਲਣ ਵਾਲੇ ਟਿਊੱਬਵੈੱਲ ਅਤੇ ਕਿਸਾਨਾਂ ਨੂੰ ਨਿਰੰਤਰ ਦਿੱਤੀ ਜਾਣ ਵਾਲੀ ਬਿਜਲੀ ਕਰਕੇ ਸੰਭਵ ਹੋਇਆ ਹੈ। ਪਿੰਡ ਕੋਲੋਂ ਵਹਿੰਦੀ ਨਹਿਰ ਵੀ ਪਿੰਡ ਦੇ ਖੇਤਾਂ ਦੀ ਸਿੰਜਾਈ ਕਰਨ ਦਾ ਸਾਧਨ ਹੈ।

ਭਾਰਤ ਦੇ ਸਾਰੇ ਪਿੰਡਾਂ ਵਿੱਚ ਇਸ ਤਰ੍ਹਾਂ ਦੀ ਉੱਚ ਪੱਧਰ ਦੀ ਸਿੰਜਾਈ ਵਿਵਸਥਾ ਨਹੀਂ ਹੈ । ਜ਼ਿਆਦਾ ਵਰਖਾ ਕਰਕੇ ਸਾਡੇ ਦੇਸ਼ ਵਿੱਚ ਤੱਟਵਰਤੀ ਇਲਾਕਿਆਂ ਵਿੱਚ ਚੰਗੀ ਸਿੰਜਾਈ ਹੁੰਦੀ ਹੈ। ਪਠਾਰੀ ਖੇਤਰ ਵਿੱਚ ਸਿੰਜਾਈ ਘੱਟ ਹੁੰਦੀ ਹੇ। ਸਾਡੇ ਦੇਸ਼ ਵਿੱਚ ਕੁਲ ਖੇਤੀ ਯੋਗ ਖੇਤਰ ਦੇ 40% ਖੇਤਰ ਵਿੱਚ ਸਿੰਜਾਈ ਹੁੰਦੀ ਹੈ। ਅੱਜ ਵੀ ਖੇਤੀ ਵੱਡੇ ਪੱਧਰ ਤੇ ਸਿਰਫ ਵਰਖਾ ਤੇ ਨਿਰਭਰ ਕਰਦੀ ਹੈ। ਪੰਜਾਬ ਵਿੱਚ ਸਿੰਜਾਈ ਨਹਿਰਾਂ, ਟਿਊਬਵੈਲ, ਡੀਜ਼ਲ ਨਾਲ਼ ਚੱਲਣ ਵਾਲੇ ਪੰਪਾਂ ਆਦਿ ਨਾਲ਼ ਕੀਤੀ ਜਾਂਦੀ ਹੈ।

ਬਹੁਫਸਲੀ ਪ੍ਰਨਾਲ਼ੀ ਤੋਂ ਇਲਾਵਾ ਜ਼ਮੀਨ ਦੇ ਇੱਕੋ ਟੁਕੜੇ ਤੋਂ ਵੱਧ ਉਤਪਾਦਨ ਕਰਨ ਦਾ ਦੂਜਾ ਤਰੀਕਾ ਖੇਤੀ ਵਿੱਚ ਆਧੁਨਿਕ ਢੰਗਾਂ ਦਾ ਪ੍ਰਯੋਗ ਕਰਨਾ ਹੈ। ਜੇਕਰ ਕਿਸਾਨ ਵੱਧ ਝਾੜ ਦੇਣ ਵਾਲ਼ੇ ਬੀਜ, ਰਸਾਇਣਿਕ ਖਾਦਾਂ ਜਾਂ ਜੈਵਿਕ ਖਾਦਾਂ ਦੀ ਉਚਿੱਤ ਮਾਤਰਾ, ਕੀਟਨਾਸ਼ਕ ਦਵਾਈਆਂ, ਖੇਤੀ ਦੇ ਸੁਧਰੇ ਹੋਏ ਉਪਕਰਣ (ਜਿਵੇਂ ਕਿ ਟਰੈਕਟਰ ਆਦਿ) ਦਾ ਪ੍ਰਯੋਗ ਕਰੇ ਤਾਂ, ਫਸਲ ਦੀ ਪ੍ਰਤੀ ਹੈਕਟੇਅਰ ਉਪਜ ਕਾਫੀ ਹੱਦ ਤਕ ਵਧਾਈ ਜਾ ਸਕਦੀ ਹੈ। ਸੰਨ 1966–67 ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ ਸੀ, ਜਿਸ ਨਾਲ਼ ਖੇਤੀ ਦੇ ਉਤਪਾਦਨ ਮੁੱਖ ਤੌਰ ਤੇ ਕਣਕ ਅਤੇ ਚਾਵਲ ਵਿੱਚ ਅਸਾਧਾਰਨ ਵਾਧਾ ਹੋਇਆ ਸੀ। ਅਜਿਹਾ ਵਾਧਾ, ਵੱਧ ਝਾੜ ਦੇਣ ਵਾਲੇ ਬੀਜਾਂ, ਰਸਾਇਣਿਕ ਖਾਦਾਂ ਅਤੇ ਸਿੰਜ਼ਾਈ ਆਦਿ ਦੀਆਂ ਵਿਧੀਆਂ ਦੀ ਵਰਤੋਂ ਨਾਲ਼ ਸੰਭਵ ਹੋਇਆ ਸੀ।

ਭਾਰਤ ਵਿੱਚ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਨੇ ਖੇਤੀ ਦੇ ਆਧੁਨਿਕ ਤਰੀਕਿਆਂ ਦਾ ਸਭ ਤੋਂ ਪਹਿਲਾਂ ਪ੍ਰਯੋਗ ਕੀਤਾ। ਇਸ ਪਿੰਡ ਦੇ ਕਿਸਾਨਾਂ ਨੇ ਵੀ ਵੱਧ ਝਾੜ ਵਾਲ਼ੇ ਬੀਜਾਂ ਦੇ

ਪ੍ਰਯੋਗ ਨਾਲ ਅਤੇ ਖੇਤੀ ਦੇ ਸੁਧਰੇ ਹੋਏ ਉਪਕਰਨਾਂ ਨਾਲ ਕਣਕ ਅਤੇ ਚਾਵਲ ਦੇ ਉਤਪਾਦਨ ਵਿੱਚ ਵਾਧਾ ਕੀਤਾ ਹੈ।

ਕਿਰਿਆ



ਆਪਣੇ ਨੇੜਲੇ ਖੇਤ ਵਿੱਚ ਜਾ ਕੇ ਕਿਸਾਨਾਂ ਨਾਲ਼ ਗੱਲਾਂ ਕਰੋ ਅਤੇ ਪਤਾ ਲਗਾਉਣ ਦੀ ਕੋਸ਼ਿਸ਼ ਕਰੋ ਕਿ:

i ਕਿਸਾਨ ਖੇਤੀਬਾੜੀ ਪਰੰਪਰਾਵਾਦੀ ਜਾਂ ਆਧੁਨਿਕ ਵਿਧੀ ਵਿਚੋਂ ਕਿਸ ਵਿਧੀ ਦੀ ਵਰਤੋਂ ਕਰ ਰਹੇ ਹਨ ਅਤੇ ਕਿਉਂ ?

ii ਉਹਨਾਂ ਵੱਲੋਂ ਸਿੰਚਾਈ ਦੇ ਕਿਹੜੇ-ਕਿਹੜੇ ਸਰੋਤ ਵਰਤੇ ਜਾ ਰਹੇ ਹਨ।

iii ਕਿਸਾਨਾਂ ਵੱਲੋਂ ਬੀਜੀਆਂ ਗਈਆਂ ਫਸਲਾਂ ਦੀਆਂ ਕਿਸਮਾਂ ਅਤੇ ਇਹਨਾਂ ਫਸਲਾਂ ਨੂੰ ਬੀਜਣ ਦਾ ਅਤੇ ਵੱਢਣ ਦਾ ਸਮਾਂ ਕੀ ਹੈ ?

iv ਕਿਸਾਨਾਂ ਵੱਲੋਂ ਵਰਤੀਆਂ ਜਾਂਦੀਆਂ ਖਾਦਾ ਤੇ ਕੀਟਨਾਸ਼ਕ ਦਵਾਈਆਂ ਦੇ ਨਾਂ ਲਿਖੋ ?

ਭੂਮੀ ਦੀ ਅਵਿਨਾਸ਼ਤਾ

ਭੂਮੀ ਇੱਕ ਕੁਦਰਤੀ ਸੋਮਾ ਹੈ ਜਿਸ ਕਰਕੇ ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਕੇਵਲ ਲੋੜ ਅਨੁਸਾਰ ਕਿਸੇ ਵਿਸ਼ੇਸ਼ ਸਥਾਨ ਦੇ ਆਕਾਰ ਨੂੰ ਬਦਲਿਆ ਜਾ ਸਕਦਾ ਹੈ, ਜਿਵੇਂ , ਇੱਕ ਭੂਮੀ ਦੇ ਟੁਕੜੇ ਉੱਤੇ ਬਗੀਚਾ ਜਾਂ ਜੰਗਲ ਜਾਂ ਫਿਰ ਇੱਕ ਝੀਲ ਬਣਾਈ ਜਾ ਸਕਦੀ ਹੈ। ਭੂਮੀ ਇੱਕ ਕੁਦਰਤੀ ਸੋਮਾ ਹੋਣ ਕਰਕੇ ਆਧੁਨਿਕ ਖੇਤੀ ਦੀਆਂ ਵਿਧੀਆਂ ਨੇ ਭੂਮੀ ਦੇ ਉਪਜਾਊਪਣ ਨੂੰ ਘੱਟ ਕਰ ਦਿੱਤਾ ਹੈ। ਭਾਵੇਂ ਅਜਿਹੀਆਂ ਵਿਧੀਆਂ ਦੇ ਪ੍ਰਯੋਗ ਨਾਲ ਪਹਿਲੇ ਦੌਰ ਵਿੱਚ ਫਸਲਾਂ ਦੀ ਕੁੱਲ ਉੱਪਜ ਵਿੱਚ ਵਾਧਾ ਹੋ ਸਕਦਾ ਹੈ ਪਰ ਇਹ ਰਸਾਇਣਿਕ ਖਾਦਾਂ ਆਦਿ ਨੂੰ ਵੱਧ ਵਰਤਣ ਨਾਲ ਧਰਤੀ ਦੀ ਉਪਜਾਊ ਸ਼ਕਤੀ ਹੌਲੀ -ਹੌਲੀ ਘੱਟ ਜਾਵੇਗੀ।

ਟਿਊਬਵੈੱਲ ਦੁਆਰਾ ਸਿੰਜਾਈ ਦੇ ਨਿਰੰਤਰ ਪ੍ਰਯੋਗ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਿਆ ਹੈ। ਧਰਤੀ ਹੇਠਲੇ ਪਾਣੀ ਦਾ ਘਟਦਾ ਪੱਧਰ ਪੰਜਾਬ ਰਾਜ ਲਈ ਇੱਕ ਮੁੱਖ ਸਮੱਸਿਆ ਬਣਦਾ ਜਾ ਰਿਹਾ ਹੈ। ਹਰ ਸਾਲ ਪੰਜਾਬ ਦੇ ਕਿਸਾਨਾਂ ਨੂੰ ਆਪਣੇ ਟਿਊਬਵੈੱਲ ਡੂੰਘੇ ਕਰਨੇ ਪੈਂਦੇ ਹਨ। ਇਸ ਹਾਲਤ ਵਿੱਚ ਅਗਲੇ 20 ਸਾਲਾਂ ਵਿੱਚ ਧਰਤੀ ਹੇਠਲੇ ਪਾਣੀ ਦੇ ਖਤਮ ਹੋਣ ਦਾ ਡਰ ਹੈ। ਭਾਰਤ ਵਿੱਚ ਹਰ ਸਾਲ 35 ਮਿਲੀਅਨ ਹੈਕਟਰ ਖੇਤਾਂ ਦੀ ਸਿੰਜਾਈ ਲਈ 212 ਮਿਲੀਅਨ ਲੀਟਰ ਧਰਤੀ ਹੇਠਲੇ ਪਾਣੀ ਨੂੰ ਵਰਤਿਆ ਜਾਂਦਾ ਹੈ। ਭਵਿੱਖ ਵਿੱਚ ਖੇਤੀਬਾੜੀ ਦੇ ਵਿਕਾਸ ਲਈ ਸਾਨੂੰ ਵਾਤਾਰਵਣ ਦਾ ਧਿਆਨ ਰੱਖਣਾ ਚਾਹੀਦਾ ਹੈ।

ਅੱਜ ਇਕੱਲਾ ਪੰਜਾਬ ਸਮੁੱਚੇ ਕੇਂਦਰੀ ਭੰਡਾਰਾਂ ਵਿੱਚ 60% ਕਣਕ ਅਤੇ 35% ਝੋਨੇ ਦੀ ਯੋਗਦਾਨ ਪਾਉਂਦਾ ਹੈ ਅਤੇ ਇਸ ਨੂੰ ਦੇਸ਼ ਦੀ 'ਅਨਾਜ ਟੋਕਰੀ' ਵਜੋਂ ਜਾਣਿਆ ਜਾਂਦਾ ਹੈ। ਬਹੁ-ਫਸਲੀ ਵਿਧੀ ਕਾਰਨ ਫਸਲਾਂ ਤੋਂ ਪੈਦਾ ਹੋਣ ਵਾਲੀ ਠੋਸ ਰਹਿੰਦ-ਖੂੰਹਦ ਵੀ ਇੱਕ ਚੁਣੌਤੀ ਦਾ ਰੂਪ ਧਾਰਨ ਕਰ ਗਈ ਹੈ। ਰਵਾਇਤੀ ਖੇਤੀ

ਵਿੱਚ ਕਿਸਾਨਾਂ ਵੱਲੋਂ ਵੱਖ-ਵੱਖ ਫਸਲਾਂ ਤੋਂ ਪੈਦਾ ਹੋਣ ਵਾਲੀ ਰਹਿੰਦ-ਖੂੰਹਦ ਦੀ ਵਰਤੋਂ ਬਾਲਣ, ਚਾਰੇ, ਤੂੜੀ ਅਤੇ ਹੋਰ ਲਾਹੇਵੰਦ ਕਾਰਜਾਂ ਲਈ ਕੀਤੀ ਜਾਂਦੀ ਸੀ। ਪਰੰਤੂ ਹੁਣ ਕਿਸਾਨ, ਝੋਨੇ ਦੀ ਵਾਢੀ ਤੋਂ ਬਾਅਦ ਅਤੇ ਕਣਕ ਦੀ ਬਿਜਾਈ ਤੋਂ ਪਹਿਲਾਂ ਝੋਨੇ ਦੀ ਪਰਾਲੀ ਰੂਪੀ ਰਹਿੰਦ-ਖੂਹੰਦ ਦਾ ਕੋਈ ਢੁੱਕਵਾਂ ਪ੍ਰਬੰਧ ਨਾ ਹੋਣ ਕਾਰਨ ਮਜ਼ਬੂਰੀ ਵੱਸ ਇਸ ਪਰਾਲੀ ਨੂੰ ਅੱਗ ਲਾ ਕੇ ਖੇਤਾਂ ਵਿੱਚ ਹੀ ਸਾੜ ਦਿੰਦੇ ਹਨ। ਖੇਤਾਂ ਵਿੱਚ ਪਰਾਲੀ ਨੂੰ ਲਗਾਈ ਗਈ ਅੱਗ ਕਾਰਣ ਸਾਡਾ ਸਮੂੱਚਾ ਵਾਤਾਵਰਨ ਪਲੀਤ ਹੁੰਦਾ ਹੈ ਅਤੇ ਖੇਤਾਂ ਦਾ ਪ੍ਰਾਸਥਿਤਕ ਸੰਤੁਲਨ ਲੜਖੜਾ ਜਾਂਦਾ ਹੈ। ਜ਼ਮੀਨ ਦੀ ਉੱਪਰਲੀ ਸਤ੍ਹਾ ਦਾ ਤਾਪਮਾਨ ਵਧਣ ਕਾਰਨ ਇਸ ਵਿੱਚ ਮਿਲਣ ਵਾਲੇ ਅਨੇਕਾਂ ਕਿਸਮ ਦੇ ਸੂਖਮ ਜੀਵ, ਬੈਕਟੀਰੀਆ, ਉੱਲੀ, ਮਿੱਤਰ ਕੀੜੇ ਅਤੇ ਪੰਛੀ ਬੇਵਕਤੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਜ਼ਮੀਨ ਵਿੱਚ ਮਿਲਣ ਵਾਲੇ ਲਾਭਦਾਇਕ ਤੱਤ ਅਤੇ ਯੋਗਿਕ ਵੀ ਤਾਪਮਾਨ ਵਿੱਚ ਹੋਣ ਵਾਲੇ ਵਾਧੇ ਕਾਰਨ ਨਸ਼ਟ ਹੋ ਜਾਂਦੇ ਹਨ। ਸਿੱਟੇ ਵਜੋਂ ਸਾਡੀ ਜ਼ਮੀਨ ਦੀ ਸਿਹਤ ਹਰ ਸਾਲ ਨਿੱਘਰਦੀ ਜਾਂਦੀ ਹੈ। ਪਰਾਲੀ ਨੂੰ ਖੇਤਾਂ ਵਿੱਚ ਹੀ ਸਾੜਨ ਦੀ ਬਜਾਏ ਇਸ ਨੂੰ ਰੋਟਾਵੇਟਰ ਨਾਂ ਦੀ ਮਸ਼ੀਨ ਨਾਲ ਜ਼ਮੀਨ ਵਿੱਚ ਹੀ ਮਿਲਾਇਆ ਜਾ ਸਕਦਾ ਹੈ। ਸਿੱਟੇ ਵਜੋਂ ਪਰਾਲੀ ਵਿੱਚ ਮੌਜ਼ੂਦ ਖੁਰਾਕੀ ਤੱਤ ਮੁੜ ਮਿੱਟੀ ਵਿੱਚ ਮਿਲ ਜਾਂਦੇ ਹਨ ਅਤੇ ਅਗਲੇਰੀ ਫਸਲ ਦਾ ਵਾਧੇ ਵਿੱਚ ਸਹਾਈ ਸਿੱਧ ਹੁੰਦੇ ਹਨ। ਸਾਡੇ ਕਿਸਾਨਾਂ ਨੂੰ ਰਸਾਇਣਿਕ ਖਾਦਾਂ ਦੀ ਘੱਟ ਮਾਤਰਾ ਵਿੱਚ ਵਰਤੋਂ ਕਰਨੀ ਪੈਂਦੀ ਹੈ। ਇਸ ਤਰ੍ਹਾਂ, ਆਧੁਨਿਕ ਮਸ਼ੀਨਾਂ ਅਤੇ ਤਕਨੀਕਾਂ ਦੀ ਵਰਤੋਂ ਨਾਲ ਕਿਸਾਨ ਖੇਤਾਂ ਦੀ ਪਰਾਲੀ ਨੂੰ ਖੇਤਾਂ ਵਿੱਚ ਹੀ ਵਰਤ ਸਕਦੇ ਹਨ ਜਿਸ ਨਾਲ ਵਾਤਾਵਰਣ ਪ੍ਰਦੂਸ਼ਿਤ ਹੋਣ ਤੋਂ ਬਚ ਜਾਂਦਾ ਹੈ ਅਤੇ ਜ਼ਮੀਨ ਦੀ ਮਹੱਤਤਾ ਵੀ ਬਰਕਰਾਰ ਰਹਿੰਦੀ ਹੈ।




ਚਿੱਤਰ 1.6 ਰੋਟਾਵੇਟਰ

ਕਿਰਿਆ



ਆਪਣੇ ਪਿੰਡ ਦੇ ਜਾਂ ਨੇੜ ਦੇ ਪਿੰਡ ਦੇ ਖੇਤਾਂ ਵਿੱਚ ਜਾ ਕੇ ਪਤਾ ਕਰੋ ਕਿ ਕਿਸਾਨ ਖੇਤਾਂ ਵਿੱਚ ਪਰਾਲੀ ਸਾੜਦੇ ਹਨ ਜਾਂ ਨਹੀ ? ਜੇਕਰ ਕਿਸਾਨ ਪਰਾਲੀ ਨੂੰ ਖੇਤਾਂ ਵਿੱਚ ਸਾੜਦੇ ਹਨ ਤਾਂ ਉਨ੍ਹਾਂ ਨੂੰ ਇਸਦੇ ਬੁਰੇ ਪਰਭਾਵਾਂ ਬਾਰੇ ਸਮਝਾਉ।

ਪਿੰਡ ਦੇ ਕਿਸਾਨਾਂ ਵਿੱਚ ਭੂਮੀ ਦੀ ਵੰਡ



ਪਾਈ ਚਾਰਟ 1.1 (Pie Chart 1.1)

ਪਿੰਡ ਵਿੱਚ ਖੇਤੀ ਦੇ ਕੰਮ ਵਿੱਚ ਲੱਗੇ ਲੋਕਾਂ ਕੋਲ ਖੇਤੀ ਵਾਸਤੇ ਉਚਿੱਤ ਖ਼ੇਤਰਫਲ ਦੀ ਭੂਮੀ ਨਹੀਂ ਹੈ। ਪਿੰਡ ਵਿੱਚ 20 ਪਰਿਵਾਰ ਜ਼ਿਆਦਾ ਵਾਹੀ ਯੋਗ ਭੂਮੀ ਦੇ ਮਾਲਕ ਹਨ। 100 ਪਰਿਵਾਰ ਦਰਮਿਆਨੇ ਆਕਾਰ ਦੇ ਖੇਤਾਂ ਤੇ ਖੇਤੀਬਾੜੀ ਕਰਦੇ ਹਨ। ਕੁਝ ਪਰਿਵਾਰ ਅਜਿਹੇ ਵੀ ਹਨ ਜਿਹੜੇ ਬਹੁਤ ਥੋੜ੍ਹੀ ਵਾਹੀ ਯੋਗ ਭੂਮੀ ਦੇ ਮਾਲਕ ਹਨ ਅਤੇ ਪਿੰਡ ਵਿੱਚ 50 ਦੇ ਲਗਪਗ ਅਜਿਹੇ ਪਰਿਵਾਰ ਵੀ ਹਨ ਜਿਨ੍ਹਾਂ ਕੋਲ ਕੋਈ ਖੇਤੀ ਕਰਨ ਲਈ ਭੂਮੀ ਨਹੀਂ ਹੈ। ਉਹ ਆਪਣਾ ਗੁਜ਼ਾਰਾ ਬਾਕੀ ਕਿਸਾਨਾਂ ਦੇ ਖੇਤਾਂ ਵਿੱਚ ਕੰਮ ਕਰਕੇ ਕਰਦੇ ਹਨ। ਅਜਿਹੇ ਪਰਿਵਾਰਾਂ ਨੂੰ ਬੇਜ਼ਮੀਨੇ ਖੇਤ ਮਜ਼ਦੂਰਾਂ ਦੇ ਪਰਿਵਾਰ ਕਿਹਾ ਜਾਂਦਾ ਹੈ।

ਆਓ ਚਰਚਾ ਕਰੀਏ

ਪਾਈ ਚਾਰਟ 1.1 ਨੂੰ ਚੰਗੀ ਤਰ੍ਹਾਂ ਸਮਝੋ ਅਤੇ ਦੱਸੋ ਕਿ ਕਹਾਣੀ ਵਿਚਲੇ ਪਿੰਡ ਦੀ ਸਥਿਤੀ ਵੀ ਅਜਿਹੀ ਹੈ, ਆਪਣੇ ਅਧਿਆਪਕ ਨਾਲ ਚਰਚਾ ਕਰੋ।

ਪਿੰਡ ਦੇ ਕੁਝ ਕਿਸਾਨਾਂ ਦੇ ਖੇਤ ਛੋਟੇ ਹੀ ਨਹੀਂ ਬਲਕਿ ਬਿਖਰੇ ਹੋਏ ਹਨ। ਇਸ ਕਾਰਨ ਉਨ੍ਹਾਂ ਦੇ ਖੇਤਾਂ ਵਿੱਚ ਵਿਗਿਆਨਕ ਢੰਗਾਂ ਅਤੇ ਸਿੰਜਾਈ ਦੇ ਸਾਧਨਾਂ ਦੀ ਉਚਿਤ ਵਰਤੋਂ ਸੰਭਵ ਨਹੀਂ ਹੈ। ਦੂਜੇ ਪਾਸੇ ਜਿਹਨਾਂ ਕਿਸਾਨਾਂ ਕੋਲ 10 ਹੈਕਟੇਅਰ ਜਾਂ ਇਸ ਤੋਂ ਵੱਧ ਵਾਹੀਯੋਗ ਭੂਮੀ ਹੈ ਉਹਨਾਂ ਵੱਲੋਂ ਸਿੰਜਾਈ ਦੇ ਢੁੱਕਵੇਂ ਆਧੁਨਿਕ ਸਾਧਨਾਂ ਦੀ ਬਿਜਾਈ ਅਤੇ ਕਟਾਈ ਲਈ ਆਧੁਨਿਕ ਮਸ਼ੀਨਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਭਾਰਤ ਵਿੱਚ ਜ਼ਿਆਦਾਤਰ ਛੋਟੇ ਕਿਸਾਨ ਹਨ ਜਿਨ੍ਹਾਂ ਕੋਲ ਖੇਤੀ ਕਰਨ ਲਈ ਬਹੁਤ ਥੋੜ੍ਹੀ ਭੂਮੀ ਹੈ। ਉਹਨਾਂ ਦਾ ਖੇਤੀ ਫ਼ਾਰਮ ਦਾ ਔਸਤ ਆਕਾਰ 2–3 ਹੈਕਟੇਅਰ ਹੈ। ਪੰਜਾਬ ਵਿੱਚ ਔਸਤ ਖੇਤੀ ਜੋਤਾਂ 3 ਹੈਕਟੇਅਰ ਹੈ। ਭਾਰਤ ਵਿੱਚ ਲਗਪਗ 70 % ਖੇਤੀ ਫਾਰਮ 2 ਹੈਕਟੇਅਰ ਤੋਂ ਵੀ ਘੱਟ ਆਕਾਰ ਦੇ ਹਨ ਜਦੋਂ ਕਿ ਅਮਰੀਕਾ ਵਿੱਚ ਔਸਤ ਖੇਤੀ ਜੋਤਾਂ 122 ਹੈਕਟੇਅਰ ਹੈ। ਖੇਤੀ ਫ਼ਾਰਮਾਂ ਦੇ ਛੋਟੇ ਆਕਾਰ ਦੇ ਕਾਰਣ ਖੇਤੀ ਦੇ ਆਧੁਨਿਕ ਢੰਗਾਂ ਦਾ ਉਪਯੋਗ ਕਰਨਾ ਸੰਭਵ ਨਹੀਂ ਹੁੰਦਾ।

ਭੂਮੀ ਦੀ ਸਥਿਰਤਾ ਦੇ ਕਾਰਨ ਛੋਟੇ ਕਿਸਾਨ, ਛੋਟੇ ਹਿੱਸਿਆਂ ਵਿੱਚ ਬਿਖਰੀ ਹੋਈ ਆਪਣੀ ਭੂਮੀ ਨੂੰ ਇੱਕਠਾ ਕਰਨ ਵਿੱਚ ਅਸਮਰਥ ਹਨ। ਭੂਮੀ ਆਪਣੇ ਆਪ ਕੁਝ ਪੈਦਾ ਨਹੀਂ ਕਰ ਸਕਦੀ । ਵੱਖ-ਵੱਖ ਤਰ੍ਹਾਂ ਦੀ ਪੂੰਜੀ ਨੂੰ ਮਨੁੱਖੀ ਕਿਰਤ ਅਤੇ ਭੂਮੀ ਨਾਲ ਮਿਸ਼ਰਨ ਕਰਕੇ ਕੁਝ ਵੀ ਪੈਦਾ ਕੀਤਾ ਜਾ ਸਕਦਾ ਹੈ। ਉਦਾਹਰਨ ਵਜੋਂ, ਕਿਸਾਨ ਆਪਣੀ ਵਾਹੀਯੋਗ ਜ਼ਮੀਨ ਦੇ ਟੁਕੜੇ ਤੇ ਅਨਾਜ ਪੈਦਾ ਕਰਨ ਲਈ ਹਲ, ਆਪਣੀ ਕਿਰਤ

ਸ਼ਕਤੀ, ਮਸ਼ੀਨੀ ਜਾਂ ਬਲਦਾਂ ਦੀ ਸ਼ਕਤੀ, ਬੀਜ, ਕੀਟਨਾਸ਼ਕ ਦਵਾਈਆਂ ਅਤੇ ਪਾਣੀ ਆਦਿ ਦਾ ਪ੍ਰਯੋਗ ਕਰਦਾ ਹੈ।

1.2.2 ਕਿਰਤ (Labour)

ਹੁਣ ਅਸੀਂ ਕਿਰਤ, ਜੋ ਕਿ ਉਤਪਾਦਨ ਦਾ ਇੱਕ ਕਿਰਿਆਸ਼ੀਲ ਕਾਰਕ ਹੈ, ਬਾਰੇ ਚਰਚਾ ਕਰਾਂਗੇ। ਆਮ ਤੌਰ ਤੇ 'ਕਿਰਤ' ਦਾ ਅਰਥ ਕਿਸੇ ਵੀ ਤਰ੍ਹਾਂ ਦੇ ਸਰੀਰਿਕ ਅਤੇ ਮਾਨਸਿਕ ਕੰਮ ਤੋਂ ਹੈ ਜੋ ਕਿ ਕਿਸੇ ਉਦੇਸ਼ ਵਾਸਤੇ ਕੀਤਾ ਜਾਂਦਾ ਹੈ ਪਰ ਅਰਥ ਸ਼ਾਸਤਰ ਵਿੱਚ ਕਿਰਤ ਦਾ ਅਰਥ ਮਨੁੱਖ ਦੇ ਸਾਰੇ ਉਪਰਾਲਿਆਂ (ਸਰੀਰਕ ਅਤੇ ਮਾਨਸਿਕ) ਤੋਂ ਹੈ ਜੋ ਕਿ ਧਨ ਪ੍ਰਾਪਤੀ ਲਈ ਕੀਤੇ ਜਾਂਦੇ ਹਨ। ਜੇਕਰ ਕੋਈ ਵਿਦਿਆਰਥੀ ਆਪਣੀ ਖੁਸ਼ੀ ਲਈ ਕੋਈ ਖੇਡ ਖੇਡਦਾ ਹੈ ਜਾਂ ਮਾਂ ਸਨੇਹ ਨਾਲ਼ ਆਪਣੇ ਬੱਚੇ ਦੀ ਦੇਖਭਾਲ਼ ਕਰਦੀ ਹੈ ਤਾਂ ਇਹ ਕਿਰਿਆ ਕਿਰਤ ਨਹੀਂ ਮੰਨੀ ਜਾਵੇਗੀ ਕਿਉਂਕਿ ਉਹਨਾਂ ਨੇ ਇਹ ਕੰਮ ਪੈਸੇ ਕਮਾਉਣ ਦੇ ਉਦੇਸ਼ ਨਾਲ਼ ਨਹੀਂ ਕੀਤਾ। ਪਰ ਜਦੋਂ ਕ੍ਰਿਕਟ ਦਾ ਕੋਚ ਜਾਂ ਫੁੱਟਬਾਲ ਦਾ ਕੋਚ ਖਿਡਾਰੀਆਂ ਨੂੰ ਖੇਡਾਂ ਸਿਖਾਉਂਦਾ ਹੈ ਜਾਂ ਇੱਕ ਨਰਸ ਹਸਪਤਾਲ ਵਿੱਚ ਬੱਚੇ ਦੀ ਦੇਖਭਾਲ ਕਰਦੀ ਹੈ ਤਾਂ ਇਹ ਕਿਰਿਆਵਾਂ 'ਕਿਰਤ' ਕਹਾਉਂਦੀਆਂ ਹਨ ਕਿਉਂਕਿ ਇਹ ਆਰਥਿਕ (ਵਿੱਤੀ) ਮਿਹਨਤਾਨਾ ਪ੍ਰਾਪਤ ਕਰਨ ਲਈ ਕੀਤੀਆਂ ਗਈਆਂ ਹਨ।

ਕਿਰਤ ਦੀਆਂ ਵਿਸ਼ੇਸਤਾਵਾਂ ਹੇਠ ਲਿਖੇ ਅਨੁਸਾਰ ਹਨ:-

i. ਇਹ ਕਿਰਿਆਸ਼ੀਲ ਸਾਧਨ ਹੈ ।

ii. ਕਿਰਤ ਦੀ ਪੂਰਤੀ ਨੂੰ ਵਧਾਇਆ ਅਤੇ ਘਟਾਇਆ ਜਾ ਸਕਦਾ ਹੈ।

iii. ਭਾਰਤ ਵਿੱਚ ਕਿਰਤੀਆਂ ਦੀ ਜਨਸੰਖਿਆ ਵੱਧ ਹੈ।

iv. ਕਿਰਤ ਨੂੰ ਵੇਚਿਆ ਅਤੇ ਖ਼ਰੀਦਿਆ ਜਾਂਦਾ ਹੈ।

v. ਕਿਰਤ ਗਤੀਸ਼ੀਲ ਹੈ।

ਖੇਤੀ ਲਈ ਕਿਰਤ ਕੌਣ ਦੇਵੇਗਾ ?

ਇਸ ਪਿੰਡ ਦੇ ਕੁਝ ਪਰਿਵਾਰ ਛੋਟੇ ਕਿਸਾਨਾਂ ਦੇ ਹਨ ਜਿਹੜੇ ਆਪਣੇ ਪਰਿਵਾਰਾਂ ਦੇ ਨਾਲ਼ ਆਪਣੇ ਖੇਤਾਂ ਵਿੱਚ ਆਪ ਕੰਮ ਕਰਦੇ ਹਨ। ਇਸ ਤਰ੍ਹਾਂ ਉਹ ਖੇਤੀ ਵਾਸਤੇ ਜ਼ਰੂਰੀ ਕਿਰਤ ਦੀ ਵਿਵਸਥਾ ਆਪ ਹੀ ਕਰਦੇ ਹਨ। ਇਸ ਤੋਂ ਇਲਾਵਾ ਪਿੰਡ ਵਿੱਚ ਜੋ ਭੂਮੀਹੀਣ ਪਰਿਵਾਰ ਹਨ ਉਹ ਆਪਣੀ ਜੀਵਿਕਾ ਕਮਾਉਣ ਵਾਸਤੇ ਵੱਡੇ ਕਿਸਾਨਾਂ ਦੇ ਖੇਤਾ ਵਿੱਚ ਕਿਰਤੀ ਵਜੋਂ ਕੰਮ ਕਰਦੇ ਹਨ। ਕੁਝ ਛੋਟੇ ਕਿਸਾਨ ਜਿਹੜੇ ਵੱਡੇ ਸ਼ਾਹੂਕਾਰਾਂ ਤੋਂ ਲਏ ਗਏ ਕਰਜ਼ਿਆਂ ਨੂੰ ਵਾਪਸ ਕਰਨ ਤੋਂ ਅਸਮਰਥ ਹੁੰਦੇ ਹਨ ਉਹਨਾਂ ਨੂੰ ਕਰਜ਼ੇ ਦੀ ਰਕਮ ਚੁਕਾਉਣ ਬਦਲੇ ਆਪਣੀ ਭੂਮੀ ਸਾਹੂਕਾਰਾਂ ਨੂੰ ਦੇਣੀ ਪੈਂਦੀ ਹੈ, ਜਿਸ ਨਾਲ ਇਹ ਕਿਸਾਨ ਭੂਮੀਹੀਣ ਬਣ ਜਾਂਦੇ ਹਨ। ਫੇਰ ਇਹਨਾਂ ਦੇ ਪਰਿਵਾਰਾਂ ਨੂੰ ਦੂਜਿਆਂ ਦੇ ਖੇਤਾਂ ਵਿੱਚ ਕਿਰਤੀ ਵਜੋਂ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦਰਮਿਆਨੇ ਅਤੇ ਵੱਡੇ ਪੱਧਰ ਦੇ ਕਿਸਾਨ ਆਪਣੇ ਖੇਤਾਂ ਕੰਮ ਕਰਨ ਲਈ ਦੂਸਰੇ ਮਜ਼ਦੂਰਾਂ ਨੂੰ ਲਗਾਉਂਦੇ ਹਨ। ਕੁਝ ਖੇਤੀ ਮਜ਼ਦੂਰ ਇਥੇ ਬਿਹਾਰ ਅਤੇ ਉੱਤਰ ਪ੍ਰਦੇਸ਼ ਆਦਿ ਰਾਜਾ ਤੋਂ ਆਉਂਦੇ ਹਨ। ਅਜਿਹੇ ਮਜ਼ਦੂਰਾਂ ਨੂੰ ਪਰਵਾਸੀ

ਮਜ਼ਦੂਰ ਕਿਹਾ ਜਾਂਦਾ ਹੈ। ਉਹਨਾਂ ਨੂੰ ਮਜ਼ਦੂਰੀ ਵੱਡੇ ਕਿਸਾਨਾਂ ਵੱਲੋਂ ਦਿੱਤੀ ਜਾਂਦੀ ਹੈ ਜਿਨ੍ਹਾਂ ਵਾਸਤੇ ਉਹ ਕੰਮ ਕਰਦੇ ਹਨ। ਮਜ਼ਦੂਰੀ, ਨਕਦ ਜਾਂ ਵਸਤੂ (ਜਿਵੇਂ, ਕਣਕ ਆਦਿ) ਦੇ ਰੂਪ ਵਿੱਚ ਵੀ ਹੋ ਸਕਦੀ ਹੈ।

ਮਜ਼ਦੂਰੀ ਵੱਖ-ਵੱਖ ਖੇਤਰਾਂ ਵਿੱਚ, ਵੱਖ-ਵੱਖ ਫ਼ਸਲਾਂ ਲਈ ਅਤੇ ਖੇਤ ਵਿੱਚ ਕੀਤੀਆਂ ਵੱਖ-ਵੱਖ ਕਿਰਿਆਵਾਂ ਲਈ ਅਲੱਗ-ਅਲੱਗ ਹੁੰਦੀ ਹੈ। ਖੇਤਾਂ ਵਿੱਚ ਕੰਮ ਕਰਨ ਵਾਲ਼ੇ ਮਜ਼ਦੂਰ ਜਾਂ ਤਾਂ ਰੋਜ਼ਾਨਾ ਮਜ਼ਦੂਰੀ ਦੇ ਆਧਾਰ ਤੇ ਕੰਮ ਕਰਦੇ ਹਨ ਜਾਂ ਉਹਨਾਂ ਨੂੰ ਵਿਸ਼ੇਸ਼ ਕੰਮ ਜਿਵੇਂ ਕਟਾਈ, ਬਿਜਾਈ ਆਦਿ ਵਾਸਤੇ ਜਾਂ ਫਿਰ ਪੂਰੇ ਸਾਲ ਲਈ ਕੰਮ ਤੇ ਰੱਖਿਆ ਜਾਂਦਾ ਹੈ।

ਆਓ ਚਰਚਾ ਕਰੀਏ

i ਛੋਟੇ ਪੱਧਰ ਦੇ ਕਿਸਾਨਾਂ ਨੂੰ ਵੱਡੇ ਪੱਧਰ ਦੇ ਕਿਸਾਨਾਂ ਦੇ ਖੇਤਾਂ ਵਿੱਚ ਮਜ਼ਦੂਰ ਦੇ ਤੌਰ 'ਤੇ ਕੰਮ ਕਿਉਂ ਕਰਨਾ ਪੈਂਦਾ ਹੈ ?

ii ਕੀ ਖੇਤੀ ਕਰਨ ਵਾਲੇ ਮਜ਼ਦੂਰਾਂ ਨੂੰ ਪੂਰੇ ਸਾਲ ਲਈ ਰੁਜ਼ਗਾਰ ਮਿਲ਼ ਜਾਂਦਾ ਹੈ ?

iii ਖੇਤੀ ਕਰਨ ਵਾਲੇ ਮਜ਼ਦੂਰਾਂ ਨੂੰ ਆਪਣਾ ਮਿਹਨਤਾਨਾ (ਮਜ਼ਦੂਰੀ) ਕਿਸ ਰੂਪ ਵਿੱਚ ਮਿਲ਼ਦਾ ਹੈ ?

iv ਪਰਵਾਸੀ ਮਜ਼ਦੂਰ ਕਿਨ੍ਹਾਂ ਨੂੰ ਕਿਹਾ ਜਾਂਦਾ ਹੈ ?

v ਮਜ਼ਦੂਰ ਪਰਵਾਸ ਕਿਉਂ ਕਰਦੇ ਹਨ ? ਆਪਣੇ ਅਧਿਆਪਕ ਨਾਲ਼ ਚਰਚਾ ਕਰੋ।

ਇਸ ਤਰ੍ਹਾਂ ਕਿਰਤ ਉਤਪਾਦਨ ਦਾ ਇੱਕ ਬਹੁਤ ਮਹਤਵਪੂਰਨ ਸਾਧਨ ਹੈ। ਇੱਕ ਰਾਸ਼ਟਰ ਜਿਸ ਕੋਲ ਉਪਜਾਊ ਭੂਮੀ ਦੇ ਭੰਡਾਰ ਹਨ, ਪਰੰਤੂ ਕਿਰਤ ਸ਼ਕਤੀ ਨਹੀਂ ਹੈ, ਉਹ ਆਰਥਿਕ ਵਿਕਾਸ ਅਤੇ ਖ਼ੁਸ਼ਹਾਲੀ ਪ੍ਰਾਪਤ ਨਹੀਂ ਕਰ ਸਕਦਾ। ਖੇਤੀ, ਉਦਯੋਗ, ਖਾਣ -ਖੁਦਾਈ, ਆਵਾਜਾਈ ਪ੍ਰਨਾਲ਼ੀ, ਵਪਾਰ ਗਤੀਵਿਧੀਆਂ ਆਦਿ ਵਿੱਚ ਉਚਿਤ ਕੰਮ ਲਈ ਯੋਗ ਅਤੇ ਕੁਸ਼ਲ ਮਜ਼ਦੂਰਾਂ ਦੀ ਲੋੜ ਹੁੰਦੀ ਹੈ।

1.2.3 ਪੂੰਜੀ (Capital)

ਪੂੰਜੀ ਤੋਂ ਭਾਵ ਵਿਅਕਤੀ ਵੱਲੋਂ ਬਣਾਈਆਂ ਗਈਆਂ ਉਹ ਵਸਤੂਆਂ ਹਨ ਜਿਹੜੀਆਂ ਹੋਰ ਵਸਤੂਆਂ ਦੇ ਉਤਪਾਦਨ ਵਿੱਚ ਪ੍ਰਯੋਗ ਹੁੰਦੀਆਂ ਹਨ। ਇਹ ਉਤਪਾਦਨ ਦਾ ਉਤਪਾਦਿਤ ਸਾਧਨ ਹੈ ਕਿਉਂਕਿ ਇਹ ਦੂਜੀਆਂ ਵਸਤੂਆਂ ਦੇ ਉਤਪਾਦਨ ਵਿੱਚ ਆਗਤਾਂ ਦੀ ਤਰ੍ਹਾਂ ਪ੍ਰਯੋਗ ਹੁੰਦੀ ਹੈ। ਜੇਕਰ ਇਮਾਰਤ ਦਾ ਪ੍ਰਯੋਗ ਨਿੱਜੀ ਘਰ ਵਾਸਤੇ ਕੀਤਾ ਜਾਵੇ ਤਾਂ ਉਹ ਪੂੰਜੀ ਨਹੀਂ ਹੋਵੇਗੀ। ਜੇਕਰ ਇਸ ਨੂੰ ਉਤਪਾਦਨ ਦੇ ਉਦੇਸ਼ ਨਾਲ ਵਰਤਿਆ ਜਾਵੇ ਤਾਂ ਉਹ ਪੂੰਜੀ ਹੋਵੇਗੀ ਜਿਵੇਂ, ਜਦੋਂ ਕਿਸੇ ਫੈਕਟਰੀ ਦੀ ਇਮਾਰਤ ਵਸਤੂਆਂ ਦੇ ਉਤਪਾਦਨ ਲਈ ਵਰਤੀ ਜਾਂਦੀ ਹੈ, ਉਹ ਪੂੰਜੀ ਹੈ। ਬੈਕਾਂ ਵਿੱਚ ਰੱਖੀ ਗਈ ਮੁਦਰਾ ਪੂੰਜੀ ਹੈ ਕਿਉਂਕਿ ਬੈਂਕ ਉਤਪਾਦਕ ਨੂੰ ਮੁਦਰਾ ਉਧਾਰ ਦਿੰਦਾ ਹੈ, ਜਿਹੜਾ ਕਿ ਇਸਦਾ ਪ੍ਰਯੋਗ ਪੂੰਜੀ ਦੀ ਤਰ੍ਹਾਂ ਕਰਦਾ ਹੈ, ਹਾਲਾਂਕਿ ਪੈਸੇ ਜਮਾਂ ਕਰਵਾਉਣ ਵਾਲ਼ੇ ਨੂੰ ਵਿਆਜ ਮਿਲਦਾ ਹੈ। ਇੱਕ ਦੁਕਾਨ ਵਿੱਚ, ਰਿਸੈਪਸ਼ਨ ਕਾਊਂਟਰ ਤੇ ਪਿਆ ਟੈਲੀਵੀਜ਼ਨ ਸੈੱਟ ਪੂੰਜੀ ਹੈ ਪ੍ਰੰਤੂ ਜੇਕਰ ਟੀ.ਵੀ. ਰਿਹਾਇਸ਼ੀ ਘਰ ਵਿੱਚ ਹੈ ਤਾਂ ਉਹ ਪੂੰਜੀ ਨਹੀਂ ਹੈ।

ਪੂੰਜੀ ਦੀਆਂ ਵਿਸ਼ੇਸ਼ਤਾਵਾਂ

i. ਮਨੁੱਖ-ਕਿਰਤ ਦਾ ਸਾਧਨ ਹੈ।

ii. ਇਹ ਉਤਪਾਦਨ ਦਾ ਗੌਣ ਸਾਧਨ ਹੈ।

iii. ਪੂੰਜੀ ਹਸਤਾਂਤਰਿਕ ਹੁੰਦੀ ਹੈ।

iv. ਪੂੰਜੀ ਦੀ ਘਿਸਾਈ ਹੁੰਦੀ ਹੈ।

ਖੇਤੀ ਲਈ ਪੂੰਜੀ ਦੀ ਲੋੜ

ਖੇਤੀ ਵਾਸਤੇ ਆਧੁਨਿਕ ਤਰੀਕੇ ਅਪਣਾਉਣ ਲਈ ਜ਼ਿਆਦਾ ਧਨ ਦੀ ਲੋੜ ਹੁੰਦੀ ਹੈ, ਉਦਾਹਰਨ ਵਜੋਂ- ਖੇਤੀ ਲਈ ਬੀਜ, ਰਸਾਇਣਿਕ ਖਾਦਾਂ, ਕੀਟਨਾਸ਼ਕ ਦਵਾਈਆਂ, ਖੇਤੀ ਲਈ ਆਧੁਨਿਕ ਉਪਕਰਣ ਆਦਿ ਖਰੀਦਣ ਵਾਸਤੇ। ਹੁਣ ਇਹ ਸਵਾਲ ਉੱਠਦਾ ਹੈ ਕਿ ਖੇਤੀ ਲਈ ਜ਼ਰੂਰੀ ਪੂੰਜੀ ਕੌਣ ਪ੍ਰਦਾਨ ਕਰੇਗਾ ? ਛੋਟੇ ਪੱਧਰ ਦੇ ਕਿਸਾਨਾਂ ਦੇ ਮੁਕਾਬਲੇ ਵੱਡੇ ਅਤੇ ਦਰਮਿਆਨੇ ਪੱਧਰ ਦੇ ਕਿਸਾਨ ਜ਼ਿਆਦਾ ਆਮਦਨ ਕਮਾਉਂਦੇ ਹਨ। ਇਸ ਤਰ੍ਹਾਂ ਇਹ ਕਿਸਾਨ ਖੇਤੀ ਵਿੱਚ ਜ਼ਰੂਰੀ ਪੂੰਜੀ ਦਾ ਪ੍ਰਬੰਧ ਖੇਤੀ ਦੀ ਆਮਦਨ ਵਿੱਚੋਂ ਆਪਣੇ ਵੱਲੋਂ ਕੀਤੀ ਗਈ ਬੱਚਤ ਰਾਹੀਂ ਕਰਦੇ ਹਨ। ਛੋਟੇ ਪੱਧਰ ਦੇ ਕਿਸਾਨਾਂ ਨੂੰ ਵੱਡੇ ਪੱਧਰ ਦੇ ਕਿਸਾਨਾਂ ਤੋਂ, ਪਿੰਡ ਦੇ ਸ਼ਾਹੂਕਾਰਾਂ ਤੋਂ ਜਾਂ ਵਪਾਰੀਆਂ ਤੋਂ ਵਿਆਜ਼ ਦੀ ਉੱਚੀ ਦਰ ਤੇ ਕਰਜ਼ਾ ਲੈਣਾ ਪੈਂਦਾ ਹੈ। ਕਈ ਵਾਰੀ ਉਹਨਾਂ ਨੂੰ ਕਰਜ਼ਾ ਚੁਕਾਉਣ ਲਈ ਆਪਣਾ ਘਰ ਜਾਂ ਭੂਮੀ ਗਹਿਣੇ ਰੱਖਣੀ ਪੈਂਦੀ ਹੈ। ਸਰਕਾਰ ਨੇ ਕਰਜ਼ਾ ਲੈਣ ਲਈ ਵਿਸ਼ੇਸ਼ ਸੰਸਥਾਵਾਂ ਜਿਵੇਂ ਕਿ ਪ੍ਰਾਦੇਸ਼ਿਕ ਪੇਂਡੂ ਬੈਂਕ, ਸਹਿਕਾਰੀ ਸਮਿਤੀ, ਭੂਮੀ ਵਿਕਾਸ ਬੈਂਕ ਅਤੇ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵਲਪਮੈਂਟ (NABARD) ਖੋਲ੍ਹੀਆਂ ਹਨ ਜਿਨ੍ਹਾਂ ਤੋਂ ਕਿਸਾਨ ਆਪਣੀ ਪੂੰਜੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਰਜ਼ਾ ਲੈ ਸਕਦੇ ਹਨ।

1.2.4 ਉੱਦਮੀ (Entrepreneur)

ਉੱਦਮੀ ਉਤਪਾਦਨ ਦੀ ਪ੍ਰਕਿਰਿਆ ਵਿੱਚ ਆਰਥਿਕ ਨਿਰਣੇ ਲੈਂਦਾ ਹੈ ਅਤੇ ਜੋਖ਼ਿਮ ਉਠਾਉਂਦਾ ਹੈ। ਕਿਹੜੀ ਵਸਤੂ ਦਾ ਅਤੇ ਉਸ ਵਸਤੂ ਦੀ ਕਿੰਨੀ ਮਾਤਰਾ ਵਿੱਚ ਉਤਪਾਦਨ ਕੀਤਾ ਜਾਣਾ ਹੈ, ਇਸਦਾ ਨਿਰਣਾ ਉੱਦਮੀ ਕਰਦਾ ਹੈ।

ਉੱਦਮੀ ਦੀਆਂ ਵਿਸ਼ੇਸ਼ਤਾਵਾਂ :-

i. ਉਹ ਲਾਭ ਦੇ ਉਦੇਸ਼ ਨਾਲ ਕੰਮ ਕਰਦਾ ਹੈ।

ii. ਉਹ ਜੋਖਿਮ ਉਠਾਉਂਦਾ ਹੈ।

iii. ਉਹ ਉਤਪਾਦਨ ਦੇ ਬਾਕੀ ਸਾਧਨਾਂ (ਭੂਮੀ, ਕਿਰਤ, ਪੂੰਜੀ) ਵਿੱਚ ਤਾਲ ਮੇਲ ਕਰਕੇ ਉਤਪਾਦਨ ਕਰਦਾ ਹੈ।

ਪਿੰਡਾਂ ਵਿੱਚ ਖੇਤੀ ਉੱਤਪਾਦਨ ਕਿਰਿਆ ਲਈ ਕਿਸਾਨ ਇੱਕ ਉੱਦਮੀ ਦੀ ਭੂਮਿਕਾ ਨਿਭਾਉਂਦਾ ਹੈ।

1.3 ਖੇਤੀ ਉਤਪਾਦਾਂ ਦਾ ਮੰਡੀਕਰਨ

ਪਿੰਡ ਦੇ ਸਾਰੇ ਕਿਸਾਨ ਉਤਪਾਦਨ ਦੇ ਪਹਿਲੇ ਤਿੰਨ ਕਾਰਕਾਂ ਦੇ ਪ੍ਰਯੋਗ ਨਾਲ ਭੂਮੀ ਉੱਤੇ ਫਸਲ ਪੈਦਾ ਕਰਦੇ ਹਨ। ਦਰਮਿਆਨੇ ਤੇ ਵੱਡੇ ਪੱਧਰ ਦੇ ਕਿਸਾਨ ਆਪਣੇ ਪਰਿਵਾਰ ਦੇ ਉਪਭੋਗ ਵਾਸਤੇ ਕੁਝ ਫ਼ਸਲ ਰੱਖਕੇ ਬਚੀ ਹੋਈ ਫਸਲ ਨੂੰ ਨੇੜੇ ਦੀ ਮੰਡੀ ਵਿੱਚ ਵੇਚ ਦਿੰਦੇ ਹਨ। ਛੋਟੇ ਪੱਧਰ ਦੇ ਕਿਸਾਨ ਆਪਣੀ ਫ਼ਸਲ ਨੂੰ ਆਪਣੇ ਪਰਿਵਾਰ ਦੀਆਂ ਜ਼ਰੂਰਤਾਂ ਲਈ ਰੱਖਦੇ ਹਨ। ਇਸ ਤਰ੍ਹਾਂ ਇਹ ਮੱਧ ਵਰਗ ਅਤੇ ਵੱਡੇ ਪੱਧਰ ਦੇ ਕਿਸਾਨ ਹਨ ਜੋ ਬਾਜ਼ਾਰ ਵਿੱਚ ਫਸਲ ਦੀ ਪੂਰਤੀ ਕਰਦੇ ਹਨ।



ਚਿੱਤਰ 1.7 ਅਨਾਜ ਮੰਡੀ

ਵੱਡੇ ਪੱਧਰ ਦਾ ਕਿਸਾਨ ਆਪਣੀ ਫ਼ਸਲ ਨੂੰ ਵੇਚਕੇ ਚੰਗੀ ਕਮਾਈ ਕਰਦਾ ਹੈ ਅਤੇ ਉਸ ਕਮਾਈ ਵਿੱਚੋਂ ਉਹ ਆਪਣੀ ਬੱਚਤ ਦਾ ਇੱਕ ਹਿੱਸਾ ਛੋਟੇ ਕਿਸਾਨ, ਜਿਨ੍ਹਾਂ ਨੂੰ ਕਰਜ਼ੇ ਦੀ ਲੋੜ ਹੁੰਦੀ ਹੈ, ਨੂੰ ਕਰਜ਼ਾ ਦੇਣ ਲਈ ਇਸਤੇਮਾਲ ਕਰਦਾ ਹੈ।

ਉਹ ਆਪਣੀ ਬੱਚਤ ਦੇ ਕੁਝ ਹਿੱਸੇ ਦਾ ਉਪਯੋਗ ਅਗਲੇ ਬਿਜਾਈ ਲਈ ਲੋੜੀਂਦੀ ਕਾਰਜਸ਼ੀਲ ਪੂੰਜੀ (ਜਿਵੇ ਮਸ਼ੀਨਾਂ, ਬੀਜ ਖਰੀਦਣ ਆਦਿ) ਵਿੱਚ ਲਗਾਉਂਦਾ ਹੈ, ਜਿਸ ਨਾਲ਼ ਉਸਦੀ ਸਥਿਰ ਪੂੰਜੀ ਵਿੱਚ ਵਾਧਾ ਹੋਵੇਗਾ।

1.4 ਖੇਤੀ ਸਹਾਇਕ ਤੇ ਗ਼ੈਰ-ਖੇਤੀ ਕਿਰਿਆਵਾਂ

ਕਹਾਣੀ ਵਿੱਚਲੇ ਪਿੰਡ ਦੇ ਬੇਜ਼ਮੀਨੇ ਪਰਿਵਾਰ ਆਪਣੇ ਆਪ ਨੂੰ ਖੇਤੀ ਤੋਂ ਇਲਾਵਾ ਹੋਰ ਕਿਰਿਆਵਾਂ ਨਾਲ਼ ਜੋੜ ਕੇ ਆਪਣੀ ਜੀਵਿਕਾ ਕਮਾਉਂਦੇ ਹਨ ਜਿਵੇਂ, ਡੇਅਰੀ ਇੱਕ ਖੇਤੀ ਸਹਾਇਕ ਕਿਰਿਆ ਹੈ ਜਿਸ ਵਿੱਚ ਇੱਕਠਾ ਕੀਤਾ ਗਿਆ ਦੁੱਧ ਆਪਣੇ ਪਿੰਡ ਅਤੇ ਨੇੜਲੇ ਸ਼ਹਿਰੀ ਖੇਤਰਾਂ ਵਿੱਚ ਜਾਂ ਨੇੜਲੇ ਪਿੰਡ ਦੇ 'ਦੁੱਧ ਸ਼ੀਤਲ ਕੇਂਦਰ' ਵਿੱਚ ਵੀ ਵੇਚਿਆ ਜਾਂਦਾ ਹੈ ਜਿੱਥੋਂ ਦੂਰ ਦੂਰਾਡੇ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਦੁੱਧ ਨੂੰ ਭੇਜਿਆ ਜਾਂਦਾ ਹੈ।

ਇਸ ਤੋਂ ਇਲਾਵਾ ਪਿੰਡ ਦੇ ਕੁਝ ਪਰਿਵਾਰ ਮੁਰਗੀ ਅਤੇ ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਕੰਮ ਕਰਦੇ ਹਨ। ਕੁਝ ਪਰਿਵਾਰ ਤਰਖਾਣਾ, ਲੁਹਾਰਾਂ, ਜੁਲਾਹਿਆਂ ਆਦਿ ਦਾ ਕੰਮ ਕਰਦੇ ਹਨ ਅਤੇ ਕੁਝ ਆਪਣੇ ਘਰਾਂ ਵਿੱਚ ਹੀ ਛੋਟੀਆਂ ਦੁਕਾਨਾਂ ਚਲਾਉਂਦੇ ਹਨ। ਪਿੰਡ ਵਿੱਚ ਇਕ ਦਵਾਈਆਂ ਦੀ ਦੁਕਾਨ ਵੀ ਹੈ। ਕੁਝ ਪਰਿਵਾਰ ਸ਼ੱਕਰ ਅਤੇ ਗੁੜ ਬਣਾਉਂਦੇ ਹਨ ਅਤੇ ਵਪਾਰੀਆਂ ਨੂੰ ਵੇਚ ਦਿੰਦੇ ਹਨ। ਕੁਝ ਪਰਿਵਾਰ, ਰਿਕਸ਼ਿਆਂ, ਟਾਂਗਿਆਂ,

ਬੈਲ ਗੱਡੀਆਂ ਆਦਿ ਰਾਹੀਂ ਲੋਕਾਂ ਅਤੇ ਵਸਤੂਆ ਨੂੰ ਇੱਕ ਥਾਂ ਤੋਂ ਦੂਜੀ ਥਾਂ ਛੱਡ ਕੇ ਆਪਣੀ ਜੀਵਿਕਾ ਕਮਾਉਂਦੇ ਹਨ।



ਚਿੱਤਰ 1.8 ਖੇਤੀ ਸਹਾਇਕ ਤੇ ਗੈਰ-ਖੇਤੀ ਕਿਰਿਆਵਾਂ

ਵਰਤਮਾਨ ਸਮੇਂ ਵਿੱਚ ਪਿੰਡ ਦਾ ਗ਼ੈਰ ਖੇਤੀ ਖੇਤਰ ਬਹੁਤਾ ਵੱਡਾ ਨਹੀਂ ਹੈ। ਭਾਰਤ ਦੇ ਪਿੰਡਾਂ ਵਿੱਚ ਹਰ 100 ਮਜਦੂਰਾਂ ਵਿੱਚੋਂ ਲਗਭਗ 24 ਹੀ ਗੈਰ ਖੇਤੀ ਕਿਰਿਆਵਾਂ ਵਿੱਚ ਭਾਗ ਲੈਂਦੇ ਹਨ। ਗ਼ੈਰ ਖੇਤੀ ਕਿਰਿਆਵਾਂ ਵਿੱਚ ਭੂਮੀ ਦੀ ਘੱਟ ਜ਼ਰੂਰਤ ਹੁੰਦੀ ਹੈ। ਲੋਕ ਬੱਚਤ ਨਾਲ ਜਾਂ ਕਰਜ਼ੇ ਲੈਕੇ ਗ਼ੈਰ ਖੇਤੀ ਕਿਰਿਆਵਾਂ ਕਰਦੇ ਹਨ। ਚੰਗੀਆਂ ਸੜਕਾਂ, ਆਵਾਜਾਈ ਅਤੇ ਦੂਰਸੰਚਾਰ ਅਤੇ ਸ਼ਹਿਰਾਂ ਨਾਲ਼ ਜੁੜੇ ਹੋਣ ਕਾਰਨ ਆਉਣ ਵਾਲ਼ੇ ਸਮੇਂ ਵਿੱਚ ਪਿੰਡਾਂ ਵਿੱਚ ਗ਼ੈਰ ਖੇਤੀ ਕਿਰਿਆਵਾਂ ਦੇ ਅਵਸਰਾਂ ਵਿੱਚ ਵਾਧਾ ਹੋਣਾ ਸੰਭਵ ਹੈ।

ਇਸ ਤਰ੍ਹਾਂ ਅਸੀਂ ਪੜ੍ਹਿਆ ਕਿ ਕਿਵੇਂ ਉਤਪਾਦਨ ਦੇ ਚਾਰ ਕਾਰਕਾਂ– ਭੂਮੀ, ਕਿਰਤ, ਪੂੰਜੀ ਅਤੇ ਉਦਮੀ ਦੀ ਸਹਾਇਤਾ ਦੇ ਨਾਲ ਖੇਤੀ ਕੀਤੀ ਜਾਂਦੀ ਹੈ। ਇਹ ਕਹਿਣਾ ਬਹੁਤ ਮੁਸ਼ਕਲ ਹੈ ਕਿ ਉਤਪਾਦਨ ਦਾ ਕਿਹੜਾ ਕਾਰਕ ਜ਼ਿਆਦਾ ਜ਼ਰੂਰੀ ਹੈ। ਸਾਰੇ ਸਾਧਨ ਜ਼ਰੂਰੀ ਹਨ ਭਾਵੇ ਵੱਖ-ਵੱਖ ਹਾਲਾਤਾਂ ਵਿੱਚ ਉਨ੍ਹਾਂ ਦੀ ਮਹੱਤਤਾ ਦਾ ਪੱਧਰ ਵੱਖ ਹੈ।

ਸੰਖੇਪ ਸਾਰ (Summary)

- ਅਰਥ ਸ਼ਾਸਤਰ ਮਨੁਖ ਦੀਆਂ ਅਸੀਮਿਤ ਲੋੜਾਂ ਅਤੇ ਇਹਨਾਂ ਲੋੜਾਂ ਨੂੰ ਸੀਮਿਤ ਸਾਧਨਾਂ ਰਾਹੀ ਸੰਤੁਸ਼ਟ ਕਰਨ ਲਈ ਕੀਤੀਆਂ ਗਈਆਂ ਕਿਰਿਆਵਾਂ ਦਾ ਅਧਿਐਨ ਹੈ।
- ਉਤਪਾਦਨ ਆਰਥਿਕ ਕਿਰਿਆਵਾਂ ਦੀ ਉਹ ਕਿਸਮ ਹੈ ਜਿਸ ਰਾਹੀਂ ਵੱਖ- ਵੱਖ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਅਤੇ ਉਪਯੋਗਿਤਾਤੁਸ਼ਟੀਗੁਣ ਵਿੱਚ ਵਾਧਾ ਕੀਤਾ ਜਾਂਦਾ ਹੈ, ਜਿਹੜੀਆਂ ਕਿ ਦੇਸ਼ ਦੇ ਲੋਕਾਂ ਦੁਆਰਾ ਉਪਭੋਗ ਕੀਤੀਆਂ ਜਾਂਦੀਆਂ ਹਨ।

- ਉਤਪਾਦਨ ਦੇ ਚਾਰ ਸਾਧਨ ਭੂਮੀ, ਕਿਰਤ, ਪੂੰਜੀ ਅਤੇ ਉੱਦਮੀ ਹਨ।
- ਭੂਮੀ ਕੁਦਰਤ ਦਾ ਮੁਫ਼ਤ ਤੋਹਫ਼ਾ ਹੈ ਅਤੇ ਇਸ ਦੀ ਪੂਰਤੀ ਸਥਿਰ ਹੈ।
- ਆਰਥਿਕ ਲਾਭ ਲਈ ਕੀਤੀਆਂ ਗਈਆਂ ਮਨੁੱਖੀ ਕਿਰਿਆਵਾਂ ਕਿਰਤ ਅਖਵਾਉਂਦੀਆਂ ਹਨ।
- ਉਤਪਾਦਨ ਦਾ ਸਾਧਨ ਕਿਰਤ ਵੱਧ ਮਾਤਰਾ ਵਿੱਚ ਮਿਲ਼ਦਾ ਹੈ ਪਰ ਖੇਤੀ ਵਿੱਚ ਕਿਰਤ ਦਾ ਪ੍ਰਯੋਗ ਸੀਮਿਤ ਹੈ।
- ਪੂੰਜੀ ਉਤਪਾਦਨ ਦਾ ਉਤਪਾਦਿਤ ਸਾਧਨ ਹੈ ਜਿਵੇਂ ਕਿ ਇਹ ਦੂਸਰੀਆਂ ਵਸਤੂਆਂ ਦੇ ਉਤਪਾਦਨ ਲਈ ਆਗਤ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ।
- ਵੱਡੇ ਅਤੇ ਮੱਧ ਪੱਧਰ ਦੇ ਕਿਸਾਨ ਛੋਟੇ ਪੱਧਰ ਦੇ ਕਿਸਾਨਾਂ ਦੀ ਤੁਲਨਾ ਵਿੱਚ ਜ਼ਿਆਦਾ ਪੂੰਜੀ ਕਮਾਉਂਦੇ ਹਨ। ਖੇਤੀ ਦੇ ਆਧੁਨਿਕ ਤਰੀਕਿਆਂ ਲਈ ਕਾਫ਼ੀ ਪੂੰਜੀ ਦੀ ਜਰੂਰਤ ਹੁੰਦੀ ਹੈ।
- ਪਿੰਡਾਂ ਵਿੱਚ ਖੇਤੀ ਮੁੱਖ ਉਤਪਾਦਨ ਕਿਰਿਆ ਹੈ। ਖੇਤੀ ਦੇ ਆਧੁਨਿਕ ਢੰਗਾਂ ਨੇ ਕਿਸਾਨਾਂ ਨੂੰ ਇੱਕ ਜ਼ਮੀਨ ਦੇ ਟੁਕੜੇ ਵਿੱਚੋਂ ਜ਼ਿਆਦਾ ਫ਼ਸਲਾਂ ਦੇ ਉਤਪਾਦਨ ਕਰਨ ਦੇ ਯੋਗ ਬਣਾਇਆ ਹੈ। ਇਸ ਦੇ ਨਾਲ਼ ਭੂਮੀ ਦੀ ਉਪਜਾਊ ਸ਼ਕਤੀ ਦਾ ਨੁਕਸਾਨ ਹੋਇਆ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਸਤਰ ਵੀ ਘਟਿਆ ਹੈ।
- ਗੈਰ ਖੇਤੀ ਕਿਰਿਆਵਾਂ ਵਿੱਚ ਭੂਮੀ ਦੀ ਘੱਟ ਜ਼ਰੂਰਤ ਹੁੰਦੀ ਹੈ। ਲੋਕ ਪੂੰਜੀ ਦੀ ਥੋੜ੍ਹੀ ਮਾਤਰਾ ਨਾਲ਼ ਗੈਰ ਖੇਤੀ ਕਿਰਿਆਵਾਂ ਸ਼ੁਰੂ ਕਰ ਸਕਦੇ ਹਨ। ਗ਼ੈਰ ਖੇਤੀ ਕਿਰਿਆਵਾਂ ਦੇ ਵਾਧੇ ਲਈ ਬਾਜ਼ਾਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ ਜਿੱਥੇ ਉਦਪਾਦਿਤ ਵਸਤੂਆਂ ਅਤੇ ਸੇਵਾਵਾਂ ਨੂੰ ਵੇਚਿਆ ਜਾ ਸਕਦਾ ਹੈ।



ੳ ਵਸਤੂਨਿਸ਼ਠ ਪ੍ਰਸ਼ਨ

1. ਖਾਲੀ ਸਥਾਨ ਭਰੋ:-

i. ਮਨੁੱਖ ਦੀਆਂ ਲੋੜਾਂ ਹਨ।

ii. ਜੋਖਿਮ ਉਠਾਉਂਦਾ ਹੈ।

iii. ਉਤਪਾਦਨ ਦਾ ਕੁਦਰਤੀ ਸਾਧਨ ਹੈ।

iv. ਇਕ ਸਾਲ ਵਿੱਚ ਭੂਮੀ ਦੇ ਇੱਕ ਟੁਕੜੇ ਉੱਤੇ ਇਕ ਤੋਂ ਜਿਆਦਾ ਫਸਲਾਂ ਪੈਦਾ ਕਰਨ ਨੂੰ ਹਨ।

v. ਪੰਜਾਬ ਨੂੰ ਦੇਸ਼ ਦੀ ਵਜੋਂ ਵੀ ਜਾਣਿਆ ਜਾਂਦਾ ਹੈ।

vi. ਕੁਝ ਮਜ਼ਦੂਰ ਜਿਹੜੇ ਕੰਮ ਲਈ ਇਕ ਰਾਜ ਤੋਂ ਦੂਜੇ ਰਾਜ ਵਿੱਚ ਪ੍ਰਵਾਸ ਕਰਦੇ ਹਨ, ਨੂੰ ਕਹਿੰਦੇ ਹਨ।

2. ਬਹੁਵਿਕਲਪਿਕ ਚੋਣ ਪ੍ਰਸ਼ਨ-

i. ਉਤਪਾਦਨ ਦਾ ਕਿਹੜਾ ਕਾਰਕ ਅਚਲ ਹੈ ?

a. ਭੂਮੀ b. ਕਿਰਤ c. ਪੂੰਜੀ d. ਉੱਦਮੀ

ii. ਆਰਥਿਕ ਕਿਰਿਆ ਜਿਹੜੀ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਜਾਂ ਉਪਯੋਗਿਤਾ ਦੇ ਵਾਧੇ ਨਾਲ ਜੁੜੀ ਹੋਈ ਹੈ ਅਖਵਾਉਂਦੀ ਹੈ।

a. ਉਤਪਾਦਨ b. ਉਪਭੋਗਤਾ c. ਵੰਡ d. ਕਿਰਤ

iii. ਖੇਤੀ ਵਿੱਚ ਵਿਸ਼ੇਸ਼ਕਰ ਕਣਕ ਅਤੇ ਧਾਨ ਦੇ ਉਤਪਾਦਨ ਵਿੱਚ ਅਸਾਧਾਰਣ ਵਾਧੇ ਨੂੰ ਕਹਿੰਦੇ ਹਨ।

a. ਹਰੀ ਕ੍ਰਾਂਤੀ b. ਕਣਕ ਕ੍ਰਾਂਤੀ c. ਧਾਨ ਕ੍ਰਾਂਤੀ d. ਚਿੱਟੀ ਕ੍ਰਾਂਤੀ

iv. ਇੰਗਲੈਂਡ ਦੀ ਮੁਦਰਾਂ ਕਿਹੜੀ ਹੈ ?

a. ਰੁਪਏ b. ਡਾਲਰ c. ਯਾਨ d. ਪੌਂਡ

3. ਸਹੀ ਗਲਤ :-

i. ਭੂਮੀ ਦੀ ਪੂਰਤੀ ਸੀਮਿਤ ਹੈ।

ii. ਮਨੁੱਖ ਦੀਆਂ ਸੀਮਿਤ ਲੋੜਾਂ ਅਸੀਮਿਤ ਸਾਧਨਾਂ ਨਾਲ ਪੂਰੀਆਂ ਹੁੰਦੀਆਂ ਹਨ।

iii. ਕਿਰਤ ਦੀ ਪੂਰਤੀ ਨੂੰ ਵਧਾਇਆ ਅਤੇ ਘਟਾਇਆ ਨਹੀਂ ਜਾ ਸਕਦਾ।

iv. ਉਦਮੀ ਜੋਖਿਮ ਉਠਾਉਂਦਾ ਹੈ।

v. ਮਸ਼ੀਨ ਅਤੇ ਜਾਨਵਰਾਂ ਦੁਆਰਾ ਕਰਵਾਇਆ ਗਿਆ ਕੰਮ ਕਿਰਤ ਹੈ।

vi. ਬਾਜ਼ਾਰ ਵਿੱਚ ਵਸਤੂਆਂ ਦੀ ਕੀਮਤ ਵੱਧ ਹੋਣ ਤੇ ਉਹਨਾਂ ਦੀ ਮੰਗ ਵੱਧ ਜਾਂਦੀ ਹੈ।

4. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ :-

i. ਅਰਥ ਸ਼ਾਸਤਰ ਤੋਂ ਕੀ ਭਾਵ ਹੈ ?

ii. ਭਾਰਤ ਦੇ ਪਿੰਡਾਂ ਦੀ ਮੁੱਖ ਉਤਪਾਦਨ ਕਿਰਿਆ ਕਿਹੜੀ ਹੈ ?

iii. ਪਿੰਡਾਂ ਵਿੱਚ ਸਿੰਚਾਈ ਦੇ ਦੋ ਮੁੱਖ ਸਾਧਨ ਕਿਹੜੇ ਹਨ ?

iv. ਅਰਥ ਸ਼ਾਸ਼ਤਰ ਵਿੱਚ ਕਿਰਤ ਤੋਂ ਕੀ ਭਾਵ ਹੈ ?

v. ਮਾਂ ਦੁਆਰਾ ਆਪਣੇ ਬੱਚੇ ਨੂੰ ਪੜ੍ਹਾਉਣ ਦੀ ਕ੍ਰਿਆ ਕਿਰਤ ਹੈ ਜਾਂ ਨਹੀਂ ?

vi. ਮਜਦੂਰਾਂ ਨੂੰ ਮਿਹਨਤਾਨਾ ਕਿਸ ਰੂਪ ਵਿੱਚ ਮਿਲਦਾ ਹੈ।

vii. ਪਿੰਡਾਂ ਦੇ ਲੋਕਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਦੋ ਗੈਰ ਖੇਤੀ ਕਿਰਿਆਵਾਂ ਦੱਸੋ ?

vii. ਵੱਡੇ ਅਤੇ ਛੋਟੇ ਕਿਸਾਨ ਖੇਤੀ ਲਈ ਪੂੰਜੀ ਕਿਥੋਂ ਪ੍ਰਾਪਤ ਕਰਦੇ ਹਨ ?

ix. ਭੂਮੀ ਦੀ ਇੱਕ ਵਿਸ਼ੇਸ਼ਤਾ ਲਿਖੋ।

x. ਮਜ਼ਦੂਰ ਇੱਕ ਰਾਜ ਤੋਂ ਦੂਜੇ ਰਾਜ ਵਿੱਚ ਪ੍ਰਵਾਸ ਕਿਉਂ ਕਰਦੇ ਹਨ ?

xi. ਕਿਸਾਨ ਪਰਾਲੀ ਨੂੰ ਅੱਗ ਕਿਉਂ ਲਗਾਉਂਦੇ ਹਨ ?

ਅ ਛੋਟੇ ਉੱਤਰਾਂ ਵਾਲੇ ਪ੍ਰਸ਼ਨ:-

1. ਅਸੀਂ ਅਰਥ ਸ਼ਾਸਤਰ ਦਾ ਅਧਿਐਨ ਕਿਉਂ ਕਰਦੇ ਹਾਂ ?
2. ਆਰਥਿਕ ਕਿਰਿਆ ਕੀ ਹੈ ? ਇਕ ਉਦਾਹਰਣ ਦਿਓ।
3. ਸਿੰਚਾਈ ਲਈ ਟਿਊਬਵੈੱਲਾਂ ਦਾ ਲਗਾਤਾਰ ਪ੍ਰਯੋਗ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।
4. ਬਹੁ ਫਸਲੀ ਵਿਧੀ ਕੀ ਹੈ ? ਸਪਸ਼ਟ ਕਰੋ।
5. ਭੂਮੀ ਦੇ ਇੱਕ ਟੁਕੜੇ ਤੋਂ ਜ਼ਿਆਦਾ ਪੈਦਾਵਾਰ ਕਰਨ ਦੇ ਦੋ ਤਰੀਕੇ ਦਸੋ।
6. ਹਰੀ ਕ੍ਰਾਂਤੀ ਤੋਂ ਕੀ ਭਾਵ ਹੈ ? ਇਹ ਕਿਵੇਂ ਸੰਭਵ ਹੋਈ ਹੈ ?
7. ਭੂਮੀ ਉਪਰ ਆਧੁਨਿਕ ਖੇਤੀ ਤਰੀਕਿਆਂ ਅਤੇ ਟਿਊਬਵੈਲ ਸਿੰਚਾਈ ਦੇ ਕੀ ਹਾਨੀਕਾਰਕ ਪ੍ਰਭਾਵ ਪਏ ?
8. ਪਿੰਡ ਦੇ ਕਿਸਾਨਾਂ ਵਿੱਚ ਭੂਮੀ ਕਿਸ ਪ੍ਰਕਾਰ ਵੰਡੀ ਹੋਈ ਹੈ ?
9. ਪਿੰਡ ਵਿੱਚ ਖੇਤੀ ਲਈ ਕਿਰਤ ਦੇ ਦੋ ਸਰੋਤ ਦੱਸੋ।
10. ਵੱਡੇ ਅਤੇ ਦਰਮਿਆਨੇ ਕਿਸਾਨ ਖੇਤੀ ਲਈ ਜ਼ਰੂਰੀ ਪੂੰਜੀ ਦਾ ਪ੍ਰਬੰਧ ਕਿਵੇਂ ਕਰਦੇ ਹਨ ?
11. ਆਰਥਿਕ ਅਤੇ ਅਨਾਰਥਿਕ ਕਿਰਿਆਵਾਂ ਵਿੱਚ ਅੰਤਰ ਲਿਖੋ।
12. ਕਿਰਤ ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ ?
13. ਛੋਟੇ ਕਿਸਾਨ ਖੇਤੀ ਲਈ ਜਰੂਰੀ ਪੂੰਜੀ ਦਾ ਪ੍ਰਬੰਧ ਕਿਵੇਂ ਕਰਦੇ ਹਨ।
14. ਵੱਡੇ ਕਿਸਾਨ ਵਾਧੂ ਹੋਏ ਖੇਤੀ ਉਤਪਾਦਾਂ ਦਾ ਕੀ ਕਰਦੇ ਹਨ।
15. ਭਾਰਤ ਦੇ ਪਿੰਡਾਂ ਵਿੱਚ ਕਿਹੜੀਆਂ-ਕਿਹੜੀਆਂ ਗੈਰ ਖੇਤੀ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ?
16. ਪਿੰਡਾਂ ਵਿੱਚ ਹੋਰ ਗੈਰ ਖੇਤੀ ਉਤਪਾਦਨ ਕਿਰਿਆਵਾਂ ਸ਼ੁਰੂ ਕਰਨ ਲਈ ਕੀ ਕੀਤਾ ਜਾ ਸਕਦਾ ਹੈ ?
17. ਫਸਲਾਂ ਦੀ ਰਹਿੰਦ-ਖੁਹੰਦ ਨੂੰ ਖੇਤਾਂ ਵਿੱਚ ਸਾੜਨ ਨਾਲ ਜਮੀਨ ਦੀ ਗੁਣਵਤਾ ਵਿੱਚ ਨਿਘਾਰ ਕਿਉਂ ਆਉਂਦਾ ਹੈ ?

2

ਮਨੁੱਖੀ ਸੰਸਾਧਨ



ਵਿਸ਼ਵ ਵਿੱਚ ਭਾਰਤ ਦੀ ਜਨਸੰਖਿਆ ਦਾ ਆਕਾਰ ਚੀਨ ਤੋਂ ਬਾਅਦ ਦੂਸਰੇ ਸਥਾਨ ਤੇ ਹੈ। ਜਨਗਣਨਾ (Census) 2011 ਅਨੁਸਾਰ ਭਾਰਤ ਦੀ ਜਨਸੰਖਿਆ 1210.19 ਮਿਲੀਅਨ ਜਾਂ 121 ਕਰੋੜ ਹੈ। ਭਾਰਤ ਵਿੱਚ ਕਾਫੀ ਦਹਾਕਿਆਂ ਤੱਕ ਜ਼ਿਆਦਾ ਜਨਸੰਖਿਆ ਨੂੰ ਪੂੰਜੀ ਦੀ ਬਜਾਏ ਜ਼ਿੰਮੇਵਾਰੀ ਹੀ ਸਮਝਿਆ ਜਾਂਦਾ ਰਿਹਾ ਹੈ ਪਰੰਤੂ ਇਹ ਜ਼ਰੂਰੀ ਨਹੀਂ ਕਿ ਇਹ ਸਿਰਫ਼ ਜ਼ਿੰਮੇਵਾਰੀ ਹੈ। ਵਿਦਿਆਰਥੀਓ, ਇਸ ਪਾਠ ਦੁਆਰਾ ਇਹ ਪੜ੍ਹਿਆ ਜਾਵੇਗਾ ਕਿ ਕਿਵੇਂ ਇੱਕ ਦੇਸ਼ ਦੀ ਜੰਨਸੰਖਿਆ ਉਸ ਦੀ ਪੂੰਜੀ ਬਣ ਸਕਦੀ ਹੈ।

ਇੱਕ ਰਾਸ਼ਟਰ, ਸੰਸਥਾ ਜਾਂ ਵਿਅਕਤੀ ਦੁਆਰਾ ਆਪਣੀ ਆਮਦਨ ਵਿੱਚ ਵਾਧਾ ਕਰਨ ਦੇ ਉਪਾਅ ਨੂੰ ਸਾਧਨ ਕਹਿੰਦੇ ਹਨ। ਕੁਝ ਸਾਧਨ ਜਿਵੇਂ ਕਿ ਹਵਾ, ਖਣਿਜ ਪਦਾਰਥ, ਮਿੱਟੀ, ਪਾਣੀ ਆਦਿ ਕੁਦਰਤ ਦੀ ਦੇਣ ਹਨ। ਇਹ ਸਾਧਨ ਮਨੁੱਖੀ ਲੋੜਾਂ ਨੂੰ ਪੂਰਾ ਕਰਕੇ ਉਹਨਾਂ ਨੂੰ ਸੰਤੁਸ਼ਟ ਕਰਦੇ ਹਨ। ਇਹਨਾਂ ਸਾਧਨਾਂ ਨੂੰ **'ਕੁਦਰਤੀ ਸਾਧਨ'** ਕਹਿੰਦੇ ਹਨ। ਦੇਸ਼ ਦੀ ਜਨਸੰਖਿਆ ਦਾ ਆਕਾਰ, ਇਸ ਦੀ ਕੁਸ਼ਲਤਾ, ਵਿਦਿਅਕ ਗੁਣ, ਉਤਪਾਦਕਤਾ ਆਦਿ **'ਮਨੁੱਖੀ ਸਾਧਨ'** ਕਹਾਉਂਦੇ ਹਨ। ਮਨੁੱਖੀ ਸਾਧਨ ਬਹੁਤ ਜ਼ਿਆਦਾ ਮੱਹਤਵਪੂਰਨ ਸਾਧਨ ਹਨ ਕਿਉਂਕਿ ਇਹ ਕੁਦਰਤੀ ਸਾਧਨਾਂ ਨੂੰ ਹੋਰ ਜ਼ਿਆਦਾ ਉਪਯੋਗੀ ਬਣਾ ਦਿੰਦੇ ਹਨ। ਜਿਸ ਦੇਸ਼ ਕੋਲ ਜ਼ਿਆਦਾ ਪੜ੍ਹੇ-ਲਿਖੇ ਅਤੇ ਕੁਸ਼ਲ ਲੋਕ ਹੋਣਗੇ ਉਹ ਦੇਸ਼ ਕੁਦਰਤੀ ਸਾਧਨਾਂ ਦੀ ਸਹੀ ਵਰਤੋਂ ਨਾਲ਼ ਉਤਪਾਦਨ ਕਰ ਸਕਦਾ ਹੈ। ਸੰਸਾਰ ਦੇ ਕਈ ਵਿਕਾਸਸ਼ੀਲ ਅਤੇ ਘੱਟ ਵਿਕਸਿਤ ਦੇਸ਼ ਹੋਏ ਆਰਥਿਕ ਪੱਖੋਂ ਘੱਟ ਵਿਕਸਿਤ ਹਨ, ਇਸ ਕਰਕੇ ਨਹੀਂ ਕਿ ਉਹਨਾਂ ਕੋਲ ਕੁਦਰਤੀ ਸਾਧਨਾਂ ਦੀ ਕਮੀ ਹੈ ਬਲਕਿ ਇਸ ਕਰਕੇ ਕਿ ਉਹਨਾਂ ਕੋਲ ਗੁਣਵਾਨ ਮਨੁੱਖੀ ਸਾਧਨਾਂ ਦੀ ਘਾਟ ਹੈ।

ਕਿਸੇ ਵੀ ਦੇਸ਼ ਦੇ ਕੰਮ ਕਰਨ ਵਾਲੇ ਉਹ ਲੋਕ ਜਿਹੜੇ ਆਪਣੀ ਵਰਤਮਾਨ ਉਤਪਾਦਨ ਕੁਸ਼ਲਤਾ ਅਤੇ ਯੋਗਤਾ ਨਾਲ ਕੁੱਲ ਰਾਸ਼ਟਰੀ ਉਤਪਾਦ ਦੀ ਸਿਰਜਣਾ ਵਿੱਚ ਅਹਿਮ ਹਿੱਸਾ ਪਾਉਂਦੇ ਹਨ, ਨੂੰ ਮਨੁੱਖੀ ਸੰਸਾਧਨ ਕਹਿੰਦੇ ਹਨ। ਜਦੋਂ ਵਰਤਮਾਨ ਮਨੁੱਖੀ ਸੰਸਾਧਨ ਨੂੰ ਹੋਰ ਜ਼ਿਆਦਾ ਸਿੱਖਿਆ ਪ੍ਰਦਾਨ ਕਰਕੇ ਅਤੇ

ਚੰਗੀ ਸਿਹਤ ਰਾਹੀਂ ਵਿਕਸਿਤ ਕੀਤਾ ਜਾਂਦਾ ਹੈ ਤਾਂ ਇਸ ਨੂੰ ਮਾਨਵ ਪੂੰਜੀ ਨਿਰਮਾਣ ਕਹਿੰਦੇ ਹਨ। ਇਸ ਤਰ੍ਹਾਂ ਜਦੋਂ ਮਨੁੱਖੀ ਸੰਸਾਧਨ ਵਿੱਚ ਸਿੱਖਿਆ, ਸਿਖਲਾਈ ਅਤੇ ਸੇਵਾਵਾਂ ਦੇ ਰੂਪ ਵਿੱਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਮਨੁੱਖੀ ਪੂੰਜੀ ਬਣਦੀ ਹੈ। ਇਹ ਮਨੁੱਖੀ ਪੂੰਜੀ ਦੇਸ਼ ਦੇ ਕੁੱਲ ਰਾਸ਼ਟਰੀ ਉਤਪਾਦ (Gross National Product) ਨੂੰ ਵਧਾਉਂਦੀ ਹੈ, ਜਿਸ ਨਾਲ ਦੇਸ਼ ਦਾ ਆਰਥਿਕ ਵਿਕਾਸ ਹੁੰਦਾ ਹੈ। ਜ਼ਿਆਦਾ ਸਿੱਖਿਆ ਅਤੇ ਬੇਹਤਰ ਸਿਖਲਾਈ ਵਾਲੇ ਲੋਕਾਂ ਵੱਲੋਂ ਕੀਤੀ ਉੱਚ-ਉਤਪਾਦਕਤਾ ਦੇ ਕਾਰਣ ਮਨੁੱਖੀ ਪੂੰਜੀ ਵਿੱਚ ਨਿਵੇਸ਼ ਜ਼ਿਆਦਾ ਆਮਦਨ ਦੇ ਰੂਪ ਵਿੱਚ ਮੁਨਾਫ਼ਾ ਦਿੰਦਾ ਹੈ।

ਜ਼ਿਆਦਾ ਪੜ੍ਹੀ-ਲਿਖੀ ਜਾਂ ਚੰਗੀ ਸਿਹਤਮੰਦ ਜਨਸੰਖਿਆ ਦਾ ਲਾਭ ਉਹਨਾਂ ਲੋਕਾਂ ਤੱਕ ਵੀ ਪਹੁੰਚਦਾ ਹੈ ਜੋ ਆਪ ਸਿੱਧੇ ਤੌਰ ਤੇ ਉਨ੍ਹੇ ਪੜ੍ਹੇ-ਲਿਖੇ ਨਹੀਂ ਹਨ, ਜਾਂ ਜਿਨ੍ਹਾਂ ਦੀ ਸਿਹਤ ਚੰਗੀ ਨਹੀਂ ਹੁੰਦੀ ।

ਭਾਰਤ ਦੀ ਹਰੀ ਕ੍ਰਾਂਤੀ ਇੱਕ ਉਦਾਹਰਨ ਹੈ ਕਿ ਕਿਸ ਪ੍ਰਕਾਰ ਗਿਆਨ ਅਤੇ ਬੇਹਤਰ ਉਤਪਾਦਨ ਤਕਨੀਕਾਂ ਦੀ ਵਰਤੋਂ ਨਾਲ ਭੂਮੀ ਦੀ ਉਤਪਾਦਕਤਾ ਵਿੱਚ ਤੇਜੀ ਨਾਲ ਵਾਧਾ ਲਿਆਂਦਾ ਜਾ ਸਕਦਾ ਹੈ।

ਆਓ ਚਰਚਾ ਕਰੀਏ



ਚਿੱਤਰ 2.1 ਮਾਨਵ ਪੂੰਜੀ (ਡਾਕਟਰ, ਇੰਜ਼ੀਨੀਅਰ, ਅਧਿਆਪਕ, ਦਰਜ਼ੀ ਆਦਿ)

ਬੱਚਿਓ ਚਿੱਤਰ 2.1 ਨੂੰ ਦੇਖਕੇ ਆਪਣੇ ਅਧਿਆਪਕ ਨਾਲ਼ ਚਰਚਾ ਕਰੋ ਕਿ ਇੱਕ ਡਾਕਟਰ, ਅਧਿਆਪਕ ਅਤੇ ਇੰਜ਼ੀਨੀਅਰ ਅਰਥਵਿਵਸਥਾ ਲਈ ਕਿਵੇਂ ਪਰਿਸੰਪਤੀ ਹਨ ਅਰਥਾਤ ਕਿਵੇਂ ਇੱਕ ਇੰਜੀਨੀਅਰ, ਡਾਕਟਰ ਜਾਂ ਅਧਿਆਪਕ ਲੋਕਾਂ ਦੀ ਸੇਵਾ ਕਰਦੇ ਹਨ ਜਿਹੜੇ ਉਨ੍ਹੇ ਪੜ੍ਹੇ ਲਿਖੇ ਨਹੀਂ ਹਨ।

ਮਨੁੱਖੀ ਪੂੰਜੀ, ਬਾਕੀ ਸਾਧਨਾਂ ਜਿਵੇਂ ਕਿ ਭੂਮੀ ਅਤੇ ਭੌਤਿਕ ਪੂੰਜੀ, ਜਿਹੜੀਆਂ ਕਿ ਆਪਣੇ ਆਪ ਪ੍ਰਯੋਗ ਨਹੀਂ ਕੀਤੀਆਂ ਜਾ ਸਕਦੀਆਂ, ਨਾਲ਼ੋ ਉੱਤਮ ਹੈ। ਮਨੁੱਖੀ ਸਾਧਨ ਹੀ ਭੂਮੀ ਅਤੇ ਭੌਤਿਕ ਪੂੰਜੀ ਦਾ ਪ੍ਰਯੋਗ ਕਰ ਸਕਦਾ ਹੈ। ਇਸ ਕਰਕੇ ਜ਼ਿਆਦਾ ਜਨਸੰਖਿਆ ਜ਼ਿੰਮੇਵਾਰੀ ਨਹੀਂ ਹੈ। ਮਨੁੱਖੀ ਪੂੰਜੀ ਦੇ ਵਿੱਚ ਨਿਵੇਸ਼ ਕਰਕੇ ਜ਼ਿਆਦਾ ਜਨਸੰਖਿਆ ਨੂੰ ਇਕ ਉਤਪਾਦਕ ਪਰਿਸੰਪਤੀ ਵਿੱਚ ਬਦਲਿਆ ਜਾ ਸਕਦਾ ਹੈ, ਜਿਵੇਂ ਕਿ ਮਨੁੱਖੀ ਸਾਧਨਾਂ ਨੂੰ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਕੇ, ਉਦਯੋਗ ਅਤੇ ਖੇਤੀਬਾੜੀ ਦੇ ਮਜ਼ਦੂਰਾਂ ਨੂੰ ਆਧੁਨਿਕ ਤਕਨੀਕਾਂ ਦੇ ਪ੍ਰਯੋਗ ਦੀ ਸਿਖਲਾਈ ਦੇਣ ਆਦਿ ਤੇ ਖਰਚ ਕਰਕੇ ਵੱਧ ਉਤਪਾਦਨ ਨਾਲ ਦੇਸ਼ ਦਾ ਵੱਧ ਵਿਕਾਸ ਕੀਤਾ ਜਾ ਸਕਦਾ ਹੈ।

ਨਿਮਨਲਿਖਤ ਉਦਾਹਰਣਾਂ ਨਾਲ ਸਪੱਸ਼ਟ ਕੀਤਾ ਜਾ ਸਕਦਾ ਹੈ ਕਿ ਕਿਵੇਂ ਲੋਕ ਵਧੀਆਂ ਉਤਪਾਦਕ ਸਾਧਨ ਬਣਨ ਦੀ ਕੋਸ਼ਿਸ਼ ਕਰ ਸਕਦੇ ਹਨ:

ਮਨਦੀਪ ਅਤੇ ਗੁਰਪ੍ਰੀਤ ਇੱਕ ਪਿੰਡ ਵਿੱਚ ਰਹਿੰਦੇ ਹਨ। ਮਨਦੀਪ ਦੇ ਪਿਤਾ ਚੌਧਰੀ ਸੰਤ ਸਿੰਘ ਦੇ ਖੇਤਾਂ ਵਿੱਚ ਕੰਮ ਕਰਦੇ ਹਨ। ਉਸਦੀ ਮਾਤਾ ਘਰ ਦਾ ਕੰਮ ਕਾਜ ਦੇਖਦੀ ਹੈ ਅਤੇ ਮਨਦੀਪ ਤੇ ਉਸਦੀ ਛੋਟੀ ਭੈਣ ਹਰਪ੍ਰੀਤ ਦਾ ਧਿਆਨ ਵੀ ਰੱਖਦੀ ਹੈ। ਮਨਦੀਪ ਦੇ ਮਾਤਾ ਪਿਤਾ ਚਾਹੁੰਦੇ ਹਨ ਕਿ ਉਹ ਉੱਚ ਸਿੱਖਿਆ ਪ੍ਰਾਪਤ ਕਰੇ ਅਤੇ ਕੋਈ ਰੋਜ਼ਗਾਰ ਸ਼ੁਰੂ ਕਰੇ । ਉਹਨਾਂ ਨੇ ਉਸ ਨੂੰ ਪਿੰਡ ਦੇ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। ਹੁਸ਼ਿਆਰ ਹੋਣ ਕਾਰਨ ਮਨਦੀਪ ਨੇ ਸੀਨੀਅਰ ਸੈਕੰਡਰੀ ਸਿੱਖਿਆ ਚੰਗੇ ਅੰਕਾਂ ਨਾਲ ਪਾਸ ਕਰ ਲਈ । ਉਸਨੇ ਆਪਣੀ ਭੈਣ ਨੂੰ ਵੀ ਸਕੂਲ ਵਿੱਚ ਦਾਖ਼ਲ ਕਰਵਾਇਆ। ਮਨਦੀਪ ਦੇ ਘਰ ਦੀ ਆਰਥਿਕ ਹਾਲਤ ਚੰਗੀ ਨਾ ਹੋਣ ਕਰਕੇ ਉਸ ਦੇ ਪਿਤਾ ਨੇ ਉਸਨੂੰ ਇਕ ਸਾਲ ਦਾ ਕਿੱਤਾ ਮੁੱਖੀ ਕੰਪਿਊਟਰ ਕੋਰਸ ਕਰਵਾਉਣ ਲਈ ਕਰਜ਼ਾ ਲੈ ਲਿਆ। ਕੋਰਸ ਖਤਮ ਕਰਨ ਤੋਂ ਬਾਅਦ ਮਨਦੀਪ ਨੂੰ ਇੱਕ ਨਿਜੀ ਕੰਪਨੀ ਵਿੱਚ ਚੰਗੀ ਨੌਕਰੀ ਮਿਲ ਗਈ। ਉਸਨੇ ਆਪਣੀ ਤਨਖਾਹ ਵਿੱਚੋਂ ਪਿਤਾ ਦੁਆਰਾ ਆਪਣੀ ਪੜ੍ਹਾਈ ਲਈ ਲਿਆ ਗਿਆ ਕਰਜ਼ਾ ਵੀ ਵਾਪਸ ਕਰ ਦਿੱਤਾ। ਉਸ ਨੇ ਆਪਣੀ ਭੈਣ ਨੂੰ ਉਚੇਰੀ ਸਿੱਖਿਆ ਲਈ ਪ੍ਰੇਰਿਤ ਕੀਤਾ ਅਤੇ ਡਾਕਟਰ ਬਣਨ ਦੀ ਲੋੜੀਂਦੀ ਪੜ੍ਹਾਈ ਸਬੰਧੀ ਵਿੱਤੀ ਸਹਾਇਤਾ ਵੀ ਦਿੱਤੀ।

ਗੁਰਪ੍ਰੀਤ ਦੇ ਪਿਤਾ ਵੀ ਇਕ ਖੇਤ ਮਜ਼ਦੂਰ ਸਨ ਪਰ ਜਦੋਂ ਗੁਰਪ੍ਰੀਤ ਚਾਰ ਸਾਲ ਦਾ ਸੀ ਤਾਂ ਉਸਦੇ ਪਿਤਾ ਗੁਜ਼ਰ ਗਏ। ਪਿਤਾ ਦੀ ਮੌਤ ਤੋਂ ਬਾਅਦ ਘਰ ਦਾ ਗੁਜ਼ਾਰਾ ਚਲਾਉਣ ਲਈ ਉਸਦੀ ਮਾਤਾ ਨੇ ਖੇਤਾਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਗੁਰਪ੍ਰੀਤ ਆਪਣੇ ਘਰ ਦੇ ਕੰਮ ਦੀ ਅਤੇ ਆਪਣੇ ਛੋਟੇ ਭਰਾ ਜੀਤੂ ਦੀ ਦੇਖ-ਰੇਖ ਕਰਕੇ ਆਪਣੀ ਮਾਤਾ ਦੀ ਸਹਾਇਤਾ ਕਰਦਾ ਹੈ। ਅਜਿਹੇ ਹਾਲਾਤਾਂ ਅਤੇ ਗਰੀਬ ਹੋਣ ਕਰਕੇ ਉਹ ਕਦੇ ਵੀ ਸਕੂਲ ਨਹੀਂ ਜਾ ਸਕਿਆ। ਪੋਸ਼ਟਿਕ ਭੋਜਨ ਘੱਟ ਮਿਲਣ ਕਾਰਣ ਉਸਦੀ ਸਿਹਤ ਵੀ ਤੰਦਰੁਸਤ ਨਹੀਂ ਰਹਿੰਦੀ। ਉਸਦੀ ਮਾਤਾ ਬਿਮਾਰ ਹੈ ਅਤੇ ਪਰਿਵਾਰ ਵਿੱਚ ਉਹਨਾਂ ਦੀ ਦੇਖਭਾਲ ਕਰਨ ਵਾਲਾ ਤੇ ਸਹਾਇਤਾ ਕਰਨ ਵਾਲਾ ਹੋਰ ਕੋਈ ਨਹੀਂ ਹੈ। ਡਾਕਟਰੀ ਸਹਾਇਤਾ ਦੀ ਕਮੀ ਕਰਕੇ ਉਸਦੀ ਮਾਤਾ ਦੀ ਵੀ ਮੌਤ ਹੋ ਗਈ, ਜਿਸ ਕਰਕੇ ਗੁਰਪ੍ਰੀਤ ਨੂੰ ਆਪਣੀ ਜੀਵਿਕਾ ਕਮਾਉਣ ਲਈ ਖੁਦ ਨੂੰ ਖੇਤਾਂ ਵਿੱਚ ਕੰਮ ਕਰਨਾ ਪਿਆ।

ਇਸ ਪ੍ਰਕਾਰ ਇਨ੍ਹਾਂ ਦੋਨਾਂ ਹਾਲਾਤਾਂ ਵਿੱਚ ਅਸੀਂ ਦੇਖਿਆ ਕਿ ਮਨਦੀਪ ਨੂੰ ਚੰਗੀ ਸਿੱਖਿਆ ਮਿਲੀ ਪ੍ਰੰਤੂ ਗੁਰਪ੍ਰੀਤ ਨੂੰ ਨਹੀਂ। ਮਨਦੀਪ ਸਰੀਰਕ ਪਖੋਂ ਤਕੜਾ ਅਤੇ ਸਿਹਤਮੰਦ ਹੈ ਪ੍ਰੰਤੂ ਗੁਰਪ੍ਰੀਤ ਦੀ ਸਿਹਤ ਚੰਗੀ ਨਹੀਂ ਰਹਿੰਦੀ। ਕਿੱਤਾ ਮੁੱਖੀ ਕੰਪਿਊਟਰ ਕੋਰਸ ਨੇ ਮਨਦੀਪ ਨੂੰ ਚੰਗੀ ਆਮਦਨ ਕਮਾਉਣ ਵਿੱਚ ਸਹਾਇਤਾ ਕੀਤੀ ਜਦੋਂ ਕਿ ਗੁਰਪ੍ਰੀਤ ਨੇ ਖੇਤਾਂ ਵਿੱਚ ਕੰਮ ਕਰਕੇ ਘੱਟ ਆਮਦਨ ਕਮਾਈ।

ਸਿੱਖਿਆ ਨੇ ਮਨਦੀਪ ਦੀ ਕਿਰਤ ਦੀ ਗੁਣਵੱਤਾ ਅਤੇ ਉਸਦੀ ਕੁੱਲ ਉਤਪਾਦਕਤਾ ਨੂੰ ਵੀ ਵਧਾਇਆ । ਵਧੀ ਕੁੱਲ ਉਤਪਾਦਕਤਾ ਨੇ ਅਰਥ ਵਿਵਸਥਾ ਦੇ ਵਾਧੇ ਵਿੱਚ ਹਿੱਸਾ ਪਾਇਆ । ਬਦਲੇ ਵਿੱਚ ਮਨਦੀਪ ਨੂੰ ਚੰਗੀ ਤਨਖਾਹ ਮਿਲੀ। ਪ੍ਰੰਤੂ ਅਸਿੱਖਿਅਤ ਗੁਰਪ੍ਰੀਤ ਆਪਣੀ ਮਾਤਾ ਦੀ ਤਰ੍ਹਾਂ ਹੀ ਅਕੁਸ਼ਲ ਮਜ਼ਦੂਰੀ ਦਾ ਵੇਤਨ ਪ੍ਰਾਪਤ ਕਰਦਾ ਸੀ। ਇਸ ਲਈ ਉਹ ਆਪਣੇ ਜੀਵਨ ਦੌਰਾਨ ਵਧੇਰੇ ਕਮਾਈ ਨਹੀਂ ਕਰ ਸਕਿਆ।

ਮਨਦੀਪ ਪੜ੍ਹਿਆ ਲਿਖਿਆ ਹੋਣ ਕਰਕੇ ਉਸ ਦਾ ਵਿਆਹ ਵੀ ਪੜ੍ਹੀ ਲਿਖੀ ਲੜਕੀ ਨਾਲ ਹੋਇਆ। ਉਹਨਾਂ ਦੋਹਾਂ ਨੇ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਸੰਬੰਧੀ ਜ਼ਰੂਰਤਾਂ ਦਾ ਧਿਆਨ ਰੱਖਿਆ। ਇਸ ਪ੍ਰਕਾਰ ਪੜ੍ਹੇ ਲਿਖੇ ਮਾਂ-ਬਾਪ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਉੱਤੇ ਜ਼ਿਆਦਾ ਨਿਵੇਸ਼ ਕਰਦੇ ਹਨ ਕਿਉਂਕਿ ਉਹਨਾਂ ਨੂੰ ਸਿੱਖਿਆ ਅਤੇ ਚੰਗੀ ਸਿਹਤ ਦੀ ਮਹਤੱਤਾ ਬਾਰੇ ਜਾਣਕਾਰੀ ਹੁੰਦੀ ਹੈ। ਪ੍ਰੰਤੂ ਜਿਹੜੇ ਮਾਂ-ਬਾਪ ਆਪ ਪੜ੍ਹਾਈ ਅਤੇ ਚੰਗੀ ਸਿਹਤ ਤੋਂ ਵਾਂਝੇ ਰਹਿ ਜਾਂਦੇ ਹਨ, ਉਹ ਆਪਣੀਆਂ ਮਜ਼ਬੂਰੀਆਂ ਕਾਰਣ ਪੜ੍ਹੇ ਲਿਖੇ ਮਾਪਿਆਂ ਦੇ ਮੁਕਾਬਲੇ ਆਪਣੇ ਬੱਚਿਆਂ ਨੂੰ ਵੀ ਇਸ ਪਾਸੇ ਪ੍ਰੇਰਿਤ ਨਹੀਂ ਕਰ ਸਕਦੇ।

ਇਸ ਤਰ੍ਹਾਂ ਮਨੁੱਖੀ ਸੰਸਾਧਨਾਂ ਵਿੱਚ ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਰੂਪ ਵਿੱਚ ਕੀਤਾ ਗਿਆ ਨਿਵੇਸ਼, ਭਵਿੱਖ ਵਿੱਚ ਉੱਚ ਆਮਦਨ ਦੇ ਰੂਪ ਵਿੱਚ ਵੱਧ ਮੁਨਾਫ਼ਾ ਦੇ ਸਕਦਾ ਹੈ।

ਦੂਜੇ ਵਿਸ਼ਵ ਯੁੱਧ ਦੀ ਤਬਾਹੀ ਤੋਂ ਬਾਅਦ ਜਰਮਨੀ ਅਤੇ ਜਾਪਾਨ ਜਿਹੇ ਦੇਸ਼ਾਂ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕੀਤਾ ਕਿਉਂਕਿ ਉਹਨਾਂ ਨੇ ਮਨੁੱਖੀ ਸੰਸਾਧਨਾਂ ਸੰਬੰਧੀ ਵਿਸ਼ੇਸ਼ ਰੂਪ ਵਿੱਚ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਨਿਵੇਸ਼ ਕੀਤਾ। ਸਿੱਖਿਅਤ ਅਤੇ ਸਿਹਤਮੰਦ ਲੋਕਾਂ ਨੇ ਭੂਮੀ ਅਤੇ ਪੂੰਜੀ ਦਾ ਕੁਸ਼ਲਤਾ ਨਾਲ਼ ਪ੍ਰਯੋਗ ਕਰਕੇ ਇਹਨਾਂ ਦੇਸ਼ਾਂ ਨੂੰ ਧਨੀ ਅਤੇ ਵਿਕਸਿਤ ਬਣਾਇਆ। ਇਸਦੇ ਉਲਟ ਭਾਰਤ, ਬੰਗਲਾਦੇਸ਼, ਪਾਕਿਸਤਾਨ ਆਦਿ ਦੇਸ਼ ਆਪਣੀ ਬਹੁਤ ਜ਼ਿਆਦਾ ਅਨਪੜ੍ਹ, ਰੋਗੀ ਅਤੇ ਅਕੁਸ਼ਲ ਜਨਸੰਖਿਆ ਕਰਕੇ ਘੱਟ ਵਿਕਸਿਤ ਰਹੇ। ਇਸ ਤਰ੍ਹਾਂ ਇਕ ਦੇਸ਼ ਦੀ ਤਕਨੀਕੀ ਤੌਰ ਤੇ ਕੁਸ਼ਲ ਜਨਸੰਖਿਆ ਦੇਸ਼ ਨੂੰ ਧਨੀ ਅਤੇ ਵਿਕਸਿਤ ਬਣਾ ਦਿੰਦੀ ਹੈ।

2.1 ਮਨੁੱਖੀ ਸੰਸਾਧਨ ਰਾਹੀਂ ਕੀਤੀਆਂ ਕਿਰਿਆਵਾਂ

(i) ਆਰਥਿਕ ਕਿਰਿਆਵਾਂ : ਉਹ ਸਾਰੀਆਂ ਗਤੀਵਿਧੀਆਂ ਜੋ ਕਿ ਮਨੁੱਖ ਦੁਆਰਾ ਧਨ ਕਮਾਉਣ ਲਈ ਕੀਤੀਆਂ ਜਾਂਦੀਆਂ ਹਨ, ਨੂੰ ਆਰਥਿਕ ਕਿਰਿਆਵਾਂ ਕਹਿੰਦੇ ਹਨ। ਮਨਦੀਪ ਅਤੇ ਗੁਰਪ੍ਰੀਤ ਦੇ ਜੀਵਨ ਦੀਆਂ ਸਥਿਤੀਆਂ ਵਿੱਚ ਅਸੀਂ ਆਰਥਿਕ ਕਿਰਿਆਵਾਂ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਦੇਖੀਆਂ ਹਨ, ਜਿਵੇਂ ਕਿ ਗੁਰਪ੍ਰੀਤ ਦਾ ਖੇਤਾਂ ਵਿੱਚ ਕੰਮ ਕਰਨਾ, ਮਨਦੀਪ ਦੁਆਰਾ ਨਿੱਜੀ ਕੰਪਨੀ ਵਿੱਚ ਨੌਕਰੀ ਕਰਨਾ,

ਇਕ ਅਧਿਆਪਕ ਵੱਲੋਂ ਸਕੂਲ ਵਿੱਚ ਪੜ੍ਹਾਉਣਾ ਆਦਿ। ਇਸ ਤਰੀਕੇ ਨਾਲ ਮਨੁੱਖ ਦੁਆਰਾ ਬਹੁਤ ਸਾਰੀਆਂ ਆਰਥਿਕ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਰਾਸ਼ਟਰੀ ਆਮਦਨ ਵਿੱਚ ਵਾਧਾ ਕਰਦੀਆਂ ਹਨ। ਸਾਰੀਆਂ ਆਰਥਿਕ ਕਿਰਿਆਵਾਂ ਅਰਥਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਵਿੱਚ ਹਿੱਸਾ ਪਾਉਂਦੀਆਂ ਹਨ।

ਆਰਥਿਕ ਕਿਰਿਆਵਾਂ ਤਿੰਨ ਮੁੱਖ ਖੇਤਰਾਂ ਵਿੱਚ ਵੰਡੀਆਂ ਗਈਆਂ ਹਨ:

(a) ਮੁੱਢਲਾ ਖੇਤਰ - ਜਿਸ ਖੇਤਰ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਉਤਪਾਦਨ ਕੀਤਾ ਜਾਂਦਾ ਹੈ ਉਸ ਨੂੰ ਮੁੱਢਲਾ ਖੇਤਰ ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ ਖੇਤੀਬਾੜੀ, ਪਸ਼ੂ ਪਾਲਣ, ਡੇਅਰੀ, ਮੁਰਗੀ ਪਾਲਣ, ਮੱਛੀ ਪਾਲਣ, ਖਾਣਾਂ, ਵਣ ਵਿਗਿਆਨ, ਚਾਰਗਾਹ, ਸ਼ਿਕਾਰ ਕਰਨਾ ਆਦਿ।

(b) ਗੌਣ ਖੇਤਰ - ਇਸ ਖੇਤਰ ਵਿੱਚ ਉਹ ਕਿਰਿਆਵਾਂ ਆਉਂਦੀਆਂ ਹਨ ਜਿਹੜੀਆਂ ਪ੍ਰਾਇਮਰੀ ਖੇਤਰ ਦੇ ਉਤਪਾਦ ਨੂੰ ਕੱਚੇ ਮਾਲ ਦੀ ਤਰ੍ਹਾਂ ਪ੍ਰਯੋਗ ਕਰਕੇ ਅੰਤਿਮ ਵਸਤੂਆਂ ਦਾ ਉਤਪਾਦਨ ਕਰਦੀਆਂ ਹਨ। ਜਿਵੇਂ ਕਿ ਗੰਨੇ ਤੋਂ ਗੁੜ੍ਹ ਬਣਾਉਣਾ, ਕਪਾਹ ਤੋਂ ਕੱਪੜਾ ਬਣਾਉਣਾ ਆਦਿ।

(c) ਸੇਵਾ ਖੇਤਰ - ਇਸ ਖੇਤਰ ਵਿੱਚ ਉਹ ਸੇਵਾਵਾਂ ਅਤੇ ਕਿੱਤੇ ਆਉਂਦੇ ਹਨ ਜਿਹੜੇ ਕਿ ਮੁੱਢਲੇ ਅਤੇ ਗੌਣ ਖੇਤਰ ਦੀਆਂ ਕਿਰਿਆਵਾਂ ਦੀ ਸਹਾਇਤਾ ਲਈ ਜ਼ਰੂਰੀ ਹਨ। ਜਿਵੇਂ ਕਿ, ਵਪਾਰ, ਆਵਾਜਾਈ, ਸੰਚਾਰ, ਬੈਂਕਿੰਗ, ਬੀਮਾ, ਸਿਹਤ, ਸਿੱਖਿਆ, ਸੈਰ ਸਪਾਟਾ ਆਦਿ। ਇਸ ਖੇਤਰ ਦੀਆਂ ਕਿਰਿਆਵਾਂ ਵਸਤੂਆਂ ਦੇ ਉਤਪਾਦਨ ਵਿੱਚ ਸਹਾਇਤਾ ਕਰਦੀਆਂ ਹਨ।



ਮੁੱਢਲਾ ਖੇਤਰ **ਗੌਣ ਖੇਤਰ** **ਸੇਵਾ ਖੇਤਰ**

ਚਿੱਤਰ 2.2 ਆਰਥਿਕ ਕਿਰਿਆਵਾਂ ਦੇ ਤਿੰਨ ਮੁੱਖ ਖੇਤਰ

(ii) ਗੈਰ ਆਰਥਿਕ ਕਿਰਿਆਵਾਂ : ਉਹ ਕਿਰਿਆਵਾਂ ਜਿਨ੍ਹਾਂ ਦੇ ਕਰਨ ਨਾਲ ਆਮਦਨ ਪ੍ਰਾਪਤ ਨਹੀਂ ਹੁੰਦੀ , ਗੈਰ ਆਰਥਿਕ ਕਿਰਿਆਵਾਂ ਕਹਾਉਂਦੀਆਂ ਹਨ। ਇਹ ਕਿਰਿਆਵਾਂ ਅਰਥ ਵਿਵਸਥਾ ਵਿੱਚ ਵਸਤੂਆਂ ਅਤੇ ਸੇਵਾਵਾਂ ਦੇ ਪ੍ਰਵਾਹ ਵਿੱਚ ਹਿੱਸਾ ਨਹੀਂ ਪਾਉਂਦੀਆਂ । ਜਿਵੇਂ ਅਧਿਆਪਕ ਵੱਲੋਂ ਆਪਣੇ ਬੱਚੇ ਨੂੰ ਘਰ ਵਿੱਚ ਪੜ੍ਹਾਉਣਾ , ਗ੍ਰਹਿਣੀ ਵੱਲੋਂ ਆਪਣੇ ਕੱਪੜੇ ਆਪ ਸਿਉਣੇ, ਔਰਤ ਵੱਲੋਂ ਆਪਣੇ ਘਰ ਦਾ ਕੰਮ ਕਰਨਾ ਆਦਿ।

ਔਰਤਾਂ ਦੁਆਰਾ ਕੀਤੀਆਂ ਜਾਂਦੀਆਂ ਆਰਥਿਕ ਅਤੇ ਗੈਰ ਆਰਥਿਕ ਕਿਰਿਆਵਾਂ :

ਪੁਰਾਣੇ ਸਮੇਂ ਵਿੱਚ ਪਰਿਵਾਰ ਵਿੱਚ ਪੁਰਸ਼ਾਂ ਅਤੇ ਔਰਤਾਂ ਦੇ ਵਿੱਚ ਕਿਰਤ ਦੀ ਵੰਡ ਹੁੰਦੀ ਸੀ। ਔਰਤਾਂ ਘਰ ਦਾ ਕੰਮ ਕਰਦੀਆਂ ਸਨ ਅਤੇ ਪੁਰਸ਼ ਖੇਤਾਂ ਵਿੱਚ ਕੰਮ ਕਰਦੇ ਸਨ। ਇਸੇ ਤਰ੍ਹਾਂ ਮਨਦੀਪ ਦੀ ਮਾਂ ਘਰ ਰਹਿ ਕੇ ਘਰ ਦਾ ਕੰਮ ਅਤੇ ਆਪਣੇ ਬੱਚਿਆਂ ਦੀ ਦੇਖਭਾਲ ਵੀ ਕਰਦੀ ਹੈ ਅਤੇ ਉਸਦੇ ਪਿਤਾ ਖੇਤਾਂ ਵਿੱਚ ਕੰਮ ਕਰਕੇ ਪਰਿਵਾਰ ਲਈ ਆਮਦਨ ਕਮਾਉਂਦੇ ਹਨ। ਮਨਦੀਪ ਦੀ ਮਾਂ ਨੂੰ ਘਰ ਵਿੱਚ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਲਈ ਕੋਈ ਭੁਗਤਾਨ ਨਹੀਂ ਕੀਤਾ ਜਾਂਦਾ ਹੈ।

ਇਸ ਦੀ ਤੁਲਨਾ ਵਿੱਚ ਗੁਰਪ੍ਰੀਤ ਦੀ ਮਾਂ ਨੂੰ ਖੇਤਾਂ ਵਿੱਚ ਕੀਤੇ ਗਏ ਉਸਦੇ ਕੰਮ ਲਈ ਭੁਗਤਾਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਔਰਤਾਂ ਨੂੰ ਉਹਨਾਂ ਦੇ ਕੰਮ ਲਈ ਉਦੋਂ ਭੁਗਤਾਨ ਕੀਤਾ ਜਾਂਦਾ ਹੈ ਜਦੋਂ ਉਹ ਕਿਰਤ ਬਾਜ਼ਾਰ ਵਿੱਚ ਪ੍ਰਵੇਸ਼ ਕਰਦੀਆਂ ਹਨ। ਪੁਰਸ਼ਾਂ ਦੀ ਤਰ੍ਹਾਂ ਔਰਤਾਂ ਦੀ ਕੁਸ਼ਲਤਾ ਅਤੇ ਸਮੱਰਥਾ ਨੂੰ ਪੜ੍ਹਾਈ ਅਤੇ ਸਹੀ ਸਿਹਤ ਸਹੂਲਤਾਂ ਦੇ ਨਾਲ਼ ਵਧਾਇਆ ਜਾ ਸਕਦਾ ਹੈ। ਇਸ ਪ੍ਰਕਾਰ 'ਸਿੱਖਿਆ' ਅਤੇ 'ਕੁਸ਼ਲਤਾ' ਬਾਜ਼ਾਰ ਵਿੱਚ ਵਿਅਕਤੀਗਤ ਕਮਾਈ ਦੇ ਮੁੱਖ ਨਿਰਧਾਰਕ ਹਨ।

> ਆਪਣੇ ਪਰਿਵਾਰ ਵਿੱਚ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਔਰਤਾਂ ਨੂੰ ਭੁਗਤਾਨ ਨਹੀਂ ਕੀਤਾ ਜਾਂਦਾ । ਉਹਨਾਂ ਦਾ ਕੰਮ ਰਾਸ਼ਟਰੀ ਆਮਦਨ ਵਿੱਚ ਨਹੀਂ ਜੋੜਿਆ ਜਾਂਦਾ ਜੋ ਕਿ ਇੱਕ ਸਾਲ ਦੌਰਾਨ ਦੇਸ਼ ਵਿੱਚ ਉਤਪਾਦਿਤ ਅੰਤਿਮ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ ਦਾ ਜੋੜ ਹੈ। ਜਿਸ ਵਿੱਚ ਵਿਦੇਸ਼ਾਂ ਤੋਂ ਪ੍ਰਾਪਤ ਸ਼ੁੱਧ ਸਾਧਨ ਆਮਦਨ ਵੀ ਸ਼ਾਮਿਲ ਹੁੰਦੀ ਹੈ।



ਚਿੱਤਰ 2.3 ਔਰਤਾਂ ਵੱਲੋਂ ਕੀਤੀਆਂ ਜਾਂਦੀਆਂ ਆਰਥਿਕ ਅਤੇ ਗੈਰ ਆਰਥਿਕ ਕਿਰਿਆਵਾਂ

ਸੰਗਠਤ ਜਾਂ ਸਰਕਾਰੀ ਖੇਤਰ ਵਿੱਚ ਪੁਰਸ਼ਾਂ ਤੇ ਮਹਿਲਾਵਾਂ ਨੂੰ ਇੱਕੋਂ ਜਿਹਾ ਕੰਮ ਕਰਨ ਬਦਲੇ ਬਰਾਬਰ ਵੇਤਨ ਮਿਲਦਾ ਹੈ ਪਰ ਗੈਰ-ਸੰਗਠਤ ਖੇਤਰ 'ਚ ਵਿਸ਼ੇਸ਼ ਰੂਪ ਵਿੱਚ ਪੇਂਡੂ ਖੇਤਰ ਦੇ ਮਜ਼ਦੂਰ ਵਰਗ 'ਚ ਕਈ ਵਾਰ ਪੁਰਸ਼ਾਂ ਦੀ ਤੁਲਨਾ ਵਿੱਚ ਮਹਿਲਾਵਾਂ ਨੂੰ ਘੱਟ ਵੇਤਨ ਦਿੱਤਾ ਜਾਂਦਾ ਹੈ। ਪਰ ਪੜ੍ਹੀਆਂ-ਲਿਖੀਆਂ ਮਹਿਲਾਵਾਂ ਨੂੰ ਪੁਰਸ਼ਾਂ ਦੇ ਬਰਾਬਰ ਵੇਤਨ ਹੀ ਦਿੱਤਾ ਜਾਂਦਾ ਹੈ। ਅੱਜ ਕੱਲ ਮਹਿਲਾਵਾਂ ਪੜ੍ਹਣ-ਲਿਖਣ ਤੋਂ

ਬਾਅਦ ਪ੍ਰਸ਼ਾਸਨਿਕ ਸੇਵਾਵਾਂ, ਖੋਜ ਕੇਂਦਰ, ਪੁਲਾੜ ਖੇਤਰ ਆਦਿ ਵਿੱਚ ਵੀ ਦਾਖਲ ਹੋ ਗਈਆਂ ਹਨ ਜਿਵੇਂ ਕਿ ਡਾ: ਕਿਰਨ ਬੇਦੀ, ਕਲਪਨਾ ਚਾਵਲਾ, ਸੁਨੀਤਾ ਵਿਲੀਅਮ ਆਦਿ। ਇਹਨਾਂ ਖੇਤਰਾਂ ਵਿੱਚ ਵੱਡੀ ਮਾਤਰਾ ਵਿੱਚ ਵਿਗਿਆਨਿਕ ਅਤੇ ਤਕਨੀਕੀ ਹੁਨਰ ਦੀ ਲੋੜ ਹੁੰਦੀ ਹੈ।

ਕਿਰਿਆ



ਆਪਣੇ ਪਿੰਡ ਜਾਂ ਆਪਣੀ ਕਲੌਨੀ ਦਾ ਦੌਰਾ ਕਰਕੇ ਪਤਾ ਕਰੋ ਕਿ :-

i. ਵੱਖ-ਵੱਖ ਘਰਾਂ ਦੀਆਂ ਔਰਤਾਂ ਘਰੇਲੂ ਕੰਮ ਕਰਦੀਆਂ ਹਨ ਜਾਂ ਬਾਹਰ ਕੰਮ ਕਰਨ ਜਾਂਦੀਆਂ ਹਨ ?

ii. ਉਹਨਾਂ ਦਾ ਕੰਮ ਆਰਥਿਕ ਕਿਰਿਆ ਵਿੱਚ ਆਉਂਦਾ ਹੈ ਜਾਂ ਗੈਰ ਆਰਥਿਕ ਕਿਰਿਆ ਵਿੱਚ ?

iii. ਆਰਥਿਕ ਅਤੇ ਗੈਰ-ਆਰਥਿਕ ਕਿਰਿਆਵਾਂ ਦੀਆਂ ਦੋ ਦੋ ਉਦਾਹਰਨਾਂ ਦਿਓ।

iv. ਤੁਹਾਡੇ ਘਰ ਵਿੱਚ ਤੁਹਾਡੀ ਮਾਤਾ ਦੁਆਰਾ ਕੀਤਾ ਜਾਂਦਾ ਕੰਮ ਆਰਥਿਕ ਜਾਂ ਗੈਰ ਆਰਥਿਕ ਕਿਰਿਆ ਵਿੱਚ ਆਉਂਦਾ ਹੈ ?

2.2 ਜਨਸੰਖਿਆ ਦੀ ਗੁਣਵੱਤਾ

ਜਨਸੰਖਿਆ ਦੀ ਗੁਣਵੱਤਾ, ਦੇਸ਼ ਦੇ ਲੋਕਾਂ ਵੱਲੋਂ ਪ੍ਰਾਪਤ ਕੀਤੀ ਚੰਗੀ ਸਿੱਖਿਆ, ਲੋਕਾਂ ਦੀ ਚੰਗੀ ਸਿਹਤ ਅਤੇ ਨਿਪੁੰਨਤਾ ਦੇ ਨਿਰਮਾਣ ਤੇ ਨਿਰਭਰ ਕਰਦੀ ਹੈ। ਜਨਸੰਖਿਆ ਦੀ ਗੁਣਵੱਤਾ ਦੇਸ਼ ਜਾਂ ਅਰਥਵਿਵਸਥਾ ਦੇ ਵਾਧੇ ਤੇ ਵਿਕਾਸ ਦੀ ਦਰ ਨਿਸ਼ਚਿਤ ਕਰਦੀ ਹੈ। ਅਨਪੜ੍ਹ ਅਤੇ ਅਸਵਸਥ ਜਨਸੰਖਿਆ ਅਰਥ ਵਿਵਸਥਾ ਲਈ ਦੇਣਦਾਰੀ ਹੈ ਜਦਕਿ ਪੜ੍ਹੀ ਲਿਖੀ ਅਤੇ ਸਿਹਤਮੰਦ ਜਨਸੰਖਿਆ ਪਰਿਸੰਪਤੀ ਹੈ। ਭਾਰਤ ਦੀਆਂ ਪੰਜ ਸਾਲਾਂ ਯੋਜਨਾਵਾਂ ਦੌਰਾਨ ਵੀ ਜਨਸੰਖਿਆ ਦੀ ਗੁਣਵੱਤਾ ਨੂੰ ਸੁਧਾਰਨ ਲਈ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ।

2.2.1 ਸਿੱਖਿਆ

ਸਿੱਖਿਆ ਮਨੁੱਖ ਦੇ ਵਿਕਾਸ ਲਈ ਇਕ ਬਹੁਤ ਜ਼ਰੂਰੀ ਸਾਧਨ ਹੈ। ਇਹ ਨਵੀਆਂ ਇੱਛਾਵਾਂ ਪ੍ਰਦਾਨ ਕਰਦੀ ਹੈ ਅਤੇ ਜਿੰਦਗੀ ਦੇ ਮੁੱਲਾਂ ਨੂੰ ਵਿਕਸਿਤ ਕਰਦੀ ਹੈ। ਸਿੱਖਿਆ ਨਾ ਕੇਵਲ ਇਕੱਲੇ ਮਨੁੱਖ ਲਈ, ਸਗੋਂ ਸਮੁੱਚੇ ਸਮਾਜ ਦੇ ਵਿਕਾਸ ਵਿੱਚ ਹਿੱਸਾ ਪਾਉਂਦੀ ਹੈ ਜਿਵੇਂ, ਮਨਦੀਪ ਨੂੰ ਚੰਗੇ ਸਕੂਲ ਵਿੱਚ ਪੜ੍ਹਨ ਦਾ ਮੌਕਾ ਮਿਲ਼ਿਆ। ਸਿੱਖਿਆ ਨੇ ਉਸਨੂੰ ਵਿਕਸਿਤ ਹੋਣ, ਚੰਗਾ ਨਾਗਰਿਕ




ਚਿੱਤਰ 2.4 ਸਕੂਲ ਦੇ ਵਿਦਿਆਰਥੀ

ਬਣਨ ਲਈ ਅਤੇ ਚੰਗੇ ਪੈਸੇ ਕਮਾਉਣ ਵਿੱਚ ਸਹਾਇਤਾ ਕੀਤੀ। ਜਿਸ ਕਾਰਨ ਰਾਸ਼ਟਰੀ ਆਮਦਨ ਵਿੱਚ ਵਾਧਾ ਹੋਇਆ ਅਤੇ ਦੇਸ਼ ਦਾ ਆਰਥਿਕ ਵਿਕਾਸ ਹੋਇਆ।

ਭਾਰਤ ਵਿੱਚ ਸਾਖ਼ਰਤਾ ਦਰ

ਜਨਸੰਖਿਆ ਦੇ ਵੱਖ- ਵੱਖ ਭਾਗਾਂ ਵਿੱਚ ਸਾਖ਼ਰਤਾ ਦਰ ਵਿੱਚ ਅੰਤਰ ਜ਼ਿਆਦਾ ਹੈ। ਜਨਗਣਨਾ 2011 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ ਸਾਖਰਤਾ ਦਰ 74% ਹੈ ਜਿਸ ਵਿੱਚ ਪੁਰਸ਼ਾਂ ਦੀ 82.14% ਅਤੇ ਮਹਿਲਾਵਾਂ ਦੀ 65.46% ਸਾਖ਼ਰਤਾ ਦਰ ਹੈ। ਪੁਰਸ਼ਾਂ ਵਿੱਚ ਸਾਖਰਤਾ ਦਰ ਮਹਿਲਾਵਾਂ ਨਾਲੋਂ ਕਰੀਬ 16.68% ਵੱਧ ਹੈ ਅਤੇ ਪੇਂਡੂ ਖੇਤਰ ਦੀ ਤੁਲਨਾ ਵਿੱਚ ਇਹ ਸ਼ਹਿਰੀ ਖੇਤਰ ਵਿੱਚ 16.1% ਵੱਧ ਹੈ। ਸਭ ਤੋਂ ਜ਼ਿਆਦਾ ਸਾਖਰਤਾ ਦੀ ਦਰ 93.9% ਕੇਰਲ ਵਿੱਚ ਹੈ, ਜਦੋਂ ਕਿ ਬਿਹਾਰ ਵਿੱਚ ਇਹ ਸਭ ਤੋਂ ਘੱਟ 63.8% ਹੈ। ਪੰਜਾਬ ਦੀ ਸਾਖਰਤਾ ਦਰ 75.84 % ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 80.44% ਅਤੇ ਮਹਿਲਾਵਾਂ ਦੀ ਸਾਖਰਤਾ ਦਰ 70.73% ਹੈ।

ਗ੍ਰਾਫ 2.1 ਭਾਰਤ ਵਿੱਚ ਸਾਖਰਤਾ ਦਰ



ਗ੍ਰਾਫ 2.1 ਦਾ ਅਧਿਐਨ ਕਰੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

i. ਕੀ ਸਾਲ 1951 ਤੋਂ ਲੈ ਕੇ ਸਾਲ 2011 ਤੱਕ ਵਿਅਕਤੀਆਂ ਦੀ ਸਾਖਰਤਾ ਦਰ ਵਧੀ ਹੈ ।

ii. ਕਿਸ ਸਾਲ ਭਾਰਤ ਨੇ 50% ਦੀ ਸਾਖਰਤਾ ਦਰ ਨੂੰ ਪਾਰ ਕੀਤਾ।

iii. ਕਿਸ ਸਾਲ ਭਾਰਤ ਵਿੱਚ ਸਾਖਰਤਾ ਦਰ ਸਭ ਤੋਂ ਵੱਧ ਰਹੀ।

iv. ਕਿਸ ਸਾਲ ਵਿੱਚ ਮਹਿਲਾਵਾਂ ਦੀ ਸਾਖਰਤਾ ਦਰ ਸਭ ਤੋਂ ਵੱਧ ਹੈ

v. ਆਪਣੇ ਅਧਿਆਪਕ ਨਾਲ ਚਰਚਾ ਕਰੋ ਕਿ ਗ੍ਰਾਫ ਵਿੱਚ ਪੁਰਸ਼ਾਂ ਦੀ ਤੁਲਨਾ ਵਿੱਚ ਮਹਿਲਾਵਾਂ ਦੀ ਸਾਖਰਤਾ ਦਰ ਘੱਟ ਕਿਉਂ ਹੈ ?

ਭਾਰਤ ਵਿੱਚ ਸਾਖਰਤਾ ਦਰ ਇਕ ਸਾਰਣੀ ਦੇ ਰੂਪ ਵਿੱਚ ਵੀ ਦਰਸਾਈ ਜਾ ਸਕਦੀ ਹੈ :-

ਸਾਰਣੀ 2.1 ਭਾਰਤ ਵਿੱਚ ਸਾਖਰਤਾ ਦਰ 1951-2011

ਸਾਲ	ਵਿਅਕਤੀ	ਪੁਰਸ਼	ਇਸਤਰੀਆਂ
1951	18.3	27.16	8.66
1961	28.3	40.40	15.35
1971	34.5	45.96	21.97
1981	43.65	56.38	29.76
1991	52.21	64.13	39.29
2001	64.83	75.26	53.67
2011	74.04	82.14	65.46

ਸ੍ਰੋਤ : ਭਾਰਤ ਦੀ ਜਨਗਣਨਾ ; ਦਫਤਰ, ਰਜਿਸਟਰਾਰ ਜਨਰਲ

ਗ੍ਰਾਫ 2.1ਤੋਂ ਇਹ ਸਪਸ਼ਟ ਹੈ ਕਿ ਭਾਰਤ ਨੇ ਸਿੱਖਿਆ ਦੇ ਖੇਤਰ ਵਿੱਚ ਬਹੁਤ ਵਿਕਾਸ ਕੀਤਾ ਹੈ। ਪਹਿਲੀ ਪੰਜ ਸਾਲਾਂ ਯੋਜਨਾ ਦੇ ਅੰਤਰਗਤ ਸਿੱਖਿਆ 'ਤੇ ₹ 151 ਕਰੋੜ ਖਰਚ ਹੋਏ ਜਦੋਂ ਕਿ ਗਿਆਰ੍ਹਵੀਂ ਪੰਜ ਸਾਲਾਂ ਯੋਜਨਾ ਵਿੱਚ ₹ 3766.90 ਕਰੋੜ ਸਿੱਖਿਆ ਸੰਸਥਾਵਾਂ ਲਈ ਖਰਚ ਕੀਤੇ ਗਏ। ਇਸ ਅਵਧੀ ਦੌਰਾਨ ਸਿੱਖਿਆ ਸੰਸਥਾਵਾਂ ਦੀ ਸੰਖਿਆ ਚਾਰ ਗੁਣਾ ਵਧੀ ਹੈ ਅਤੇ ਵਿਦਿਆਰਥੀਆਂ ਦੀ ਸੰਖਿਆ ਪੰਜ ਗੁਣਾ ਵਧੀ ਹੈ। ਭਾਰਤ ਦੇ ਲਗਭਗ 5,00,000 ਪਿੰਡਾਂ ਵਿੱਚ ਪ੍ਰਾਇਮਰੀ ਸਕੂਲਾਂ ਦਾ ਵਿਸਥਾਰ ਹੋਇਆ ਹੈ । ਗਿਆਰਵੀਂ ਪੰਜ ਸਾਲਾਂ ਯੋਜਨਾ ਦੇ ਦੌਰਾਨ 'ਸਰਵ ਸਿੱਖਿਆ ਅਭਿਆਨ' ਅਧੀਨ ਛੇ ਤੋਂ ਚੌਦਾਂ ਸਾਲ ਦੀ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨਾ ਇਕ ਮੱਹਤਵਪੂਰਨ ਕਦਮ ਹੈ। ਮਿਡ-ਡੇ ਮੀਲ (ਦੁਪਹਿਰ ਦੇ ਭੋਜਨ) ਦੀ ਸਕੀਮ ਸਕੂਲਾਂ ਵਿੱਚ ਬੱਚਿਆਂ ਦੀ ਸੰਖਿਆ ਵਧਾਉਣ ਅਤੇ ਬੱਚਿਆਂ ਦੇ ਆਹਾਰ ਪੱਧਰ ਨੂੰ ਸੁਧਾਰਨ ਲਈ ਲਾਗੂ ਕੀਤੀ ਗਈ ਹੈ। ਪਿੰਡਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਨ ਲਈ ਹਰ ਇੱਕ ਜਿਲ੍ਹੇ ਵਿੱਚ ਨਵੋਦਿਯਾ ਸਕੂਲ ਖੋਲੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ। ਹਾਈ ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਸਵੈ ਰੋਜਗਾਰ ਲਈ ਸਿਖਲਾਈ ਦੇਣ ਦੇ ਮੰਤਵ ਨਾਲ ਬਹੁਤ ਸਾਰੇ ਕਿੱਤਾ ਮੁੱਖੀ ਕੋਰਸ ਸ਼ੁਰੂ ਕੀਤੇ ਗਏ।

ਹੁਣ ਸੂਚਨਾ ਤਕਨੀਕ ਦੀ ਵਰਤੋਂ ਅਤੇ ਕਿੱਤਾ ਮੁਖੀ ਕੋਰਸਾਂ ਤੇ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਗਿਆਰ੍ਹਵੀਂ ਪੰਜ ਸਾਲਾਂ ਯੋਜਨਾ ਵਿੱਚ ਪੱਤਰ ਵਿਹਾਰ ਰਾਹੀਂ ਸਿੱਖਿਆ ਪ੍ਰਦਾਨ ਕਰਨ ਦਾ ਟੀਚਾ ਮਿੱਥਿਆ ਗਿਆ ਸੀ। ਜਿਹੜੇ ਵਿਦਿਆਰਥੀ ਕਿਸੇ ਕਾਰਣ ਸਕੂਲ ਨਹੀਂ ਜਾ ਸਕਦੇ ਹਨ, ਉਹਨਾਂ ਲਈ ਓਪਨ ਸਕੂਲ ਸਿੱਖਿਆ (Open School Education System) ਪ੍ਰਣਾਲੀ ਵੀ ਸ਼ੁਰੂ ਕੀਤੀ ਗਈ ਹੈ।

2.2.2 ਸਿਹਤ

ਮਨੁੱਖ ਦੀ ਕੰਮ ਕਰਨ ਦੀ ਯੋਗਤਾ ਅਤੇ ਸਮੱਰਥਾ ਉਸਦੀ ਸਿਹਤ ਤੇ ਨਿਰਭਰ ਕਰਦੀ ਹੈ। ਜਦੋਂ ਮਨੁੱਖ ਸਰੀਰਿਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਹੁੰਦਾ ਹੈ ਤਾਂ ਉਸਦੀ ਸਿਹਤ ਚੰਗੀ ਹੁੰਦੀ ਹੈ।

ਉਦਾਹਰਨ - ਗੌਰਵ ਅਤੇ ਰਵੀ ਦੋਨੋਂ ਇਕ ਫਰਮ ਦੇ ਲੇਖਾ ਵਿਭਾਗ ਵਿੱਚ ਕੰਮ ਕਰਦੇ ਹਨ। ਗੌਰਵ ਸਰੀਰਕ ਪੱਖੋਂ ਤੰਦਰੁਸਤ ਹੈ ਪਰੰਤੂ ਰਵੀ ਜੋੜਾਂ ਦੇ ਦਰਦ (ਗਠੀਆ) ਦਾ ਮਰੀਜ਼ ਹੈ। ਰਵੀ ਨੂੰ ਵਾਰ – ਵਾਰ ਡਾਕਟਰ ਕੋਲ ਜਾਣ ਵਾਸਤੇ ਫ਼ਰਮ ਤੋਂ ਛੁੱਟੀ ਲੈਣੀ ਪੈਂਦੀ ਹੈ। ਰਵੀ ਦੀ ਕਮਜ਼ੋਰ ਸਿਹਤ ਕਰਕੇ ਫਰਮ ਨੂੰ ਘਾਟਾ ਪੈਂਦਾ ਹੈ। ਕਿਉਂਕਿ ਉਸਦੀ ਕਮਜ਼ੋਰ ਸਿਹਤ ਨੇ ਉਸਦੀ ਕੰਮ ਕਰਨ ਦੀ ਯੋਗਤਾ ਨੂੰ ਘਟਾਇਆ ਅਤੇ ਇਸ ਤਰ੍ਹਾਂ ਉਹ ਫਰਮ ਲਈ ਦੇਣਦਾਰੀ ਬਣ ਗਿਆ। ਇਸ ਦੇ ਉਲਟ ਗੌਰਵ ਸਾਰਾ ਦਿਨ ਕੰਮ ਕਰਦਾ ਹੈ ਜਿਸਦੇ ਇਨਾਮ ਵਜੋਂ ਉਸ ਨੂੰ ਤਰੱਕੀ ਵੀ ਮਿਲੀ। ਗੌਰਵ ਦੀ ਚੰਗੀ ਸਿਹਤ ਨੇ ਫਰਮ ਦੀ ਕੁੱਲ ਉਤਪਾਦਕਤਾ ਵਿੱਚ ਵਾਧਾ ਕੀਤਾ ਜਿਸਨੇ ਅਰਥਵਿਵਸਥਾ ਦੇ ਵਾਧੇ ਵਿੱਚ ਹਿੱਸਾ ਪਾਇਆ।



ਚਿੱਤਰ : 2.5

ਉਦਾਹਰਨ ਤੋਂ ਇਹ ਸਪੱਸ਼ਟ ਹੈ ਕਿ ਅਰਥਵਿਵਸਥਾ ਦੇ ਵਿਕਾਸ ਲਈ ਦੇਸ਼ ਦੀ ਜਨਸੰਖਿਆ ਸਿਹਤਮੰਦ ਹੋਣੀ ਚਾਹੀਦੀ ਹੈ। ਪਿਛਲੇ ਪੰਜ ਦਹਾਕਿਆਂ ਵਿੱਚ ਭਾਰਤ ਨੇ ਸਰਕਾਰੀ ਅਤੇ ਨਿੱਜੀ ਦੋਹਾਂ ਖੇਤਰਾਂ ਦੇ ਮੁੱਢਲੇ, ਗੌਣ ਅਤੇ ਸੇਵਾਵਾਂ ਦੇ ਖੇਤਰ ਵਿੱਚ ਇਕ ਵਿਸ਼ਾਲ ਸਿਹਤ ਅਧਾਰਿਤ ਢਾਂਚਾ ਅਤੇ ਮਨੁੱਖੀ ਸ਼ਕਤੀ ਦਾ ਨਿਰਮਾਣ ਕੀਤਾ ਹੈ।

ਭਾਰਤ ਵਿੱਚ 1951 ਵਿੱਚ ਸ਼ਿਸ਼ੂ ਮੌਤ ਦਰ 147 ਪ੍ਰਤੀ ਹਜ਼ਾਰ ਤੋਂ ਘੱਟ ਕੇ 2015 ਵਿੱਚ 37 ਪ੍ਰਤੀ ਹਜ਼ਾਰ ਹੋ ਗਈ। ਸ਼ਿਸ਼ੂ ਮੌਤ ਦਰ ਵਿੱਚ ਕਮੀ ਲਿਆਉਣ ਲਈ ਸ਼ਿਸ਼ੂਆਂ ਦੀ ਲਾਗ ਦੀ ਬਿਮਾਰੀ ਤੋਂ ਸੁੱਰਖਿਆ ਅਤੇ ਮਾਵਾਂ ਦੇ ਨਾਲ ਨਾਲ ਬੱਚਿਆਂ ਦੀ ਦੇਖਭਾਲ ਅਤੇ ਪੋਸ਼ਣ ਸੁਨਿਸ਼ਚਿਤ ਕਰਨਾ ਸ਼ਾਮਿਲ ਹੈ।

ਸਾਰਣੀ 2.2 : ਭਾਰਤ ਵਿੱਚ ਸਿਹਤ ਸੇਵਾਵਾਂ ਦਾ ਵਿਸਥਾਰ

ਸਿਹਤ ਸਹੂਲਤਾਂ	1951	2001	2010	2013
ਸਬ ਕੇਂਦਰ/ਪ੍ਰਾਥਮਿਕ ਸਿਹਤ ਕੇਂਦਰ/ਕਮਿਊਨਿਟੀ ਸਿਹਤ ਕੇਂਦਰ	725	1,63,181	1,75,277	1,81,319
ਡਿਸਪੈਂਸਰੀ/ਹਸਪਤਾਲ	9,209	43,322	28,472	19, 817 (ਸਿਰਫ ਹਸਪਤਾਲ)
ਬੈੱਡ	1,17,198	8,70,161	5,76,793	6, 28000
ਡਾਕਟਰ (ਐਲੋਪੈਥੀ)	61,800	5,03,900	8,16,629	9,18,000
ਨਰਸਾਂ	18,054	7,37,000	1, 702,555	1,09, 224

ਸਰੋਤ : ਨੈਸ਼ਨਲ ਹੈਲਥ ਪ੍ਰੋਫਾਈਲ 2013 : ਆਯੁਸ਼ ਵਿਭਾਗ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਭਾਰਤ ਸਰਕਾਰ।

ਆਓ ਚਰਚਾ ਕਰੀਏ

ਸਾਰਣੀ 2.2 ਨੂੰ ਪੜ੍ਹੋ ਅਤੇ ਹੇਠਲੇ ਪ੍ਰਸ਼ਨਾਂ ਦੇ ਉੱਤਰ ਦਿਓ।

i. ਸਾਲ 1951 ਤੋਂ 2010 ਤੱਕ ਡਿਸਪੈਂਸਰੀਆਂ ਅਤੇ ਹਸਪਤਾਲਾਂ ਦੀ ਸੰਖਿਆ ਵਿੱਚ ਕਿੰਨਾ ਵਾਧਾ ਹੋਇਆ ਹੈ ।

ii. ਸਾਲ 2001 ਤੋਂ 2013 ਤੱਕ ਡਾਕਟਰਾਂ ਦੀ ਸੰਖਿਆ ਵਿੱਚ ਕਿੰਨਾ ਵਾਧਾ ਹੋਇਆ ਹੈ।

iii. 1951 ਤੋਂ 2013 ਤੱਕ ਸਿਹਤ ਸੰਸਥਾਵਾਂ ਵਿੱਚ ਬੈੱਡਾਂ ਦੀ ਸੰਖਿਆ ਕਿੰਨੀ ਵਧੀ ਹੈ ।

iv. ਆਪਣੇ ਪਿੰਡ ਜਾਂ ਨੇੜੇ ਦੇ ਪਿੰਡ ਦੀ ਡਿਸਪੈਂਸਰੀ ਵਿੱਚ ਜਾ ਕੇ ਪਤਾ ਕਰੋ ਕਿ ਕਿਹੜੀਆਂ ਸਹੂਲਤਾਂ ਹਨ ਤੇ ਕਿੰਨ੍ਹਾਂ ਦੀ ਹੋਰ ਲੋੜ ਹੈ।

2.3 ਬੇਰੁਜ਼ਗਾਰੀ

ਬੇਰੁਜ਼ਗਾਰੀ ਉਹ ਸਥਿਤੀ ਹੈ ਜਦੋਂ ਮੌਜੂਦਾ ਮਜਦੂਰੀ ਦੀ ਦਰ ਤੇ ਕੰਮ ਕਰਨ ਦੇ ਇਛੁੱਕ ਲੋਕਾਂ ਨੂੰ ਕੰਮ ਨਹੀਂ ਮਿਲਦਾ। ਉਦਾਹਰਣ ਵਜੋਂ, ਮਨਦੀਪ ਦੀ ਮਾਤਾ ਘਰ ਦਾ ਕੰਮ-ਕਾਜ਼ ਅਤੇ ਬੱਚਿਆਂ ਦੀ ਦੇਖਭਾਲ ਕਰਦੀ ਹੈ। ਮਨਦੀਪ ਦੀ ਭੈਣ ਹਰਪ੍ਰੀਤ ਅਤੇ ਗੁਰਪ੍ਰੀਤ ਦਾ ਭਰਾ ਜੀਤੂ ਆਪਣਾ ਸਮਾਂ ਖੇਡਣ ਅਤੇ ਘੁੰਮਣ-

ਫਿਰਨ ਵਿੱਚ ਗੁਜ਼ਾਰਦੇ ਹਨ। ਕੀ ਅਸੀਂ ਮਨਦੀਪ ਦੀ ਮਾਤਾ, ਹਰਪ੍ਰੀਤ ਅਤੇ ਜੀਤੂ ਨੂੰ ਬੇਰੁਜ਼ਗਾਰ ਕਹਿ ਸਕਦੇ ਹਾਂ ? ਉੱਤਰ ਨਿਸ਼ਚਿਤ ਹੀ ਨਾਂਹ ਹੋਵੇਗਾ ਕਿਉਂਕਿ ਮਨਦੀਪ ਦੀ ਮਾਤਾ ਦੀ ਆਪਣੇ ਘਰ ਤੋਂ ਬਾਹਰ ਕੰਮ ਕਰਨ ਦੀ ਰੁਚੀ ਨਹੀਂ ਹੈ। ਹਰਪ੍ਰੀਤ ਅਤੇ ਜੀਤੂ ਬਹੁਤ ਛੋਟੇ ਹਨ। ਇਸ ਲਈ ਉਹਨਾਂ ਦੀ ਗਿਣਤੀ ਕਿਰਤ ਸ਼ਕਤੀ ਵਿੱਚ ਨਹੀਂ ਕੀਤੀ ਜਾ ਸਕਦੀ । ਕਿਰਤ ਸ਼ਕਤੀ ਵਿੱਚ ਉਹ ਲੋਕ ਸ਼ਾਮਿਲ ਕੀਤੇ ਜਾਂਦੇ ਹਨ, ਜਿਨ੍ਹਾਂ ਦੀ ਉਮਰ 15 ਸਾਲ ਤੋਂ 59 ਸਾਲ ਹੈ। ਇਸ ਉਮਰ ਵਰਗ ਤੋਂ ਜ਼ਿਆਦਾ ਉਮਰ ਵਾਲੇ ਬਜ਼ੁਰਗ ਲੋਕਾਂ ਨੂੰ ਵੀ ਬੇਰੁਜ਼ਗਾਰ ਨਹੀਂ ਕਿਹਾ ਜਾ ਸਕਦਾ ।

ਇਸ ਪ੍ਰਕਾਰ ਜਦੋਂ ਵੀ ਦੇਸ਼ ਦੀ ਬੇਰੁਜ਼ਗਾਰੀ ਦੀ ਦਰ ਨਿਸ਼ਚਿਤ ਕੀਤੀ ਜਾਂਦੀ ਹੈ ਤਾਂ ਇਸ ਵਿੱਚ ਉਹ ਲੋਕ ਜਿਹੜੇ ਕੰਮ ਕਰਨ ਵਿੱਚ ਅਸਮੱਰਥ ਹਨ, ਜਿਵੇਂ ਰੋਗੀ , ਬੁੱਢੇ ਲੋਕ, ਛੋਟੇ ਬੱਚੇ, ਵਿਦਿਆਰਥੀ ਆਦਿ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ਹੈ। ਭਾਰਤ ਸਰਕਾਰ ਦੇ ਸਟੈਟਿਸਟਿਕ ਐਂਡ ਪ੍ਰੋਗ੍ਰਾਮ ਇਮਪਲੀਮੈਂਟੇਸ਼ਨ (Statistics and Programme Implementation) ਮੰਤਰਾਲੇ ਦੀ ਨੈਸ਼ਨਲ ਸੈਂਪਲ ਸਰਵੇ (N.S.S.) ਰਿਪੋਰਟ ਅਨੁਸਾਰ ਭਾਰਤ ਵਿੱਚ ਕੇਰਲ ਰਾਜ ਦੀ ਸਭ ਤੋਂ ਉੱਚੀ ਬੇਰੁਜ਼ਗਾਰੀ ਦਰ ਹੈ ਅਤੇ ਰਾਜਸਥਾਨ ਅਤੇ ਗੁਜਰਾਤ ਰਾਜਾਂ ਵਿੱਚ ਸਭ ਤੋਂ ਘੱਟ ਬੇਰੁਜ਼ਗਾਰੀ ਦਰ ਹੈ। ਸਾਲ 1983 ਤੋਂ ਲੈ ਕੇ ਸਾਲ 2011 ਤੱਕ ਭਾਰਤ ਦੀ ਔਸਤ ਬੇਰੁਜਗਾਰੀ ਦਰ 9% ਰਹੀ ਹੈ। ਦਸੰਬਰ 2011 ਵਿੱਚ ਭਾਰਤ ਦੀ ਬੇਰੁਜਗਾਰੀ ਦਰ 3.80% ਸੀ ਜੋ ਕਿ ਸਭ ਤੋਂ ਘੱਟ ਸੀ। ਔਰਤਾਂ ਦੀ ਬੇਰੁਜ਼ਗਾਰੀ ਦਰ ਪੁਰਸ਼ਾਂ ਦੀ ਬਜਾਏ ਜ਼ਿਆਦਾ ਹੈ।

2.3.1 ਬੇਰੁਜ਼ਗਾਰੀ ਦੇ ਕਾਰਨ

ਭਾਰਤ ਵਿੱਚ ਬੇਰੁਜਗਾਰੀ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ –

i. ਤੇਜੀ ਨਾਲ ਵੱਧਦੀ ਜਨਸੰਖਿਆ

ii. ਛੋਟੇ ਅਤੇ ਘਰੇਲੂ ਉਦਯੋਗਾਂ ਵਿੱਚ ਗਿਰਾਵਟ

iii. ਖੇਤੀਬਾੜੀ ਦਾ ਮੌਸਮੀ ਕਿੱਤਾ ਬਣਨਾ

iv. ਮਸ਼ੀਨੀ ਯੁੱਗ

v. ਰੁਜ਼ਗਾਰ ਸੰਬੰਧੀ ਘੱਟ ਯੋਜਨਾਵਾਂ ਆਦਿ।

2.3.2 ਬੇਰੁਜ਼ਗਾਰੀ ਦੀਆਂ ਕਿਸਮਾਂ

ਬੇਰੁਜ਼ਗਾਰੀ ਕਈ ਤਰ੍ਹਾ ਦੀ ਹੁੰਦੀ ਹੈ । ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਬੇਰੁਜ਼ਗਾਰੀ ਦੀ ਕਿਸਮ ਵੱਖ-ਵੱਖ ਹੁੰਦੀ ਹੈ। ਪੇਂਡੂ ਖੇਤਰ ਵਿੱਚ ਮੌਸਮੀ ਅਤੇ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ ਜਦੋਂਕਿ ਸ਼ਹਿਰੀ ਖੇਤਰ ਵਿੱਚ ਪੜ੍ਹੀ ਲਿਖੀ ਬੇਰੁਜ਼ਗਾਰੀ ਹੁੰਦੀ ਹੈ।

ਮੌਸਮੀ ਬੇਰੁਜ਼ਗਾਰੀ ਉਹ ਹੁੰਦੀ ਹੈ ਜਦੋਂ ਲੋਕਾਂ ਨੂੰ ਸਾਲ ਵਿੱਚ ਕੁਝ ਮਹੀਨੇ ਕੰਮ ਮਿਲਦਾ ਹੈ ਅਤੇ ਬਾਕੀ ਮਹੀਨਿਆਂ ਵਿੱਚ ਉਹ ਬੇਰੁਜ਼ਗਾਰ ਰਹਿੰਦੇ ਹਨ। ਖੇਤੀਬਾੜੀ ਖੇਤਰ ਵਿੱਚ ਲੋਕ ਬਿਜਾਈ ਅਤੇ ਕਟਾਈ ਦੇ ਸਮੇਂ

ਦੇ ਦੌਰਾਨ ਰੁਜ਼ਗਾਰ ਵਿੱਚ ਰੁਝੇ ਹੁੰਦੇ ਹਨ ਪਰੰਤੂ ਇਸ ਤੋਂ ਬਾਅਦ ਲਗਪਗ ਪੰਜ ਤੋਂ ਸੱਤ ਮਹੀਨਿਆਂ ਤੱਕ ਉਹ ਬੇਰੁਜ਼ਗਾਰ ਰਹਿੰਦੇ ਹਨ।

ਛੁਪੀ ਹੋਈ ਬੇਰੁਜ਼ਗਾਰੀ ਉਹ ਹੁੰਦੀ ਹੈ ਜਦੋਂ ਕਿਸੇ ਕੰਮ ਵਿੱਚ ਲੋੜ ਤੋਂ ਵੱਧ ਲੋਕ ਲੱਗੇ ਹੁੰਦੇ ਹਨ। ਜੇਕਰ ਕੁਝ ਲੋਕਾਂ ਨੂੰ ਇਸ ਕੰਮ ਵਿੱਚੋਂ ਹਟਾ ਦਿੱਤਾ ਜਾਵੇ ਤਾਂ ਕੁੱਲ ਉਤਪਾਦਨ ਵਿੱਚ ਕੋਈ ਕਮੀ ਨਹੀਂ ਹੁੰਦੀ। ਭਾਰਤ ਦੇ ਪਿੰਡਾਂ ਵਿੱਚ ਕੰਮ ਕਰ ਰਹੀ ਕੁੱਲ ਜਨਸੰਖਿਆ ਦਾ 30% ਛੁਪੇ ਬੇਰੁਜਗਾਰ ਹਨ। ਉਦਾਹਰਣ ਵਜੋਂ ਇਕ ਖੇਤ ਵਿੱਚ ਕੰਮ ਲਈ ਪੰਜ ਵਿਅਕਤੀਆਂ ਦੀ ਲੋੜ ਹੈ ਪਰੰਤੂ ਉੱਥੇ ਅੱਠ ਵਿਅਕਤੀ ਲੱਗੇ ਹੋਏ ਹਨ। ਇੱਥੇ ਤਿੰਨ ਵਿਅਕਤੀ ਵਾਧੂ ਹਨ ਅਤੇ ਇਹ ਛੁਪੇ ਹੋਏ ਬੇਰੁਜ਼ਗਾਰ ਹਨ। ਜੇਕਰ ਇਹਨਾਂ ਤਿੰਨਾਂ ਵਿਅਕਤੀਆਂ ਨੂੰ ਕੰਮ ਤੋਂ ਹਟਾ ਲਿਆ ਜਾਵੇ ਤਾਂ ਉਤਪਾਦਨ ਵਿੱਚ ਕੋਈ ਫਰਕ ਨਹੀਂ ਪਵੇਗਾ।

ਸ਼ਹਿਰੀ ਖੇਤਰ ਵਿੱਚ ਤੇਜ਼ੀ ਨਾਲ਼ ਵੱਧ ਰਹੀ ਸਕੂਲਾਂ ਅਤੇ ਕਾਲਜਾਂ ਦੀ ਗਿਣਤੀ ਨੇ ਪੜ੍ਹੀ ਲਿਖੀ ਬੇਰੁਜ਼ਗਾਰੀ ਨੂੰ ਪੈਦਾ ਕੀਤਾ ਹੈ ਕਿਉਂਕਿ ਰੋਜ਼ਗਾਰ ਦੇ ਅਵਸਰ ਉਸ ਦਰ ਨਾਲ ਨਹੀਂ ਵਧੇ ਹਨ ਜਿਸ ਦਰ ਨਾਲ ਬੇਰੁਜ਼ਗਾਰੀ ਵਧੀ ਹੈ।

2.3.3 ਬੇਰੁਜ਼ਗਾਰੀ ਦੇ ਪ੍ਰਭਾਵ

ਬੇਰੁਜ਼ਗਾਰੀ ਨਾਲ ਮਨੁੱਖੀ ਸੰਸਾਧਨ ਦੀ ਬਰਬਾਦੀ ਹੁੰਦੀ ਹੈ। ਬੇਰੁਜ਼ਗਾਰ ਲੋਕ ਪਰਿਸੰਪਤੀ ਦੀ ਬਜਾਏ ਸਮਾਜ ਲਈ ਦੇਣਦਾਰੀ ਬਣ ਜਾਂਦੇ ਹਨ। ਬੇਰੁਜ਼ਗਾਰੀ ਗਰੀਬੀ ਵਧਾਉਂਦੀ ਹੈ। ਯੁਵਕਾਂ ਵਿੱਚ ਨਿਰਾਸ਼ਾ ਅਤੇ ਹਤਾਸ਼ਾ ਦੀ ਭਾਵਨਾ ਪੈਦਾ ਹੁੰਦੀ ਹੈ ਕਿਉਂਕਿ ਉਹ ਆਪਣੇ ਪਰਿਵਾਰ ਨੂੰ ਆਰਥਿਕ ਸਹਾਇਤਾ ਦੇਣ ਵਿੱਚ ਅਸਫਲ ਹੁੰਦੇ ਹਨ। ਕਾਰਜਸ਼ੀਲ ਜਨਸੰਖਿਆ ਉੱਤੇ ਬੇਰੁਜ਼ਗਾਰੀ ਦੀ ਨਿਰਭਰਤਾ ਸਮਾਜ ਦੇ ਜੀਵਨ ਦੀ ਗੁਣਵੱਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ। ਇਸਦੇ ਨਾਲ ਉਹਨਾਂ ਦੇ ਸਿਹਤ ਪੱਧਰ ਵਿੱਚ ਵੀ ਗਿਰਾਵਟ ਆਉਂਦੀ ਹੈ। ਬੇਰੁਜ਼ਗਾਰੀ ਵਿੱਚ ਵਾਧਾ ਕਮਜ਼ੋਰ ਅਰਥਵਿਵਸਥਾ ਦਾ ਸੂਚਕ ਹੈ। ਇਸ ਪ੍ਰਕਾਰ ਬੇਰੁਜ਼ਗਾਰੀ ਇੱਕ ਗੰਭੀਰ ਸਮੱਸਿਆ ਹੈ ਕਿਉਂਕਿ ਬੇਰੁਜ਼ਗਾਰ ਲੋਕ ਸਮਾਜ ਤੇ ਦੇਣਦਾਰੀ ਬਣ ਜਾਂਦੇ ਹਨ। ਇਸ ਨਾਲ ਉਹਨਾਂ ਸਾਧਨਾਂ ਦੀ ਵੀ ਬਰਬਾਦੀ ਹੁੰਦੀ ਹੈ, ਜਿਨ੍ਹਾਂ ਨੂੰ ਉਪਯੋਗੀ ਢੰਗ ਨਾਲ਼ ਵਰਤਿਆ ਜਾ ਸਕਦਾ ਹੈ।

ਭਾਰਤ ਸਰਕਾਰ ਨੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਬਹੁਤ ਸਾਰੇ ਵਿਸ਼ੇਸ਼ ਪ੍ਰੋਗਰਾਮ ਚਲਾਏ ਹਨ। ਉਨ੍ਹਾਂ ਵਿੱਚੋਂ ਕੁਝ ਨਿਮਨਲਿਖਤ ਅਨੁਸਾਰ ਹਨ :-

(i) ਸਵਰਨ ਜੈਅੰਤੀ ਗ੍ਰਾਮ ਸਵੈ ਰੋਜ਼ਗਾਰ ਯੋਜਨਾ (SJGRY)

(ii) ਸੰਪੂਰਨ ਗ੍ਰਾਮੀਣ ਰੋਜ਼ਗਾਰ ਯੋਜਨਾ (SGRY)

(iii) ਮਹਾਤਮਾਂ ਗਾਂਧੀ ਨੈਸ਼ਨਲ ਰੂਰਲ ਇੰਮਪਲਾਇਮੈਂਟ ਗਾਰੰਟੀ ਐਕਟ, MNREGA (2005)

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਮਨੁੱਖੀ ਸਾਧਨ ਇੱਕ ਬਹੁਤ ਵੱਡੀ ਸ਼ਕਤੀ ਹੈ। ਸਿੱਖਿਆ ਅਤੇ ਸਿਹਤ ਸੰਬੰਧੀ ਸਮੱਗਰੀ ਨੇ ਮਨੁੱਖੀ ਸਾਧਨ ਨੂੰ ਅਰਥ ਵਿਵਸਥਾ ਲਈ ਪਰਿਸੰਪਤੀ ਬਣਨ ਵਿੱਚ ਸਹਾਇਤਾ ਕੀਤੀ ਹੈ।

ਸੰਖੇਪ ਸਾਰ (Summary)

- ਦੇਸ਼ ਦੀ ਜਨਸੰਖਿਆ ਦਾ ਆਕਾਰ ,ਇਸਦੀ ਕੁਸ਼ਲਤਾ,ਸਿੱਖਿਆ, ਉਤਪਾਦਕਤਾ ਆਦਿ ਦੇ ਕਾਰਨ ਸਾਧਨ ਕਹਾਉਂਦਾ ਹੈ।
- ਜਦੋਂ ਮਨੁੱਖੀ ਸੰਸਾਧਨ ਵਿੱਚ ਸਿੱਖਿਆ, ਸਿਖਲਾਈ ਅਤੇ ਸੇਵਾਵਾਂ ਦੇ ਰੂਪ ਵਿੱਚ ਨਿਵੇਸ਼ ਕੀਤਾ ਜਾਂਦਾ ਹੈ ਤਾਂ ਇਸ ਨੂੰ ਮਨੁੱਖੀ ਪੂੰਜੀ ਕਿਹਾ ਜਾਂਦਾ ਹੈ।
- ਮਨੁੱਖੀ ਪੂੰਜੀ ਵਿੱਚ ਨਿਵੇਸ਼ ਤੋਂ ਭਾਵ ਲੋਕਾਂ ਨੂੰ ਸਿੱਖਿਆ ਅਤੇ ਸਿਖਲਾਈ ਦੇ ਕੇ ਉਹਨਾਂ ਵਿੱਚ ਹੁਨਰ ਪੈਦਾ ਕਰਨ ਲਈ ਕੀਤਾ ਗਿਆ ਖ਼ਰਚਾ ਹੈ।
- ਜਦੋਂ ਮੌਜੂਦਾ ਮਨੁੱਖੀ ਸਾਧਨਾਂ ਨੂੰ ਜ਼ਿਆਦਾ ਸਿੱਖਿਅਕ ਅਤੇ ਸਿਹਤਮੰਦ ਬਣਾ ਕੇ ਹੋਰ ਵਿਕਸਿਤ ਕੀਤਾ ਜਾਂਦਾ ਹੈ ਉਸਨੂੰ ਅਸੀਂ ਮਨੁੱਖੀ ਸਾਧਨ ਨਿਰਮਾਣ ਕਹਿੰਦੇ ਹਾਂ ।
- ਮਨੁੱਖ ਵੱਲੋਂ ਧਨ ਕਮਾਉਣ ਲਈ ਕੀਤੀਆਂ ਗਈਆਂ ਕਿਰਿਆਵਾਂ ਨੂੰ ਆਰਥਿਕ ਕਿਰਿਆਵਾਂ ਕਹਿੰਦੇ ਹਨ। ਆਰਥਿਕ ਕਿਰਿਆਵਾਂ ਨੂੰ ਤਿੰਨ ਖੇਤਰਾਂ ਵਿੱਚ ਵੰਡਿਆ ਗਿਆ ਹੈ– ਮੁੱਢਲਾ, ਗੌਣ ਅਤੇ ਸੇਵਾ ਖੇਤਰ।
- ਜਨਸੰਖਿਆ ਦੀ ਵਿਸ਼ੇਸ਼ਤਾ ਚੰਗੀ ਸਿਹਤ ਅਤੇ ਸਿੱਖਿਆ 'ਤੇ ਨਿਰਭਰ ਕਰਦੀ ਹੈ।
- ਬੇਰੁਜ਼ਗਾਰੀ ਦੀ ਮੌਜੂਦਗੀ ਉਦੋਂ ਕਹੀ ਜਾਂਦੀ ਹੈ ਜਦੋਂ 15 ਸਾਲ ਤੋਂ 59 ਸਾਲ ਦੇ ਉਮਰ ਵਰਗ ਦੇ ਲੋਕ ਪ੍ਰਚਲਿਤ ਮਜ਼ਦੂਰੀ ਦੀ ਦਰ ਤੇ ਕੰਮ ਕਰਨ ਲਈ ਤਿਆਰ ਹੁੰਦੇ ਹਨ ਪਰ ਉਹਨਾਂ ਨੂੰ ਕੰਮ ਨਹੀਂ ਮਿਲਦਾ।



ੳ ਵਸਤੂਨਿਸ਼ਠ ਪ੍ਰਸ਼ਨ

1. ਖਾਲੀ ਸਥਾਨ ਭਰੋ:-

i. ਭਾਰਤ ਦਾ ਦੁਨੀਆ ਵਿੱਚ ਜਨਸੰਖਿਆ ਦੇ ਆਕਾਰ ਵਜੋਂ ਸਥਾਨ ਹੈ।

ii. ਅਨਪੜ੍ਹ ਲੋਕ ਸਮਾਜ ਲਈ ਪਰਿਸੰਪਤੀ ਦੀ ਬਜਾਏ ਬਣਦੇ ਹਨ।

iii. ਦੇਸ਼ ਦੀ ਜਨਸੰਖਿਆ ਦਾ ਆਕਾਰ, ਇਸਦੀ ਕੁਸ਼ਲਤਾ, ਵਿਦਿਅਕ ਗੁਣ, ਉਤਪਾਦਕਤਾ ਆਦਿ ਕਹਾਉਂਦੇ ਹਨ।

iv. ਖੇਤਰ ਵਿੱਚ ਕੁਦਰਤੀ ਸਾਧਨਾਂ ਦੀ ਵਰਤੋਂ ਕਰਕੇ ਉਤਪਾਦਨ ਕੀਤਾ ਜਾਂਦਾ ਹੈ।

v. ਕਿਰਿਆਵਾਂ ਵਸਤੂਆਂ ਅਤੇ ਸੇਵਾਵਾਂ ਦੇ ਉਤਪਾਦਨ ਵਿੱਚ ਸਹਾਇਤਾ ਕਰਦੀਆਂ ਹਨ।

2. ਬਹੁ-ਵਿਕਲਪਿਕ ਚੋਣ ਪ੍ਰਸ਼ਨ:-

i. ਖੇਤੀਬਾੜੀ ਅਰਥਵਿਵਸਥਾ ਕਿਸ ਖੇਤਰ ਦੀ ਉਦਾਹਰਣ ਹੈ

(a) ਮੁੱਢਲਾ (b) ਸੇਵਾਵਾਂ

(c) ਗੌਣ

ii. ਖੇਤੀਬਾੜੀ ਖੇਤਰ ਵਿੱਚ 5 ਤੋਂ 7 ਮਹੀਨੇ ਬੇਰੁਜ਼ਗਾਰ ਰਹਿੰਦੇ ਹਨ। ਇਸ ਬੇਰੁਜ਼ਗਾਰੀ ਨੂੰ ਕੀ ਕਹਿੰਦੇ ਹਨ।

(a) ਛੁਪੀ ਬੇਰੁਜ਼ਗਾਰੀ (b) ਮੌਸਮੀ ਬੇਰੁਜ਼ਗਾਰੀ

(c) ਪੜ੍ਹੀ ਲਿਖੀ ਬੇਰੁਜ਼ਗਾਰੀ

iii. ਭਾਰਤ ਵਿੱਚ ਜਨਸੰਖਿਆ ਦੀ ਕਾਰਜਸ਼ੀਲਤਾ ਉਮਰ ਹੱਦ ਕੀ ਹੈ ?

(a) 15 ਸਾਲ ਤੋਂ 59 ਸਾਲ ਤੱਕ (b) 18 ਸਾਲ ਤੋਂ 58 ਸਾਲ ਤੱਕ

(c) 16 ਸਾਲ ਤੋਂ 60 ਸਾਲ ਤੱਕ

iv. 2011 ਦੀ ਜਨਗਨਣਾ ਅਨੁਸਾਰ ਭਾਰਤ ਦੀ ਜੰਨਸੰਖਿਆ.....ਹੈ।

(a) 1210.19 ਮਿਲੀਅਨ (b) 130 ਮਿਲੀਅਨ

(c) 121. 19 ਮਿਲੀਅਨ

3 ਸਹੀ/ ਗਲਤ :-

i. ਇੱਕ ਗ੍ਰਹਿਣੀ ਦਾ ਆਪਣੇ ਘਰ ਵਿੱਚ ਕੰਮ ਕਰਨਾ ਇੱਕ ਆਰਥਿਕ ਕਿਰਿਆ ਹੈ।

ii. ਸ਼ਹਿਰ ਵਿੱਚ ਜ਼ਿਆਦਾ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।

iii. ਮਨੁੱਖੀ ਪੂੰਜੀ ਵਿੱਚ ਨਿਵੇਸ਼ ਕਰਨ ਨਾਲ ਦੇਸ਼ ਵਿਕਸਿਤ ਹੁੰਦਾ ਹੈ।

iv. ਅਰਥਵਿਵਸਥਾ ਦੇ ਵਿਕਾਸ ਲਈ ਇਕ ਦੇਸ਼ ਦੀ ਜਨਸੰਖਿਆ ਦਾ ਸਿਹਤਮੰਦ ਹੋਣਾ ਜ਼ਰੂਰੀ ਹੈ।

v. ਸਾਲ 1951 ਤੋਂ ਲੈ ਕੇ ਸਾਲ 2011 ਤੱਕ ਭਾਰਤ ਦੀ ਸਾਖ਼ਰਤਾ ਦਰ ਵਿੱਚ ਵਾਧਾ ਹੋਇਆ ਹੈ।

4 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

i. ਦੋ ਕੁਦਰਤੀ ਸਾਧਨਾਂ ਦੇ ਨਾਂ ਦੱਸੋ ?

ii. ਜਰਮਨੀ ਅਤੇ ਜਾਪਾਨ ਜਿਹੇ ਦੇਸ਼ਾਂ ਨੇ ਤੇਜ਼ੀ ਨਾਲ ਆਰਥਿਕ ਵਿਕਾਸ ਕਿਵੇਂ ਕੀਤਾ ?

iii. ਆਰਥਿਕ ਕਿਰਿਆਵਾਂ ਕੀ ਹਨ ?

iv. ਗੁਰਪ੍ਰੀਤ ਅਤੇ ਮਨਦੀਪ ਦੁਆਰਾ ਕੀਤੀਆਂ ਗਈਆਂ ਦੋ ਆਰਥਿਕ ਕਿਰਿਆਵਾਂ ਕਿਹੜੀਆਂ ਹਨ ?

v. ਗੌਣ ਖੇਤਰ ਦੀਆਂ ਦੋ ਉਦਾਹਰਣਾਂ ਲਿਖੋ ?

vi. ਗੈਰ ਆਰਥਿਕ ਕਿਰਿਆਵਾਂ ਕਿਹੜੀਆਂ ਹਨ ?

vii. ਜਨਸੰਖਿਆ ਦੀ ਗੁਣਵੱਤਾ ਦੇ ਦੋ ਨਿਰਧਾਰਕਾਂ ਦੇ ਨਾਂ ਲਿਖੋ ?

viii. ਸਭ ਤੋਂ ਵੱਧ ਸਾਖ਼ਰਤਾ ਵਾਲੇ ਰਾਜ ਦਾ ਨਾਂ ਦੱਸੋ ?

ix. 6 ਤੋਂ 14 ਸਾਲ ਦੀ ਉਮਰ ਵਰਗ ਦੇ ਸਾਰੇ ਬੱਚਿਆਂ ਨੂੰ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨ ਲਈ ਚੁੱਕੇ ਗਏ ਕਦਮ ਦਾ ਨਾਂ ਦੱਸੋ ?

x. ਭਾਰਤ ਵਿੱਚ ਜਨਸੰਖਿਆ ਦੀ ਕਾਰਜਸ਼ੀਲਤਾ ਉਮਰ ਹੱਦ ਕੀ ਹੈ ?

xi. ਭਾਰਤ ਸਰਕਾਰ ਦੁਆਰਾ ਰੋਜ਼ਗਾਰ ਅਵਸਰ ਪ੍ਰਦਾਨ ਕਰਨ ਲਈ ਚਲਾਏ ਗਏ ਦੋ ਪ੍ਰੋਗਰਾਮਾਂ ਦੇ ਨਾਂ ਦੱਸੋ ?

ਅ. ਛੋਟੇ ਉੱਤਰਾਂ ਵਾਲੇ ਪ੍ਰਸ਼ਨ:-

1. ਮਨੁੱਖੀ ਸੰਸਾਧਨਾਂ ਤੋਂ ਤੁਸੀਂ ਕੀ ਸਮਝਦੇ ਹੋ ?
2. ਮਨੁੱਖੀ ਸੰਸਾਧਨ ਕਿਸ ਤਰ੍ਹਾਂ ਦੂਜੇ ਸਾਧਨਾਂ ਜਿਵੇਂ ਕਿ ਭੂਮੀ ਅਤੇ ਭੌਤਿਕ ਪੂੰਜੀ ਨਾਲੋਂ ਸ਼੍ਰੇਸਟ ਹਨ ?
3. ਆਰਥਿਕ ਅਤੇ ਅਣ-ਆਰਥਿਕ ਕਿਰਿਆਵਾਂ ਵਿੱਚ ਕੀ ਅੰਤਰ ਹੈ ?
4. ਮਨੁੱਖੀ ਪੂੰਜੀ ਨਿਰਮਾਣ ਵਿੱਚ ਸਿੱਖਿਆ ਦੀ ਕੀ ਭੂਮਿਕਾ ਹੈ ?
5. ਭਾਰਤ ਸਰਕਾਰ ਦੁਆਰਾ ਸਿੱਖਿਆ ਦੇ ਪਸਾਰ ਲਈ ਕੀ ਕਦਮ ਚੁੱਕੇ ਗਏ ਹਨ ?
6. ਬੇਰੁਜ਼ਗਾਰੀ ਸ਼ਬਦ ਦੀ ਵਿਆਖਿਆ ਕਰੋ। ਦੇਸ਼ ਦੀ ਬੇਰੁਜ਼ਗਾਰੀ ਦਰ ਪਤਾ ਲਗਾਉਣ ਲੱਗੇ ਕਿਹੜੇ ਵਰਗ ਦੇ ਲੋਕਾਂ ਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ ?
7. ਭਾਰਤ ਵਿੱਚ ਬੇਰੁਜ਼ਗਾਰੀ ਦੇ ਦੋ ਕਾਰਣ ਦੱਸੋ ?

8. ਛੁਪੀ ਬੇਰੁਜ਼ਗਾਰੀ ਅਤੇ ਮੌਸਮੀ ਬੇਰੁਜ਼ਗਾਰੀ ਵਿੱਚ ਅੰਤਰ ਸਪੱਸ਼ਟ ਕਰੋ ?

9. ਸ਼ਹਿਰੀ ਖੇਤਰ ਵਿੱਚ ਪੜ੍ਹੀ ਲਿਖੀ ਬੇਰੁਜ਼ਗਾਰੀ ਤੇਜ਼ੀ ਨਾਲ ਕਿਉਂ ਵੱਧਦੀ ਜਾ ਰਹੀ ਹੈ ?

10. ਬੇਰੁਜ਼ਗਾਰ ਲੋਕ ਸਮਾਜ ਲਈ ਪਰਿਸੰਪਤੀ ਦੀ ਬਜਾਏ ਦੇਣਦਾਰੀ ਬਣ ਜਾਂਦੇ ਹਨ। ਸਪੱਸ਼ਟ ਕਰੋ ?

11. ਅਨਪੜ੍ਹ ਅਤੇ ਸਿਹਤ ਪੱਖੋਂ ਕਮਜ਼ੋਰ ਲੋਕ ਅਰਥ ਵਿਵਸਥਾ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ ?

3

ਗ਼ਰੀਬੀ : ਭਾਰਤ ਦੇ ਸਾਹਮਣੇ ਇੱਕ ਚੁਣੌਤੀ

ਅਜ਼ਾਦੀ ਤੋਂ ਬਾਅਦ ਲੰਮਾਂ ਸਮਾਂ ਬੀਤਣ 'ਤੇ ਵੀ ਭਾਰਤ ਗ਼ਰੀਬੀ ਦੀ ਸਮੱਸਿਆ ਨਾਲ਼ ਲੜ ਰਿਹਾ ਹੈ। ਗ਼ਰੀਬੀ, ਲੋਕਾਂ ਦੀ ਕੰਮ ਕਰਨ ਦੀ ਸਮਰੱਥਾ, ਸਿਹਤ ਅਤੇ ਆਮਦਨ 'ਤੇ ਪ੍ਰਭਾਵ ਪਾਉਂਦੀ ਹੈ। ਇਸ ਦੀ ਪਰਿਭਾਸ਼ਾ ਦੇਸ਼ ਦੀ ਆਰਥਿਕ ਸਥਿਤੀਆਂ ਦੇ ਨਾਲ਼-ਨਾਲ਼ ਬਦਲਦੀ ਰਹਿੰਦੀ ਹੈ। ਇਸ ਪਾਠ ਰਾਹੀਂ ਅਸੀਂ ਗ਼ਰੀਬੀ ਰੇਖਾ ਦੀ ਧਾਰਨਾ, ਗ਼ਰੀਬੀ ਦੇ ਕਾਰਨ ਅਤੇ ਸਰਕਾਰ ਵੱਲੋਂ ਚਲਾਏ ਗਏ ਗ਼ਰੀਬੀ ਦੂਰ ਕਰਨ ਦੇ ਪ੍ਰੋਗਰਾਮਾਂ ਬਾਰੇ ਚਰਚਾ ਕਰਾਂਗੇ।

3.0 ਗ਼ਰੀਬੀ ਕੀ ਹੈ ?



ਚਿੱਤਰ 3.1 ਗ਼ਰੀਬੀ ਨਾਲ ਜੂਝਦੇ ਲੋਕ

ਗ਼ਰੀਬੀ ਦੀ ਸਮੱਸਿਆ ਦੀ ਚਰਚਾ ਕਰਨ ਤੋਂ ਪਹਿਲਾਂ ਸਾਨੂੰ ਇਹ ਜ਼ਰੂਰ ਸਮਝ ਲੈਣਾ ਚਾਹੀਦਾ ਹੈ ਕਿ ਗ਼ਰੀਬ ਕਿਸ ਨੂੰ ਕਹਿੰਦੇ ਹਨ ? ਪਿੰਡਾਂ ਦੇ ਭੂਮੀ ਹੀਣ ਮਜ਼ਦੂਰ, ਸ਼ਹਿਰਾਂ ਵਿੱਚ ਉਸਾਰੀ ਦੇ ਕੰਮ ਜਿਵੇਂ ਸੜਕਾਂ ਦੀ ਮੁਰੰਮਤ ਆਦਿ ਕਰਦੇ ਦਿਹਾੜੀਦਾਰ; ਸੰਘਣੀ ਵਸੋਂ ਵਾਲੀਆਂ ਝੁੱਗੀਆਂ ਵਿੱਚ ਰਹਿੰਦੇ ਲੋਕ; ਢਾਬਿਆਂ ਤੇ ਕੰਮ ਕਰਦੇ ਬੱਚੇ; ਭਿਖਾਰੀ ਆਦਿ ਗ਼ਰੀਬ ਹੋ ਸਕਦੇ ਹਨ। ਆਰਥਿਕ ਸਰਵੇਖਣ 2011-12 ਦੇ ਅਨੁਸਾਰ ਭਾਰਤ ਵਿੱਚ 276 ਮਿਲੀਅਨ (27 ਕਰੋੜ) ਲੋਕ ਗ਼ਰੀਬੀ ਵਿੱਚ ਜਿਊਂਦੇ ਹਨ । ਸੰਸਾਰ ਦੀ ਕੁੱਲ ਗ਼ਰੀਬ ਜਨਸੰਖਿਆਂ ਦੇ 1/5 ਹਿੱਸੇ ਤੋਂ ਜ਼ਿਆਦਾ ਗ਼ਰੀਬ ਲੋਕ ਭਾਰਤ ਵਿੱਚ ਰਹਿੰਦੇ ਹਨ।

ਗ਼ਰੀਬੀ ਉਹ ਸਥਿਤੀ ਹੈ, ਜਿਸ ਵਿੱਚ ਲੋਕ ਆਪਣੀ ਜ਼ਿੰਦਗੀ ਦੀਆਂ ਘੱਟੋ-ਘੱਟ ਮੁੱਢਲੀਆਂ ਲੋੜਾਂ ਜਿਵੇਂ ਕਿ ਰੋਟੀ, ਕੱਪੜਾ, ਮਕਾਨ, ਸਿੱਖਿਆ ਅਤੇ ਸਿਹਤ ਸੁਵਿਧਾਵਾਂ ਆਦਿ ਪ੍ਰਾਪਤ ਕਰਨ ਤੋਂ ਅਸਮਰੱਥ ਹੁੰਦੇ ਹਨ। ਮਨੁੱਖ ਨੂੰ ਇਹਨਾਂ ਮੁੱਢਲੀਆਂ ਲੋੜਾਂ ਦੀ ਪੂਰਤੀ ਲਈ ਬਹੁਤ ਜ਼ਿਆਦਾ ਸੰਘਰਸ਼ ਕਰਨਾ ਪੈਂਦਾ ਹੈ। ਮੁੱਢਲੀਆਂ ਲੋੜਾਂ ਪੂਰੀਆਂ ਨਾ ਹੋਣ ਤੇ ਗ਼ਰੀਬੀ ਵਿੱਚ ਰਹਿ ਰਹੇ ਲੋਕਾਂ ਦੀ ਸਿਹਤ ਅਤੇ ਕੁਸ਼ਲਤਾ ਦੀ ਹਾਨੀ ਹੁੰਦੀ ਹੈ, ਜਿਸ ਨਾਲ਼ ਦੇਸ਼ ਨਿਰੰਤਰ ਗ਼ਰੀਬ ਰਹਿੰਦਾ ਹੈ।

3.1 ਗ਼ਰੀਬੀ ਦੇ ਮਾਪਦੰਡ

ਗ਼ਰੀਬੀ ਦੇ ਦੋ ਮਾਪਦੰਡ ਹਨ:-

i. ਸਾਪੇਖ ਗ਼ਰੀਬੀ (Relative Poverty)

ii. ਨਿਰਪੇਖ ਗ਼ਰੀਬੀ (Absolute Poverty)

i. ਸਾਪੇਖ ਗ਼ਰੀਬੀ ਵਿੱਚ ਵੱਖ-ਵੱਖ ਖ਼ੇਤਰਾਂ ਜਾਂ ਦੇਸ਼ਾਂ ਦੀਆਂ ਆਰਥਿਕ ਸਥਿਤੀਆਂ ਦੀ ਤੁਲਨਾ ਕੀਤੀ ਜਾਂਦੀ ਹੈ। ਪ੍ਰਤਿ ਵਿਅਕਤੀ ਆਮਦਨ ਅਤੇ ਰਾਸ਼ਟਰੀ ਆਮਦਨ ਸਾਪੇਖ ਗ਼ਰੀਬੀ ਦੇ ਦੋ ਸੂਚਕ ਹਨ।

ਇਸ ਤਰ੍ਹਾਂ ਸਾਪੇਖ ਗ਼ਰੀਬੀ ਦਾ ਭਾਵ ਦੇਸ਼ ਦੀ ਰਾਸ਼ਟਰੀ ਆਮਦਨ ਦੀ ਵੱਖ-ਵੱਖ ਵਿਅਕਤੀਆਂ ਅਤੇ ਪਰਿਵਾਰਾਂ ਵਿੱਚ ਵੰਡ ਹੈ।

ii. ਨਿਰਪੇਖ ਗ਼ਰੀਬੀ ਤੋਂ ਭਾਵ, ਕਿਸੇ ਦੇਸ਼ ਦੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਮਦਨ ਅਤੇ ਉਪਭੋਗ ਤੋਂ ਹੈ। ਜੇਕਰ ਇੱਕ ਵਿਅਕਤੀ ਵੱਲੋਂ ਰੋਜ਼ਾਨਾ ਲਈ ਜਾਣ ਵਾਲ਼ੀ ਕੈਲਰੀ ਦੀ ਮਾਤਰਾ, ਨਿਰਧਾਰਿਤ ਕੈਲਰੀ ਦੀ ਮਾਤਰਾ (2100-2400) ਕੈਲਰੀ ਪ੍ਰਤੀ ਦਿਨ ਤੋਂ ਘੱਟ ਹੈ, ਤਾਂ ਮਨੁੱਖ ਨਿਰਪੇਖ ਗ਼ਰੀਬ ਹੈ।

ਇਸ ਪ੍ਰਕਾਰ ਨਿਰਪੇਖ ਤੋਂ ਭਾਵ ਹੈ, ਗ਼ਰੀਬੀ ਦਾ ਉਹ ਮਾਪ, ਜਿਸ ਵਿੱਚ ਉਪਭੋਗ ਦਾ ਘੱਟੋ ਘੱਟ ਪੱਧਰ ਅਤੇ ਪ੍ਰਤੀ ਵਿਅਕਤੀ ਵੱਲੋਂ ਉਪਭੋਗ ਕੀਤੀ ਕੈਲਰੀ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ। ਇਸ ਪਰਿਭਾਸ਼ਾ ਦੇ ਆਧਾਰ ਤੇ ਭਾਰਤ ਦੀ ਲਗਭਗ 39 ਪ੍ਰਤਿਸ਼ਤ ਜਨਸੰਖਿਆ ਪੂਰਨ ਤੌਰ 'ਤੇ ਗ਼ਰੀਬ ਹੈ।

ਹੁਣ ਅਸੀ ਸ਼ਹਿਰੀ ਗ਼ਰੀਬੀ ਅਤੇ ਪੇਂਡੂ ਗ਼ਰੀਬੀ ਦੇ ਉਦਾਹਰਨਾਂ ਨਾਲ ਗ਼ਰੀਬੀ ਵਾਲੀ ਸਥਿਤੀ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਾਂਗੇ।

ਪੇਂਡੂ ਗ਼ਰੀਬੀ

ਪੰਜਾਬ ਦੇ ਇੱਕ ਪਿੰਡ ਵਿੱਚ ਭੋਲਾ ਨਾਂ ਦਾ ਵਿਅਕਤੀ ਆਪਣੇ ਪਰਿਵਾਰ ਨਾਲ਼ ਰਹਿੰਦਾ ਹੈ। ਇੱਕ ਜ਼ਿਮੀਦਾਰ ਦੇ ਫ਼ਾਰਮ ਵਿੱਚ ਦਿਨ ਦੀ ਸਖ਼ਤ ਮਿਹਨਤ ਤੋਂ ਬਾਅਦ ਉਸਨੇ ਅਤੇ ਉਸਦੇ ਪੁੱਤਰ ਨੇ ₹ 60 ਰੋਜ਼ਾਨਾ ਦੇ ਕਮਾਉਣੇ ਸ਼ੁਰੂ ਕੀਤੇ। ਉਸ ਲਈ ਪਰਿਵਾਰ ਦੇ ਅੱਠ ਮੈਂਬਰਾਂ ਵਾਸਤੇ ਰੋਟੀ ਅਤੇ ਕੱਪੜੇ ਦਾ ਪ੍ਰਬੰਧ ਕਰਨਾ

ਮੁਸ਼ਕਲ ਸੀ, ਇਸ ਲਈ ਉਸਦੀ ਪਤਨੀ ਨੇ ਕੁਝ ਘਰਾਂ ਵਿੱਚ ਘਰੇਲੂ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਬਦਲੇ ਵਿੱਚ ਉਸਨੇ ਥੋੜ੍ਹੀ ਕਣਕ ਜਾਂ ਚਾਵਲ, ਸਬਜ਼ੀਆਂ ਅਤੇ ₹ 100 ਪ੍ਰਤਿ ਮਹੀਨਾ ਪ੍ਰਾਪਤ ਕੀਤੇ। ਉਹ ਫਾਰਮ ਵਿੱਚ ਇਕ ਝੁੱਗੀ ਵਿੱਚ ਰਹਿੰਦੇ ਹਨ। ਉਸਦਾ ਇੱਕ ਪੁੱਤਰ ਸਾਈਕਲ ਮੁਰੰਮਤ ਦੀ ਦੁਕਾਨ ਤੇ ਸਹਾਇਕ ਵਜੋਂ ਕੰਮ ਕਰਦਾ ਹੈ ਅਤੇ ਦੂਜਾ ਪੁੱਤਰ ਜ਼ਿਮੀਦਾਰ ਦੇ ਘਰੇਲੂ ਪਸ਼ੂਆਂ ਦੀ ਦੇਖਭਾਲ ਕਰਦਾ ਹੈ। ਇਸ ਨਾਲ਼ ਭੋਲੇ ਦੇ ਪਰਿਵਾਰ ਦੀ ਪ੍ਰਤਿ ਮਹੀਨਾ ਵਿੱਚ ਹੋਰ 300 ਦਾ ਵਾਧਾ ਹੋਇਆ। ਉਸਦੀ ਵੱਡੀ ਧੀ ਘਰ ਵਿੱਚ ਛੋਟੇ ਬੱਚਿਆਂ ਦੀ ਦੇਖਭਾਲ਼ ਕਰਦੀ ਹੈ। ਉਹਨਾਂ ਕੋਲ਼ ਫਟੇ ਪੁਰਾਣੇ ਕੱਪੜੇ ਹੀ ਹਨ। ਬੱਚਿਆਂ ਨੂੰ ਜ਼ਰੂਰਤ ਤੋਂ ਘੱਟ ਭੋਜਨ ਮਿਲ਼ਦਾ ਹੈ ਤੇ ਕੋਈ ਵੀ ਬੱਚਾ ਸਕੂਲ ਨਹੀਂ ਜਾਂਦਾ। ਜੁੱਤੀਆਂ, ਸਾਬਣ, ਤੇਲ ਆਦਿ ਪਰਿਵਾਰ ਲਈ ਅਰਾਮਦਾਇਕ ਵਸਤੂਆਂ ਹਨ।



ਚਿੱਤਰ 3.2 ਪੇਂਡੂ ਗ਼ਰੀਬੀ

ਸ਼ਹਿਰੀ ਗ਼ਰੀਬੀ

ਸੁਰਿੰਦਰ ਸਿੰਘ ਨਾਂ ਦਾ ਵਿਅਕਤੀ ਸ਼ਹਿਰ ਦੀ ਇਕ ਫੈਕਟਰੀ ਵਿੱਚ ਦਿਹਾੜੀਦਾਰ ਮਜ਼ਦੂਰ ਹੈ। ਜਦੋਂ ਉਸਨੂੰ ਕੰਮ ਮਿਲ਼ਦਾ ਹੈ ਤਾਂ ਉਹ ਇੱਕ ਮਹੀਨੇ ਵਿੱਚ ਲਗਭਗ ₹ 1000 ਕਮਾ ਲੈਂਦਾ ਹੈ। ਉਸਦੀ ਪਤਨੀ ਜੀਤੋ ਅਤੇ ਉਸਦੀ ਵੱਡੀ ਬੇਟੀ ਵੀ ਕੁਝ ਘਰਾਂ ਵਿੱਚ ਸਫ਼ਾਈ ਦਾ ਕੰਮ ਕਰਕੇ ₹ 800 ਹੋਰ ਕਮਾ ਲੈਂਦੀਆਂ ਹਨ। ਇਸ ਦੇ ਨਾਲ਼ ਉਹ ਆਪਣੇ ਪਰਿਵਾਰ ਲਈ ਦੋ ਵਕਤ ਦੇ ਭੋਜਨ ਦਾ ਪ੍ਰਬੰਧ ਕਰ ਲੈਂਦੇ ਹਨ। ਉਸਦਾ ਪਰਿਵਾਰ ਦੋ ਕਮਰਿਆਂ ਵਾਲ਼ੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਅਤੇ ਇਹ ਘਰ ਬਹੁਤ ਖਸਤਾ ਹਾਲਤ ਵਿੱਚ ਹੈ। ਉਸਦੀ ਮਾਤਾ ਬਜ਼ੁਰਗ ਹੈ ਅਤੇ ਉਸਦੇ ਬਿਮਾਰ ਪਿਤਾ ਦਾ ਇਲਾਜ਼ ਨਾ ਹੋਣ ਕਾਰਨ ਮੌਤ ਹੋ ਗਈ। ਉਸਦੀ 10 ਸਾਲਾਂ



ਚਿੱਤਰ 3.3 ਸ਼ਹਿਰੀ ਗ਼ਰੀਬੀ

ਦੀ ਬੇਟੀ ਘਰ ਵਿੱਚ ਆਪਣੇ ਛੋਟੇ ਭੈਣ ਭਰਾਵਾਂ ਦੀ ਸੰਭਾਲ਼ ਕਰਦੀ ਹੈ। ਕੋਈ ਵੀ ਬੱਚਾ ਸਕੂਲ ਨਹੀਂ ਗਿਆ। ਸੁਰਿੰਦਰ ਸਿੰਘ ਆਪ ਵੀ ਕਦੇ ਸਕੂਲ ਨਹੀਂ ਗਿਆ ਸੀ ਕਿਉਂਕਿ ਉਸਨੇ 10 ਸਾਲ ਦੀ ਉਮਰ ਵਿੱਚ ਹੀ ਆਪਣੇ ਪਿਤਾ ਦੇ ਨਾਲ਼ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਇਹਨਾਂ ਦੋ ਉਦਾਹਰਨਾਂ ਤੋਂ ਇਹ ਸਾਫ਼ ਹੈ ਕਿ ਗ਼ਰੀਬੀ ਦਾ ਕਾਰਨ ਹੈ ;

- ਭੁੱਖ
- ਕੰਮ ਦੀ ਘਾਟ
- ਅਨਿਯਮਿਤ ਰੁਜ਼ਗਾਰ
- ਚੰਗੀ ਸਿਹਤ ਲਈ ਸਹੂਲਤਾਂ ਦੀ ਕਮੀ
- ਸਾਫ਼ ਪਾਣੀ ਅਤੇ ਸਾਫ਼-ਸਫ਼ਾਈ ਵਿਵਸਥਾ ਦੀ ਘਾਟ ਕਾਰਣ ਗੈਰ ਸਿਹਤ ਰਹਿਣ ਦੇ ਹਾਲਾਤ ਪੈਂਦਾ ਹੋਣੇ।
- ਬੱਚਿਆਂ ਨੂੰ ਸਕੂਲ ਭੇਜਣ ਵਿੱਚ ਅਸਮਰੱਥ ਹੋਣਾ।
- ਵੱਡੇ ਪਰਿਵਾਰ ਹੋਣੇ ਤਾਂ ਜੋ ਛੋਟੇ ਬੱਚਿਆਂ ਤੋ ਕੰਮ ਕਰਵਾ ਕੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨੀਆਂ।

ਆਓ ਚਰਚਾ ਕਰੀਏ

ਪੇਂਡੂ ਅਤੇ ਸ਼ਹਿਰੀ ਗ਼ਰੀਬੀ ਦੇ ਦਿੱਤੇ ਉਦਾਹਰਣਾਂ ਨੂੰ ਪੜ੍ਹਣ ਤੋਂ ਬਾਅਦ ਗ਼ਰੀਬੀ ਦੇ ਹੇਠ ਲਿਖੇ ਕਾਰਨਾਂ ਤੇ ਚਰਚਾ ਕਰਕੇ ਪਤਾ ਕਰੋ ਕਿ ਕਹਾਣੀ ਵਿਚਲੇ ਪਰਿਵਾਰਾਂ ਦੀ ਗ਼ਰੀਬੀ ਦੇ ਕਾਰਨ ਹੇਠ ਲਿਖੇ ਕਾਰਨਾਂ ਵਿੱਚੋਂ ਹਨ ਜਾਂ ਕੋਈ ਹੋਰ:-

- ਭੂਮੀ ਹੀਣ ਪਰਿਵਾਰ
- ਪਰਿਵਾਰ ਦਾ ਵੱਡਾ ਆਕਾਰ
- ਕਮਜ਼ੋਰ ਸਿਹਤ/ ਕੁਪੋਸ਼ਣ
- ਬੇਰੁਜ਼ਗਾਰੀ
- ਅਨਪੜ੍ਹਤਾ

3.2 ਗ਼ਰੀਬੀ ਰੇਖਾ

ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੀ ਨਿਊਨਤਮ ਆਮਦਨ ਨੂੰ ਮਾਪਣ ਦੀ ਵਿਧੀ ਨੂੰ ਗ਼ਰੀਬੀ ਰੇਖਾ ਕਹਿੰਦੇ ਹਨ। ਇਹ ਮਨੁੱਖੀ ਲੋੜਾਂ ਦੇ ਘੱਟੋ-ਘੱਟ ਪੱਧਰ ਨੂੰ ਸੰਤੁਸ਼ਟ ਕਰਨ ਦੀ ਸਮਰੱਥਾ ਨੂੰ ਦਰਸਾਉਂਦੀ ਹੈ। ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲ਼ੇ ਲੋਕਾਂ ਨੂੰ ਗ਼ਰੀਬ ਕਿਹਾ ਜਾਂਦਾ ਹੈ। ਉਸ ਮਨੁੱਖ ਨੂੰ ਗ਼ਰੀਬ ਮੰਨਿਆ ਜਾਂਦਾ ਹੈ ਜੇਕਰ ਉਸਦੀ ਆਮਦਨ ਜਾਂ ਉਪਭੋਗ ਦਾ ਪੱਧਰ ਮੁਢਲੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦਿੱਤੇ ਗਏ ਜ਼ਰੂਰੀ ਪੱਧਰ ਤੋਂ ਹੇਠਾਂ ਹੁੰਦਾ ਹੈ।

ਸਾਲ 2011-12 ਦੇ ਅੰਕੜਿਆਂ ਦੇ ਆਧਾਰ ਤੇ ਪਿੰਡਾਂ ਦੇ ਉਹ ਲੋਕ ਗ਼ਰੀਬ ਹਨ ਜਿਨ੍ਹਾਂ ਦਾ ਉਪਭੋਗ ਖਰਚਾ ਪ੍ਰਤਿ ਵਿਅਕਤੀ ਪ੍ਰਤਿ ਮਹੀਨਾ 816 ਰੁਪਏ ਤੋਂ ਘੱਟ ਹੈ ਅਤੇ ਸ਼ਹਿਰਾਂ ਵਿੱਚ ਉਹ ਗ਼ਰੀਬ ਹਨ ਜਿਨ੍ਹਾਂ ਦਾ ਉਪਭੋਗ ਖਰਚਾ ਪ੍ਰਤਿ ਵਿਅਕਤੀ ਪ੍ਰਤਿ ਮਹੀਨਾ 1000 ਰੁਪਏ ਤੋਂ ਘੱਟ ਹੈ। ਗ਼ਰੀਬੀ ਰੇਖਾ ਦੇ ਅਨੁਮਾਨ ਦੇ ਦੌਰਾਨ ਭੋਜਨ ਦੀ ਜ਼ਰੂਰਤ ਦਾ ਵਰਤਮਾਨ ਫਾਰਮੂਲਾ ਲੋੜੀਂਦੀ ਕੈਲਰੀ 'ਤੇ ਨਿਰਭਰ ਹੈ।

ਭਾਰਤ ਵਿੱਚ ਭੋਜਨ ਦੀ ਔਸਤ ਸਵੀਕਾਰਤਾ ਕੈਲਰੀ ਦੀ ਜ਼ਰੂਰਤ ਪੇਂਡੂ ਖੇਤਰਾਂ ਵਿੱਚ 2400 ਕੈਲਰੀ ਪ੍ਰਤਿ ਵਿਅਕਤੀ ਪ੍ਰਤਿ ਦਿਨ ਅਤੇ ਸ਼ਹਿਰਾਂ ਵਿੱਚ 2100 ਕੈਲਰੀ ਪ੍ਰਤਿ ਵਿਅਕਤੀ ਪ੍ਰਤਿ ਦਿਨ ਹੈ। ਹਾਲਾਂਕਿ ਕੈਲਰੀ ਦੀਆਂ ਜ਼ਰੂਰਤਾਂ ਉਮਰ, ਲਿੰਗ ਅਤੇ ਕੰਮ ਦੀ ਕਿਸਮ ਦੇ ਨਾਲ਼ ਬਦਲਦੀਆਂ ਰਹਿੰਦੀਆਂ ਹਨ, ਜਿਵੇਂ ਕਿ ਪਿੰਡਾਂ ਵਿੱਚ ਰਹਿਣ ਵਾਲ਼ੇ ਲੋਕ ਜ਼ਿਆਦਾ ਮਿਹਨਤ ਕਰਦੇ ਹਨ, ਇਸ ਲਈ ਉਹਨਾਂ ਨੂੰ ਸ਼ਹਿਰੀ ਲੋਕਾਂ ਦੇ ਮੁਕਾਬਲੇ ਜ਼ਿਆਦਾ ਕੈਲਰੀ ਦੀ ਜ਼ਰੂਰਤ ਹੁੰਦੀ ਹੈ।

ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (NSSO) ਸਾਧਾਰਨ ਤੌਰ ਤੇ ਹਰ ਪੰਜ ਸਾਲਾਂ ਵਿੱਚ ਸੈਂਪਲ ਸਰਵੇਖਣ ਕਰਕੇ ਗ਼ਰੀਬੀ ਰੇਖਾ ਦਾ ਅਨੁਮਾਨ ਲਗਾਉਂਦੇ ਹਨ। NSSO ਦੇ ਵਰਤਮਾਨ ਅਨੁਮਾਨ ਇਹ ਦਰਸਾਉਂਦੇ ਹਨ ਕਿ ਹਾਲੇ ਵੀ ਭਾਰਤ ਦੀ ਕੁੱਲ ਜੰਨਸੰਖਿਆਂ ਦਾ 22% ਹਿੱਸਾ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦਾ ਹੈ।

ਇੱਕ ਦੇਸ਼ ਦੀਆਂ ਮੁਢਲੀਆਂ ਲੋੜਾਂ ਦੂਜੇ ਦੇਸ਼ਾਂ ਨਾਲ਼ੋਂ ਭਿੰਨ ਹੁੰਦੀਆਂ ਹਨ। ਗ਼ਰੀਬੀ ਰੇਖਾ, ਸਮੇ ਅਤੇ ਸਥਾਨ ਨਾਲ ਬਦਲਦੀ ਹੈ। ਉਦਾਹਰਣ ਲਈ ਅਮਰੀਕਾ ਵਿੱਚ ਜੇਕਰ ਮਨੁੱਖ ਕੋਲ ਕਾਰ ਨਹੀਂ ਹੈ ਤਾਂ ਉਹ ਗ਼ਰੀਬ ਮੰਨਿਆ ਜਾਂਦਾ ਹੈ। ਪਰੰਤੂ ਭਾਰਤ ਵਿੱਚ ਅਜੇ ਵੀ ਕਾਰ ਸੁੱਖ ਸੁਵਿਧਾ ਦਾ ਸਾਧਨ ਹੈ।

> ਪੂਰੇ ਦਿਨ ਦੇ ਭੋਜਨ ਦੁਆਰਾ ਮਨੁੱਖ ਨੂੰ ਪ੍ਰਾਪਤ ਹੋਣ ਵਾਲ਼ੀ ਊਰਜਾ ਨੂੰ ਮਾਪਣ ਦੀ ਇਕਾਈ ਕੈਲਰੀ ਹੈ।

3.3 ਗ਼ਰੀਬੀ ਦੇ ਸੂਚਕ

ਗ਼ਰੀਬੀ ਦੇ ਵੱਖ-ਵੱਖ ਰੂਪਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮਾਜ ਵਿਗਿਆਨੀ ਗ਼ਰੀਬੀ ਨੂੰ ਮਾਪਣ ਦੇ ਮਾਪ—ਦੰਡਾਂ ਦੀਆਂ ਕਿਸਮਾਂ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਾਧਾਰਨ ਤੌਰ ਤੇ ਪ੍ਰਯੋਗ ਹੋਣ ਵਾਲ਼ੇ ਮਾਪ-ਦੰਡ ਆਮਦਨ ਤੇ ਉਪਭੋਗ ਦੇ ਪੱਧਰ ਨਾਲ਼ ਸੰਬੰਧਿਤ ਹਨ। ਪਰੰਤੂ ਸਮਾਜ ਵਿਗਿਆਨੀਆਂ ਨੇ ਸਮਾਜਿਕ ਮਾਪਦੰਡ ਜਿਵੇਂ ਕਿ ਅਨਪੜ੍ਹਤਾ ਦਰ, ਕੁਪੋਸ਼ਣ, ਸਿਹਤ ਸੇਵਾਵਾਂ ਦੀ ਕਮੀ, ਰੋਜ਼ਗਾਰ ਦੇ ਅਵਸਰਾਂ ਦੀ ਕਮੀ, ਪੀਣ ਵਾਲ਼ੇ ਸਾਫ਼ ਪਾਣੀ ਦੀ ਕਮੀ ਆਦਿ ਨੂੰ ਵੀ ਸ਼ਾਮਲ ਕੀਤਾ ਹੈ। ਸਮਾਜਿਕ ਵੱਖਰੇਵਾਂ ਇੱਕ ਹੋਰ ਆਮ ਮਾਪਦੰਡ ਹੈ ਜਿਸ ਤੇ ਗ਼ਰੀਬੀ ਦਾ ਵਿਸ਼ਲੇਸ਼ਣ ਨਿਰਭਰ ਹੈ। ਸਮਾਜਿਕ ਵੱਖਰੇਵਾਂ ਗ਼ਰੀਬੀ ਦਾ ਇੱਕ ਕਾਰਨ ਅਤੇ ਪਰਿਣਾਮ ਹੋ ਸਕਦਾ ਹੈ। ਕਈ ਵਾਰ ਸਮਾਜਿਕ ਵਖਰੇਵੇਂ ਅਧੀਨ ਲੋਕਾਂ ਨੂੰ ਬਰਾਬਰ ਅਵਸਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਪੱਛੜੀਆਂ ਸ਼੍ਰੇਣੀਆਂ ਵਿੱਚ ਸੁਰੱਖਿਆ ਦੀ ਘਾਟ ਇੱਕ ਹੋਰ ਸੂਚਕ ਹੈ ਜਿਸ ਉੱਤੇ ਗ਼ਰੀਬੀ ਦਾ ਵਿਸ਼ਲੇਸ਼ਣ ਅਧਾਰਿਤ ਹੈ।

3.4 ਗ਼ਰੀਬੀ ਦੇ ਅਨੁਮਾਨ

ਹੁਣ ਅਸੀਂ ਗਰੀਬੀ ਦੇ ਅਨੁਮਾਨ ਨੂੰ ਤਿੰਨ ਪੱਧਰ-ਪੇਂਡੂ/ਸ਼ਹਿਰੀ ਅਨੁਮਾਨ, ਅੰਤਰਰਾਜੀ ਅਸਮਾਨਤਾ ਅਤੇ ਵਿਸ਼ਵ ਵਿਆਪੀ ਗਰੀਬੀ ਅਨੁਪਾਤ ਅਨੁਸਾਰ ਪੜ੍ਹਾਗੇ।

(i) ਪੇਂਡੂ-ਸ਼ਹਿਰੀ ਅਨੁਮਾਨ : ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲ਼ੇ ਲੋਕਾਂ ਦੀ ਪ੍ਰਤਿਸ਼ਤਾ ਪਿਛਲੇ ਦੋ ਦਹਾਕਿਆਂ ਵਿੱਚ ਘਟੀ ਹੈ। ਪੇਂਡੂ ਗ਼ਰੀਬੀ, ਸ਼ਹਿਰੀ ਗ਼ਰੀਬੀ ਨਾਲ਼ੋਂ ਘੱਟ ਗਤੀ ਨਾਲ਼ ਘੱਟ ਰਹੀ ਹੈ, ਜਦੋਂ ਕਿ ਦੋਨਾਂ ਵਿੱਚ ਸਮੇਂ ਦੇ ਨਾਲ਼ ਕਮੀ ਆਈ ਹੈ। ਸਾਰਨੀ 3.1 ਰਾਹੀਂ ਵੀ ਪੇਂਡੂ ਅਤੇ ਸ਼ਹਿਰੀ ਗ਼ਰੀਬੀ ਦਾ ਅਨੁਮਾਨ ਸਪੱਸ਼ਟ ਕੀਤਾ ਗਿਆ ਹੈ:

ਸਾਰਨੀ 3.1 ਭਾਰਤ ਵਿੱਚ ਗ਼ਰੀਬੀ ਦਾ ਅਨੁਮਾਨ

	ਗ਼ਰੀਬੀ ਅਨੁਪਾਤ			ਗ਼ਰੀਬਾਂ ਦੀ ਸੰਖਿਆ (ਮਿਲੀਅਨ)		
ਸਾਲ	ਪੇਂਡੂ	ਸ਼ਹਿਰੀ	ਕੁੱਲ	ਪੇਂਡੂ	ਸ਼ਹਿਰੀ	ਕੁੱਲ
1993-94	50.1	31.8	44.3	328.6	74.5	403.7
2004-05	41.8	25.7	37.2	326.3	80.8	497.1
2011-12	25.7	13.7	21.92	216.6	53.1	269.3


ਸ੍ਰੋਤ : ਆਰਥਿਕ ਸਰਵੇਖਣ 2013-14, ਵਿੱਤ ਮੰਤਰਾਲਾ, ਭਾਰਤ ਸਰਕਾਰ

ਸਾਲ 1993-94 ਵਿੱਚ 403.7 ਮਿਲੀਅਨ ਲੋਕ ਜਾਂ ਜਨਸੰਖਿਆ ਦੇ 44.3% ਲੋਕ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦੇ ਸਨ। 2004-05 ਵਿੱਚ ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲ਼ੇ ਲੋਕਾਂ ਦਾ ਅਨੁਪਾਤ ਘੱਟ ਕੇ 37.2% ਹੋ ਗਿਆ ਅਤੇ 2011-12 ਵਿੱਚ ਇਹ ਅਨੁਪਾਤ ਘੱਟ ਕੇ 21.92% ਹੋਇਆ। ਸਾਰਨੀ ਵਿੱਚ ਦਿੱਤੇ ਅੰਕੜਿਆਂ ਮੁਤਾਬਿਕ ਪੇਂਡੂ ਅਤੇ ਸ਼ਹਿਰੀ ਗ਼ਰੀਬੀ ਦੀ ਪ੍ਰਤਿਸ਼ਤਤਾ ਵਿੱਚ ਸਾਲ 1993-94 ਤੋਂ 2011-12 ਤੱਕ ਲਗਾਤਾਰ ਗਿਰਾਵਟ ਆਈ ਹੈ,

(ii) ਅੰਤਰ ਰਾਜੀ ਅਸਮਾਨਤਾ - ਭਾਰਤ ਦੇ ਹਰੇਕ ਰਾਜ ਵਿੱਚ ਗ਼ਰੀਬ ਲੋਕਾਂ ਦਾ ਅਨੁਪਾਤ ਇੱਕ ਸਮਾਨ ਨਹੀਂ ਹੈ। ਅਜਿਹਾ ਇਸ ਕਰਕੇ ਹੈ ਕਿਉਂਕਿ ਵੱਖ-ਵੱਖ ਰਾਜਾਂ ਨੇ ਗ਼ਰੀਬੀ ਨੂੰ ਮਿਟਾਉਣ ਦੇ ਵੱਖ-ਵੱਖ ਸੁਧਾਰ ਅਪਣਾਏ ਹਨ।

ਹਾਲ ਦੇ ਅਨੁਮਾਨ ਦਰਸਾਉਂਦੇ ਹਨ ਕਿ 11 ਰਾਜਾਂ ਵਿੱਚ ਗ਼ਰੀਬੀ ਅਨੁਪਾਤ ਰਾਸ਼ਟਰੀ ਔਸਤ ਨਾਲੋਂ ਘੱਟ ਹੈ। ਗ਼ਰੀਬੀ ਅਜੇ ਵੀ ਬਿਹਾਰ , ਆਸਾਮ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਇੱਕ ਗੰਭੀਰ ਸਮੱਸਿਆ ਹੈ। ਜਿਵੇਂ ਕਿ ਗ੍ਰਾਫ ਦਰਸਾਉਂਦਾ ਹੈ ਬਿਹਾਰ ਅਤੇ ਓਡੀਸ਼ਾ (32.6%) ਗ਼ਰੀਬੀ ਅਨੁਪਾਤ ਦੇ ਨਾਲ਼ ਸਭ ਤੋਂ ਵੱਧ ਗ਼ਰੀਬ ਰਾਜ ਬਣੇ ਹੋਏ ਹਨ ਪਰੰਤੂ ਕਈ ਰਾਜ ਜਿਵੇਂ ਕੇਰਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਗੁਜਰਾਤ,

ਗ੍ਰਾਫ 3.1 ਸਾਲ 2011-12 ਦੌਰਾਨ ਚੁਣੇ ਹੋਏ ਰਾਜਾਂ ਵਿੱਚ ਗ਼ਰੀਬੀ ਦਾ ਅਨੁਪਾਤ



ਸ੍ਰੋਤ : ਆਰਥਿਕ ਸਰਵੇਖਣ 2013-14, ਵਿੱਤ ਮੰਤਰਾਲਾ, ਭਾਰਤ ਸਰਕਾਰ

ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਸਫ਼ਲਤਾ ਪੂਰਵਕ ਗ਼ਰੀਬੀ ਨੂੰ ਘੱਟ ਕੀਤਾ ਹੈ। ਕੇਰਲ ਨੇ ਮਾਨਵ ਸੰਸਾਧਨ ਵਿਕਾਸ ਤੇ ਜ਼ਿਆਦਾ ਧਿਆਨ ਦਿੱਤਾ ਹੈ। ਪੱਛਮੀ ਬੰਗਾਲ ਨੂੰ ਭੂਮੀ ਸੁਧਾਰ ਤਰੀਕਿਆਂ ਨਾਲ਼ ਗ਼ਰੀਬੀ ਘੱਟ ਕਰਨ ਵਿੱਚ ਸਹਾਇਤਾ ਮਿਲ਼ੀ ਹੈ। ਆਂਧਰਾ ਪ੍ਰਦੇਸ਼ ਅਤੇ ਤਾਮਿਲਨਾਡੂ ਨੇ ਜਨਤਕ ਵੰਡ ਪ੍ਰਣਾਲੀ ਦੁਆਰਾ ਭੋਜਨ ਸੁਰੱਖਿਆ ਤੇ ਜ਼ੋਰ ਦਿੱਤਾ ਹੈ, ਜਿਸ ਨਾਲ਼ ਇਹਨਾਂ ਰਾਜਾਂ ਵਿੱਚ ਗ਼ਰੀਬੀ ਘੱਟ ਹੋਈ ਹੈ। ਪੰਜਾਬ ਅਤੇ ਹਰਿਆਣਾ ਰਾਜ ਉੱਚ ਖੇਤੀ ਵਾਧੇ ਦਰ ਦੀ ਸਹਾਇਤਾ ਨਾਲ਼ ਗ਼ਰੀਬੀ ਘੱਟ ਕਰਨ ਵਿੱਚ ਸਫ਼ਲ ਰਹੇ ਹਨ।

ਆਓ ਚਰਚਾ ਕਰੀਏ

i. ਗ੍ਰਾਫ ਨੂੰ ਦੇਖਦੇ ਹੋਏ ਪੰਜ ਰਾਜਾਂ ਦੇ ਨਾਂ ਦੱਸੋ ਜਿਨ੍ਹਾਂ ਵਿੱਚ ਗ਼ਰੀਬ ਲੋਕਾਂ ਦੀ ਪ੍ਰਤਿਸ਼ਤਤਾ ਸਭ ਤੋਂ ਜ਼ਿਆਦਾ ਹੈ।

ii. ਉਹਨਾਂ ਰਾਜਾਂ ਦੇ ਨਾਂ ਦੱਸੋ ਜਿੱਥੇ ਗ਼ਰੀਬੀ ਦਾ ਅਨੁਪਾਤ 22% ਤੋਂ ਘੱਟ ਪਰੰਤੂ 15% ਤੋਂ ਜ਼ਿਆਦਾ ਹੈ।

iii. ਸਭ ਤੋਂ ਘੱਟ ਅਤੇ ਸਭ ਤੋਂ ਵੱਧ ਗ਼ਰੀਬੀ ਦੇ ਅਨੁਪਾਤ ਵਾਲ਼ੇ ਰਾਜਾਂ ਦੇ ਨਾਂ ਲਿਖੋ।

(iii) ਵਿਸ਼ਵ ਵਿਆਪੀ ਗ਼ਰੀਬ ਅਨੁਪਾਤ - ਗ਼ਰੀਬੀ ਸਿਰਫ਼ ਭਾਰਤ ਵਾਸਤੇ ਹੀ ਨਹੀਂ ਪਰੰਤੂ ਵਿਸ਼ਵ ਵਾਸਤੇ ਵੀ ਚੁਣੌਤੀ ਹੈ, ਜਿੱਥੇ ਕਈ ਕਰੋੜ ਲੋਕ ਆਪਣੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਤੋਂ ਅਸਮੱਰਥ ਹਨ। ਗ਼ਰੀਬੀ ਦਾ ਅਨੁਪਾਤ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਹੈ। ਬਹੁਤ ਗ਼ਰੀਬੀ ਵਿੱਚ ਰਹਿ ਰਹੇ ਲੋਕਾਂ ਦਾ ਅਨੁਪਾਤ ਵਿਕਸਿਤ ਦੇਸ਼ਾਂ ਦੀ ਤੁਲਨਾ ਵਿੱਚ ਵਿਕਾਸ਼ਸ਼ੀਲ ਦੇਸ਼ਾਂ ਦੇ ਨਾਲ਼ੋਂ ਘੱਟ ਹੈ। ਸਧਾਰਨ ਤੌਰ 'ਤੇ ਵਿਸ਼ਵ-ਵਿਆਪੀ ਪੱਧਰ ਤੇ ਗ਼ਰੀਬੀ ਵਿੱਚ ਤੇਜ਼ੀ ਨਾਲ਼ ਗਿਰਾਵਟ ਆਈ ਹੈ। ਚੀਨ ਅਤੇ ਦੱਖਣੀ ਪੂਰਬੀ

ਏਸ਼ੀਆ ਦੇਸ਼ਾਂ ਦੇ ਤੇਜ਼ੀ ਨਾਲ਼ ਆਰਥਿਕ ਵਿਕਾਸ ਅਤੇ ਮਨੁੱਖੀ ਸੰਸਾਧਨ ਵਿਕਾਸ 'ਚ ਨਿਵੇਸ਼ ਦੇ ਕਾਰਨ ਗ਼ਰੀਬੀ ਪੱਧਰ ਵਿੱਚ ਵਿਸ਼ੇਸ਼ ਕਮੀ ਆਈ ਹੈ। ਦੱਖਣੀ ਏਸ਼ੀਆ ਦੇ ਦੇਸ਼ ਜਿਵੇਂ ਕਿ ਭਾਰਤ,ਪਾਕਿਸਤਾਨ, ਸ੍ਰੀ ਲੰਕਾ, ਨੇਪਾਲ, ਬੰਗਲਾਦੇਸ਼, ਭੂਟਾਨ ਆਦਿ ਵਿੱਚ ਗ਼ਰੀਬੀ ਦੀ ਸੰਖਿਆ ਵਿੱਚ ਗਿਰਾਵਟ ਇੰਨੀ ਤੇਜ਼ ਨਹੀਂ ਹੈ। ਰੂਸ ਵਿੱਚ ਪਹਿਲਾਂ ਕੋਈ ਗ਼ਰੀਬ ਨਹੀਂ ਸੀ ਪਰ ਹੁਣ ਉੱਥੇ ਵੀ ਕੁਝ ਹੱਦ ਤੱਕ ਗ਼ਰੀਬੀ ਹੋ ਗਈ ਹੈ।

3.5 ਗ਼ਰੀਬੀ ਦੇ ਕਾਰਨ

ਭਾਰਤ ਵਿੱਚ ਵਿਆਪਕ ਗ਼ਰੀਬੀ ਦੇ ਅਨੇਕ ਕਾਰਨ ਹਨ :-

(i) ਆਰਥਿਕ ਵਿਕਾਸ ਦੀ ਧੀਮੀ ਦਰ - ਭਾਰਤ 100 ਸਾਲਾਂ ਤੋਂ ਵੀ ਵੱਧ ਅੰਗਰੇਜ਼ੀ ਰਾਜ ਦੇ ਅਧੀਨ ਰਿਹਾ ਹੈ।ਅੰਗਰੇਜ਼ੀ ਸਰਕਾਰ ਦੀਆਂ ਨੀਤੀਆਂ ਨੇ ਪਰੰਪਰਿਕ ਕੱਪੜਾ ਉਦਯੋਗ ਅਤੇ ਘਰੇਲੂ ਤੇ ਛੋਟੇ ਉਦਯੋਗ ਜਿਹੜੇ ਕਿ ਉਸ ਸਮੇਂ ਉੱਨਤੀ ਕਰ ਰਹੇ ਸਨ, ਨੂੰ ਨਿਰਉਤਸ਼ਾਹਿਤ ਕੀਤਾ। ਇਸ ਕਾਰਨ ਰੁਜ਼ਗਾਰ ਦੇ ਅਵਸਰ, ਆਮਦਨ ਅਤੇ ਵਿਕਾਸ ਦੀ ਵਾਧਾ ਦਰ ਵਿੱਚ ਗਿਰਾਵਟ ਆਈ।

(ii) ਭਾਰੀ ਜਨਸੰਖਿਆ ਦਬਾਅ - ਭਾਰਤ ਵਿੱਚ ਜਨਸੰਖਿਆ ਬਹੁਤ ਤੇਜ਼ੀ ਨਾਲ਼ ਵੱਧ ਰਹੀ ਹੈ। ਜਨਸੰਖਿਆ ਦੀ ਉੱਚ ਵਾਧਾ ਦਰ ਨੇ ਪ੍ਰਤਿ ਵਿਅਕਤੀ ਆਮਦਨ ਨੂੰ ਘੱਟ ਕੀਤਾ ਜਿਸ ਦੇ ਨਾਲ਼ ਬਚਤਾਂ ਘੱਟ ਗਈਆਂ ਹਨ। ਜਨਸੰਖਿਆ ਦੇ ਭਾਰੀ ਦਬਾਅ ਨੇ ਨਿਰਭਰਤਾ ਦੇ ਬੋਝ ਨੂੰ ਵਧਾਇਆ ਜੋ ਕਿ ਸਮੇਂ ਦੇ ਦੌਰਾਨ ਹੋਰ ਗ਼ਰੀਬੀ ਨੂੰ ਦਰਸਾਉਂਦਾ ਹੈ।

(iii) ਪੇਂਡੂ ਅਰਥ-ਵਿਵਸਥਾ - ਭਾਰਤ ਦੀ ਅਰਥ-ਵਿਵਸਥਾ ਮੁੱਖ ਤੌਰ ਤੇ ਪੇਂਡੂ ਅਰਥ-ਵਿਵਸਥਾ ਹੈ, ਜਿੱਥੇ ਕੁੱਲ ਜਨਸੰਖਿਆ ਦਾ ਲਗਪਗ 70 ਪ੍ਰਤਿਸ਼ਤ ਹਿੱਸਾ ਖੇਤੀਬਾੜੀ ਨਾਲ਼ ਜੁੜਿਆ ਹੋਇਆ ਹੈ। ਪਰੰਤੂ ਖੇਤੀਬਾੜੀ ਬਹੁਤ ਪੱਛੜੀ ਹੋਈ ਹੈ ਜਿਸ ਕਾਰਨ ਇਹ ਰਾਸ਼ਟਰੀ ਆਮਦਨ ਵਿੱਚ 18% ਤੋਂ ਘੱਟ ਹਿੱਸੇ ਦਾ ਹੀ ਭਾਗੀਦਾਰ ਹੈ। ਖੇਤੀਬਾੜੀ ਵਿੱਚ ਛੁਪੀ ਹੋਈ ਬੇਰੁਜ਼ਗਾਰੀ ਵੀ ਹੁੰਦੀ ਹੈ, ਜੋ ਕਿ ਇਸ ਖੇਤਰ ਦੀ ਆਮਦਨ ਨੂੰ ਘਟਾਉਂਦੀ ਹੈ ਜਿਸਦੇ ਨਾਲ਼ ਗ਼ਰੀਬੀ ਪੈਦਾ ਹੁੰਦੀ ਹੈ।

(iv) ਬੇਰੁਜ਼ਗਾਰੀ - ਜਨਸੰਖਿਆ ਵਿੱਚ ਲਗਾਤਾਰ ਵਾਧੇ ਨਾਲ਼ ਬੇਰੁਜ਼ਗਾਰੀ ਅਤੇ ਅਲਪ ਬੇਰੁਜ਼ਗਾਰੀ ਵਿੱਚ ਵਾਧਾ ਹੋਇਆ ਹੈ। ਸਰਵਜਨਿਕ ਅਤੇ ਨਿੱਜੀ ਖੇਤਰਾਂ ਨੇ ਰੁਜ਼ਗਾਰ ਦੇ ਇੰਨੇ ਅਵਸਰ ਪ੍ਰਦਾਨ ਨਹੀਂ ਕੀਤੇ ਕਿ ਸਾਰੇ ਰੁਜ਼ਗਾਰ ਲੱਭਣ ਵਾਲ਼ਿਆਂ ਨੂੰ ਕੰਮ ਮਿਲ਼ ਸਕੇ। ਅਨਿਯਮਿਤ ਘੱਟ ਆਮਦਨ,ਰਹਿਣ ਦੀਆਂ ਘਟੀਆ ਸਹੂਲਤਾਂ ਆਦਿ ਨੇ ਗ਼ਰੀਬੀ ਵਿੱਚ ਵਾਧਾ ਕੀਤਾ ਹੈ। ਸ਼ਹਿਰੀ ਖੇਤਰ ਵਿੱਚ ਪੜ੍ਹੀ-ਲਿਖੀ ਬੇਰੁਜ਼ਗਾਰੀ ਅਤੇ ਪਿੰਡਾਂ ਵਿੱਚ ਖੇਤੀਬਾੜੀ 'ਚ ਛੁਪੀ ਬੇਰੁਜ਼ਗਾਰੀ ਪਾਈ ਜਾਂਦੀ ਹੈ। ਗ਼ਰੀਬੀ ਬੇਰੁਜ਼ਗਾਰੀ ਦੀ ਪਰਛਾਈ ਹੈ।

(v) ਘੱਟ ਖੇਤੀ ਉੱਤਪਾਦਨ - ਛੋਟੇ ਅਤੇ ਵਿਖਰੇ ਹੋਏ ਖੇਤ, ਪੂੰਜੀ ਦੀ ਘਾਟ, ਖੇਤੀ ਕਰਨ ਦੇ ਪੁਰਾਣੇ ਤਰੀਕੇ, ਅਨਪੜ੍ਹਤਾ ਆਦਿ ਦੇ ਕਾਰਨ ਖੇਤੀ ਉੱਤਪਾਦਨ ਬਹੁਤ ਘੱਟ ਹੁੰਦੀ ਹੈ। ਭਾਰਤ ਵਿੱਚ ਗ਼ਰੀਬੀ ਦਾ ਇਹ ਇੱਕ ਮੁੱਖ ਕਾਰਨ ਹੈ।

(vi) ਉੱਚ ਕੀਮਤਾਂ - ਲਗਾਤਾਰ ਵੱਧ ਰਹੀਆਂ ਕੀਮਤਾਂ ਨੇ ਗ਼ਰੀਬਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਵਧਦੀਆਂ ਕੀਮਤਾਂ, ਗਰੀਬ ਵਿਅਕਤੀਆਂ ਦੀ ਆਮਦਨ ਦਾ ਵਧੇਰਾ ਭਾਗ ਖਪਤ ਕਰ ਲੈਂਦੀਆਂ ਹਨ ਅਤੇ ਗ਼ਰੀਬ ਹੋਰ ਗ਼ਰੀਬ ਹੋ ਜਾਂਦਾ ਹੈ।

(vii) ਸਮਾਜਿਕ, ਸੰਸਕ੍ਰਿਤਕ ਅਤੇ ਆਰਥਿਕ ਕਾਰਕ - ਭਾਰਤ ਦੇ ਲੋਕ ਜਿਨ੍ਹਾਂ ਵਿੱਚ ਗ਼ਰੀਬ ਲੋਕ ਵੀ ਸ਼ਾਮਲ ਹਨ, ਧਾਰਮਿਕ ਪ੍ਰੋਗਰਾਮਾਂ, ਵਿਆਹਾਂ ਆਦਿ ਤੇ ਬਹੁਤ ਪੈਸਾ ਖਰਚ ਕਰਦੇ ਹਨ। ਸਮਾਜਿਕ ਕਾਰਕ ਜਿਵੇਂ ਕਿ ਅਨਪੜ੍ਹਤਾ, ਪਰਿਵਾਰਾਂ ਦੇ ਵੱਡੇ ਆਕਾਰ ਅਤੇ ਜਾਤੀ ਪ੍ਰਥਾ ਵੀ ਉੱਚ ਗ਼ਰੀਬੀ ਦਰ ਲਈ ਜ਼ਿੰਮੇਵਾਰ ਹਨ। ਕਰਜ਼ ਦਾ ਉੱਚਾ ਪੱਧਰ ਗ਼ਰੀਬੀ ਦਾ ਕਾਰਨ ਅਤੇ ਪ੍ਰਭਾਵ ਦੋਨੋਂ ਹੀ ਹਨ।

3.6 ਗ਼ਰੀਬੀ ਦੂਰ ਕਰਨ ਦੇ ਉਪਾਅ

ਭਾਰਤ ਵਿੱਚ ਆਰਥਿਕ ਯੋਜਨਾਵਾਂ ਦਾ ਮੁੱਖ ਉਦੇਸ਼ ਗ਼ਰੀਬੀ ਨੂੰ ਖ਼ਤਮ ਕਰਨਾ ਰਿਹਾ ਹੈ। ਸਰਕਾਰ ਦੀਆਂ ਵਰਤਮਾਨ ਗ਼ਰੀਬੀ ਖਤਮ ਕਰਨ ਦੀਆਂ ਨੀਤੀਆਂ ਮੁੱਖ ਤੌਰ ਤੇ ਦੋ ਕਾਰਕਾਂ ਤੇ ਨਿਰਭਰ ਹਨ :-

(i) ਆਰਥਿਕ ਵਾਧੇ ਨੂੰ ਪ੍ਰੋਤਸਾਹਨ - ਭਾਰਤ ਵਿੱਚ ਗ਼ਰੀਬੀ ਦੀ ਸਮੱਸਿਆ ਦਾ ਹੱਲ ਵਿਕਾਸ ਦੀ ਗਤੀ ਨੂੰ ਤੇਜ਼ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦੋਂ ਵਿਕਾਸ ਦੀ ਗਤੀ ਵੱਧਦੀ ਹੈ ਤਾਂ ਫ਼ਰਮਾਂ ਅਤੇ ਫੈਕਟਰੀਆਂ ਵਿੱਚ ਰੁਜ਼ਗਾਰ ਵੱਧਦੇ ਹਨ। ਰੁਜ਼ਗਾਰ ਦੇ ਮੌਕੇ ਜਿੰਨੇ ਜ਼ਿਆਦਾ ਹੋਣਗੇ ਗ਼ਰੀਬੀ ਉੱਨੀ ਘੱਟ ਹੋਵੇਗੀ। 1980 ਦੇ ਦਹਾਕਿਆਂ ਤੋਂ ਭਾਰਤ ਦੀ ਆਰਥਿਕ ਵਾਧੇ ਦੀ ਦਰ ਵਿਸ਼ਵ ਵਿੱਚ ਸਭ ਤੋਂ ਜ਼ਿਆਦਾ ਰਹੀ ਹੈ । ਆਰਥਿਕ ਵਾਧਾ ਰੁਜ਼ਗਾਰਾਂ ਦੇ ਅਵਸਰਾਂ ਨੂੰ ਵਧਾ ਦਿੰਦਾ ਹੈ ਅਤੇ ਮਨੁੱਖੀ ਵਿਕਾਸ ਵਿੱਚ ਨਿਵੇਸ਼ ਦੇ ਲਈ ਜ਼ਰੂਰੀ ਸਾਧਨ ਉਪਲੱਬਧ ਕਰਾਉਂਦਾ ਹੈ ਜਿਸ ਨਾਲ਼ ਗ਼ਰੀਬੀ ਵਿੱਚ ਕਮੀ ਆਉਂਦੀ ਹੈ।

(ii) ਗ਼ਰੀਬੀ ਘਟਾਉਣ ਦੇ ਪ੍ਰੋਗਰਾਮ - ਗ਼ਰੀਬ ਲੋਕਾਂ ਨੂੰ ਕਈ ਵਾਰ ਦੇਸ਼ ਦੇ ਆਰਥਿਕ ਵਿਕਾਸ ਦਾ ਸਿੱਧਾ ਲਾਭ ਪ੍ਰਾਪਤ ਨਹੀਂ ਹੁੰਦਾ ਇਸ ਲਈ ਗ਼ਰੀਬੀ ਹਟਾਉ ਪ੍ਰੋਗਰਾਮਾਂ ਦੀ ਲੋੜ ਹੁੰਦੀ ਹੈ। ਇਹਨਾਂ ਵਿੱਚੋਂ ਕੁਝ ਪ੍ਰੋਗਰਾਮ ਹੇਠਾਂ ਦਰਸਾਏ ਜਾਂਦੇ ਹਨ: -

i. ਪੰਜਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਗ਼ਰੀਬਾਂ ਦੇ ਰਹਿਣ- ਸਹਿਣ ਦੇ ਦਰਜੇ ਨੂੰ ਉੱਚਾ ਚੁੱਕਣ ਲਈ ਘੱਟ ਤੋਂ ਘੱਟ ਜ਼ਰੂਰਤ ਪ੍ਰੋਗਰਾਮ (Minimum Needs Programme) ਚਲਾਇਆ ਗਿਆ। ਇਸ ਪ੍ਰੋਗਰਾਮ ਅਧੀਨ ਪ੍ਰਾਇਮਰੀ ਸਿੱਖਿਆ, ਕਿਸ਼ੋਰ ਸਿੱਖਿਆ, ਪੇਂਡੂ ਸਿਹਤ, ਪੇਂਡੂ ਜਲ ਸਪਲਾਈ, ਪੇਂਡੂ ਸੜਕਾਂ, ਪੇਂਡੂ ਬਿਜਲੀ ਕਰਨ, ਸ਼ਹਿਰਾਂ ਵਿੱਚ ਬਣੀਆਂ ਗੰਦੀਆਂ ਬਸਤੀਆਂ ਵਿੱਚ ਸੁਧਾਰ ਆਦਿ ਸ਼ਾਮਿਲ ਹਨ। ਇਹ ਯੋਜਨਾ ਸਮਾਜ ਦੇ ਗ਼ਰੀਬ ਵਰਗ ਦੀ ਜ਼ਿੰਦਗੀ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਸੀ।

ii. ਮਹਾਤਮਾ ਗਾਂਧੀ ਨੈਸ਼ਨਲ ਰੂਰਲ ਇਮਪਲਾਇਮੈਂਟ ਗਾਰੰਟੀ ਐਕਟ (MNREGA 2005)-ਇਹ ਐਕਟ ਹਰ ਸਾਲ ਦੇਸ਼ ਦੇ ਪੇਂਡੂ ਖੇਤਰਾਂ ਦੇ ਹਰ ਇੱਕ ਪਰਿਵਾਰ ਨੂੰ 100 ਦਿਨ ਲਈ ਸੁਨਿਸ਼ਚਿਤ ਰੁਜ਼ਗਾਰ ਪ੍ਰਦਾਨ ਕਰਨ ਦੇ ਉਦੇਸ਼ ਨਾਲ਼ ਬਣਾਇਆ ਗਿਆ ਹੈ। ਪ੍ਰਸਤਾਵਿਤ ਰੁਜ਼ਗਾਰਾਂ ਦਾ ਇਕ

ਤਿਹਾਈ ਰੁਜ਼ਗਾਰ ਮਹਿਲਾਵਾਂ ਲਈ ਰਾਖਵਾਂ ਹੋਵੇਗਾ। ਇਸ ਯੋਜਨਾ ਨੂੰ ਲਾਗੂ ਕਰਨ ਲਈ, ਕੇਂਦਰ ਅਤੇ ਰਾਜ ਸਰਕਾਰ ਵੱਲੋਂ ਰੁਜ਼ਗਾਰ ਗਾਰੰਟੀ ਫੰਡ ਸਥਾਪਿਤ ਕੀਤਾ ਜਾਂਦਾ ਹੈ।

iii. ਸੰਪੂਰਨ ਗ੍ਰਾਮੀਣ ਰੁਜ਼ਗਾਰ ਯੋਜਨਾ (SGRY)–ਵਾਧੂ (Surplus) ਮਜ਼ਦੂਰਾਂ ਨੂੰ ਰੁਜ਼ਗਾਰ ਅਵਸਰ ਪ੍ਰਦਾਨ ਕਰਨ ਅਤੇ ਖੇਤਰੀ ਸਮਾਜਿਕ ਅਤੇ ਆਰਥਿਕ ਸਥਿਤੀਆਂ ਨੂੰ ਵਿਕਸਿਤ ਕਰਨ ਦੇ ਉਦੇਸ਼ ਨਾਲ ਇਹ ਯੋਜਨਾ ਬਣਾਈ ਗਈ ਹੈ।

iv. ਪ੍ਰਧਾਨ ਮੰਤਰੀ ਰੁਜ਼ਗਾਰ ਯੋਜਨਾ (PMRY)–ਇਹ ਯੋਜਨਾ1993 ਵਿੱਚ ਸ਼ੁਰੂ ਕੀਤੀ ਗਈ ਸੀ। ਇਸਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਅਤੇ ਛੋਟੇ ਸ਼ਹਿਰਾਂ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਲਈ ਰੁਜਗਾਰ ਦੇ ਅਵਸਰ ਪ੍ਰਦਾਨ ਕਰਨਾ ਸੀ।

v. ਪ੍ਰਧਾਨ ਮੰਤਰੀ ਗ੍ਰਾਮਉਦੈ ਯੋਜਨਾ (PMGY)–ਇਹ ਯੋਜਨਾ ਸਾਲ 2000 ਵਿੱਚ ਲਾਗੂ ਕੀਤੀ ਗਈ। ਇਸ ਯੋਜਨਾ ਦਾ ਉਦੇਸ਼ ਪੇਂਡੂ ਖੇਤਰ ਦੀਆਂ ਸੜਕਾਂ, ਘਰ, ਪੀਣ ਦੇ ਪਾਣੀ, ਪ੍ਰਾਇਮਰੀ ਸਿੱਖਿਆ ਅਤੇ ਸਿਹਤ ਨੂੰ ਵਾਧੂ ਕੇਂਦਰੀ ਸਹਾਇਤਾ ਲੈ ਕੇ ਸੁਧਾਰਨਾ ਹੈ।

vi. ਅੰਤੋਦਯਾ ਅੰਨ ਯੋਜਨਾ (AAY) – ਇਹ ਯੋਜਨਾ ਸਾਲ 2000 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਅਧੀਨ ਗ਼ਰੀਬ ਪਰਿਵਾਰਾਂ ਦੀ ਪਛਾਣ ਕੀਤੀ ਜਾਂਦੀ ਸੀ ਜਿਨ੍ਹਾਂ ਨੂੰ 25 ਕਿਲੋ ਅੰਨ ਬਹੁਤ ਹੀ ਘੱਟ ਕੀਮਤ ਤੇ ਜਿਵੇਂ ਕਿ ₹ 2 ਪ੍ਰਤਿ ਕਿਲੋ ਕਣਕ ਅਤੇ ₹ 3 ਪ੍ਰਤਿ ਕਿਲੋਂ ਚਾਵਲ ਦਿੱਤਾ ਜਾਂਦਾ ਹੈ।

ਇਹਨਾਂ ਪ੍ਰੋਗਰਾਮਾਂ ਨੂੰ ਲਾਗੂ ਕਰਨ ਲਈ ਸਰਕਾਰ ਵੱਲੋਂ ਬਹੁਤ ਖਰਚ ਕੀਤਾ ਜਾ ਰਿਹਾ ਹੈ। ਪਰ ਇਹਨਾਂ ਦੇ ਸਿੱਟੇ ਮਿਲ਼ੇ-ਜੁਲ਼ੇ ਨਿਕਲ਼ ਰਹੇ ਹਨ। ਸਹੀ ਢੰਗ ਨਾਲ਼ ਲਾਗੂ ਕਰਨ ਅਤੇ ਸਹੀ ਟੀਚਾ ਨਿਸ਼ਚਿਤ ਕਰਨ ਦੀ ਕਮੀ, ਇਹਨਾਂ ਪ੍ਰੋਗਰਾਮਾਂ ਨੂੰ ਘੱਟ ਪ੍ਰਭਾਵੀ ਬਣਾਉਂਦੀ ਹੈ, ਨਤੀਜੇ ਵਜੋਂ ਵੱਖ-ਵੱਖ ਰਾਜਾਂ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਅਜੇ ਵੀ ਬਹੁਤ ਗ਼ਰੀਬੀ ਫੈਲੀ ਹੋਈ ਹੈ। ਗ਼ਰੀਬੀ ਦੀ ਸਮਾਪਤੀ ਨਾਲ਼ ਆਰਥਿਕ ਵਾਧਾ, ਉੱਚੀ ਸਾਖਰਤਾ ਦਰ ਅਤੇ ਸਮਾਜ ਦੇ ਕਮਜ਼ੋਰ ਵਰਗ ਨੂੰ ਬਹੁਤ ਉਤਸ਼ਾਹ ਮਿਲਦਾ ਹੈ। ਇਸ ਨਾਲ਼ ਵਧ ਰਹੀ ਜਨ ਸੰਖਿਆ ਦੀ ਦਰ ਵੀ ਘੱਟਦੀ ਹੈ।

ਸੰਖੇਪ ਸਾਰ (Summary)

- ਆਜ਼ਾਦੀ ਤੋਂ ਬਾਅਦ ਹੁਣ ਤੱਕ ਵੀ ਭਾਰਤ ਗ਼ਰੀਬੀ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਸੰਘਰਸ਼ ਕਰ ਰਿਹਾ ਹੈ।
- ਸੰਸਾਰ ਦੀ ਕੁੱਲ ਗ਼ਰੀਬ ਜਨਸੰਖਿਆ ਦੇ 1/5 ਹਿੱਸੇ ਤੋਂ ਜ਼ਿਆਦਾ ਗ਼ਰੀਬ ਭਾਰਤ ਵਿੱਚ ਰਹਿੰਦੇ ਹਨ।
- ਗ਼ਰੀਬੀ ਉਹ ਸਥਿਤੀ ਹੈ, ਜਿਸ ਵਿੱਚ ਲੋਕ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪ੍ਰਾਪਤ ਕਰਨ ਵਿੱਚ ਅਸਮੱਰਥ ਹੁੰਦੇ ਹਨ।

- ਗ਼ਰੀਬੀ, ਲੋਕਾਂ ਵਿੱਚ ਲਾਚਾਰੀ ਦੀ ਭਾਵਨਾ ਪੈਦਾ ਕਰਦੀ ਹੈ।
- ਗ਼ਰੀਬੀ ਰੇਖਾ, ਜ਼ਿੰਦਗੀ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ-ਘੱਟ ਜ਼ਰੂਰੀ ਆਮਦਨ ਨੂੰ ਮਾਪਣ ਦਾ ਤਰੀਕਾ ਹੈ।
- ਭਾਰਤ ਵਿੱਚ ਨਿਰਧਾਰਿਤ ਕੈਲਰੀ ਦੀ ਜ਼ਰੂਰਤ ਪੇਂਡੂ ਖੇਤਰਾਂ ਵਿੱਚ 2400 ਕੈਲਰੀ ਪ੍ਰਤਿ ਵਿਅਕਤੀ ਪ੍ਰਤਿ ਦਿਨ ਅਤੇ ਸ਼ਹਿਰਾਂ ਵਿੱਚ 2100 ਕੈਲਰੀ ਪ੍ਰਤਿ ਵਿਅਕਤੀ ਪ੍ਰਤਿ ਦਿਨ ਹੈ।
- ਪੇਂਡੂ ਗ਼ਰੀਬੀ ਸ਼ਹਿਰੀ ਗ਼ਰੀਬੀ ਨਾਲੋਂ ਤੇਜ ਗਤੀ ਨਾਲ ਅੱਗੇ ਵੱਧ ਰਹੀ ਹੈ। ਦੋਨਾਂ ਵਿੱਚ ਸਮੇਂ ਨਾਲ਼ ਕੁਝ ਕਮੀ ਆਈ ਹੈ।
- ਭਾਰਤ ਦੇ ਹਰੇਕ ਰਾਜ ਵਿੱਚ ਗ਼ਰੀਬ ਲੋਕਾਂ ਦਾ ਅਨੁਪਾਤ ਇੱਕੋ ਜਿਹਾ ਹੈ। ਇਹ ਵੱਖ-ਵੱਖ ਦੇਸ਼ਾਂ ਵਿੱਚ ਵੀ ਗ਼ਰੀਬੀ ਦਾ ਅਨੁਪਾਤ ਵੱਖੋ-ਵੱਖਰਾ ਹੈ।



ੳ ਵਸਤੂਨਿਸ਼ਠ ਪ੍ਰਸ਼ਨ

1. ਬਹੁ-ਵਿਕਲਪਿਕ ਚੋਣ ਪ੍ਰਸ਼ਨ:-

i. ਭਾਰਤ ਵਿੱਚ ਗ਼ਰੀਬੀ ਵਿੱਚ ਰਹਿਣ ਵਾਲ਼ੇ ਲੋਕਾਂ ਦੀ ਸੰਖਿਆ ਕਿੰਨੀ ਹੈ।

(a) 20 ਕਰੋੜ (b) 25 ਕਰੋੜ

(c) 26 ਕਰੋੜ (d) ਇਹਨਾਂ ਵਿੱਚੋਂ ਕੋਈ ਨਹੀਂ ਹੈ।

ii. ਗ਼ਰੀਬੀ ਦਾ ਅਨੁਪਾਤ ਵਿੱਚ ਘੱਟ ਹੈ।

(a) ਵਿਕਸਿਤ ਦੇਸ਼ਾਂ (b) ਵਿਕਾਸਸ਼ੀਲ ਦੇਸ਼ਾਂ

(c) ਅਲਪ ਵਿਕਸਿਤ ਦੇਸ਼ਾਂ (d) ਇਹਨਾਂ ਵਿੱਚੋਂ ਕੋਈ ਨਹੀਂ

iii. ਭਾਰਤ ਵਿੱਚ ਸਭ ਤੋਂ ਜ਼ਿਆਦਾ ਗ਼ਰੀਬ ਰਾਜ ਕਿਹੜਾ ਹੈ ?

(a) ਬਿਹਾਰ (b) ਉੱਤਰ ਪ੍ਰਦੇਸ਼

(c) ਓਡੀਸ਼ਾ (d) ਰਾਜਸਥਾਨ

iv. ਰਾਸ਼ਟਰੀ ਆਮਦਨ ਕਿਸ ਦਾ ਸੂਚਕ ਹੈ।

(a) ਗ਼ਰੀਬੀ ਰੇਖਾ (b) ਜੰਨਸੰਖਿਆ

(c) ਸਾਪੇਖ ਗ਼ਰੀਬੀ (d) ਨਿਰਪੇਖ ਗ਼ਰੀਬੀ

2. ਖਾਲੀ ਸਥਾਨ ਭਰੋ:-

i. ਸੰਸਾਰ ਦੀ ਕੁੱਲ ਗ਼ਰੀਬ ਜੰਨਸੰਖਿਆ ਦੇ ਤੋਂ ਜ਼ਿਆਦਾ ਗ਼ਰੀਬ ਭਾਰਤ ਵਿੱਚ ਰਹਿੰਦੇ ਹਨ।

ii. ਗ਼ਰੀਬੀ ਗ਼ਰੀਬ ਲੋਕਾਂ ਵਿੱਚ ਦੀ ਭਾਵਨਾ ਪੈਦਾ ਕਰਦੀ ਹੈ।

iii. ਲੋਕਾਂ ਨੂੰ ਨਾਲ਼ੋਂ ਜ਼ਿਆਦਾ ਕੈਲਰੀ ਦੀ ਲੋੜ ਹੁੰਦੀ ਹੈ।

iv. ਪੰਜਾਬ ਰਾਜ ਨੇ ਦੀ ਸਹਾਇਤਾ ਨਾਲ਼ ਗ਼ਰੀਬੀ ਘੱਟ ਕਰਨ ਵਿੱਚ ਸਫ਼ਲ ਰਹੇ ਹਨ।

v. ਉਹ ਤਰੀਕਾ ਜਿਹੜਾ ਜ਼ਿੰਦਗੀ ਦੀਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ- ਘੱਟ ਜ਼ਰੂਰੀ ਆਮਦਨ ਨੂੰ ਮਾਪਣ ਦਾ ਹੈ ਨੂੰ ਕਹਿੰਦੇ ਹਨ।

vi. ਗ਼ਰੀਬੀ ਦੇ ਮਾਪਦੰਡ ਦਾ ਇੱਕ ਕਾਰਨ ਹੈ।

3. ਸਹੀ /ਗਲਤ :-

i. ਵਿਸ਼ਵ ਵਿਆਪੀ ਗ਼ਰੀਬੀ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ।

ii. ਖੇਤੀਬਾੜੀ ਵਿੱਚ ਛੁਪੀ ਹੋਈ ਬੇਰੁਜ਼ਗਾਰੀ ਹੁੰਦੀ ਹੈ।

iii. ਪਿੰਡਾਂ ਵਿੱਚ ਪੜ੍ਹੀ-ਲਿਖੀ ਬੇਰੁਜ਼ਗਾਰੀ ਜ਼ਿਆਦਾ ਹੁੰਦੀ ਹੈ।

iv. ਨੈਸ਼ਨਲ ਸੈਂਪਲ ਸਰਵੇ ਆਰਗਨਾਈਜੇਸ਼ਨ (NSSO) ਸਰਵੇਖਣ ਕਰਕੇ ਜਨਸੰਖਿਆ ਵਿੱਚ ਹੋ ਰਹੇ ਵਾਧੇ ਦਾ ਅਨੁਮਾਨ ਲਗਾਉਂਦੇ ਹਨ।

v. ਸਭ ਤੋਂ ਵੱਧ ਗ਼ਰੀਬੀ ਵਾਲ਼ੇ ਰਾਜ ਬਿਹਾਰ ਅਤੇ ਓਡੀਸ਼ਾ ਹਨ।

4. ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:-

i. ਸਾਪੇਖ ਗ਼ਰੀਬੀ ਤੋਂ ਕੀ ਭਾਵ ਹੈ ?

ii. ਨਿਰਪੇਖ ਗ਼ਰੀਬੀ ਤੋਂ ਕੀ ਭਾਵ ਹੈ ?

iii. ਸਾਪੇਖ ਗ਼ਰੀਬੀ ਦੇ ਦੋ ਸੰਕੇਤਕਾਂ ਦੇ ਨਾਂ ਦੱਸੋ।

iv. ਗ਼ਰੀਬੀ ਰੇਖਾ ਤੋਂ ਕੀ ਭਾਵ ਹੈ ?

v. ਗ਼ਰੀਬੀ ਰੇਖਾ ਨੂੰ ਨਿਰਧਾਰਿਤ ਕਰਨ ਲਈ ਭਾਰਤ ਦੇ ਯੋਜਨਾ ਕਮਿਸ਼ਨ,ਨੇ ਕੀ ਮਾਪਦੰਡ ਅਪਣਾਇਆ ਹੋਇਆ ਹੈ।

vi. ਗ਼ਰੀਬੀ ਦੇ ਦੋ ਮਾਪਦੰਡਾਂ ਦੇ ਨਾਂ ਦੱਸੋ।

vii. ਗ਼ਰੀਬ ਪਰਿਵਾਰਾਂ ਵਿੱਚ ਸਭ ਤੋਂ ਜਿਆਦਾ ਕੌਣ ਦੁੱਖ ਸਹਿੰਦਾ ਹੈ ?

viii. ਭਾਰਤ ਦੇ ਸਭ ਤੋਂ ਵੱਧ ਦੋ ਗ਼ਰੀਬ ਰਾਜਾਂ ਦੇ ਨਾਂ ਦੱਸੋ।

ix. ਕੇਰਲਾ ਨੇ ਗ਼ਰੀਬੀ ਕਿਵੇਂ ਸਭ ਤੋਂ ਵੱਧ ਘਟਾਈ ਹੈ ?

x. ਪੱਛਮੀ ਬੰਗਾਲ ਨੂੰ ਗ਼ਰੀਬੀ ਘਟਾਉਣ ਵਿਚ ਕਿਸਨੇ ਸਹਾਇਤਾ ਕੀਤੀ।

xi. ਦੋ ਰਾਜਾਂ ਦੇ ਨਾਮ ਦੱਸੋ ਜਿਨ੍ਹਾਂ ਨੇ ਉੱਚ ਖੇਤੀ ਬਾੜੀ ਵਾਧਾ ਦਰ ਦੀ ਸਹਾਇਤਾ ਨਾਲ ਗ਼ਰੀਬੀ ਘਟਾਈ ਹੈ।

xii. ਚੀਨ ਅਤੇ ਦੱਖਣੀ ਪੂਰਬੀ ਏਸ਼ੀਆਈ ਦੇਸ਼ ਗ਼ਰੀਬੀ ਘਟਾਉਣ ਵਿਚ ਕਿਵੇਂ ਸਮਰੱਥ ਹੋਏ ?

xiii. ਗ਼ਰੀਬੀ ਦੇ ਦੋ ਕਾਰਨ ਦੱਸੋ ?

xiv. ਦੋ ਗ਼ਰੀਬੀ ਘਟਾਉਣ ਵਾਲੇ ਪ੍ਰੋਗਰਾਮਾਂ ਦੇ ਨਾਂ ਦੱਸੋ ?

xv. ਉਸ ਪ੍ਰੋਗਰਾਮ ਦਾ ਨਾਮ ਦੱਸੋ ਜਿਹੜਾ ਸਰਕਾਰੀ ਸਕੂਲੀ ਬੱਚਿਆਂ ਨੂੰ ਮੁਫਤ ਭੋਜਨ ਪ੍ਰਦਾਨ ਕਰਵਾਉਂਦਾ ਹੈ।

ਅ. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

1. ਗ਼ਰੀਬੀ ਤੋਂ ਕੀ ਭਾਵ ਹੈ ? ਵਿਆਖਿਆ ਕਰੋ ?
2. ਸਾਪੇਖ ਅਤੇ ਨਿਰਪੇਖ ਗ਼ਰੀਬੀ ਵਿੱਚ ਅੰਤਰ ਸਪਸ਼ਟ ਕਰੋ।
3. ਗ਼ਰੀਬ ਲੋਕਾਂ ਨੂੰ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ?
4. ਭਾਰਤ ਵਿੱਚ ਗ਼ਰੀਬੀ ਰੇਖਾ ਦਾ ਅਨੁਮਾਨ ਕਿਵੇਂ ਲਗਾਇਆ ਜਾਂਦਾ ਹੈ ? ਵਰਨਨ ਕਰੋ
5. ਗ਼ਰੀਬੀ ਦੇ ਮੁੱਖ ਮਾਪ-ਦੰਡਾਂ ਦਾ ਵਰਣਨ ਕਰੋ।
6. 1993-94 ਤੋਂ ਭਾਰਤ ਵਿੱਚ ਗ਼ਰੀਬੀ ਦੇ ਰੁਝਾਨਾਂ ਦਾ ਵਰਨਨ ਕਰੋ।
7. ਭਾਰਤ ਵਿੱਚ ਗ਼ਰੀਬੀ ਦੀ ਅੰਤਰ ਰਾਜੀ ਅਸਮਾਨਤਾ ਦਾ ਸੰਖੇਪ ਵਰਨਣ ਕਰੋ।
8. ਭਾਰਤ ਵਿੱਚ ਗ਼ਰੀਬੀ ਦੇ ਤਿੰਨ ਮੁੱਖ ਕਾਰਨ ਕਿਹੜੇ ਹਨ
9. ਗ਼ਰੀਬੀ ਬੇਰੁਜ਼ਗਾਰੀ ਦਾ ਪ੍ਰਗਟਾਵਾ ਹੈ, ਸਪੱਸ਼ਟ ਕਰੋ।
10. ਆਰਥਿਕ ਵਾਧੇ ਵਿੱਚ ਪ੍ਰੋਤਸਾਹਨ ਗ਼ਰੀਬੀ ਘਟਾਉਣ ਵਿੱਚ ਸਹਾਇਤਾ ਕਰਦਾ ਹੈ, ਸਪਸ਼ਟ ਕਰੋ।

11. ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ, 2005 ਦੀਆਂ ਮੁੱਖ ਵਿਸ਼ੇਸ਼ਤਾਵਾਂ ਕਿਹੜੀਆਂ ਹਨ ?

12. ਭਾਰਤ ਸਰਕਾਰ ਵਲੋਂ ਚਲਾਏ ਗਏ ਕਿਸੇ ਤਿੰਨ ਗ਼ਰੀਬੀ ਘਟਾਉ ਪ੍ਰੋਗਰਾਮਾਂ ਨੂੰ ਸਪੱਸ਼ਟ ਕਰੋ।

4

ਭਾਰਤ ਵਿੱਚ ਅੰਨ ਸੁਰੱਖਿਆ

ਪਿਆਰੇ ਵਿਦਿਆਰਥੀਓ, ਇਸ ਪਾਠ ਵਿੱਚ ਅਸੀਂ ਅੰਨ ਸੁਰੱਖਿਆ ਤੋਂ ਕੀ ਭਾਵ ਹੈ, ਦੇਸ਼ ਨੂੰ ਇਸਦੀ ਲੋੜ ਕਿਉਂ ਪੈਂਦੀ ਹੈ ਅਤੇ ਇਸ ਸੰਬੰਧੀ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾ ਬਾਰੇ ਪੜ੍ਹਾਂਗੇ।

ਅੰਨ ਸੁਰੱਖਿਆ ਤੋਂ ਭਾਵ ਹੈ ਕਿ ਹਰ ਸਮੇ ਹਰੇਕ ਵਿਅਕਤੀ ਨੂੰ ਅੰਨ ਉਪਲਬਧ ਹੋਵੇ, ਉਸਦੀ ਪਹੁੰਚ ਵਿੱਚ ਹੋਵੇ ਅਤੇ ਉਹ ਉਸ ਅੰਨ ਨੂੰ ਖਰੀਦਣ ਦੀ ਸਮਰੱਥਾ ਰੱਖਦਾ ਹੋਵੇ।

- ਅੰਨ ਦੇ ਉਪਲਬਧ ਹੋਣ ਤੋਂ ਭਾਵ ਹੈ ਕਿ ਦੇਸ਼ ਦੇ ਅੰਦਰ ਅੰਨ ਪੈਦਾ ਕਰਨਾ।
- ਅੰਨ ਦੀ ਪਹੁੰਚ ਤੋਂ ਭਾਵ ਹੈ ਕਿ ਹਰੇਕ ਵਿਅਕਤੀ ਨੂੰ ਲੋੜੀਂਦੀ ਮਾਤਰਾ ਵਿੱਚ ਅੰਨ ਅਸਾਨੀ ਨਾਲ ਪ੍ਰਾਪਤ ਹੋ ਸਕੇ।
- ਅੰਨ ਨੂੰ ਖਰੀਦਣ ਦੀ ਸਮਰੱਥਾ ਤੋਂ ਭਾਵ ਹੈ ਕਿ ਹਰੇਕ ਵਿਅਕਤੀ ਕੋਲ਼ ਅੰਨ ਦੀ ਲੋੜੀਂਦੀ ਮਾਤਰਾ ਖ਼ਰੀਦਣ ਲਈ ਧਨ ਹੋਣਾ ਚਾਹੀਦਾ ਹੈ। ਸਰਕਾਰ ਨੂੰ ਅੰਨ ਦੀ ਉਚਿੱਤ ਮਾਤਰਾ ਭੰਡਾਰ ਕਰਕੇ ਰੱਖਣੀ ਚਾਹੀਦੀ ਹੈ ਤਾਂ ਜੋ ਕੁਦਰਤੀ ਆਫ਼ਤਾਂ ਜਿਵੇਂ ਕਿ ਹੜ੍ਹ, ਸੋਕੇ ਆਦਿ ਸਮੇ ਇਸ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ।

ਡਾ. ਅਮਰਤਿਆ ਸੇਨ ਦੀ ਅੰਨ ਸੁਰੱਖਿਆ ਬਾਰੇ ਵਿਚਾਰ।

ਨੋਬਲ ਪੁਰਸਕਾਰ ਵਿਜੇਤਾ ਅਤੇ ਪ੍ਰਸਿੱਧ ਅਰਥਸ਼ਾਸਤਰੀ ਡਾ. ਅਮਰਤਿਆ ਸੇਨ ਨੇ ਅੰਨ ਸੁਰੱਖਿਆ ਬਾਰੇ ਇੱਕ ਨਵੀਂ ਧਾਰਨਾ ਦਿੱਤੀ। ਡਾ. ਅਮਰਤਿਆ ਸੇਨ ਨੇ 'ਪਹੁੰਚ' ਧਾਰਨ ਦੀ ਥਾਂ ਤੇ 'ਅਧਿਕਾਰ' ਧਾਰਨਾ ਤੇ ਜ਼ੋਰ ਦਿੱਤਾ। 'ਅਧਿਕਾਰ' ਧਾਰਨਾ ਨਾਲ਼ ਨਾਗਰਿਕਾਂ ਨੂੰ ਅੰਨ ਸੰਬੰਧੀ ਹੱਕ ਅਤੇ ਸਰਕਾਰ ਨੂੰ ਭੁੱਖੇ ਵਿਅਕਤੀਆਂ ਲਈ ਅੰਨ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਨਿਸ਼ਚਿਤ ਹੁੰਦੀ ਹੈ। ਇਸ ਸੰਮੇਲਨ ਵਲੋਂ ਇਹ ਵੀ ਮੰਨਣਾ ਸੀ ਕਿ ਹਰ ਇੱਕ ਵਿਅਕਤੀ ਦੀ ਅੰਨ ਦੀ ਪਹੁੰਚ ਲਈ ਗ਼ਰੀਬੀ ਨੂੰ ਖ਼ਤਮ ਕਰਨਾ ਜ਼ਰੂਰੀ ਹੈ। ਇਸ ਜ਼ਿੰਮੇਵਾਰੀ ਵਿੱਚ ਕੇਵਲ ਅੰਨ ਦੀ ਉਪਲੱਬਧਤਾ ਹੀ ਨਹੀਂ ਬਲਕਿ ਪੀਣ ਵਾਲਾ ਸਾਫ਼ ਪਾਣੀ, ਬੁਨਿਆਦੀ ਸਫ਼ਾਈ ਸਹੂਲਤਾਂ ਅਤੇ ਵੱਖ-ਵੱਖ ਵਰਗਾਂ ਦੀਆਂ ਪੋਸ਼ਟਿਕ ਲੋੜਾਂ ਦੀ ਪੂਰਤੀ ਵੀ ਆਉਂਦੀ ਹੈ। ਸਾਲ 1995 ਦੇ ਵਿਸ਼ਵ ਅੰਨ ਸੰਮੇਲਨ ਵਿੱਚ ਵਿਅਕਤੀ, ਪਰਿਵਾਰ, ਖੇਤਰ, ਰਾਜ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਅੰਨ ਸੁਰੱਖਿਆ ਲਈ ਜ਼ੋਰ ਦਿੱਤਾ ਗਿਆ। ਅੰਨ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਢੰਗ ਵਿੱਚ ਸੁਧਾਰ ਲਿਆਉਣ ਹਿੱਤ ਸਰਕਾਰ ਵੱਲੋਂ ਲੋਕਾਂ ਦੀਆਂ ਅੰਨ ਸੰਬੰਧੀ ਰੁਚੀਆਂ ਅਤੇ ਗ਼ਰੀਬੀ ਹਟਾਓ ਪ੍ਰੋਗਰਾਮ ਵੀ ਧਿਆਨ ਵਿੱਚ ਰੱਖੇ ਹਨ।

4.0 ਅੰਨ ਸੁਰੱਖਿਆ ਦੀ ਲੋੜ

ਦੇਸ਼ ਵਿੱਚ ਲਗਾਤਾਰ ਵੱਧ ਰਹੀ ਆਬਾਦੀ ਕਾਰਨ ਲੋੜੀਂਦੀ ਮਾਤਰਾ ਵਿੱਚ ਅੰਨ ਦੀ ਉਪਲੱਬਧਤਾ ਬਹੁਤ ਜ਼ਰੂਰੀ ਹੈ। ਸਮਾਜ ਦੇ ਗ਼ਰੀਬ ਵਰਗ ਨੂੰ ਲਗਪਗ ਹਰ ਸਮੇ ਅੰਨ ਸੁਰੱਖਿਆ ਦੀ ਲੋੜ ਹੁੰਦੀ ਹੈ ਕਿਉਂਕਿ ਗ਼ਰੀਬ ਲੋਕ ਆਪਣੀ ਆਰਥਿਕ ਤੰਗੀ ਕਾਰਨ ਆਪਣੇ ਲਈ ਲੋੜੀਂਦਾ ਅੰਨ ਨਹੀਂ ਖ਼ਰੀਦ ਸਕਦੇ। ਇਹਨਾਂ ਤੋਂ ਇਲਾਵਾ ਸੋਕੇ ਵਰਗੀਆਂ ਕੁਦਰਤੀ ਆਫ਼ਤਾਂ ਸਮੇ ਵੀ ਅਨਾਜ ਦੀ ਉਪਜ ਘੱਟ ਜਾਂਦੀ ਹੈ ਕਿਉਂਕਿ ਭਾਰਤੀ ਖੇਤੀ ਜ਼ਿਆਦਾਤਰ ਮੌਨਸੂਨ 'ਤੇ ਨਿਰਭਰ ਕਰਦੀ ਹੈ। ਕੁਦਰਤੀ ਆਫ਼ਤਾਂ ਨਾਲ ਪ੍ਰਭਾਵਿਤ ਖੇਤਰ ਵਿੱਚ ਅੰਨ ਦੀ ਘਾਟ ਪੈਦਾ ਹੋ ਜਾਂਦੀ ਹੈ। ਅਤੇ ਕੀਮਤਾਂ ਵਿੱਚ ਵਾਧਾ ਹੋ ਜਾਂਦਾ ਹੈ। ਬਹੁਤੇ ਲੋਕ ਵੱਧ ਕੀਮਤ ਤੇ ਅੰਨ ਖ਼ਰੀਦਣ ਤੋਂ ਅਸਮਰਥ ਹੁੰਦੇ ਹਨ। ਜੇਕਰ ਇਹ ਸਥਿਤੀ ਜ਼ਿਆਦਾ ਦੇਰ ਤੱਕ ਬਰਕਰਾਰ ਰਹੇ ਤਾਂ ਕਾਲ ਦੇ ਹਾਲਾਤ ਪੈਦਾ ਹੋ ਜਾਂਦੇ ਹਨ। ਕਾਲ਼ ਦੇ ਪ੍ਰਭਾਵ ਕਾਰਨ ਭੁੱਖਮਰੀ ਪੈਦਾ ਹੁੰਦੀ ਹੈ ਜਿਸ ਕਾਰਨ ਵਧੇਰੇ ਮੌਤਾਂ ਹੁੰਦੀਆਂ ਹਨ। ਲਾਸ਼ਾਂ ਦੇ ਸੜਨ ਕਾਰਨ ਮੁੱਖ ਰੂਪ ਵਿੱਚ ਪਾਣੀ ਦੂਸ਼ਿਤ ਹੁੰਦਾ ਹੈ ਅਤੇ ਦੂਸ਼ਿਤ ਪਾਣੀ ਦੀ ਮਜਬੂਰਨ ਵਰਤੋਂ ਕਰਨ ਨਾਲ ਹੈਜ਼ੇ ਅਤੇ ਦਸਤ ਵਰਗੀਆਂ ਮਹਾਂਮਾਰੀਆਂ ਫੈਲਦੀਆਂ ਹਨ। ਸੰਨ 1943 ਵਿੱਚ ਬੰਗਾਲ ਵਿੱਚ ਬਹੁਤ ਵੱਡਾ ਆਕਾਲ ਪਿਆ। ਇਸ ਲਗਪਗ 30 ਲੱਖ ਲੋਕਾਂ ਦੀ ਮੌਤ ਹੋ ਗਈ ਸੀ।

> ਬੰਗਾਲ ਅਕਾਲ ਦਾ ਸਭ ਤੋਂ ਵੱਧ ਅਸਰ ਕਿਹੜੇ ਵਿਅਕਤੀਆਂ ਤੇ ਹੋਇਆ ਸੀ ? ਆਕਾਲ ਦਾ ਅਸਰ ਖੇਤੀਬਾੜੀ ਕਾਮਿਆਂ, ਮਛੇਰਿਆਂ, ਪਰਿਵਹਨ ਕਿਰਤੀਆਂ ਤੇ ਜ਼ਿਆਦਾ ਹੋਇਆ ਕਿਉਂਕਿ ਚਾਵਲਾਂ ਦੀ ਕੀਮਤ ਵਿੱਚ ਵਾਧਾ ਹੋਇਆ ਸੀ।

ਇਸ ਸਮੇਂ ਦੌਰਾਨ ਬੰਗਾਲ ਵਿੱਚ ਅਨਾਜ ਦਾ ਉਤਪਾਦਨ ਕਾਫ਼ੀ ਘੱਟ ਹੋਇਆ ਹੈ ਸੀ। ਇਸ ਦੇ ਘੱਟ ਹੋਣ ਦਾ ਕਾਰਣ ਕੁਦਰਤੀ ਆਫ਼ਤਾਂ ਹਨ। ਜਿਸ ਕਰਕੇ ਅਨਾਜ ਦੀ ਪੂਰਤੀ ਉਸ ਦੀ ਮੰਗ ਨਾਲੋ ਕਾਫ਼ੀ ਘੱਟ ਰਹੀ ਹੈ ਅਤੇ ਅਕਾਲ ਵਰਗੀ ਭਿਆਨਕ ਸਥਿਤੀ ਪੈਂਦਾ ਹੋ ਗਈ।





ਚਿੱਤਰ 4.1: ਬੰਗਾਲ ਵਿੱਚ ਆਕਾਲ

ਕਿਰਿਆ



i. ਤੁਸੀਂ ਚਿੱਤਰ 4.1 ਵਿੱਚ ਕੀ ਦੇਖਦੇ ਹੋ ?

ii. ਕੀ ਤੁਸੀਂ ਕਹਿ ਸਕਦੇ ਹੋ ਕਿ ਚਿੱਤਰ ਵਿੱਚ ਦਿਖਾਇਆ ਪਰਿਵਾਰ ਗਰੀਬ ਹੈ ? ਜੇਕਰ ਹਾਂ ਹੈ ਤਾਂ ਕਿਉਂ ?

iii. ਕੀ ਤੁਸੀਂ ਚਿੱਤਰ ਵਿੱਚਲੇ ਵਿਅਕਤੀਆਂ ਦੀ ਉਪ-ਜੀਵਿਕਾ ਦਾ ਸਾਧਨ ਦੱਸ ਸਕਦੇ ਹੋ ? ਆਪਣੇ ਅਧਿਆਪਕ ਨਾਲ ਚਰਚਾ ਕਰੋ।

iv. ਰਾਹਤ ਕੈਂਪ ਵਿੱਚ ਕੁਦਰਤੀ ਆਫ਼ਤਾਂ ਦੇ ਸ਼ਿਕਾਰ ਵਿਅਕਤੀਆਂ ਨੂੰ ਕਿਸ ਕਿਸਮ ਦੀ ਸਹਾਇਤਾ ਦਿੱਤੀ ਜਾ ਸਕਦੀ ਹੈ ?

ਬੰਗਾਲ ਦੇ ਕਾਲ਼ ਵਰਗਾ, ਵੱਡਾ ਕਾਲ਼ ਦੁਬਾਰਾ ਕਦੀ ਨਹੀਂ ਪਿਆ ਪਰ ਓਡੀਸ਼ਾ ਵਿੱਚ ਕਾਲਾ ਹਾਂਡੀ ਅਤੇ ਕਾਸ਼ੀਪੁਰ ਵਿਖੇ ਆਕਾਲ ਵਰਗੀਆਂ ਸਥਿਤੀਆਂ ਪੈਦਾ ਹੁੰਦੀਆਂ ਰਹੀਆਂ ਹਨ। ਰਾਜਸਥਾਨ ਅਤੇ ਝਾਰਖੰਡ ਦੇ ਕੁਝ ਖੇਤਰਾਂ ਵਿੱਚ ਭੁੱਖਮਰੀ ਕਾਰਨ ਕੁਝ ਮੌਤਾਂ ਹੋਈਆਂ ਹਨ। ਇਸ ਲਈ ਦੇਸ਼ ਵਿੱਚ ਹਰ ਸਮੇ ਭੋਜਨ ਦੀ ਉਪੱਲਬਧਤਾ ਲਈ ਅੰਨ ਸੁਰੱਖਿਆ ਦੀ ਲੋੜ ਪੈਂਦੀ ਹੈ।

4.1 ਅੰਨ ਸੁਰੱਖਿਅਤ ਵਰਗ ਕਿਹੜਾ ਹੈ ?

ਭਾਰਤ ਵਿੱਚ ਲੋਕਾਂ ਦਾ ਇੱਕ ਵੱਡਾ ਵਰਗ ਅੰਨ ਅਤੇ ਪੌਸ਼ਟਿਕ ਆਹਾਰ ਤੋਂ ਅਸੁਰੱਖਿਅਤ ਹੈ ਪਰ ਹੇਠ ਲਿਖੇ ਵਿਅਕਤੀ ਜ਼ਿਆਦਾ ਅੰਨ ਅਸੁੱਰਖਿਅਤ ਹਨ :

i. ਭੂਮੀ ਰਹਿਤ ਵਰਗ ਜਿਹੜੇ ਅੰਨ ਲਈ ਦੂਸਰੇ ਵਿਅਕਤੀਆਂ 'ਤੇ ਨਿਰਭਰ ਰਹਿੰਦੇ ਹਨ,

ii. ਪ੍ਰੰਪਰਾਵਾਦੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਾਰੀਗਰ ਜਿਵੇਂ ਨਾਈ ਆਦਿ।

iii. ਛੋਟੇ ਰੁਜ਼ਗਾਰਾਂ ਵਿੱਚ ਲੱਗੇ ਵਿਅਕਤੀ ਅਤੇ ਬੇਘਰ ਗ਼ਰੀਬ ਵਿਅਕਤੀ ਜਿਵੇਂ ਭਿਖਾਰੀ ਆਦਿ।

iv. ਸ਼ਹਿਰੀ ਖੇਤਰ ਵਿੱਚ ਉਹ ਵਿਅਕਤੀ ਅੰਨ ਅਸੁਰੱਖਿਅਤ ਹੁੰਦੇ ਹਨ ਜਿਹੜੇ ਦਿਹਾੜੀਦਾਰ ਮਜ਼ਦੂਰ ਅਤੇ ਘੱਟ ਉਜਰਤ ਵਾਲੇ ਕੰਮ ਧੰਦਿਆਂ ਵਿੱਚ ਲੱਗੇ ਹੁੰਦੇ ਹਨ। ਇਹੀ ਕਿਰਤੀ ਮੌਸਮੀ ਕਿਰਿਆਵਾਂ ਵਿੱਚ ਲੱਗੇ ਹੁੰਦੇ ਹਨ ਅਤੇ ਇਹਨਾਂ ਨੂੰ ਬਹੁਤ ਘੱਟ ਤਨਖਾਹ ਮਿਲਦੀ ਹੈ ਜਿਸ ਨਾਲ ਇਹਨਾਂ ਦਾ ਗੁਜ਼ਾਰਾ ਮੁਸ਼ਕਿਲ ਨਾਲ਼ ਹੀ ਹੁੰਦਾ ਹੈ।

v. ਕੁਦਰਤੀ ਆਫ਼ਤ ਵਾਪਰਨ ਤੋਂ ਬਾਅਦ ਪ੍ਰਭਾਵਿਤ ਖੇਤਰਾਂ ਵਿੱਚੋ ਪ੍ਰਵਾਸ ਕਰਨ ਵਾਲ਼ੇ ਵਿਅਕਤੀ ਸਭ ਤੋਂ ਵੱਧ ਅੰਨ ਅਸੁੱਰਖਿਅਤ ਹੁੰਦੇ ਹਨ।

vi. ਔਰਤਾਂ ਅਤੇ ਬੱਚੇ ਕੁਪੋਸ਼ਣ ਦਾ ਵੱਧ ਸ਼ਿਕਾਰ ਹੁੰਦੇ ਹਨ। ਇਹ ਲੋਕ ਅੰਨ ਅਸੁੱਰਖਿਅਤ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

4.1.1 ਅੰਨ ਅਸੁਰੱਖਿਆ ਵਿਅਕਤੀਆਂ ਦੀ ਵੰਡ

ਦੇਸ਼ ਦੇ ਕੁਝ ਭਾਗ, ਜਿਵੇਂ ਕਿ, ਕਬਾਇਲੀ ਅਤੇ ਦੂਰ ਦੁਰਾਡੇ ਦੇ ਖੇਤਰ ਜੋ ਆਰਥਿਕ ਪੱਖੋਂ ਪੱਛੜੇ ਹੋਏ ਹਨ ਅਤੇ ਜਿਹੜੇ ਇਲਾਕਿਆਂ ਵਿੱਚ ਵੱਧ ਕੁਦਰਤੀ ਆਫ਼ਤਾਂ ਵਾਪਰਦੀਆਂ ਹਨ, ਉੱਥੇ ਦੇ ਲੋਕ ਜ਼ਿਆਦਾ ਗ਼ਰੀਬ ਅਤੇ ਅੰਨ ਅਸੁਰੱਖਿਅਤ ਹੁੰਦੇ ਹਨ। ਅਜਿਹੇ ਹਾਲਾਤਾਂ ਨਾਲ਼ ਜੂਝ ਰਹੇ ਅੰਨ ਅਸੁਰੱਖਿਅਤ ਲੋਕਾਂ ਦੀ ਗਿਣਤੀ ਬਹੁਤ ਹੈ। ਦੇਸ਼ ਦੇ ਕੁਝ ਰਾਜ ਜਿਵੇਂ ਉੱਤਰ ਪ੍ਰਦੇਸ਼, ਓਡੀਸ਼ਾ, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਛਤੀਸਗੜ੍ਹ, ਮੱਧ ਪ੍ਰਦੇਸ਼, ਅਤੇ ਮਹਾਰਾਸ਼ਟਰ ਦੇ ਕੁਝ ਭਾਗਾਂ ਵਿੱਚ ਅੰਨ ਅਸੁਰੱਖਿਅਤ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਭੁੱਖ ਅੰਨ ਸੁਰੱਖਿਆ ਦਾ ਇੱਕ ਸੂਚਕ ਹੈ। ਸਾਡੇ ਦੇਸ਼ ਦੇ ਬਹੁਤ ਸਾਰੇ ਵਿਅਕਤੀ ਭੁੱਖ ਦੇ ਸ਼ਿਕਾਰ ਹਨ। ਭੁੱਖ ਦੇ ਦੋ ਪਹਿਲੂ ਹਨ ਮਿਆਦੀ ਅਤੇ ਮੌਸਮੀ। ਜਦੋਂ ਕਿਸੇ ਵਿਅਕਤੀ ਨੂੰ ਲੋੜੀਂਦੀ ਮਾਤਰਾ ਅਤੇ ਗੁਣਵੱਤਾ ਵਿੱਚ ਖ਼ਰਾਕ ਨਿੰਰਤਰ ਨਹੀਂ ਮਿਲਦੀ ਹੈ ਤਾਂ ਉਸਦੀ ਭੁੱਖ ਮਿਆਦੀ ਹੁੰਦੀ ਹੈ। ਗ਼ਰੀਬ ਵਿਅਕਤੀਆਂ ਦੀ ਆਮਦਨ ਬਹੁਤ ਘੱਟ ਹੁੰਦੀ ਹੈ ਜਿਸ ਕਰਕੇ ਉਹ ਆਪਣਾ ਪੇਟ ਭਰਨ ਲਈ ਵੀ ਭੋਜਨ ਨਹੀਂ ਖਰੀਦ ਸਕਦੇ। ਜਿਸ ਕਾਰਨ ਉਹ ਮਿਆਦੀ ਭੁੱਖ ਦਾ ਸ਼ਿਕਾਰ ਹੋ ਜਾਂਦੇ ਹਨ। ਮੌਸਮੀ ਭੁੱਖ ਅਨਾਜ ਵਾਲੀਆਂ ਫਸਲਾਂ ਦੇ ਬੀਜਣ ਅਤੇ ਕਟਾਈ ਦੇ ਚੱਕਰ ਨਾਲ਼ ਸੰਬੰਧਿਤ ਹੁੰਦੀ ਹੈ। ਪੇਂਡੂ ਖੇਤਰ ਵਿੱਚ ਇਹ ਖੇਤੀ ਬਾੜੀ ਦੀਆਂ ਮੌਸਮੀ ਕਿਰਿਆਵਾਂ ਕਰਕੇ ਹੁੰਦੀ ਹੈ ਅਤੇ ਸ਼ਹਿਰੀ ਖੇਤਰ ਵਿੱਚ ਇਹ ਦਿਹਾੜੀਦਾਰ ਕਿਰਤ ਕਰਕੇ ਹੁੰਦੀ ਹੈ। ਜਿਵੇਂ ਕਿ, ਬਰਸਾਤ ਦੇ ਮੌਸਮ ਵਿੱਚ ਦਿਹਾੜੀਦਾਰ ਕਿਰਤੀਆਂ ਨੂੰ ਉਸਾਰੀ ਦਾ ਕੰਮ ਘੱਟ ਮਿਲ਼ਦਾ ਹੈ। ਜਦੋਂ ਕਿਸੇ ਵਿਅਕਤੀ ਨੂੰ ਪੂਰਾ ਸਾਲ ਰੋਜ਼ੀ ਰੋਟੀ ਕਮਾਉਣ ਲਈ ਕੰਮ ਨਹੀਂ ਮਿਲਦਾ ਤਾ ਨਤੀਜੇ ਵਜੋਂ ਮੌਸਮੀ ਭੁੱਖ ਉਤਪੰਨ ਹੁੰਦੀ ਹੈ। ਇਸ ਲਈ ਅੰਨ ਸੁਰੱਖਿਆ ਦੀ ਪਹਿਲੀ ਤਰਜੀਹ ਭੁੱਖਮਰੀ ਨੂੰ ਦੂਰ ਕਰਨਾ ਹੈ।

ਸਾਰਨੀ 4.2 : ਭਾਰਤ ਵਿੱਚ ਭੁੱਖ ਨਾਲ਼ ਸੰਬੰਧਤ ਪਰਿਵਾਰਾਂ ਦੀ ਪ੍ਰਤਿਸ਼ਤਤਾ

ਸਾਲ	ਪੇਂਡੂ		ਸ਼ਹਿਰੀ		ਕੁੱਲ ਜੋੜ
	ਮੌਸਮੀ	ਮਿਆਦੀ	ਮੌਸਮੀ	ਮਿਆਦੀ	
1983	16.2	2.3	5.6	0.8	24.9
1993–94	4.2	0.9	1.1	0.5	6.7
1999–2000	2.6	0.7	0.6	0.3	4.2

ਸ੍ਰੋਤ : ਸਾਗਰ (2004)

ਉਪਰੋਕਤ ਸਾਰਨੀ ਵਿੱਚ ਦਿਖਾਇਆ ਗਿਆ ਹੈ ਕਿ ਭਾਰਤ ਵਿੱਚ ਮੌਸਮੀ ਅਤੇ ਮਿਆਦੀ ਭੁੱਖ ਦੀ ਪ੍ਰਤਿਸ਼ਤਤਾ ਵਿੱਚ ਕਮੀ ਆਈ ਹੈ।

4.2 ਆਜ਼ਾਦੀ ਤੋਂ ਬਾਅਦ ਅੰਨ ਵਿੱਚ ਆਤਮ ਨਿਰਭਰਤਾ

ਆਜ਼ਾਦੀ ਤੋਂ ਬਾਅਦ ਭਾਰਤ ਦੇ ਨੀਤੀ ਨਿਰਮਾਤਾਵਾਂ ਨੇ ਅੰਨ ਵਿੱਚ ਆਤਮ ਨਿਰਭਰਤਾ ਪ੍ਰਾਪਤ ਕਰਨ ਲਈ ਹਰ ਤਰਾਂ ਦੇ ਤਰੀਕੇ ਅਪਣਾਏ। ਭਾਰਤ ਨੇ ਖੇਤੀਬਾੜੀ ਵਿੱਚ ਸਾਲ 1968 ਵਿੱਚ ਨਵੀਆਂ ਤਕਨੀਕਾਂ ਅਪਣਾ ਕੇ ਅਨਾਜ ਦੇ ਉਤਪਾਦਨ ਵਿੱਚ ਬਹੁਤ ਵਾਧਾ ਕੀਤਾ । ਜਿਸ ਕਾਰਨ ਹਰੀ ਕ੍ਰਾਂਤੀ ਸੰਭਵ ਹੋਈ। ਉਸ ਸਮੇ 'ਕਣਕ ਕ੍ਰਾਂਤੀ' ਦੇ ਨਾਂ ਦੀ ਡਾਕ ਟਿਕਟ ਵੀ ਜਾਰੀ ਕੀਤੀ ਗਈ ਸੀ। ਪੰਜਾਬ ਅਤੇ ਹਰਿਆਣਾ ਨੇ ਅਨਾਜ ਦੇ ਉਤਪਾਦਨ ਵਿੱਚ ਸਭ ਤੋਂ ਵੱਧ ਵਾਧਾ ਦਰ ਪ੍ਰਾਪਤ ਕੀਤੀ ਜਿੱਥੇ ਅੰਨ ਦਾ ਉਤਪਾਦਨ, 1964-65 ਵਿੱਚ 7.23 ਮਿਲੀਅਨ ਟਨ ਤੋਂ ਵਧਕੇ ਹਰੀ ਕ੍ਰਾਂਤੀ ਦੇ ਸਮੇਂ 30.33 ਮਿਲੀਅਨ ਟਨ ਹੋ ਗਿਆ। ਓਡੀਸ਼ਾ, ਬਿਹਾਰ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿੱਚ ਉਤਪਾਦਨ ਵੱਧਦਾ ਘੱਟਦਾ ਰਿਹਾ, ਪਰ ਤਾਮਿਲਨਾਡੂ ਅਤੇ ਆਂਧਰਾ ਪ੍ਰਦੇਸ਼ ਨੇ ਚਾਵਲ ਦੇ ਉਤਪਾਦਨ ਵਿੱਚ ਬਹੁਤ ਵਾਧਾ ਦਰਜ ਕੀਤਾ।

ਰਾਸ਼ਟਰੀ ਅੰਨ ਸੁਰੱਖਿਆ ਐਕਟ 2013 (The National Food Security Act, 2013)

ਰਾਸ਼ਟਰੀ ਅੰਨ ਸੁਰੱਖਿਆ ਐਕਟ 2013 ਲੋਕਾਂ ਨੂੰ ਸਨਮਾਨਯੋਗ ਜ਼ਿੰਦਗੀ ਜਿਊਣ ਦੇ ਯੋਗ ਬਣਾਉਣ ਲਈ ਅੰਨ ਅਤੇ ਪੌਸ਼ਟਿਕ ਭੋਜਨ ਸਹਿਣਯੋਗ ਕੀਮਤਾਂ 'ਤੇ ਮੁਹੱਈਆ ਕਰਵਾਉਣਾ ਸੁਰੱਖਿਅਤ ਬਣਾਉਂਦਾ ਹੈ, ਇਸ ਐਕਟ ਅਧੀਨ 75% ਪੇਡੂ ਤੇ 50% ਸ਼ਹਿਰੀ ਜੰਨਸੰਖਿਆ ਨੂੰ ਅਣਸੁਰੱਖਿਆ ਅਧੀਨ ਯੋਗ ਸ਼੍ਰੇਣੀ ਬੱਧ ਕੀਤਾ ਗਿਆ ਹੈ।

ਗ੍ਰਾਫ 4.1 ਭਾਰਤ ਵਿੱਚ ਅਨਾਜ ਦਾ ਉਤਪਾਦਨ (ਮਿਲੀਅਨ ਟਨ)



ਆਓ ਚਰਚਾ ਕਰੀਏ

ਉਪਰੋਕਤ ਗ੍ਰਾਫ ਨੂੰ ਸਮਝੋ ਅਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:-

i. ਕਿਸ ਸਾਲ ਵਿੱਚ ਸਾਡੇ ਦੇਸ਼ ਨੇ 200 ਮਿਲੀਅਨ ਟਨ ਪ੍ਰਤਿ ਸਾਲ ਅਨਾਜ ਦੀ ਮਾਤਰਾ ਦੇ ਉਤਪਾਦਨ ਦਾ ਟੀਚਾ ਪੂਰਾ ਕੀਤਾ।

ii. ਸਾਲ 2000-01 ਤੱਕ ਕਿਸ ਦਹਾਕੇ ਦੌਰਾਨ ਭਾਰਤ ਵਿੱਚ ਅਨਾਜ ਦਾ ਉਤਪਾਦਨ ਸਭ ਤੋਂ ਵੱਧ ਰਿਹਾ।

iii. ਕੀ ਸਾਲ 2000-01 ਤੋਂ 2016-17 ਤੱਕ ਅਨਾਜ ਦੇ ਉਤਪਾਦਨ ਵਿੱਚ ਲਗਾਤਾਰ ਵਾਧਾ ਹੋਇਆ ਹੈ ਜਾਂ ਨਹੀਂ ?

4.3 ਭਾਰਤ ਵਿੱਚ ਅੰਨ ਸੁਰੱਖਿਆ

ਹਰੀ ਕ੍ਰਾਂਤੀ ਤੋਂ ਬਾਅਦ, 1970 ਦੇ ਸ਼ੁਰੂ ਵਿੱਚ ਨੇ ਪ੍ਰਤਿਕੂਲ ਮੌਸਮੀ ਹਾਲਤਾਂ ਦੌਰਾਨ ਵੀ ਕਾਫ਼ ਜਿਹੀ ਭਿਆਨਕ ਸਥਿਤੀ 'ਤੇ ਕਾਬੂ ਪਾ ਲਿਆ ਹੈ। ਪਿਛਲੇ ਤੀਹ ਸਾਲਾਂ ਦੌਰਾਨ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਵੱਖ-ਵੱਖ ਕਿਸਮਾਂ ਦੀਆਂ ਫ਼ਸਲਾਂ ਉਗਾਉਣ ਕਾਰਨ ਦੇਸ਼ ਅਨਾਜ ਦੀ ਸਮਸਿੱਆ ਨਾਲ਼ ਨਜਿੱਠ ਕੇ ਆਤਮਨਿਰਭਰ ਬਣਿਆ ਹੈ। ਦੇਸ਼ ਦੇ ਹਰ ਕੋਨੇ ਵਿੱਚ ਅੰਨ ਉਪਲਭਧ ਕਰਾਉਣ ਦੇ ਮੰਤਵ ਨਾਲ਼ ਸਰਕਾਰ ਨੇ ਇੱਕ ਅੰਨ ਸੁਰੱਖਿਆ ਪ੍ਰਣਾਲ਼ੀ ਵਿਕਸਿਤ ਕੀਤੀ ਹੈ। ਇਸ ਪ੍ਰਨਾਲ਼ੀ ਦੇ ਦੋ ਭਾਗ ਹਨ :

1. ਬਫਰ ਭੰਡਾਰ (Buffer Stock)
2. ਜਨਤਕ ਵੰਡ ਪ੍ਰਣਾਲ਼ੀ (Public Distribution System, PDS)

4.3.1 ਭਾਰਤ ਸਰਕਾਰ ਵੱਲੋਂ ਬਫਰ ਭੰਡਾਰ

ਭਾਰਤੀ ਖਾਧ ਨਿਗਮ (Food Corporation of India, FCI) ਰਾਹੀਂ ਪ੍ਰਾਪਤ ਕੀਤੇ ਗਏ ਚਾਵਲ ਅਤੇ ਕਣਕ ਦੇ ਭੰਡਾਰ ਨੂੰ ਬਫਰ ਭੰਡਾਰ ਕਹਿੰਦੇ ਹਨ। ਜਿਨ੍ਹਾਂ ਰਾਜਾਂ ਵਿੱਚ ਕਣਕ ਅਤੇ ਚਾਵਲ ਦਾ ਵੱਧ ਉਤਪਾਦਨ ਹੁੰਦਾ ਹੈ ਉਹਨਾਂ ਰਾਜਾਂ ਦੇ ਕਿਸਾਨਾਂ ਕੋਲ਼ੋ ਭਾਰਤੀ ਖਾਧ ਨਿਗਮ ਵੱਲੋਂ ਕਣਕ ਅਤੇ ਚਾਵਲ ਦੀ ਖਰੀਦ ਕੀਤੀ ਜਾਂਦੀ ਹੈ। ਕਿਸਾਨਾਂ ਨੂੰ ਫ਼ਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਦਿੱਤੀ ਜਾਂਦੀ ਹੈ। ਇਸ ਕੀਮਤ ਨੂੰ **ਨਿਉਨਤਮ ਸਮਰਥਨ ਕੀਮਤ (Minimum Support Price, MSP)** ਕਿਹਾ ਜਾਂਦਾ ਹੈ। ਨਿਉਨਤਮ ਸਮਰਥਨ ਕੀਮਤ ਸਰਕਾਰ ਵੱਲੋਂ ਹਰ ਸਾਲ ਕਿਸਾਨਾਂ ਨੂੰ ਫ਼ਸਲਾਂ ਦਾ ਵੱਧ ਉਤਪਾਦਨ ਕਰਨ ਲਈ ਉਤਸ਼ਾਹਿਤ ਕਰਨ ਦੇ ਮੰਤਵ ਲਈ ਐਲਾਨੀ ਜਾਂਦੀ ਹੈ। ਖਰੀਦੀਆਂ ਹੋਈਆਂ ਫਸਲਾਂ ਅੰਨ ਭੰਡਾਰ ਵਿੱਚ ਰੱਖੀਆਂ ਜਾਂਦੀਆਂ ਹਨ। ਸਰਕਾਰ ਵਲੋਂ ਬਫਰ ਭੰਡਾਰ ਇਸ ਲਈ ਸਥਾਪਿਤ ਕੀਤਾ ਜਾਂਦਾ ਹੈ ਤਾਂ ਕਿ ਅਨਾਜ ਦੀ ਘਾਟ ਵਾਲੇ ਖੇਤਰ ਵਿੱਚ ਅਤੇ ਸਮਾਜ ਦੇ ਗ਼ਰੀਬ ਵਰਗ ਦੇ ਲੋਕਾਂ ਨੂੰ ਬਾਜ਼ਾਰ ਮੁੱਲ ਤੋਂ ਘੱਟ ਮੁੱਲ

'ਤੇ ਅਨਾਜ ਵੰਡਿਆ ਜਾ ਸਕੇ। ਇਸ ਕੀਮਤ ਨੂੰ 'ਇਸ਼ੂ ਕੀਮਤ' (Issue Price) ਕਿਹਾ ਜਾਂਦਾ ਹੈ। ਬਫਰ ਭੰਡਾਰ ਅਣਸੁਖਾਵੇ ਹਲਾਤਾਂ ਵਿੱਚ ਜਾਂ ਆਫ਼ਤ ਦੀ ਘੜੀ ਵਿੱਚ ਅੰਨ ਦੀ ਘਾਟ ਦੀ ਸੱਮਸਿਆ ਨੂੰ ਹੱਲ ਕਰਨ ਵਿੱਚ ਮਦੱਦ ਕਰਦਾ ਹੈ।

4.3.2 ਜਨਤਕ ਵੰਡ ਪ੍ਰਨਾਲ਼ੀ

ਭਾਰਤੀ ਖਾਧ ਨਿਗਮ ਰਾਹੀਂ ਖਰੀਦ ਕੀਤਾ ਗਿਆ ਅਨਾਜ, ਸਰਕਾਰ ਵੱਲੋਂ ਨਿਰਧਾਰਿਤ ਕੀਤੇ ਰਾਸ਼ਨ ਡਿਪੂਆਂ ਰਾਹੀਂ ਸਮਾਜ ਦੇ ਗ਼ਰੀਬ ਵਰਗ ਨੂੰ ਵੰਡਿਆ ਜਾਂਦਾ ਹੈ। ਇਸ ਵਿਧੀ ਨੂੰ ਜਨਤਕ ਵੰਡ ਪ੍ਰਨਾਲ਼ੀ ਕਹਿੰਦੇ ਹਨ। ਸਸਤੇ ਰਾਸ਼ਨ ਦੇ ਡਿਪੂ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਹਰ ਖੇਤਰ ਵਿੱਚ ਸਥਾਪਿਤ ਹਨ। ਦੇਸ਼ ਵਿੱਚ ਲਗਪਗ 4.6 ਲੱਖ ਰਾਸ਼ਨ ਦੇ ਡਿਪੂ ਦੀਆਂ ਦੁਕਾਨਾਂ ਹਨ। ਰਾਸ਼ਨ ਦੀਆਂ ਦੁਕਾਨਾਂ ਨੂੰ 'ਉਚਿੱਤ ਮੁੱਲ ਤੇ ਸਮਾਨ ਵੇਚਣ ਵਾਲੀਆਂ ਦੁਕਾਨਾਂ' (Fair Price Shops) ਵੀ ਕਿਹਾ ਜਾਂਦਾ ਹੈ। ਇਹ ਦੁਕਾਨਾਂ ਖੰਡ, ਮਿੱਟੀ ਦਾ ਤੇਲ, ਅਨਾਜ ਅਤੇ ਖਾਣਾ ਪਕਾਉਣ ਵਾਲਾ ਤੇਲ ਆਦਿ ਰੱਖਦੀਆਂ ਹਨ। ਇਹ ਵਸਤਾਂ ਲੋਕਾਂ ਨੂੰ ਬਾਜ਼ਾਰ ਕੀਮਤ ਤੋਂ ਘੱਟ ਕੀਮਤ ਤੇ ਵੇਚੀਆਂ ਜਾਂਦੀਆਂ ਹਨ। ਕੋਈ ਵੀ ਪਰਿਵਾਰ ਜਿਸ ਪਾਸ ਰਾਸ਼ਨ ਕਾਰਡ ਹੈ, ਇਹਨਾਂ ਵਸਤੂਆਂ ਦੀ ਨਿਸ਼ਚਿਤ ਮਾਤਰਾ ਖਰੀਦ ਸਕਦਾ ਹੈ।



ਚਿੱਤਰ 4.2 ਰਾਸ਼ਨ ਡਿੱਪੂ

ਰਾਸ਼ਨ ਕਾਰਡ ਦੀਆਂ 3 ਕਿਸਮਾਂ ਹੁੰਦੀਆਂ ਹਨ :

i. ਅੰਤੋਦਿਆ ਕਾਰਡ (Antyodaya Card) – ਇਹ ਕਾਰਡ ਬਹੁਤ ਗ਼ਰੀਬ ਵਰਗ ਲਈ ਜਾਰੀ ਕੀਤਾ ਜਾਂਦਾ ਹੈ।

ii. ਬੀ. ਪੀ. ਐਲ. ਕਾਰਡ (BPL Card) – ਜਿਹੜੇ ਵਿਅਕਤੀ ਗ਼ਰੀਬੀ ਰੇਖਾ ਤੋਂ ਥੱਲੇ ਹਨ ਉਹਨਾਂ ਨੂੰ ਇਹ ਕਾਰਡ ਜਾਰੀ ਕੀਤਾ ਜਾਂਦਾ ਹੈ।

iii. ਏ ਪੀ ਐਲ ਕਾਰਡ (APL Card) – ਬਾਕੀ ਵਿਅਕਤੀਆਂ ਲਈ।

ਸੰਨ 1943 ਦੇ ਬੰਗਾਲ ਕਾਲ਼ ਦੇ ਦੌਰਾਨ ਭਾਰਤ ਵਿੱਚ ਰਾਸ਼ਨ ਵਿਵਸਥਾ ਸ਼ੁਰੂ ਕੀਤੀ ਗਈ। 1970 ਦੇ ਮੱਧ ਵਿੱਚ ਜ਼ਿਆਦਾ ਗ਼ਰੀਬੀ ਹੋਣ ਕਾਰਨ ਭੋਜਨ ਸੰਬੰਧੀ 3 ਪ੍ਰੋਗਰਾਮ ਸ਼ੁਰੂ ਕੀਤੇ ਗਏ :– (i) ਅਨਾਜ ਲਈ ਜਨਤਕ ਵੰਡ ਪ੍ਰਨਾਲ਼ੀ (PDS) (ii) ਏਕੀਕ੍ਰਿਤ ਸ਼ਿਸ਼ੂ ਵਿਕਾਸ ਸੇਵਾ (Integrated Child Develoment Services , ICDS) ਅਤੇ (iii) 1977F78 ਵਿੱਚ ਕੰਮ ਕਰਨ ਦੇ ਬਜਾਏ ਅਨਾਜ ਦੇਣ ਦੀ ਸਕੀਮ ਸ਼ੁਰੂ ਕੀਤੀ ਗਈ। (Food For Work , FFW) । ਇਸ ਸਮੇ ਗ਼ਰੀਬੀ ਘਟਾਉਣ ਦੇ ਕਈ ਪ੍ਰੋਗਰਾਮ ਪਿੰਡਾਂ ਵਿੱਚ ਚਲਾਏ ਗਏ, ਜਿਨ੍ਹਾਂ ਦਾ ਜ਼ਰੂਰੀ ਅੰਸ਼ ਅਨਾਜ ਹੈ। ਇਸ ਤੋਂ ਇਲਾਵਾ ਇਸ ਰੁਜ਼ਗਾਰ ਪ੍ਰੋਗਰਾਮ ਨਾਲ ਗ਼ਰੀਬ ਵਿਅਕਤੀਆਂ ਦੀ ਆਮਦਨ ਵਧਦੀ ਹੈ। ਇਸ ਲਈ ਇਹ ਅੰਨ ਸੁਰੱਖਿਆ ਲਈ ਸਹਾਈ ਹੁੰਦੇ ਹਨ।

ਜਨਤਕ ਵੰਡ ਪ੍ਰਨਾਲ਼ੀ ਦੀ ਮੌਜੂਦਾ ਸਥਿਤੀ

ਅੰਨ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਭਾਰਤ ਸਰਕਾਰ ਵਲੋਂ ਜਨਤਕ ਵੰਡ ਪ੍ਰਨਾਲ਼ੀ ਦੀ ਸ਼ੁਰੂਆਤ ਇੱਕ ਮਹੱਤਵਪੂਰਨ ਕਦਮ ਹੈ। ਸ਼ੁਰੂ ਵਿੱਚ ਜਨਤਕ ਵੰਡ ਪ੍ਰਨਾਲ਼ੀ ਦਾ ਖੇਤਰ ਸਰਵਵਿਆਪਕ ਸੀ। ਇਹ ਗ਼ਰੀਬ ਅਤੇ ਅਮੀਰ ਵਿੱਚ ਕੋਈ ਫਰਕ ਨਹੀਂ ਰੱਖਦੀ ਸੀ। ਪਰ ਜਨਤਕ ਵੰਡ ਪ੍ਰਨਾਲ਼ੀ ਦੀ ਅਸਫਲਤਾ ਨੂੰ ਮਹਿਸੂਸ ਕਰਦੇ ਹੋਏ ਭਾਰਤੀ ਸਰਕਾਰ ਨੇ ਜੂਨ 1997 ਵਿੱਚ ਉਦੇਸ਼ਯੁਕਤ ਜਨਤਕ ਵੰਡ ਪ੍ਰਨਾਲ਼ੀ ਸ਼ੁਰੂ ਕੀਤੀ। ਇਸ ਅਧੀਨ ਗ਼ਰੀਬੀ ਰੇਖਾ ਤੋਂ ਥੱਲੇ ਰਹਿੰਦੇ ਪਰਿਵਾਰਾਂ ਨੂੰ ਕਾਰਡ ਦਿੱਤੇ ਗਏ ਜਿਨ੍ਹਾਂ ਰਾਹੀਂ ਉਹੁਨਾਂ ਨੂੰ ਘੱਟ ਕੀਮਤਾਂ 'ਤੇ ਰਾਸ਼ਨ ਪ੍ਰਾਪਤ ਹੁੰਦਾ ਹੈ। ਸਾਲ 2000 ਵਿੱਚ ਸਰਕਾਰ ਵੱਲੋਂ ਦੋ ਵਿਸ਼ੇਸ਼ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਜਿਨ੍ਹਾਂ ਦੇ ਨਾਂ 'ਅੰਤੋਦਿਆ ਅੰਨ ਯੋਜਨਾ' (AAY) ਅਤੇ 'ਅੰਨਪੂਰਨਾ ਸਕੀਮ' (APS) ਹਨ। ਇਹਨਾਂ ਦੇ ਮੁੱਖ ਉਦੇਸ਼ ਕ੍ਰਮਵਾਰ 'ਗ਼ਰੀਬਾਂ ਵਿੱਚੋਂ ਗ਼ਰੀਬ' ਅਤੇ ਗ਼ਰੀਬ ਬਜ਼ੁਰਗ ਨਾਗਰਿਕਾਂ ਨੂੰ ਅੰਨ ਮੁੱਹਈਆ ਕਰਵਾਉਣਾ ਸੀ। ਇਹਨਾਂ ਸਕੀਮਾਂ ਦੀ ਕਾਰਜ ਪ੍ਰਨਾਲ਼ੀ ਨੂੰ ਜਨਤਕ ਵੰਡ ਪ੍ਰਨਾਲ਼ੀ ਨਾਲ ਜੋੜਿਆ ਗਿਆ।

ਜਨਤਕ ਵੰਡ ਪ੍ਰਨਾਲ਼ੀ ਦੀਆਂ ਮੁੱਖ ਵਿਸ਼ੇਸ਼ਤਾਵਾਂ

ਸਾਲਾਂ ਬੱਧੀ ਕੀਮਤਾਂ ਸਥਿਰ ਰੱਖਣ ਅਤੇ ਉਪਭੋਗਤਾਵਾਂ ਨੂੰ ਵਾਜਿਬ ਕੀਮਤ ਤੇ ਅੰਨ ਉਪਲਬਧ ਕਰਾਉਣ ਲਈ ਜਨਤਕ ਵੰਡ ਪ੍ਰਨਾਲ਼ੀ ਸਰਕਾਰੀ ਨੀਤੀ ਦੇ ਪ੍ਰਭਾਵਸ਼ਾਲੀ ਤੰਤਰ ਵਜੋਂ ਸਾਬਤ ਹੋਈ ਹੈ। ਦੇਸ਼ ਦੇ ਵੱਧ ਅਨਾਜ ਪੈਦਾ ਕਰਨ ਵਾਲ਼ੇ ਖੇਤਰ ਤੋਂ ਘੱਟ ਅਨਾਜ ਪੈਦਾ ਕਰਨ ਵਾਲ਼ੇ ਖੇਤਰ ਵਿੱਚ ਅੰਨ ਦੀ ਪੂਰਤੀ ਕਰਕੇ ਇਸ ਪ੍ਰਨਾਲ਼ੀ ਨਾਲ਼ ਭੁੱਖ ਅਤੇ ਕਾਲ਼ ਦੀ ਸਥਿਤੀ ਦਾ ਮੁਕਾਬਲਾ ਕੀਤਾ ਗਿਆ ਹੈ। ਆਮ ਕਰਕੇ ਗ਼ਰੀਬ ਪਰਿਵਾਰਾਂ ਲਈ ਕੀਮਤਾਂ ਵਿੱਚ ਪਰਿਵਰਤਨ ਕੀਤਾ ਗਿਆ ਹੈ। ਨਿਊਨਤਮ ਸਮਰਥਨ ਮੁੱਲ ਅਤੇ ਅਨਾਜ ਦੀ ਸਰਕਾਰੀ ਪ੍ਰਾਪਤੀ ਨੇ ਅਨਾਜ ਦੇ ਉਤਪਾਦਨ ਅਤੇ ਕਿਸਾਨਾਂ ਨੂੰ ਉਹਨਾਂ ਦੀ ਆਮਦਨ ਦੀ ਸੁਰੱਖਿਆ ਪ੍ਰਦਾਨ ਕੀਤੀ ਹੈ।

ਸਾਰਨੀ 4.3 : ਜਨਤਕ ਵੰਡ ਪ੍ਰਨਾਲ਼ੀ ਦੇ ਮੁੱਖ ਤੱਥ

ਸਕੀਮ ਦਾ ਨਾਂ	ਸ਼ੁਰੂ ਕਰਨ ਦਾ ਸਾਲ	ਉਦੇਸ਼ ਯੁਕਤ ਸਮੂਹ ਮਾਤਰਾ	ਇਸ਼ੂ ਕੀਮਤ (ਪ੍ਰਤਿ ਕਿ.ਗ੍ਰਾ:)
1. ਜਨਤਕ ਵੰਡ ਪ੍ਰਨਾਲ਼ੀ (PDS)	1992 ਤੱਕ	ਸਰਵਵਿਆਪਕ	– ਕਣਕ 2.34, ਚਾਵਲ 2.89
2. ਸੋਧੀ ਜਨਤਕ ਵੰਡ ਪ੍ਰਨਾਲ਼ੀ (RPDS)	1992	ਪਿਛੜੇ ਬਲਾਕ	20 ਕਿ.ਗ੍ਰਾ. ਕਣਕ 2.80, ਅਨਾਜ, ਚਾਵਲ 3.77
3. ਉਦੇਸ਼ ਯੁਕਤ ਜਨਤਕ ਪ੍ਰਨਾਲ਼ੀ (TPDS)	1997	ਗ਼ਰੀਬ ਅਤੇ ਅਮੀਰ	35 ਕਿ.ਗ੍ਰਾ. ਗ਼ਰੀਬੀ ਰੇਖਾ ਤੋਂ ਥੱਲੇ ਅਨਾਜ, ਕਣਕ 2.50, ਚਾਵਲ 3.50। ਗ਼ਰੀਬੀ ਰੇਖਾ ਤੋਂ ਉੱਪਰ ਕਣਕ 4.50, ਚਾਵਲ 7.00
4. ਅੰਤੋਦਿਆ ਅੰਨ ਯੋਜਨਾ (AAY)	2000	ਗ਼ਰੀਬਾਂ ਵਿੱਚ ਗ਼ਰੀਬ	35 ਕਿ. ਗ੍ਰਾ., ਅਨਾਜ ਕਣਕ 2.00 ਚਾਵਲ 3.00
5. ਅੰਨਪੂਰਨਾ ਯੋਜਨਾ (APS)	2000	ਬਹੁਤ ਗ਼ਰੀਬ	10 ਕਿ.ਗ੍ਰਾ. ਅਨਾਜ ਮੁਫ਼ਤ ਬਜ਼ੁਰਗ ਨਾਗਰਿਕ
6. ਰਾਸ਼ਟਰੀ ਅੰਨ ਸੁੱਰਖਿਆ ਐਕਟ	2013	ਪ੍ਰਾਥਮਿਕ ਪਰਿਵਾਰ	5 ਕਿ. ਗ੍ਰਾ. ਅਨਾਜ ਕਣਕ 2.00 ਚਾਵਲ 3.00, ਦਾਲ਼ 1.00

ਸ੍ਰੋਤ : ਆਰਥਿਕ ਸਰਵੇਖਣ

ਜਨਤਕ ਵੰਡ ਪ੍ਰਨਾਲ਼ੀ ਦੇ ਕਈ ਮੁੱਦਿਆਂ ਦੀ ਆਲੋਚਨਾ ਕੀਤੀ ਗਈ ਹੈ। ਭਾਵੇਂ ਅੰਨ ਭੰਡਾਰਾਂ ਵਿੱਚ ਵਾਧੂ ਅੰਨ ਹੈ ਪਰ ਫਿਰ ਵੀ ਸਾਡੇ ਦੇਸ਼ ਵਿੱਚ ਭੁੱਖਮਰੀ ਕਾਰਨ ਗ਼ਰੀਬ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਭਾਰਤੀ ਖਾਧ ਨਿਗਮ ਦੇ ਆਨਾਜ਼ ਦੇ ਗੁਦਾਮਾਂ ਵਿੱਚ ਅਨਾਜ਼ ਦਾ ਵਾਧੂ ਭੰਡਾਰ ਪਿਆ ਹੈ ਪਰ ਅਨਾਜ਼ ਦੀ ਸਹੀ ਸੰਭਾਲ ਨਾ ਹੋਣ ਕਾਰਨ ਕੁਝ ਅਨਾਜ਼ ਤਾਂ ਗਲ ਸੜ ਜਾਂਦਾ ਹੈ ਅਤੇ ਕੁਝ ਨੂੰ ਚੂਹੇ ਆਦਿ ਖ਼ਰਾਬ ਕਰ ਦਿੰਦੇ ਹਨ।

ਜੁਲਾਈ 2002 ਵਿੱਚ ਭਾਰਤੀ ਖਾਧ ਨਿਗਮ (Food Corporation Of India, FCI) ਕੋਲ਼ ਕਣਕ ਅਤੇ ਚਾਵਲਾਂ ਦਾ 63 ਮਿਲੀਅਨ ਟਨ ਦਾ ਸਟਾਕ ਸੀ ਜਿਹੜਾ 24.3 ਮਿਲੀਅਨ ਟਨ ਦੇ ਨਿਊਨਤਮ ਬਫਰ ਸਟਾਕ ਤੋਂ ਬਹੁਤ ਜ਼ਿਆਦਾ ਸੀ। ਮੌਨਸੂਨ ਦੀ ਘਾਟ ਕਾਰਨ ਸਾਲ 2002-03 ਨੂੰ ਸੋਕੇ ਵਾਲ਼ਾ ਸਾਲ ਘੋਸ਼ਿਤ

ਕਰਨ ਕਰਕੇ ਸਰਕਾਰ ਨੂੰ ਰਾਹਤ ਪ੍ਰੋਗਰਾਮ ਸ਼ੁਰੂ ਕਰਨੇ ਪਏ ਜਿਸ ਕਾਰਨ ਆਨਾਜ ਦਾ ਸਟਾਕ ਘੱਟ ਗਿਆ। ਅਗਲੇ ਸਾਲਾਂ ਵਿੱਚ ਇਹ ਸਟਾਕ ਹੋਰ ਘੱਟਦਾ ਗਿਆ ਪਰ ਇਹ ਨਿਊਨਤਮ ਬਫਰ ਸਟਾਕ ਤੋਂ ਹਮੇਸ਼ਾਂ ਉੱਪਰ ਰਿਹਾ। ਸਰਕਾਰ ਵੱਲੋਂ ਸ਼ੁਰੂ ਕੀਤੀਆਂ ਗਈਆਂ ਵੱਖ-ਵੱਖ ਸਕੀਮਾਂ ਚਲਾਉਣ ਕਰਕੇ ਅਨਾਜ ਦੀ ਸਹੀ ਵੰਡ ਨਾਲ਼ ਸਥਿਤੀ ਵਿੱਚ ਸੁਧਾਰ ਆਇਆ । ਇਸ ਤੋਂ ਇਲਾਵਾ ਆਮ ਰਾਏ ਪਾਈ ਗਈ ਕਿ ਸਰਕਾਰੀ ਮਾਪ ਦੰਡ ਅਨੁਸਾਰ ਅਨਾਜ ਦੀ ਨਿਰਧਾਰਿਤ ਕੀਤੀ ਸੀਮਾ (24.3 ਮਿਲੀਅਨ ਟਨ) ਤੋਂ ਵਧੇਰੇ ਅਨਾਜ ਦਾ ਸਟਾਕ, ਕਾਰਨ ਆਵਾਜਾਈ ਦੀਆਂ ਲਾਗਤਾਂ ਵਿੱਚ ਵਾਧਾ ਹੋਇਆ ਹੈ ਅਤੇ ਇਸ ਨਾਲ਼ ਅੰਨ ਦੀ ਗੁਣਵੱਤਾ ਵੀ ਖ਼ਰਾਬ ਹੋਈ ਹੈ। ਕੁਝ ਸਾਲਾਂ ਲਈ ਨਿਊਨਤਮ ਸਮਰਥਨ ਕੀਮਤ ਨੂੰ ਸਥਿਰ ਰੱਖਣ ਤੇ ਵਿਚਾਰ ਕਰਨ ਦੀ ਲੋੜ ਹੈ।

ਵਧੀ ਹੋਈ ਨਿਊਨਤਮ ਸਮਰਥਨ ਕੀਮਤ ਕਾਰਨ ਸਰਕਾਰ ਵੱਲੋਂ ਫਸਲਾਂ ਨੂੰ ਖ਼ਰੀਦਣ ਨਾਲ਼ ਅਨਾਜ ਦੀ ਸਾਂਭ- ਸੰਭਾਲ ਕਰਨ ਨਾਲ਼ ਲਾਗਤ ਵਿੱਚ ਵਾਧਾ ਹੋਇਆ ਹੈ। ਭਾਰਤੀ ਖਾਧ ਨਿਗਮ ਦੇ ਆਵਾਜਾਈ ਦੇ ਖਰਚੇ ਅਤੇ ਭੰਡਾਰਨ ਖਰਚਿਆਂ ਨੇ ਇਸਨੂੰ ਹੋਰ ਵਧਾ ਦਿੱਤਾ ਹੈ। ਇਹ ਸੱਚ ਹੈ ਕਿ ਭਾਰਤ ਵਿੱਚ ਜਨਤਕ ਵੰਡ ਪ੍ਰਨਾਲ਼ੀ ਰਾਹੀਂ ਵੰਡੇ ਗਏ ਅਨਾਜ ਦੀ ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਖਪਤ 1 ਕਿ. ਗ੍ਰਾ. ਹੈ। ਇਹ ਤੱਥ ਸਾਬਤ ਕਰਦਾ ਹੈ ਕਿ ਜਨਤਕ ਵੰਡ ਪ੍ਰਨਾਲ਼ੀ ਪ੍ਰਭਾਵਹੀਣ ਹੈ। ਬਿਹਾਰ, ਉੱਤਰ ਪ੍ਰਦੇਸ਼ ਅਤੇ ਓਡੀਸ਼ਾ ਵਰਗੇ ਰਾਜਾਂ ਵਿੱਚ ਇਹ ਖਪਤ 300 ਗ੍ਰਾਮ ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਹੈ। ਇਸਦੇ ਮੁਕਾਬਲੇ ਕੁਝ ਰਾਜਾਂ ਜਿਵੇਂ : ਕੇਰਲ , ਕਰਨਾਟਕਾ, ਤਾਮਿਲਨਾਡੂ ਅਤੇ ਹਿਮਾਚਲ ਪ੍ਰਦੇਸ਼ ਵਿੱਚ ਇਹ ਖਪਤ 3-4 ਕਿ. ਗ੍ਰਾ. ਪ੍ਰਤਿ ਵਿਅਕਤੀ, ਪ੍ਰਤਿ ਮਹੀਨਾ ਹੈ। ਇਸਦੇ ਨਤੀਜੇ ਵਜੋਂ ਗ਼ਰੀਬ ਵਿਅਕਤੀਆਂ ਨੂੰ ਆਪਣੇ ਭੋਜਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਰਾਸ਼ਨ ਡਿਪੂ ਦੀ ਬਜਾਏ ਬਾਜ਼ਾਰ 'ਤੇ ਨਿਰਭਰ ਕਰਨਾ ਪੈਂਦਾ ਹੈ। ਮੱਧ ਪ੍ਰਦੇਸ਼ ਵਿੱਚ ਗ਼ਰੀਬ ਲੋਕਾਂ ਨੂੰ ਚਾਵਲ ਅਤੇ ਕਣਕ ਦੀ ਖਪਤ ਦਾ 5 ਪ੍ਰਤਿਸ਼ਤ ਹਿੱਸਾ ਹੀ ਰਾਸ਼ਨ ਡਿੱਪੂਆਂ ਤੋਂ ਪ੍ਰਾਪਤ ਹੁੰਦਾ ਹੈ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਇਹ ਪ੍ਰਤਿਸ਼ਤ ਹੋਰ ਵੀ ਘੱਟ ਹੈ।

ਜਨਤਕ ਵੰਡ ਪ੍ਰਨਾਲ਼ੀ ਦੇ ਵਿਤਰਕ ਕਈ ਵਾਰ ਗ਼ਲਤ ਕੰਮਾਂ ਵਿੱਚ ਲੱਗ ਜਾਂਦੇ ਹਨ। ਜਿਵੇਂ ਜ਼ਿਆਦਾ ਮੁਨਾਫ਼ੇ ਦੀ ਖ਼ਾਤਰ ਅਨਾਜ ਨੂੰ ਬਾਜ਼ਾਰ ਵਿੱਚ ਵੇਚ ਦਿੰਦੇ ਹਨ , ਰਾਸ਼ਨ ਡਿਪੂਆਂ ਦੀਆਂ ਦੁਕਾਨਾਂ ਤੇ ਘਟੀਆ ਕਿਸਮ ਦਾ ਅਨਾਜ ਵੇਚਦੇ ਹਨ ਅਤੇ ਕਈ ਵਾਰ ਰਾਸ਼ਨ ਦੇ ਡਿਪੂਆਂ ਬਹੁਤ ਘੱਟ ਖੋਲ੍ਹਦੇ ਹਨ। ਇਹ ਆਮ ਦੇਖਣ ਵਿੱਚ ਆਇਆ ਹੈ ਕਿ ਰਾਸ਼ਨ ਡਿਪੂ ਤੇ ਘਟੀਆ ਕਿਸਮ ਦਾ ਅਨਾਜ ਅਣਵਿਕਿਆ ਰਹਿ ਜਾਂਦਾ ਹੈ, ਜੋ ਇੱਕ ਬਹੁਤ ਵੱਡੀ ਸਮੱਸਿਆ ਬਣ ਜਾਂਦੀ ਹੈ । ਜਦੋਂ ਰਾਸ਼ਨ ਡਿਪੂ ਇਸ ਘਟੀਆਂ ਅਨਾਜ ਨੂੰ ਵੇਚ ਨਹੀਂ ਸਕਦੇ ਤਾਂ ਭਾਰਤੀ ਖਾਧ ਨਿਗਮ ਕੋਲ਼ ਅੰਨ ਦਾ ਭੰਡਾਰ ਲੱਗ ਜਾਂਦਾ ਹੈ।

ਵਰਤਮਾਨ ਸਾਲਾਂ ਵਿੱਚ ਜਨਤਕ ਵੰਡ ਪ੍ਰਨਾਲ਼ੀ ਦੀ ਗਿਰਾਵਟ ਦਾ ਇੱਕ ਹੋਰ ਕਾਰਨ ਦੇਖਣ ਨੂੰ ਮਿਲ਼ਿਆ ਹੈ। ਪਹਿਲਾਂ-ਪਹਿਲ ਹਰ ਅਮੀਰ ਅਤੇ ਗ਼ਰੀਬ ਪਰਿਵਾਰ ਕੋਲ਼ ਇੱਕ ਰਾਸ਼ਨ ਕਾਰਡ ਹੁੰਦਾ ਸੀ ਜਿਸ ਵਿੱਚ ਕਣਕ, ਚਾਵਲ ਅਤੇ ਖੰਡ ਦੀ ਨਿਸ਼ਚਿਤ ਮਾਤਰਾ ਦਰਜ ਹੁੰਦੀ ਸੀ। ਕਾਰਡ ਵਿੱਚ ਦਰਜ਼ ਅਨਾਜ ਦੀ

ਮਾਤਰਾ ਹਰ ਪਰਿਵਾਰ ਨੂੰ ਸਮਾਨ ਰੂਪ ਵਿੱਚ, ਘੱਟ ਮੁੱਲ ਤੇ ਦਿੱਤੀ ਜਾਂਦੀ ਸੀ। ਅੱਜ ਦੀ ਤਰ੍ਹਾਂ ਭਿੰਨ-ਭਿੰਨ ਰਾਸ਼ਨ ਕਾਰਡ ਨਹੀਂ ਸਨ। (ਜੋ ਕਿ ਅਸੀਂ ਪਿੱਛੇ ਸਾਰਨੀ ਵਿੱਚ ਪੜ੍ਹ ਚੁੱਕੇ ਹਾਂ।) ਹੁਣ ਉਦੇਸ਼ਯੁਕਤ ਜਨਤਕ ਪ੍ਰਨਾਲ਼ੀ ਵਿੱਚ ਭਿੰਨ ਵੱਖ-ਵੱਖ ਤਰ੍ਹਾਂ ਦੀਆਂ ਕੀਮਤਾਂ ਦੇ ਅਨੁਸਾਰ ਜਿਹੜੇ ਪਰਿਵਾਰ ਗ਼ਰੀਬੀ ਰੇਖਾ 'ਤੇ ਹਨ ਉਹਨਾਂ ਪਰਿਵਾਰਾਂ ਨੂੰ ਰਾਸ਼ਨ ਦੀਆਂ ਦੁਕਾਨਾਂ ਤੇ ਬਹੁਤ ਘੱਟ ਛੋਟ ਮਿਲਦੀ ਹੈ। ਗ਼ਰੀਬੀ ਰੇਖਾ ਤੋਂ ਉੱਪਰ ਵਾਲ਼ੇ ਪਰਿਵਾਰਾਂ ਲਈ ਰਾਸ਼ਨ ਦੇ ਡਿਪੂਆਂ ਤੇ ਕੀਮਤ ਬਾਜ਼ਾਰ ਦੀ ਕੀਮਤ ਦੇ ਬਰਾਬਰ ਹੁੰਦੀ ਹੈ, ਜਿਸ ਲਈ ਇਹ ਪਰਿਵਾਰ ਰਾਸ਼ਨ ਦੁਕਾਨਾਂ ਤੋਂ ਰਾਸ਼ਨ ਖਰੀਦਣ ਲਈ ਘੱਟ ਪ੍ਰੋਤਸਾਹਿਤ ਹੁੰਦੇ ਹਨ।

4.4 ਭੋਜਨ ਸੰਬੰਧੀ ਪ੍ਰੋਗਰਾਮ

(i) ਕੰਮ ਲਈ ਅੰਨ ਰਾਸ਼ਟਰੀ ਪ੍ਰੋਗਰਾਮ (National Food for Work Programme, NFWP) :- 14 ਨਵੰਬਰ 2004 ਨੂੰ ਦੇਸ਼ ਦੇ ਬਹੁਤ ਹੀ ਪਿਛੜੇ ਹੋਏ ਲਗਪਗ 150 ਜ਼ਿਲ੍ਹਿਆਂ ਵਿੱਚ 'ਕੰਮ ਲਈ ਰਾਸ਼ਟਰੀ ਅੰਨ ਪ੍ਰੋਗਰਾਮ ' ਸ਼ੁਰੂ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਰੁਜ਼ਗਾਰ ਪੈਦਾ ਕਰਨਾ ਸੀ। ਇਸ ਪ੍ਰੋਗਰਾਮ ਅਧੀਨ ਵਿਕਾਸ ਕਾਰਜਾਂ ਵਿੱਚ ਕਿਰਤੀ ਨੂੰ ਕੰਮ ਦਿੱਤਾ ਜਾਂਦਾ ਹੈ ਅਤੇ ਕੰਮ ਬਦਲੇ ਉਹਨਾਂ ਨੂੰ ਅਨਾਜ ਦਿੱਤਾ ਜਾਂਦਾ ਹੈ। ਇਹ ਪ੍ਰੋਗਰਾਮ ਹਰ ਪੇਂਡੂ ਗ਼ਰੀਬ ਲਈ ਹੈ ਜਿਸਨੂੰ ਰੁਜ਼ਗਾਰ ਦੀ ਲੋੜ ਹੁੰਦੀ ਹੈ।

(i) ਅੰਤੋਦਿਆ ਅੰਨ ਯੋਜਨਾ :- 'ਅੰਤੋਦਿਆ ਅੰਨ ਯੋਜਨਾ' ਦਸੰਬਰ 2000 ਵਿੱਚ ਸ਼ੁਰੂ ਕੀਤੀ ਗਈ। ਇਸ ਸਕੀਮ ਦੇ ਅਧੀਨ ਇਕ ਕਰੋੜ ਗ਼ਰੀਬ ਪਰਿਵਾਰ ਜਿਹੜੇ ਗਰੀਬੀ ਰੇਖਾ ਦੇ ਥੱਲੇ (ਬੀ.ਪੀ.ਐਲ) ਆਉਂਦੇ ਸਨ, ਉਹਨਾਂ ਨੂੰ ਰੱਖਿਆ ਗਿਆ । ਰਾਜ ਦੇ ਪੇਂਡੂ ਵਿਕਾਸ ਵਿਭਾਗ ਰਾਹੀਂ ਗ਼ਰੀਬੀ ਰੇਖਾ ਤੋਂ ਥੱਲੇ ਕਰਵਾਏ ਸਰਵੇਖਣ ਅਧੀਨ ਗ਼ਰੀਬ ਪਰਿਵਾਰਾਂ ਦੀ ਪਛਾਣ ਕੀਤੀ ਗਈ। ਹਰ ਜ਼ਰੂਰਤਮੰਦ ਪਰਿਵਾਰ ਨੂੰ 25 ਕਿ.ਗ੍ਰਾ.ਅਨਾਜ ਜਿਸ ਵਿੱਚ 2 ਰੁ: ਪ੍ਰਤਿ ਕਿਲੋ ਦੀ ਦਰ ਨਾਲ਼ ਕਣਕ ਅਤੇ 3 ਰੁਪਏ ਪ੍ਰਤਿ ਕਿਲੋ ਦੀ ਦਰ ਨਾਲ਼ ਚਾਵਲ ਘੱਟ ਕੀਮਤ ਤੇ ਉਪਲੱਬਧ ਕਰਵਾਏ ਗਏ। ਅਪ੍ਰੈਲ 2002 ਵਿੱਚ ਆਨਾਜ ਦੀ ਮਾਤਰਾ ਵਧਾ ਕੇ 25 ਕਿ. ਗ੍ਰਾ. ਤੋਂ 35 ਕਿ. ਗ੍ਰਾ. ਕਰ ਦਿੱਤੀ ਗਈ। ਇਸ ਸਕੀਮ ਵਿੱਚ ਜੂਨ 2003 ਅਤੇ ਅਗਸਤ 2004 ਵਿੱਚ 50 ਲੱਖ ਬੀ.ਪੀ. ਐੱਲ ਪਰਿਵਾਰਾਂ ਨੂੰ ਸ਼ਾਮਿਲ ਕਰ ਲਿਆ ਗਿਆ । ਇਸ ਤਰ੍ਹਾਂ ਅੰਤੋਦਿਆ ਅੰਨ ਯੋਜਨਾ ਵਿੱਚ 2 ਕਰੋੜ ਪਰਿਵਾਰਾਂ ਨੂੰ ਲਾਭ ਹੋਇਆ।

> ਕਿਸੇ ਵਸਤੂ ਦੇ ਬਾਜ਼ਾਰੀ ਮੁੱਲ ਨੂੰ ਘੱਟ ਰੱਖਣ ਲਈ ਕਿਸੇ ਸਰਕਾਰ ਵੱਲੋਂ ਉਤਪਾਦਕ ਨੂੰ ਕੀਤੀ ਗਈ ਅਦਾਇਗੀ ਨੂੰ ਆਰਥਿਕ ਸਹਾਇਤਾ Subsidy ਕਹਿੰਦੇ ਹਨ। ਆਰਥਿਕ ਸਹਾਇਤਾ ਨਾਲ਼ ਕੀਮਤਾਂ ਨੂੰ ਘੱਟ ਰੱਖਿਆ ਜਾ ਸਕਦਾ ਹੈ ਜਿਸ ਨਾਲ਼ ਘਰੇਲੂ ਉਤਪਾਦਕਾਂ ਦੀ ਆਮਦਨ ਵਿੱਚ ਵਾਧਾ ਹੁੰਦਾ ਹੈ।

4.5 ਅੰਨ ਸੁਰੱਖਿਆ ਵਿੱਚ ਸਹਿਕਾਰੀ ਸੰਸਥਾਵਾਂ ਦੀ ਭੂਮਿਕਾ

ਸਹਿਕਾਰੀ ਸੰਸਥਾ ਇੱਕ ਤਰ੍ਹਾਂ ਦਾ ਵਪਾਰਿਕ ਸੰਗਠਨ ਹੁੰਦਾ ਹੈ ਜਿਸ ਵਿੱਚ ਮੈਂਬਰ ਸਵੈਇੱਛੁੱਕ ਤੌਰ 'ਤੇ ਇੱਕ ਸੰਮਤੀ ਬਣਾਉਂਦੇ ਹਨ ਜਿਹੜੀ ਕਿ ਬਿਨਾਂ ਲਾਭ ਹਾਨੀ ਦੇ ਅਧਾਰ ਤੇ ਵਸਤੂਆਂ ਅਤੇ ਸੇਵਾਵਾਂ ਦੇ

ਉਤਪਾਦਨ,ਖਰੀਦ ਜਾਂ ਮੰਡੀਕਰਨ ਦਾ ਕੰਮ ਕੇਵਲ ਆਪਣੇ ਮੈਂਬਰਾਂ ਲਈ ਕਰਦੀ ਹੈ। ਭਾਰਤ ਵਿੱਚ ਅੰਨ ਸੁਰੱਖਿਆ ਲਈ ਸਹਿਕਾਰੀ ਸੰਸਥਾਵਾਂ ਆਪਣੇ ਵੱਲੋਂ ਸਥਾਪਿਤ ਦੁਕਾਨਾਂ ਰਾਹੀਂ ਗ਼ਰੀਬ ਵਿਅਕਤੀਆਂ ਨੂੰ ਘੱਟ ਕੀਮਤ 'ਤੇ ਵਸਤੂਆਂ ਵੇਚਦੀਆਂ ਹਨ। ਉਦਾਹਰਨ ਵਜੋਂ, ਤਾਮਿਲਨਾਡੂ ਵਿੱਚ ਸਸਤੇ ਰਾਸ਼ਨ ਦੀਆਂ ਚੱਲ ਰਹੀਆਂ ਦੁਕਾਨਾਂ ਵਿੱਚ ਲਗਪਗ 94 ਪ੍ਰਤਿਸ਼ਤ ਦੁਕਾਨਾਂ ਸਹਿਕਾਰੀ ਸੰਸਥਾਵਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ। ਦਿੱਲੀ ਵਿੱਚ 'ਮਦਰ ਡੇਅਰੀ ' ਨਾਂ ਦੀ ਸੰਸਥਾ ਦਿੱਲੀ ਸਰਕਾਰ ਵੱਲੋਂ ਨਿਸ਼ਚਿਤ ਕੀਮਤ 'ਤੇ ਖਪਤਕਾਰਾਂ ਨੂੰ ਸਮਾਨ ਵੇਚ ਰਹੀ ਹੈ। ਗੁਜਰਾਤ ਵਿੱਚ ਆਮੁਲ ਵਲੋਂ ਦੁੱਧ ਅਤੇ ਦੁੱਧ ਦੇ ਪਦਾਰਥ ਵੇਚਣਾ ਸਹਿਕਾਰੀ ਸੰਸਥਾ ਦਾ ਇੱਥ ਮਹੱਤਵਪੂਰਨ ਉਦਾਹਰਣ ਹੈ। ਇਸਨੇ ਦੇਸ਼ ਵਿੱਚ ਚਿੱਟਾ ਇਨਕਲਾਬ ਲਿਆਂਦਾ ਹੈ। ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਚੱਲ ਰਹੀਆਂ ਸਹਿਕਾਰੀ ਸੰਸਥਾਵਾਂ ਦੀਆਂ ਇਹ ਕੁਝ ਉਦਾਹਰਨਾਂ ਹਨ ਜਿਹੜੀਆਂ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਅੰਨ ਸੁਰੱਖਿਆ ਪ੍ਰਦਾਨ ਕਰਦੀਆਂ ਹਨ।

ਮਹਾਰਾਸ਼ਟਰ ਵਿਖੇ ਵਿਕਾਸ ਵਿਗਿਆਨ ਅਕੈਡਮੀ ਨੇ ਵੱਖ-ਵੱਖ ਭਾਗਾਂ ਵਿੱਚ ਅੰਨ ਦੇ ਬੈਂਕ ਸਥਾਪਿਤ ਕਰਨ ਲਈ ਗ਼ੈਰ ਸਰਕਾਰੀ ਸੰਸਥਾਵਾਂ ਦਾ ਸਮੂਹ ਤਿਆਰ ਕੀਤਾ ਹੈ। 'ਵਿਕਾਸ ਵਿਗਿਆਨ ਅਕੈਡਮੀ' ਗ਼ੈਰ ਸਰਕਾਰੀ ਸੰਸਥਾਵਾਂ ਦੀ ਅੰਨ ਸੁਰੱਖਿਆ ਸੰਬੰਧੀ ਸਮਰੱਥਾ ਵਧਾਉਣ ਅਤੇ ਸਿਖਲਾਈ ਆਦਿ ਦਾ ਪ੍ਰਬੰਧ ਕਰਦੀ ਹੈ।

4.6 ਪੰਜਾਬ ਵਿੱਚ ਅੰਨ ਭੰਡਾਰ ਸੰਸਥਾਵਾਂ

(i) ਮਾਰਕਫੈੱਡ (Markfed)-ਇੱਕ ਅਧਿਐਨ

ਪੰਜਾਬ ਰਾਜ ਵਿੱਚ ਮਾਰਕਫੈੱਡ ਭਾਰਤ ਵਿੱਚ ਸਭ ਤੋਂ ਵੱਡੀ ਖਰੀਦੋ-ਫਰੋਖਤ ਕਰਨ ਵਾਲ਼ੀ ਸਹਿਕਾਰੀ ਸੰਸਥਾ ਹੈ। ਮਾਰਕਫੈਡ 1954 ਵਿੱਚ ਰਜਿਸਟਰ ਹੋਇਆ ਸੀ। ਇਸਦੇ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹਨ:-

(a) ਕਣਕ, ਝੋਨਾਂ ਅਤੇ ਕਪਾਹ ਦੀ ਖਰੀਦ ਕਰਨੀ।

(b) ਖੇਤੀ ਉਤਪਾਦਕਾਂ ਦੀ ਦੇਸ਼ ਵਿੱਚ ਅਤੇ ਦੂਜੇ ਦੇਸ਼ਾਂ ਵਿੱਚ ਮੰਡੀਕਰਨ , ਉਤਪਾਦਨ ਅਤੇ ਵਪਾਰ ਕਰਨਾ।

(c) ਅਨਾਜ ਨੂੰ ਭੰਡਾਰਾਂ ਵਿੱਚ ਜਮ੍ਹਾਂ ਰੱਖਣਾ।

ਮਾਰਕਫੈੱਡ ਦੀਆਂ ਕਿਰਿਆਵਾਂ:-

(a) ਘਰੇਲੂ ਕਿਰਿਆ ਪ੍ਰਨਾਲ਼ੀ - ਵਸੂਲੀ ਅਤੇ ਫੰਡ ਕਿਰਿਆਵਾਂ :- ਮਾਰਕਫੈੱਡ, ਰਾਜ ਸਰਕਾਰ ਦੀ ਖਰੀਦ ਏਜੰਸੀ ਹੈ। ਇਹ ਏਜੰਸੀ ਖੇਤੀਬਾੜੀ ਉਤਪਾਦਨ ਜਿਵੇ ਕਣਕ, ਝੋਨਾ, ਕਪਾਹ, ਤੇਲ ਬੀਜ ਜਿਵੇ ਸਰ੍ਹੋਂ, ਸੂਰਜਮੁਖੀ ਆਦਿ ਨੂੰ ਭਾਰਤ ਸਰਕਾਰ ਵੱਲੋਂ ਐਫ਼ ਸੀਂ ਆਈ/ਨੇਫਡ -(FCI/NAFED) ਰਾਹੀਂ ਖਰੀਦ ਦੇ ਕੰਮ ਵਿੱਚ ਲੱਗੀ ਹੋਈ ਹੈ। ਸਾਲ 2013-14 ਦੌਰਾਨ ਮਾਰਕਫੈੱਡ ਨੇ ਭਾਰਤ ਸਰਕਾਰ ਵੱਲੋਂ 24.18 ਲੱਖ ਮੀਟਰਕ

ਟਨ ਕਣਕ ਅਤੇ 29.15 ਲੱਖ ਮੀਟਰਕ ਟਨ ਝੋਨਾ (ਜੀਰੀ) ਖ਼ਰੀਦਿਆ। ਇਸ ਨੂੰ ਪਿਛਲੇ ਤਿੰਨ ਸਾਲਾਂ ਤੋਂ ਖਾਦ ਦੀ ਖਰੀਦ ਅਤੇ ਸਹਿਕਾਰੀ ਸੁਸਾਇਟੀਆਂ ਰਾਹੀਂ ਇਸ ਦੀ ਵੰਡ ਕਰਨ ਲਈ ਨੋਡਲ ਏਜੰਸੀ ਨਿਯੁਕਤ ਕੀਤੀ ਗਈ।

ਉਤਪਾਦਨ ਕਿਰਿਆਵਾਂ :- ਮਾਰਕਫੈੱਡ ਦੀਆਂ ਸੋਹਣਾ ਮਾਰਕਾ (Brand) ਬਨਸਪਤੀ, ਘੀ, ਰਿਫ਼ਾਇੰਡ ਤੇਲ, ਡੱਬਾ ਬੰਦ ਭੋਜਨ ਅਤੇ ਚਾਵਲ ਪੈਦਾ ਕਰਨ ਦੀਆਂ ਆਪਣੀਆਂ ਹੀ ਖੇਤੀ ਅਧਾਰਿਤ ਉਤਪਾਦਨ ਇਕਾਈਆਂ ਹਨ।

(b) ਅੰਤਰਰਾਸ਼ਟਰੀ ਕਿਰਿਆਵਾਂ - ਮਾਰਕਫੈੱਡ ਕਿਸਾਨਾਂ ਦੇ ਉਤਪਾਦ ਨੂੰ ਖਰੀਦ ਕੇ ਅਤੇ ਉਹਨਾ ਨੂੰ ਪੈਸੇ ਦਾ ਭੁਗਤਾਨ ਕਰਕੇ ਉਹਨਾਂ ਦੀ ਮਦਦ ਕਰਦਾ ਹੈ। ਮਾਰਕਫੈੱਡ ਦੇ ਬਹੁਤ ਸਾਰੇ ਉਤਪਾਦਾਂ ਨੂੰ ਮੱਧ ਪੂਰਬ, ਯੂ.ਕੇ, ਯੂ. ਐੱਸ.ਏ, ਕੈਨੇਡਾ, ਆਸਟਰੇਲੀਆਂ ਆਦਿ ਵਿੱਚ ਵੇਚਣ ਲਈ ਮੰਡੀਆਂ ਪ੍ਰਾਪਤ ਹੋਈਆਂ।

(ii) ਪੰਜਾਬ ਸਟੇਟ ਸਿਵਲ ਸਪਲਾਈ ਕਾਰਪੋਰੇਸ਼ਨ (PUNSUP)

ਪੰਜਾਬ ਸਟੇਟ ਸਿਵਲ ਸਪਲਾਈ ਲਿਮਟਿਡ ਜਿਹੜੀ PUNSUP (ਭਨਯਭ) ਦੇ ਨਾਂ ਨਾਲ਼ ਜਾਣੀ ਜਾਂਦੀ ਹੈ, 14 ਫਰਵਰੀ 1974 ਨੂੰ ਹੋਂਦ ਵਿੱਚ ਆਈ। ਇਸ ਦਾ ਮੁੱਖ ਉਦੇਸ਼ ਇੱਕ ਪਾਸੇ ਕਿਸਾਨਾਂ ਦੇ ਉਤਪਾਦ ਨੂੰ ਭਾਰਤ ਸਰਕਾਰ ਵੱਲੋਂ ਨਿਯਤ ਕੀਤੀ ਜਾਂਦੀ ਨਿਊਨਤਮ ਸਹਾਇਕ ਕੀਮਤ (MSP) ਤੇ ਖਰੀਦ ਕੇ ਕਿਸਾਨ ਵਰਗ ਨੂੰ ਉੱਚਾ ਚੁੱਕਦੀ ਹੈ। ਇਹ ਸਮਾਜ ਦੇ ਗ਼ਰੀਬ ਵਰਗਾਂ ਨੂੰ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਅਤੇ LPG ਰਾਜ ਦੇ ਉਪਭੋਗਤਾਵਾਂ ਨੂੰ PDS ਅਧੀਨ ਬਜ਼ਾਰ ਵਿੱਚ ਪ੍ਰਚੱਲਤ ਕੀਮਤਾਂ ਘੱਟ ਦਰ ਤੇ ਮੁਹੱਈਆਂ ਕਰਵਾਉਂਦੀ ਹੈ।

ਪਨਸਪ ਦੀਆ ਕਿਰਿਆਵਾਂ:- ਪਨਸਪ ਦੀ ਮੁੱਖ ਕਿਰਿਆ ਭਾਰਤ ਸਰਕਾਰ ਦੀ MSP ਸਕੀਮ ਅਧੀਨ ਕੇਂਦਰੀ ਪੂਲ ਵਿੱਚੋਂ ਕਣਕ ਅਤੇ ਝੋਨੇ ਦੀ ਖਰੀਦ ਕਰਨਾ ਹੈ।

ਅਨਾਜ ਦੀ ਖਰੀਦ :- ਪਨਸਪ ਕਿਸਾਨਾਂ ਕੋਲ਼ੋਂ ਅਨਾਜ ਨੂੰ ਖਰੀਦ ਕੇ ਉਦੋਂ ਤੱਕ ਸਟੋਰ ਕਰਦੀ ਹੈ ਜਦੋਂ ਤੱਕ –639 ਵੱਲੋਂ ਉਸ ਨੂੰ ਚੁੱਕਿਆ ਨਹੀ ਜਾਂਦਾ ਅਤੇ ਮੰਗ ਨਹੀਂ ਕੀਤੀ ਜਾਂਦੀ। ਇਸ ਦੇ ਆਪਣੇ ਹੀ 1.57 ਲੱਖ ਮੀਟਰਕ ਟਨ ਤੱਕ ਖੁੱਲੇ ਢੱਕੇ ਹੋਏ ਸਟੋਰ ਹਨ।

ਵੰਡ :- ਪਨਸਪ ਪੰਜਾਬ ਰਾਜ ਦੀਆਂ 14000 ਦੁਕਾਨਾ (Fair Price Shops) ਨੂੰ ਘੱਟ ਕੀਮਤ 'ਤੇ ਖੰਡ,ਕਣਕ, ਚਾਵਲ ਆਦਿ ਵੰਡਦੀ ਹੈ। ਇਸ ਦੇ ਪੰਜਾਬ ਵਿੱਚ ਆਪਣੇ 8 ਪ੍ਰਚੂਨ ਵਿਕਰੀ ਕੇਂਦਰ/ਅਪਣਾ ਬਜ਼ਾਰ ਹਨ। ਇਸ ਦੀ ਐੱਲ. ਪੀ. ਜੀ. ਵੰਡ ਦੀਆ 8 ਏਜੰਸੀਆਂ ਦੀ ਲੜੀ ਹੈ। ਪਨਸਪ ਭਾਰਤ ਸਰਕਾਰ ਦੀ ਮਿਡ–ਡੇ–ਮੀਲ ਸਕੀਮ ਅਧੀਨ ਅਨਾਜ ਦੀ ਵੰਡ ਲਈ ਨੋਡਲ ਏਜੰਸੀ ਹੈ, ਜਿਹੜੀ 693 ਦੇ ਭੰਡਾਰ ਵਿੱਚੋਂ ਅਨਾਜ ਲੈਂਦੀ ਹੈ ਅਤੇ ਪੰਜਾਬ ਦੇ ਹਜ਼ਾਰਾਂ ਸਕੂਲਾਂ ਵਿੱਚ ਵੰਡਦੀ ਹੈ।



ਸੰਖੇਪ ਸਾਰ (Summary)

- ਅੰਨ ਸੁਰੱਖਿਅਤ ਤੋਂ ਭਾਵ ਹੈ ਕਿ ਹਰ ਸਮੇ ਹਰ ਵਿਅਕਤੀ ਨੂੰ ਅੰਨ ਉਪਲਬਧ ਹੋਵੇ। ਹਰ ਵਿਅਕਤੀ ਦੀ ਪਹੁੰਚ ਵਿੱਚ ਹੋਵੇ ਅਤੇ ਅਨਾਜ ਖਰੀਦਣ ਦੇ ਯੋਗ ਹੋਵੇ।
- ਅੰਨ ਸੁਰੱਖਿਆ ਦੀ ਲੋੜ ਗ਼ਰੀਬੀ, ਵੱਧ ਕੀਮਤਾਂ, ਮਾਤਰਾਤਮਿਕ ਅਤੇ ਗੁਣਾਂਤਮਿਕ ਕਾਰਨਾਂ ਕਰਕੇ ਹੁੰਦੀ ਹੈ।
- ਭਾਰਤ ਦੀ ਜਨਸੰਖਿਆ ਦਾ ਸਭ ਤੋਂ ਗ਼ਰੀਬ ਵਰਗ ਬਹੁਤਾ ਸਮਾ ਅੰਨ ਅਸੁਰੱਖਿਅਤ ਰਹਿੰਦਾ ਹੈ।
- ਕੁਦਰਤੀ ਆਫ਼ਤਾਂ ਦੌਰਾਨ ਪ੍ਰਭਾਵਿਤ ਖੇਤਰਾਂ ਵਿੱਚ ਅੰਨ ਦੀ ਕਮੀ ਹੁੰਦੀ ਹੈ।
- ਡਾ. ਅਮਰਤਿਆ ਸੇਨ ਨੇ ‘ ਪਹੁੰਚ ‘ ਧਾਰਨਾ ਦੀ ਥਾਂ ‘ ਅਧਿਕਾਰ ‘ ਜਾਂ ‘ ਹੱਕ ‘ ਧਾਰਨਾ ਦੀ ਵਕਾਲਤ ਕੀਤੀ।
- ਓੜੀਸ਼ਾ ਵਿਖੇ ਕਾਲਾ ਹਾਂਡੀ ਅਤੇ ਕਾਸ਼ੀਪੁਰ ਵਿੱਚ ਕਾਲ਼ ਵਰਗੇ ਹਾਲਾਤ ਹੋ ਗਏ ਸਨ।
- ਭੂਮੀਹੀਣ ਵਿਅਕਤੀ , ਪੁਰਾਣੇ ਕਾਰੀਗਰ , ਪਰੰਪਰਾਵਾਦੀ ਸੇਵਾਵਾਂ ਦੇਣ ਵਾਲ਼ੇ, ਸਵੈ ਰੁਜ਼ਗਾਰ ਵਿੱਚ ਲੱਗੇ ਵਿਅਕਤੀ, ਅੰਨ ਅਸੁਰੱਖਿਅਤ ਵਿਅਕਤੀ ਹਨ।
- ਉੱਤਰ ਪ੍ਰਦੇਸ਼, ਓਡੀਸ਼ਾ, ਪੱਛਮੀ ਬੰਗਾਲ ,ਛਤੀਸਗੜ੍ਹ, ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਦੇ ਕੁਝ ਭਾਗਾਂ ਵਿੱਚ ਅੰਨ ਅਸੁਰੱਖਿਤ ਵਿਅਕਤੀ ਬਹੁਤ ਜ਼ਿਆਦਾ ਹਨ।
- ਆਪਣੀ ਘੱਟ ਆਮਦਨ ਕਾਰਨ ਗਰੀਬ ਵਿਅਕਤੀ ਮਿਆਦੀ ਭੁੱਖ ਦਾ ਸ਼ਿਕਾਰ ਹੁੰਦੇ ਹਨ।
- ਮੌਸਮੀ ਭੁੱਖ ਦਾ ਸੰਬੰਧ ਫ਼ਸਲ ਬੀਜਣ ਅਤੇ ਕੱਟਣ ਦੇ ਸਮੇ ਦੇ ਅੰਤਰ ਨਾਲ਼ ਹੈ।
- ਹਰੀ ਕ੍ਰਾਂਤੀ ਨੇ ਭਾਰਤ ਨੂੰ ਚਾਵਲ ਅਤੇ ਕਣਕ ਦੀ ਜ਼ਰੂਰਤ ਲਈ ਆਤਮ ਨਿਰਭਰ ਬਣਾ ਦਿੱਤਾ ਹੈ।
- ਭਾਰਤ ਸਰਕਾਰ ਵੱਲੋਂ ਭਾਰਤੀ ਖਾਧ ਨਿਗਮ ਰਾਹੀਂ ਖਰੀਦੇ ਗਏ ਚਾਵਲ ਅਤੇ ਕਣਕ ਦੇ ਭੰਡਾਰ ਨੂੰ ਬਫਰ ਭੰਡਾਰ ਕਹਿੰਦੇ ਹਨ।
- ਨਿਊਨਤਮ ਸਮਰਥਨ ਕੀਮਤ ਰਾਹੀਂ ਬਿਜਾਈ ਤੋਂ ਪਹਿਲਾਂ ਐਲਾਨੀ ਕੀਮਤ ਹੁੰਦੀ ਹੈ।
- ਸਹਿਕਾਰੀ ਸੰਸਥਾ ਇੱਕ ਤਰ੍ਹਾਂ ਦਾ ਵਪਾਰਿਕ ਸੰਗਠਨ ਹੁੰਦਾ ਹੈ ਜਿਸ ਵਿੱਚ ਮੈਂਬਰ ਸਵੈਇੱਛਕ ਤੌਰ ਤੇ ਇੱਕ ਸੰਮਤੀ ਬਣਾਉਂਦੇ ਹਨ ਜਿਹੜੀ ਬਿਨਾਂ ਲਾਭ ਹਾਨੀ ਦੇ ਅਧਾਰ ਤੇ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ, ਖਰੀਦ ਜਾਂ ਮੰਡੀਕਰਨ ਦਾ ਕੰਮ ਕੇਵਲ ਆਪਣੇ ਮੈਂਬਰਾਂ ਲਈ ਹੀ ਕਰਦੀ ਹੈ।



ੳ ਵਸਤੂਨਿਸ਼ਠ ਪ੍ਰਸ਼ਨ

1. ਖਾਲੀ ਸਥਾਨ ਭਰੋ:-

i. ਸਰਕਾਰ ਨੇ ਗ਼ਰੀਬਾਂ ਨੂੰ ਵਾਜ਼ਿਬ ਕੀਮਤ ਤੇ ਅੰਨ ਉਪਲੱਬਧ ਕਰਵਾਉਣ ਲਈ ਪ੍ਰਨਾਲ਼ੀ ਸ਼ੁਰੂ ਕੀਤੀ ਹੈ।

ii. 1943 ਵਿੱਚ ਭਾਰਤ ਦੇ ਰਾਜ ਵਿੱਚ ਬਹੁਤ ਵੱਡਾ ਕਾਲ਼ ਪਿਆ.

iii. ਅਤੇ ਕੁਪੋਸ਼ਣ ਦਾ ਵੱਧ ਸ਼ਿਕਾਰ ਹੁੰਦੇ ਹਨ।

iv. ਕਾਰਡ ਬਹੁਤ ਗ਼ਰੀਬ ਵਰਗ ਲਈ ਜਾਰੀ ਕੀਤਾ ਜਾਂਦਾ ਹੈ।

v. ਫ਼ਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਨੂੰ ਕੀਮਤ ਕਿਹਾ ਜਾਂਦਾ ਹੈ।

2. ਬਹੁ-ਵਿਕਲਪਿਕ ਚੋਣ ਪ੍ਰਸ਼ਨ:-

i. ਗ਼ਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਵਿਅਕਤੀਆਂ ਨੂੰ ਕਿਹੜਾ ਕਾਰਡ ਜਾਰੀ ਕੀਤਾ ਜਾਂਦਾ ਹੈ।

(a) ਅੰਤੋਦਿਆ ਕਾਰਡ (b) ਬੀ.ਪੀ. ਐਲ ਕਾਰਡ

(c) ਏ.ਪੀ. ਐੱਲ ਕਾਰਡ (d) ਸੀ.ਪੀ. ਐੱਲ ਕਾਰਡ

ii. ਅੰਨ ਸੁਰੱਖਿਆ ਦਾ ਇੱਕ ਸੂਚਕ ਹੈ।

(a) ਦੁੱਧ (b) ਪਾਣੀ

(c) ਭੁੱਖ (d) ਹਵਾ

iii. ਫ਼ਸਲਾਂ ਦੀ ਪਹਿਲਾਂ ਐਲਾਨ ਕੀਤੀ ਕੀਮਤ ਨੂੰ ਕੀ ਕਿਹਾ ਜਾਂਦਾ ਹੈ।

(a) ਨਿਉਨਤਮ ਸਮਰਥਨ ਕੀਮਤ (b) ਇਸ਼ੂ ਕੀਮਤ

(c) ਘੱਟ ਤੋਂ ਘੱਟ ਕੀਮਤ (d) ਉਚਿੱਤ ਕੀਮਤ

iv. ਬੰਗਾਲ ਕਾਲ ਤੋਂ ਇਲਾਵਾ ਹੋਰ ਕਿਹੜੇ ਰਾਜ ਵਿੱਚ ਆਕਾਲ ਵਰਗੀ ਸਥਿਤੀ ਪੈਦਾ ਹੋਈ ?

(a) ਕਰਨਾਟਕਾ (b) ਪੰਜਾਬ

(c) ਓਡੀਸ਼ਾ (d) ਮੱਧ ਪ੍ਰਦੇਸ਼

v. ਕਿਹੜੀ ਸਹਿਕਾਰੀ ਸੰਸਥਾ ਗੁਜਰਾਤ ਵਿੱਚ ਦੁੱਧ ਅਤੇ ਦੁੱਧ ਪਦਾਰਥ ਵੇਚਦੀ ਹੈ ?

(a) ਅਮੁੱਲ (b) ਵੇਰਕਾ

(c) ਮਦਰ ਡੇਅਰੀ (d) ਸੁਧਾ

3. ਸਹੀ/ਗਲਤ :-

i. ਅੰਨ ਦੇ ਉਪਲਬਧ ਹੋਣ ਤੋਂ ਭਾਵ ਹੈ ਕਿ ਦੇਸ਼ ਦੇ ਅੰਦਰ ਅੰਨ ਪੈਦਾ ਨਹੀਂ ਕੀਤਾ ਜਾਂਦਾ ਹੈ।

ii. ਭੁੱਖ ਅੰਨ ਸੁਰੱਖਿਆ ਦਾ ਇੱਕ ਸੂਚਕ ਹੈ।

iii. ਰਾਸ਼ਨ ਦੀਆਂ ਦੁਕਾਨਾਂ ਨੂੰ ਉਚਿੱਤ ਮੁੱਲ 'ਤੇ ਸਮਾਨ ਵੇਚਣ ਵਾਲੀਆਂ ਦੁਕਾਨਾਂ ਵੀ ਕਿਹਾ ਜਾਂਦਾ ਹੈ ?

iv. ਪੰਜਾਬ ਰਾਜ ਵਿੱਚ ਮਾਰਕਫੈਡ ਭਾਰਤ ਵਿੱਚ ਸਭ ਤੋਂ ਵੱਡੀ ਖ਼ਰੀਦੋ-ਫਰੋਖਤ ਸਹਿਕਾਰੀ ਸੰਸਥਾ ਹੈ ?

4. ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

i. ਅੰਨ ਸੁਰੱਖਿਆ ਤੋਂ ਕੀ ਭਾਵ ਹੈ ?

ii. ਅੰਨ ਸੁਰੱਖਿਆ ਦੀ ਜ਼ਰੂਰਤ ਕਿਉਂ ਹੈ ?

iii. ਕਾਲ਼ ਤੋਂ ਕੀ ਭਾਵ ਹੈ ?

iv. ਮਹਾਂਮਾਰੀ ਦੀਆਂ ਦੋ ਉਦਾਹਰਣਾਂ ਦਿਓ ?

v. ਬੰਗਾਲ ਦਾ ਕਾਲ਼ ਕਦੋਂ ਵਾਪਰਿਆ ?

vi. ਬੰਗਾਲ ਦੇ ਆਕਾਲ ਦੌਰਾਨ ਕਿੰਨੇ ਲੋਕ ਮਾਰੇ ਗਏ ?

vii. ਆਕਾਲ ਦੇ ਦੌਰਾਨ ਕਿਹੜੇ ਲੋਕ ਜ਼ਿਆਦਾ ਪੀੜਤ ਹੁੰਦੇ ਹਨ ?

viii. 'ਹੱਕ' ਦੀ ਧਾਰਨਾ ਕਿਸ ਵਿਅਕਤੀ ਨੇ ਦਿੱਤੀ ?

ix. ਅੰਨ ਅਸੁਰੱਖਿਅਤ ਲੋਕ ਕੌਣ ਹਨ ?

x. ਉਹਨਾਂ ਖੇਤਰਾਂ ਦੇ ਨਾਂ ਲਿਖੋ ਜਿਥੇ ਅੰਨ ਅਸੁੱਰਖਿਅਤ ਲੋਕ ਜ਼ਿਆਦਾ ਗਿਣਤੀ ਵਿੱਚ ਰਹਿੰਦੇ ਹਨ।

ਅ. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

1. ਹਰੀ ਕ੍ਰਾਂਤੀ ਤੋਂ ਕੀ ਭਾਵ ਹੈ ?

2. ਬਫਰ ਭੰਡਾਰ ਤੋਂ ਕੀ ਭਾਵ ਹੈ ?

3. ਜਨਤਕ ਵੰਡ ਪ੍ਰਨਾਲ਼ੀ ਤੋਂ ਕੀ ਭਾਵ ਹੈ ?

4. ਨਿਊਨਤਮ ਸਮਰਥਨ ਕੀਮਤ ਕੀ ਹੁੰਦੀ ਹੈ ?

5. ਮੌਸਮੀ ਭੁੱਖ ਅਤੇ ਮਿਆਦੀ ਭੁੱਖ ਤੋਂ ਕੀ ਭਾਵ ਹੈ ?

6. ਬਫਰ ਭੰਡਾਰ ਸਰਕਾਰ ਵੱਲੋਂ ਕਿਉਂ ਰੱਖਿਆ ਜਾਂਦਾ ਹੈ ?

7. ਇਸ਼ੂ ਕੀਮਤ ਤੋਂ ਕੀ ਭਾਵ ਹੈ ?

8. ਸਸਤੇ-ਮੁੱਲ ਦੀਆਂ ਦੁਕਾਨਾਂ ਦੀਆਂ ਸਮੱਸਿਆਵਾਂ ਦੀ ਵਿਆਖਿਆ ਕਰੋ।

9. ਅੰਨ ਦੀ ਪੂਰਤੀ ਲਈ ਸਹਿਕਾਰੀ ਸੰਸਥਾਵਾਂ ਦੀ ਭੂਮਿਕਾ ਦੀ ਵਿਆਖਿਆ ਕਰੋ।